
ਆਤਮ ਮਾਰਗ ਪਬਲੀਕੇਸ਼ਨ

# ਗੁਰ ਅਮਰਦਾਸੁ ਪਰਸੀਐ



-: ਕਰਤਾ :-

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

# ਗੁਰੂ ਅਮਰਦਾਸ ਪਰਸੀਐ

-: ਕਰਤਾ :-

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

- ਪ੍ਰਕਾਸ਼ਕ -
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)
ਸੰਪਰਕ ਨੰ: 98146-12900, ਦਫਤਰ-94172-14391, 79

ਪ੍ਰਕਾਸ਼ਕ – ਸੰਤ ਵਰਿਆਮ ਸਿੰਘ ਜੀ,
ਬਾਨੀ, ਮੁਖੀ ਤੇ ਚੇਅਰਮੈਨ
ਆਤਮ ਮਾਰਗ ਸਪਿਰਚੂਅਲ, ਸਾਇੰਟਿਫਿਕ,
ਐਜੂਕੇਸ਼ਨਲ ਚੈਰੀਟੇਬਲ ਟਰੱਸਟ,
ਕੋਠੀ ਨੰ: 781, ਫੇਸ 3-ਬੀ-1, ਸੈਕਟਰ-60
ਮੋਹਾਲੀ – ਚੰਡੀਗੜ੍ਹ।

ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ,
ਤਹਿਸੀਲ – ਖਰੜ, ਜ਼ਿਲਾ-ਰੋਪੜ (ਪੰਜਾਬ)

**ਮੋਹਾਲੀ** **ਚੰਡੀਗੜ੍ਹ** **ਰਤਵਾੜਾ ਸਾਹਿਬ**

671301

672435

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਭੇਟਾ – ਪ੍ਰਤੀ ਕਾਪੀ –

ਪਹਿਲੀ ਵਾਰ – ਸਤੰਬਰ 2001 –

# 1

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ਪੰਨਾ - 289*

*ਠਾਕੁਰ ਤੁਮ ਸਰਣਾਈ ਆਇਆ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ॥*
*ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ*
*ਅੰਧ ਕੂਪ ਤੇ ਮਾਇਆ॥*
*ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ*
*ਮਿਲਾਇਆ॥ ਪੰਨਾ - 1218*
*ਧਾਰਨਾ - ਸੰਸਾ ਮੇਰਾ ਓ, ਉਤਰ ਗਿਆ -2, 2.*
*ਪਿਆਰੇ ਜਬ ਤੇ ਦਰਸ਼ਨ ਪਾਇਆ -2, 2.*
*ਪਿਆਰੇ ਜਬ ਤੇ ਦਰਸ਼ਨ ਪਾਇਆ,*
*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦਾ -2, 2.*
*ਪਿਆਰਿਓ,*
*ਸੇਵਾ ਕਰਕੇ ਮਾਣ ਪਾਈਦੈ -2, 2.*
*ਨਾਮ ਜਪੀਏ ਤਾਂ ਦੂਰ ਹੁੰਦੇ*
*ਦੁਖੜੇ,..... -2.*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪਾਂ

ਸਾਰਿਆਂ ਨੇ ਰਲ-ਮਿਲ ਕੇ ਸੇਵਾ ਤੇ ਸਿਮਰਨ ਦੀ ਵਿਚਾਰ ਕਰਨੀ ਹੈ। ਨਾਮ ਜਪਣ ਦੇ ਨਾਲ ਸਾਰੇ ਕਿਸਮ ਦੇ ਦੁਖ ਆਧੀ, ਬਿਆਧੀ, ਉਪਾਧੀ। ਪੰਜ ਕਿਸਮ ਦੇ ਕਲੇਸ਼ ਜੋ ਸਾਰੇ ਸੰਸਾਰ ਦੇ ਪ੍ਰਾਣੀਆਂ ਤੇ ਪਏ ਹੋਏ ਨੇ, ਜਿਨ੍ਹਾਂ ਨੂੰ ਨਵਿਰਤ ਕਰਨਾ ਹੱਦ ਤੋਂ ਜ਼ਿਆਦਾ ਕਠਨ ਹੈ। ਉਨ੍ਹਾਂ ਵਿਚ ਪਹਿਲਾ ਹੈ **ਅਵਿਦਿਆ** ਜੋ ਅਸਲ ਚੀਜ਼ ਹੈ ਉਸ ਨੂੰ ਨਾ ਜਾਣ ਕੇ, ਨਕਲ ਨੂੰ ਜਾਨਣਾ। ਨਕਲ ਨੂੰ ਅਸਲ ਕਹਿਣਾ ਤੇ ਅਸਲ ਨੂੰ ਨਕਲ ਕਹਿਣਾ।

ਦੂਸਰਾ **ਅਭਿਨਿਵੇਸ਼** ਹੋਇਆ ਕਰਦਾ ਹੈ। ਕਾਲ ਤੋਂ ਡਰਨਾ, ਨਾ ਮੁਆਫਕ ਹਾਲਾਤ, ਜਿਹੜੇ ਆਪਣੇ ਹੱਕ ਵਿਚ ਨਾ ਹੋਣ ਉਨ੍ਹਾਂ ਨੂੰ ਅੰਦਾਜ਼ੇ ਵਿਚ ਲਿਆ ਕੇ ਪਹਿਲਾਂ ਹੀ ਘਬਰਾਉਣਾ।

**ਅਸਿਮਿਤਾ** ਤੀਸਰਾ ਹੈ। ਅਸਲ ਚੀਜ਼ ਵਾਹਿਗੁਰੂ ਨੂੰ ਸਤਿ ਨਹੀਂ ਕਹਿਣਾ, ਦੁਨੀਆਂ ਨੂੰ ਸਤਿ ਕਹਿਣਾ।

ਚੌਥਾ **ਰਾਗ** ਹੈ। ਪਕੜ, ਮੈਂ ਤੇ ਮੇਰੀ। ਬੜਾ ਭਾਰਾ ਦੁਖ ਹੈ ਜਦੋਂ ਤੱਕ ਇਹ ਰਹਿੰਦੀਆਂ ਹਨ।

ਪੰਜਵਾਂ **ਦ੍ਵੈਸ਼** ਹੈ। ਵੈਰ-ਭਾਵ, ਨਫਰਤ, ਈਰਖਾ ਆਦਿ।

ਸੋ ਇਹ ਕੁਝ ਦੁਖ ਨੇ ਸੰਸਾਰ ਤੇ, ਆਧੀ ਬਿਆਧੀ ਉਪਾਧੀ ਤਿੰਨ ਕਿਸਮ ਦੇ ਇਹ ਦੁਖ ਨੇ। ਹੋਰ ਬੇਅੰਤ ਕਿਸਮ ਦੇ ਦੁਖ ਨੇ। ਵਾਹਿਗੁਰੂ ਨੇ ਸੰਸਾਰ ਵਿਚ ਦੁਖ ਨਹੀਂ ਸੀ ਬਣਾਇਆ। ਮਹਾਰਾਜ ਜੀ ਨੇ ਸਾਰਾ ਸੰਸਾਰ ਆਪਣੇ ਰਹਿਣ ਦਾ ਸੰਸਾਰ ਬਣਾਇਆ ਸੀ -

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥***
***ਪੰਨਾ - 463***

ਫੇਰ ਦੁਖ ਕਿਥੋਂ ਆ ਗਿਆ? ਜੋ ਚੀਜ਼ ਬਣੀ ਹੀ ਨਹੀਂ ਸੀ ਉਹ ਆ ਕਿਥੋਂ ਗਈ? ਇਹ ਸਵਾਲ ਹੈ ਸੋਝੀਵਾਨ ਬੰਦੇ ਦੇ ਮਨ ਵਿਚ। ਇਕ ਅਵਸਥਾ ਆਉਂਦੀ ਹੈ ਕਿ -

***ਦੁਖ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥***
***ਪੰਨਾ - 1302***

ਇਥੇ ਉਦਾਸੀ ਤੇ ਦੁਖ (sorrow & pain) (ਗਮ, ਅਫਸੋਸ, ਚਿੰਤਾ ਤੇ ਦੁਖ ਦਰਦ) ਦੀ ਕੋਈ ਥਾਂ ਨਹੀਂ ਹੈ। ਸੰਸਾਰ ਦੇ ਅੰਦਰ ਇਹ ਝੂਠੇ ਨਾ ਹਨ, ਫੇਰ ਇਹ ਆ ਕਿਥੋਂ ਗਿਆ? ਅਸੀਂ ਸਾਰੇ ਦੁਖੀ ਹਾਂ, ਕੋਈ ਵਿਰਲਾ ਵਿਰਲਾ ਪੁਰਸ਼ ਹੈ ਜਿਹੜਾ ਸੁਖੀ ਹੈ, ਬਾਕੀ ਤਾਂ ਸਾਰਾ ਸੰਸਾਰ ਦੁੱਖਾਂ ਨਾਲ ਭਰਿਆ ਪਿਆ ਹੈ।

ਗੁਰੂ ਨਾਨਕ ਪਾਤਿਸ਼ਾਹ ਜਦੋਂ ਸੁਮੇਰ ਪਰਬਤ ਤੇ ਜਾਂਦੇ ਨੇ ਉਥੇ ਬਹੁਤ ਕਾਬਲ ਯੋਗ ਮਾਰਗ ਤੇ ਤੱਤ ਗਿਆਨ ਵਿਚ ਨਿਪੁੰਨ, ਗੋਰਥ ਨਾਥ ਆਦਿ ਜੋਗੀਆਂ ਨਾਲ ਵਾਹ ਪਿਆ। ਗੁਰੂ ਨਾਨਕ ਸਾਹਿਬ ਦੇ ਮਤ ਤੇ ਉਨ੍ਹਾਂ ਮਤ ਵਿਚ ਥੋੜ੍ਹਾ ਜਿਹਾ ਫਰਕ ਸੀ। ਗੁਰੂ ਨਾਨਕ ਪਾਤਿਸ਼ਾਹ ਦਾ ਮਤ ਪ੍ਰਾਕਿਰਤੀ ਤੋਂ ਥੋੜ੍ਹਾ ਪਹਿਲਾ ਸ਼ੁਰੂ ਹੁੰਦਾ ਸੀ। ਜੋਗੀਆਂ ਦੇ ਮਤ ਵਿਚ ਈਸ਼ਵਰ, ਜੀਵ ਤੇ ਪ੍ਰਕਿਰਤੀ ਤਿੰਨ ਚੀਜ਼ਾਂ ਅਨਾਦੀ ਨੇ, ਇਨ੍ਹਾਂ ਨੂੰ ਬਣਾਉਣ ਵਾਲਾ ਕੋਈ ਨਹੀਂ ਹੈ। ਉਨ੍ਹਾਂ ਦੇ ਮਨ ਅਨੁਸਾਰ ਮਾਇਆ ਸਦੀਵੀ ਹੈ, ਮੁੱਢ ਤੋਂ ਚਲੀ ਆਉਂਦੀ ਹੈ। ਜੀਵ ਜਾਂ ਜਿਸ ਨੂੰ ਅਸੀਂ ਰੂਹ ਕਹਿੰਦੇ ਹਾਂ ਇਸ ਨੂੰ ਵੀ ਉਹ ਸ਼ੁਰੂ ਤੋਂ ਚਲਿਆ ਆਉਂਦਾ ਮੰਨਦੇ ਸਨ ਭਾਵ ਇਹ ਵੀ ਅਨਾਦੀ ਹੈ ਤੇ ਈਸ਼ਵਰ ਵੀ ਅਨਾਦੀ ਹੈ।

ਗੁਰੂ ਨਾਨਕ ਮਹਾਰਾਜ ਜੀ ਨੇ ਇਹ ਗੱਲ ਕਹੀ ਕਿ ਨਹੀਂ, ਇਹ ਦੋਵੇਂ ਚੀਜ਼ਾਂ ਨਹੀਂ ਹਨ। ਮਾਇਆ ਦਾ ਕੋਈ ਆਦਿ ਨਹੀਂ ਹੈ, ਜੀਵ ਦਾ ਕੋਈ ਆਦਿ ਨਹੀਂ ਹੈ। ਜਿਹੜੇ ਜੀਵ ਹਨ ਉਹ –

***ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥***
***ਹੁਕਮੀ ਹੋਵਨਿ ਜੀਅ ...............॥*** ***ਪੰਨਾ – 1***

ਇਹ ਵਾਹਿਗੁਰੂ ਦੇ ਹੁਕਮ ਨਾਲ ਹੋਏ ਨੇ ਤੇ ਜਿਹੜੀ ਮਾਇਆ ਹੈ ਉਹ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਪੰਨਾ – 537***

ਇਹ ਵੀ ਵਾਹਿਗੁਰੂ ਨੇ ਆਪੇ ਹੀ ਪਸਾਰੀ ਹੈ, ਮਾਇਆ ਦਾ ਕੋਈ ਵਜੂਦ ਨਹੀਂ ਤੇ ਜੇ ਕੋਈ ਹੈ ਤਾਂ ਕੇਵਲ ਨਿਰੰਕਾਰ ਹੈ ਤੇ ਉਸ ਦੇ –

***ਏਕ ਕਵਾਵੈ ਤੇ ਸਭਿ ਹੋਆ॥*** ***ਪੰਨਾ – 1003***

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥*** ***ਪੰਨਾ – 2***

ਇਕ ਸ਼ਬਦ 'ਓਅੰਕਾਰ' ਕਹਿਣ ਨਾਲ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋ ਕੇ ਇਹ ਸ਼ਬਦ ਘਟ-ਘਟ ਵਿਚ ਵਿਆਪਕ ਹੋ ਗਿਆ, ਜਿਸ ਨੂੰ 'ਸੋ ਸ਼ਬਦ' ਕਹਿੰਦੇ ਨੇ 'ਏਕ ਸ਼ਬਦ' ਕਹਿੰਦੇ ਨੇ –

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ***

***ਬਾਹੁੜਿ ਜਨਮਿ ਨ ਆਵਾ॥*** ***ਪੰਨਾ – 795***

ਉਹ ਕਹਿੰਦੇ ਕਿ ਹੇ ਨਾਨਕ! ਜੇ ਅਸੀਂ ਤੇਰੀ ਗੱਲ ਮੰਨ ਲੇਈਏ ਕਿ ਇਥੇ ਕੇਵਲ ਵਾਹਿਗੁਰੂ ਸੀ ਤੇ ਵਾਹਿਗੁਰੂ ਦੇ ਲੱਛਣ ਦੱਸ। ਮਹਾਰਾਜ ਜੀ ਕਹਿੰਦੇ 'ਸਚਿਦਾਨੰਦ'। ਉਹ ਸਦਾ 'ਸਤਿ' ਹੈ, ਉਹ ਚੇਤਨ ਹੈ ਤੇ ਸਦਾ ਹੀ ਉਹ ਪਰਮਾਨੰਦ ਹੈ।

ਉਹ ਕਹਿੰਦੇ, "ਜੇ ਅਨੰਦ ਹੈ ਫੇਰ ਦੁਖ ਕਿਥੋਂ ਆ ਗਿਆ, ਸੰਸਾਰ ਕਿਥੋਂ ਬਣ ਗਿਆ? ਬੜਾ ਗੰਭੀਰ ਸਵਾਲ ਹੈ, ਫਿਲਾਸਫੀ ਦਾ। ਜਿਥੋਂ ਗੁਰਮਤਿ ਸ਼ੁਰੂ ਹੁੰਦੀ ਹੈ, ਆਨਮੱਤਾਂ ਨਾਲੋਂ ਜਿਥੋਂ ਸਾਡਾ ਨਿਖੇੜਾ ਹੁੰਦਾ ਹੈ। ਬਾਕੀ ਮੱਤ ਆਤਮਾ ਤੱਕ ਪਹੁੰਚਦੇ ਨੇ ਪਰ ਸਾਡੇ ਆਤਮਾ ਤੋਂ ਉਪਰ 'ਨਦਰਿ' ਦਾ ਕ੍ਰਿਸ਼ਮਾ ਹੁੰਦਾ ਹੈ ਤੇ ਫੇਰ ਅਸੀਂ ਪਰਮਾਤਮਾ ਤੱਕ ਪਹੁੰਚਦੇ ਹਾਂ, ਇਹ ਭਿੰਨਤਾ ਹੈ ਵੱਡੀ। ਅਭਿਆਸੀ, ਜਗਿਆਸੂ ਤੇ ਫਿਲਾਸਫਾਂ ਨੂੰ ਇਸ ਦਾ ਪਤਾ ਲੱਗ ਸਕਦਾ ਹੈ, ਬਾਕੀ ਸੰਸਾਰ ਨੂੰ ਇਸ ਗੱਲ ਦੀ ਸੋਝੀ ਨਹੀਂ ਆਉਂਦੀ ਕਿ ਇਹ ਕੀ ਕਿਹਾ ਜਾ ਰਿਹਾ ਹੈ। ਕੋਈ ਵਿਰਲੀ ਰੂਹ ਹੈ ਜਿਸ ਦਾ ਇਸ ਬਰੀਕ ਸਵਾਲ ਨਾਲ ਵਾਹ ਪੈਂਦਾ ਹੈ।

ਕਹਿੰਦੇ, "ਹੇ ਨਾਨਕ! ਫੇਰ ਦੁਖ ਕਿਥੋਂ ਆਗਿਆ ਜਦੋਂ ਵਾਹਿਗੁਰੂ ਹੀ ਵਾਹਿਗੁਰੂ ਸੀ? ਫੇਰ ਸੰਸਾਰ ਕਿਥੋਂ ਬਣ ਗਿਆ?"

ਉਨ੍ਹਾਂ ਦੇ ਜੋ ਅਸਲੀ ਸ਼ਬਦ (ਅੱਖਰ) ਸਨ ਉਹ ਮਹਾਰਾਜ ਜੀ ਨੇ 'ਸਿਧ ਗੋਸਟਿ' ਅੰਦਰ ਅੰਕਤ ਕੀਤੀ ਹੈ ਤੇ ਸਵਾਲ ਸੀ ਕਿ –

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥*** ***ਪੰਨਾ – 946***

ਇਹ ਸੰਸਾਰ ਫੇਰ ਕਿਵੇਂ ਬਣ ਗਿਆ ਤੇ ਦੁਖ ਦਾ ਨਾਸ਼ ਕਿਵੇਂ ਹੋਵੇ?

ਮਹਾਰਾਜ ਜੀ ਕਹਿੰਦੇ, "ਹੇ ਸਿਧੋ! ਅਕਾਲ ਪੁਰਖ ਦੀ ਮੌਜ ਦੇ ਨਾਲ, ਹੁਕਮ ਦੇ ਨਾਲ ਇਕ ਤੱਤ ਪੈਦਾ ਹੋਇਆ ਜਿਸ ਨੂੰ 'ਹਉਮੈ' ਕਹਿੰਦੇ ਹਨ। ਉਸ ਹਉਮੈ ਨੇ ਸਾਰਾ ਪਸਾਰਾ ਕਰ ਦਿੱਤਾ। ਹਉਮੈ ਤੋਂ ਮਾਇਆ ਤ੍ਰਿਗੁਣੀ ਪੈਦਾ ਹੋਈ ਤੇ ਇਸ ਮਾਇਆ ਤੋਂ ਪੰਜ ਸੂਖਮ ਭੂਤ ਹੋਏ – ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ੍ਹਾਂ ਤੋਂ ਅੱਗੇ ਪੰਜ ਸਥੂਲ ਭੂਤ ਪੈਦਾ ਹੋਏ – ਪਉਣ, ਪਾਣੀ, ਅਗਨੀ (ਬੈਸੰਤਰ), ਅਕਾਸ਼ ਤੇ ਮਿੱਟੀ। ਇਸ ਤੋਂ ਬਾਅਦ ਸੰਸਾਰ ਦੀ ਰਚਨਾ ਸ਼ੁਰੂ ਹੋ ਗਈ।"

***ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥***
***ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥***
***ਪੰਨਾ - 19***

ਸੋ ਕਹਿਣ ਲੱਗੇ ਕਿ ਹਉਮੈ ਵਿਚ ਸੰਸਾਰ ਦਾ ਵਜੂਦ ਕਾਇਮ ਹੋ ਗਿਆ।

***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥***

***ਪੰਨਾ - 946***

ਸੋ ਮਹਾਰਾਜ ਜੀ ਨੇ ਇਹ ਅਧਾਰ ਬਣਾ ਦਿੱਤਾ ਸਾਧ ਸੰਗਤ ਜੀ! ਕਿ ਜੇ ਨਾਮ ਵਿਸਰਦਾ ਹੈ ਤਾਂ ਦੁਖ ਆਉਂਦਾ ਹੈ ਜੇ ਨਾਮ ਨਾ ਵਿਸਰੇ ਫੇਰ ਦੁਖ ਨਹੀਂ ਆਇਆ ਕਰਦਾ। ਬਹੁਤ ਧਿਆਨ ਦੇ ਨਾਲ ਸੁਣਿਓ ਤੇ ਸਮਝਣ ਦਾ ਯਤਨ ਕਰਿਓ ਜਦੋਂ ਧਿਆਨ ਦੇ ਨਾਲ ਸਮਝੋਗੇ ਫੇਰ ਮੇਰੇ ਨਾਲ-ਨਾਲ ਚਲੇ ਚਲੋਗੇ, ਜੇ ਮਨ ਏਧਰ ਓਧਰ ਗਿਆ, ਬੱਚੇ ਬੋਲਦੇ ਰਹੇ ਫੇਰ ਵਿਘਨ ਹੋ ਜਾਂਦਾ ਹੈ ਤੇ ਸੂਖਮ ਵਿਚਾਰ ਮਨ ਵਿਚ ਘਟ ਆਉਂਦੀ ਹੈ, ਅਸਲੀ ਚੀਜ਼ ਨਹੀਂ ਫੜੀ ਜਾ ਸਕਦੀ।

ਸੋ ਮਹਾਰਾਜ ਜੀ ਕਹਿੰਦੇ ਜਿੰਨਾ ਸੰਸਾਰ ਵਿਚ ਦੁਖ ਹੈ, ਪਰੇਸ਼ਾਨੀ ਹੈ, ਬਿਮਾਰੀ ਹੈ, ਝੁੰਜਲਾਹਟ ਹੈ ਇਹ ਸਭ ਨਾਮ ਨੂੰ ਭੁੱਲਣ ਕਰਕੇ ਹਨ।

ਇਕ ਥਾਂ ਆਪ ਫੁਰਮਾਉਂਦੇ ਨੇ ਕਿ -

***ਹਰਿ ਆਰਾਧੇ ਅਰੋਗ ਅਨਦਾਈ॥*** ***ਪੰਨਾ - 612***

ਜਿਹੜਾ ਹਰੀ ਦੀ ਅਰਾਧਨਾ ਕਰਦਾ ਹੈ ਉਸ ਨੂੰ ਕੋਈ ਰੋਗ ਨਹੀਂ ਰਹਿੰਦਾ -

***ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ***
***ਤਿਸੁ ਲਾਖ ਬੇਦਨ ਜਣੁ ਆਈ॥*** ***ਪੰਨਾ - 612***

ਜਿਸ ਨੂੰ ਵਾਹਿਗੁਰੂ ਵਿਸਰ ਗਿਆ ਉਸ ਨੂੰ ਇਕ ਦੁਖ ਨਹੀਂ ਲੱਖਾਂ ਦੁਖ ਆ ਕੇ ਲੱਗ ਜਾਣਗੇ। ਸੋ ਦੁਖ ਦਾ ਕਾਰਨ ਪ੍ਰਮੇਸ਼ਰ ਦੇ ਨਾਮ ਨੂੰ ਭੁੱਲਣਾ ਹੈ। ਆਪ ਦਾ ਫੁਰਮਾਨ ਹੈ ਕਿ -

***ਕਾਮ ਕਰੋਧੁ ਸਬਲ ਸੰਸਾਰਾ॥*** ***ਪੰਨਾ - 1060***

ਕਹਿੰਦੇ, ਸਾਰਾ ਪਸਾਰਾ ਹੀ ਬੰਦਾ ਦੁਖ ਦਾ ਕਰ ਰਿਹਾ ਹੈ, ਤਾਣਾ ਬਾਣਾ ਹੀ ਦੁਖ ਦਾ ਬਣਾ ਰਿਹਾ ਹੈ। ਕੌਣ ਹੈ ਜਿਹੜਾ ਇਨ੍ਹਾਂ ਪੰਜਾਂ ਜਜ਼ਬਿਆਂ ਤੋਂ ਬਾਹਰ ਹੈ ਪਰ ਮਹਾਰਾਜ ਜੀ ਨੇ ਨਾਲ ਦੀ ਨਾਲ ਨੁਸਖਾ ਲਿਖ ਦਿੱਤਾ ਕਿ ਤੁਸੀਂ ਸੁਖ ਚਾਹੁੰਦੇ ਹੋ? ਜੇ ਸੁਖ ਚਾਹੁੰਦੇ ਹੋ ਤਾਂ –

***ਸਤਿਗੁਰੁ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ॥ ਪੰਨਾ – 1060***

ਸਤਿਗੁਰੂ ਦੀ ਜੇ ਸੇਵਾ ਕਰੇ, ਜਿਸ ਦੇ ਵਾਸਤੇ ਸਾਨੂੰ ਮਾਨਸ ਦੇਹੀ ਪ੍ਰਾਪਤ ਹੋਈ ਹੈ –

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥ ਪੰਨਾ – 1159***

ਸੋ ਸਤਿਗੁਰ ਦੀ ਸੇਵਾ ਸਭ ਤੋਂ ਸ੍ਰੇਸ਼ਟ ਜਿਹੜੀ ਹੈ ਉਹ –

***ਆਗਿਆ ਸਮ ਨਹੀ ਸਾਹਿਬ ਸੇਵਾ॥***

ਜੇ ਤਾਂ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਮੰਨਾਂਗੇ ਫੇਰ ਤਾਂ ਸੇਵਾ ਸ੍ਰੇਸ਼ਟ ਹੈ ਜੇ ਨਹੀਂ ਮੰਨਾਂਗੇ ਤਾਂ ਸੇਵਾ ਓਨੀ ਉਤਮ ਨਹੀਂ ਹੋਏਗੀ। ਸਭ ਤੋਂ ਵੱਡੀ ਸੇਵਾ ਆਗਿਆ ਮੰਨਣ ਦੀ ਸੇਵਾ ਹੁੰਦੀ ਹੈ, ਆਗਿਆ ਮੰਨਣੀ।

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***
***ਪੰਨਾ – 669***

ਜੇ ਮੰਨਣਾ ਹੀ ਨਹੀਂ ਬਸ ਗਾਈ ਜਾਂਦਾ ਹੈ, ਰਾਗ ਕਢੀ ਜਾਂਦਾ ਹੈ, ਬੋਲ ਨੂੰ ਲਚਕ ਦੇ ਕੇ ਗਾਉਂਦਾ ਹੈ ਤਾਂ ਉਹ ਇਕ art ਕਲਾ ਤਾਂ ਹੋ ਸਕਦੀ ਹੈ, ਉਸ ਦਾ ਅਸਰ ਸਰੋਤਿਆਂ ਤੇ ਹੋ ਸਕਦਾ ਹੈ, ਸਾਜਾਂ ਦਾ ਅਸਰ ਹੋ ਸਕਦਾ ਹੈ ਪਰ ਅੰਦਰ ਨਹੀਂ ਜਾ ਸਕਦਾ ਉਹ, ਸੁਖ ਵਿਚ ਨਹੀਂ ਪਹੁੰਚ ਸਕਦਾ।

ਸੋ ਸਾਰਾ ਹੀ ਸੰਸਾਰ ਮਹਾਰਾਜ ਜੀ ਕਹਿੰਦੇ ਦੁਖਾਂ ਨਾਲ ਭਰਿਆ ਪਿਆ ਹੈ ਭਾਈ।

***ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥ ਪੰਨਾ – 1287***

ਜਿਸ ਦੇ ਕੋਲ ਵੀ ਜਾਓ, ਸਭ ਦੁੱਖਾਂ ਦੇ ਭਰੇ ਹੋਏ ਨੇ, ਸੁਖ ਦੀ

ਬਾਤ ਤਾਂ ਕੋਈ ਕਰਦਾ ਨਹੀਂ। ਜਿਸ ਨੂੰ ਵੀ ਛੇੜੋ ਦੁਖ ਹੀ ਦੁਖ ਹੈ, ਚਾਹੇ ਥੋੜ੍ਹਾ ਹੈ ਚਾਹੇ ਬਹੁਤਾ ਹੈ। ਮਹਾਰਾਜ ਜੀ ਕਹਿੰਦੇ ਜਦੋਂ ਤੱਕ ਨਾਮ ਨਹੀਂ ਜਪਦਾ ਉਦੋਂ ਤੱਕ ਸੁਖੀ ਨਹੀਂ ਹੁੰਦਾ। ਮਹਾਰਾਜ ਜੀ ਕਹਿੰਦੇ ਪਰ –

***ਐਸਾ ਜਗੁ ਦੇਖਿਆ ਜੂਆਰੀ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ॥*** ***ਪੰਨਾ – 222***

ਨਾਮ ਤੋਂ ਬਗੈਰ ਕਿਤੇ ਸੁਖ ਨਹੀਂ ਹੈ। ਸੋ ਸਾਰਾ ਸੰਸਾਰ ਦੁਖੀ ਹੈ –

***ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥*** ***ਪੰਨਾ – 1091***

ਮਾਨਸਿਕ ਭੁੱਖ ਨਹੀਂ ਲਹਿੰਦੀ, ਵਾਸ਼ਨਾਵਾਂ ਦੀ ਭੁਖ ਨਹੀਂ ਦੂਰ ਹੁੰਦੀ ਜਦੋਂ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਨਾਮ ਬਾਰੇ ਸਮਝਣਾ ਬਹੁਤ ਔਖਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੁਝ ਸ਼ਬਦ ਨੇ ਜਿਹੜੇ ਬਾਰ-ਬਾਰ ਆਉਂਦੇ ਨੇ ਜਿਵੇਂ ਮਨ, ਨਾਮ ਤੇ ਸ਼ਬਦ। ਇਹ ਕਿੰਨੇ ਹੀ ਬਹੁਅਰਥੀ ਸ਼ਬਦ ਨੇ। ਇਨ੍ਹਾਂ ਨੂੰ ਸਮਝਣਾ ਬਹੁਤ ਔਖਾ ਹੈ ਕਿ ਨਾਮ ਕੀ ਹੈ ਤੇ ਸ਼ਬਦ ਕੀ ਹੈ? ਕਿਉਂਕਿ ਮਹਾਰਾਜ ਜੀ ਕਹਿੰਦੇ–

***ਬਿਨੁ ਸਬਦੈ ਨਾਮੁ ਨ ਪਾਏ .............॥*** ***ਪੰਨਾ – 124***

ਪਹਿਲਾਂ ਸ਼ਬਦ ਆਏਗਾ ਫੇਰ ਨਾਉਂ ਨੇ ਆਉਣਾ ਹੈ। ਫੇਰ ਸ਼ਬਦ ਕੀ ਹੈ, ਨਾਉ ਕੀ ਹੈ। ਇਸੇ ਨੂੰ ਸਮਝਣ ਵਾਸਤੇ ਸਾਨੂੰ ਬਹੁਤ ਸਮਾਂ ਲਗਦਾ ਹੈ। ਜਦੋਂ ਤੱਕ ਸਤਿਸੰਗ ਨਹੀਂ ਪੂਰਨ ਰੂਪ ਵਿਚ ਕਰਦਾ, ਅਨੁਭਵੀ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਨਹੀਂ ਮੰਨਦਾ ਓਨੀ ਦੇਰ ਤੱਕ ਨਾ ਨਾਮ ਪ੍ਰਾਪਤ ਹੋਵੇ ਨਾ ਸ਼ਬਦ ਤੱਕ ਰੁਸਵਾਈ ਹੋਵੇ। ਸੋ ਮਹਾਰਾਜ ਜੀ ਕਹਿੰਦੇ –

***ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥***
***ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥*** ***ਪੰਨਾ – 1287***

ਜਿੰਨੇ ਵੀ ਰਸ ਨੇ ਚਾਹੇ ਬਸਤਰਾਂ ਦਾ ਰਸ ਹੈ, ਖਾਣ ਦਾ ਰਸ ਹੈ, ਸਵਾਰੀਆਂ ਦਾ ਰਸ ਹੈ, ਮਕਾਨਾਂ ਦਾ ਰਸ ਹੈ, ਕਾਮਣ ਦਾ ਰਸ, ਬੱਚਿਆਂ ਦਾ ਰਸ, ਨੌਕਰੀ-ਚਾਕਰੀ ਦਾ ਰਸ ਹੈ। ਇਕੋ ਰਸ ਤਾਂ ਨਹੀਂ ਹੈ –

***ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥*** ***ਪੰਨਾ – 15***

ਜਦੋਂ ਤੱਕ ਇਹ ਰਸ-ਕਰਸਾਂ ਤੋਂ ਖਾਲੀ ਨਹੀਂ ਹੁੰਦਾ ਓਨੀ ਦੇਰ ਤੱਕ ਨਾਮ ਦਾ ਨਿਵਾਸ ਨਹੀਂ ਹੋਇਆ ਕਰਦਾ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਤੁਸੀਂ ਇਕ ਦੋ ਚਾਰ ਦੀ ਕੀ ਗੱਲ ਕਰਦੇ ਹੋ? ਬਾਹਰੋਂ-ਬਾਹਰੋਂ ਤੁਹਾਨੂੰ ਸਾਰੇ ਸੁਖੀ ਨਜ਼ਰ ਆਉਂਦੇ ਨੇ ਪਰ ਹਰੇਕ ਦੇ ਅੰਦਰ ਘੁਣ ਲੱਗਿਆ ਹੋਇਆ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਦੁਖੀ ਸਭ ਸੰਸਾਰ, ਨਾਨਕ ਦੁਖੀਆ -2, 2.***
***ਦੁਖੀਆ ਸਭ ਸੰਸਾਰ, ਨਾਨਕ ਦੁਖੀਆ,........ -2.***

***ਬਾਲੀ ਰੋਵੈ ਨਾਹਿ ਭਤਾਰੁ॥***
***ਨਾਨਕ ਦੁਖੀਆ ਸਭੁ ਸੰਸਾਰੁ॥***
***ਮੰਨੇ ਨਾਉ ਸੋਈ ਜਿਣਿ ਜਾਇ॥***
***ਅਉਰੀ ਕਰਮ ਨ ਲੇਖੈ ਲਾਇ॥ ਪੰਨਾ - 954***

ਮਰਦਾਨਾ ਗੁਰੂ ਮਹਾਰਾਜ ਜੀ ਦੇ ਨਾਲ ਜਾ ਰਿਹਾ ਹੈ। ਕਹਿਣ ਲਗਿਆ ਕਿ ਸੱਚੇ ਪਾਤਿਸ਼ਾਹ! ਆਪ ਦਾ ਫੁਰਮਾਨ ਹੈ ਕਿ ਸਾਰਾ ਸੰਸਾਰ ਦੁਖੀ ਹੈ। ਕੀ ਵੱਡੀਆਂ-ਵੱਡੀਆਂ ਕੋਠੀਆਂ ਵਾਲੇ, ਵੱਡੀਆਂ-ਵੱਡੀਆਂ ਸਵਾਰੀਆਂ ਵਾਲੇ, ਜਿਨ੍ਹਾਂ ਕੋਲ ਨੌਕਰ-ਚਾਕਰ ਨੇ, ਬੈਂਕ ਪੈਸਿਆਂ ਨਾਲ ਭਰੇ ਪਏ ਨੇ, ਬਾਲ-ਬੱਚੇ ਨੇ, ਇਸਤ੍ਰੀ ਸੁੰਦਰ ਹੈ, ਮਿੱਤਰ ਦੋਸਤ ਨੇ, ਸਰਕਾਰੀ ਪਦਵੀ ਹੈ ਇਹ ਸਭ ਲੋਕ ਵੀ ਦੁਖੀ ਹੁੰਦੇ ਨੇ?

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਜਦੋਂ ਤੱਕ ਸੁਖ ਦੇ ਮਾਹੌਲ ਵਿਚ ਮਨ ਦਾਖਲ ਨਹੀਂ ਹੁੰਦਾ, ਸਤਿ-ਚਿਤ-ਅਨੰਦ ਦੇ ਨਾਲ ਮਨ ਨਹੀਂ ਜੁੜਦਾ ਓਨੀ ਦੇਰ ਤੱਕ ਦੁਖ ਜਾ ਹੀ ਨਹੀਂ ਸਕਦਾ। ਮਾਇਆ ਸੁਖ ਨਹੀਂ ਦੇ ਸਕਦੀ ਕਦੇ ਵੀ। ਮਾਇਆ ਵਿਚ ਦੋਸ਼ ਹੁੰਦੇ ਨੇ ਤਿੰਨ ਇਕ ਤ੍ਰਿਪਤੀ ਨਹੀਂ ਹੁੰਦੀ ਹੈ, ਇਸ ਦੇ ਵਿਚ ਰੱਜ ਨਹੀਂ ਆਇਆ ਕਰਦਾ, ਦੂਜੀ ਇਹ ਥਿਰ ਨਹੀਂ ਰਹਿਆ ਕਰਦੀ। ਜਿੰਨੀ ਕਿਸੇ ਕੋਲ ਹੋਵੇ ਓਨੀ ਬਹੁਤੀ ਬਹੁਤੀ ਮੰਗਦਾ ਰਹਿੰਦਾ ਹੈ। ਸੋ ਇਸ ਦੇ ਵਿਚ ਕਦੋਂ ਸੁਖ ਹੋਇਆ। ਕਲਪਣਾ ਜਾਗਦੀ ਹੈ। ਜਦੋਂ ਤੱਕ ਵਾਸ਼ਨਾਵਾਂ ਕਾਇਮ ਨੇ ਓਨੀ ਦੇਰ ਤੱਕ ਸੁਖ ਨਹੀਂ ਹੋਇਆ ਕਰਦਾ ਕਿਉਂਕਿ ਸੁਖ ਦੀ ਥਾਂ ਤੇ ਹੀ ਸੁਖ ਹੋਇਆ ਕਰਦਾ ਹੈ।"

ਜਦੋਂ ਤੱਕ ਸੁਖ ਦੀ ਥਾਂ ਤੇ ਨਹੀਂ ਪਹੁੰਚਦਾ ਉਦੋਂ ਤੱਕ ਸੁਖ ਨਹੀਂ ਹੁੰਦਾ। ਇਕ ਮਿਸਾਲ ਦੇ ਨਾਲ ਬਾਤ ਸਮਝ ਆ ਜਾਏਗੀ। ਇਕ ਰਾਜਾ ਸੀ ਉਸ ਨੇ ਆਪਣੀ ਲੜਕੀ ਲਈ ਨੌ ਲੱਖਾ ਹਾਰ ਬਣਵਾ ਦਿੱਤਾ। ਲੜਕੀ ਬੜੀ ਪ੍ਰਸੰਨ ਹੋਈ। ਸਹੇਲੀਆਂ ਨੂੰ ਨਾਲ ਲੈ ਕੇ ਦਰਿਆ ਤੇ ਇਸ਼ਨਾਨ ਕਰਨ

ਚਲੀ ਗਈ। ਬਸਤ੍ਰ ਲਾ ਕੇ ਰੱਖ ਦਿੱਤੇ, ਹਾਰ ਵੀ ਰੱਖ ਦਿੱਤਾ। ਜਦੋਂ ਇਸ਼ਨਾਨ ਕਰਕੇ ਵਾਪਸ ਆਈ ਤਾਂ ਹਾਰ ਗਾਇਬ ਹੋ ਗਿਆ। ਬਹੁਤ ਦੇਖਿਆ ਕਿ ਪਾਣੀ ਵਿਚੋਂ ਕੋਈ ਜਾਨਵਰ ਨਹੀਂ ਨਿਕਲਿਆ, ਚਾਰੇ ਪਾਸੇ ਪਹਿਰਾ ਲੱਗਿਆ ਹੋਇਆ ਹੈ ਫੇਰ ਹਾਰ ਗਿਆ ਕਿਥੇ? ਜਦੋਂ ਤਲਾਸ਼ ਕਰੇ ਤੇ ਨਾ ਲੱਭਿਆ ਤਾਂ ਢੰਡੋਰਾ ਫੇਰ ਦਿੱਤਾ ਕਿ ਕੋਈ ਬੰਦਾ ਜੋ ਇਸ ਹਾਰ ਦੀ ਖਬਰ ਦੇਵੇ ਉਸ ਨੂੰ ਇਸ ਦੀ ਅੱਧੀ ਕੀਮਤ ਸਾਢੇ ਚਾਰ ਲੱਖ ਰੁਪਈਆ ਉਸ ਵੇਲੇ ਦਾ ਦਿੱਤਾ ਜਾਏਗਾ। ਸਾਰੀ ਦੁਨੀਆਂ (ਦੇਸ਼ ਵਾਸੀ) ਤਲਾਸ਼ ਕਰਨ ਲੱਗ ਗਈ ਪਰ ਕਿਸੇ ਦੇ ਹੱਥ ਵਿਚ ਹਾਰ ਨਾ ਆਇਆ।

ਇਕ ਦਿਨ ਇਕ ਲਕੜਹਾਰਾ ਲਕੜਾਂ ਕੱਟਦਾ ਹੈ, ਗਰਮੀ ਦਾ ਮਹੀਨਾ ਹੈ। ਉਸ ਨੂੰ ਪਿਆਸ ਲੱਗੀ ਉਹ ਪਾਣੀ ਪੀਣ ਵਾਸਤੇ ਕਿਸੇ ਤਲਾਬ ਦੀ ਤਲਾਸ਼ ਵਿਚ ਘੁੰਮਦਾ-ਘੁੰਮਦਾ ਇਕ ਤਲਾਬ ਦੇ ਕੰਢੇ ਪੁਜਿਆ। ਖਿਆਲ ਆਇਆ ਕਿ ਮੈਂ ਇਸ਼ਨਾਨ ਵੀ ਕਰ ਲਵਾਂ। ਬਸਤ੍ਰ ਉਤਾਰ ਕੇ ਗਰਮੀ ਸੁਕਾਉਣ ਲੱਗ ਗਿਆ। ਬੈਠੇ-ਬੈਠੇ ਦੀ ਨਿਗ੍ਹਾ ਪਾਣੀ ਵਿਚ ਗਈ, ਹੈਰਾਨ ਹੋ ਗਿਆ ਕਿ ਹਾਰ ਪਿਆ ਹੈ ਥੱਲ੍ਹੇ। ਬਹੁਤ ਖੁਸ਼ ਹੋਇਆ, ਬੜੀਆਂ ਕਪਲਨਾਵਾਂ ਆਈਆਂ। ਪਾਣੀ ਵਿਚ ਛਾਲ ਮਾਰੀ ਪਰ ਹੱਥ ਵਿਚ ਗਾਰਾ ਆਇਆ। ਦੂਜੀ ਵਾਰੀ ਫੇਰ ਅੰਦਾਜਾ ਲਾ ਕੇ ਕਿ ਇਥੇ ਕੁ ਪਿਆ ਹੈ ਛਾਲ ਮਾਰੀ ਪਰ ਫੇਰ ਹੱਥ ਵਿਚ ਗਾਰਾ ਆਇਆ। ਦੋ ਚਾਰ ਵਾਰ ਜਦੋਂ ਬਾਰ-ਬਾਰ ਟੁੱਭੀ ਮਾਰ ਕੇ ਦੇਖਿਆ ਤਾਂ ਗਾਰਾ ਹੀ ਹੱਥ ਵਿਚ ਆਉਂਦਾ ਹੈ। ਉਸ ਨੇ ਸੋਚਿਆ ਕਿ ਰਾਜੇ ਦਾ ਐਲਾਨ ਹੈ ਕਿ ਜਿਹੜਾ ਦੱਸ ਪਾ ਦੇਵੇ ਉਸ ਨੂੰ ਵੀ ਅੱਧੀ ਕੀਮਤ ਦਿੱਤੀ ਜਾਏਗੀ ਕਿਉਂ ਨਾ ਮੈਂ ਰਾਜੇ ਨੂੰ ਹੁਣੇ ਜਾ ਕੇ ਖਬਰ ਕਰਾਂ। ਸੋ ਰਾਜੇ ਨੂੰ ਖਬਰ ਦਿੱਤੀ ਕਿ ਮਹਾਰਾਜ! ਡੁਬੋਲੀਏ ਨਾਲ ਲੈ ਕੇ ਚਲੋ, ਹਾਰ ਲੱਭ ਗਿਆ ਹੈ। ਸਭ ਕਾਹਲੀ ਦੇ ਨਾਲ ਉਥੇ ਪਹੁੰਚਦੇ ਨੇ ਤੇ ਉਥੇ ਜਾ ਕੇ ਡੁਬੋਲੀਆਂ ਨੂੰ ਦਿਖਾ ਦਿੱਤਾ ਕਿ ਉਹ ਹਾਰ ਪਿਆ ਹੈ। ਉਹ ਕਹਿਣ ਲੱਗੇ ਕਿ ਇਹ ਤਾਂ ਔਖੀ ਗੱਲ ਨਹੀਂ ਹੈ, ਇਕੋ ਹੀ ਬੰਦਾ ਕੱਢ ਲਏਗਾ। ਉਸ ਨੇ ਬਹੁਤ ਯਤਨ ਕਰਿਆ ਮਿੱਟੀ ਵੀ ਕੱਢ-ਕੱਢ ਕੇ ਲਿਆਇਆ ਉਸ ਥਾਂ ਦੀ ਪਰ ਹਾਰ ਨਾ ਨਿਕਲਿਆ। ਅਖੀਰ ਨਿਰਾਸ਼ ਹੋ ਕੇ ਬੈਠ ਗਏ। ਏਨੇ ਨੂੰ ਕੋਈ ਸੋਝੀਵਾਨ ਮਹਾਂਪੁਰਸ਼ ਆਏ ਤੇ ਇਕੱਠ ਦੇਖ ਕੇ ਕਹਿਣ ਲੱਗੇ, "ਰਾਜਨ! ਕੀ ਗੱਲ ਇਥੇ ਐਨਾ ਇਕੱਠ ਕਿਉਂ ਕਰਿਆ ਹੈ?

ਰਾਜਾ ਕਹਿੰਦਾ, "ਮਹਾਰਾਜ! ਹਾਰ ਨਜ਼ਰ ਆਉਂਦਾ ਹੈ ਪਰ ਹੱਥ ਵਿਚ ਨਹੀਂ ਆਉਂਦਾ।"

ਮਹਾਂਪੁਰਸ਼ ਕਹਿੰਦੇ, "ਮੈਨੂੰ ਦਿਖਾਓ।" ਦੇਖਿਆ ਤੇ ਕਹਿਣ ਲੱਗੇ ਕਿ ਐਨੇ ਇਕੱਠ ਦੀ ਕੀ ਲੋੜ ਸੀ? ਇਕੋ ਹੀ ਬੰਦਾ ਬਹੁਤ ਹੈ।

ਕਹਿਣ ਲੱਗੇ ਕਿ ਮਹਾਰਾਜ! ਅਸੀਂ ਤਾਂ ਬਹੁਤ ਯਤਨ ਕਰ ਚੁੱਕੇ ਹਾਂ।

ਮਹਾਂਪੁਰਸ਼ ਕਹਿੰਦੇ, "ਕੋਈ ਚੁਸਤ ਜਿਹਾ ਬੰਦਾ ਸਾਡੇ ਕੋਲ ਆਓ।" ਬੰਦਾ ਨੇੜੇ ਆਇਆ।

ਕਹਿੰਦੇ, "ਦੇਖ ਪ੍ਰੇਮੀਆ! ਇਸ ਦਰਖਤ ਤੇ ਚੜ੍ਹ ਜਾਹ। ਉਹ ਟਾਹਣਾ ਦੇਖ ਲੈ ਉਥੇ ਇੱਲ੍ਹ ਦਾ ਆਲ੍ਹਣਾ ਹੈ ਉਸ ਦੇ ਵਿਚ ਹਾਰ ਲਟਕਦਾ ਹੈ ਉਸ ਦਾ ਪ੍ਰਤਿਬਿੰਬ ਪਾਣੀ ਵਿਚ ਪੈ ਰਿਹਾ ਹੈ।"

ਦਰਖਤ ਤੇ ਚੜ੍ਹ ਕੇ ਹਾਰ ਲਾਹ ਲਿਆ। ਦ੍ਰਿਸ਼ਟਾਂਤ ਹੈ ਇਹ, ਇਸ ਦਾ ਭਾਵ ਇਹ ਹੈ ਕਿ ਸੰਸਾਰ ਉਸ ਥਾਂ ਤੇ ਸੁਖ ਦੀ ਤਲਾਸ਼ ਕਰ ਰਿਹਾ ਹੈ ਜਿਸ ਥਾਂ ਤੇ ਸੁਖ ਦਾ ਕੇਵਲ ਪਰਛਾਵਾਂ ਹੀ ਪੈ ਰਿਹਾ ਹੈ ਪਰ ਅਸਲ ਵਿਚ ਸੁਖ ਉਥੇ ਨਹੀਂ ਹੈ। ਸਾਰਾ ਸੰਸਾਰ ਬਹੁਤ ਮਿਹਨਤ ਕਰ ਰਿਹਾ ਹੈ। ਦਿਨ ਰਾਤ ਮਾਨਸ ਜਨਮ ਬਿਰਥਾ ਜਾ ਰਿਹਾ ਹੈ ਏਸ ਸੁਖ ਦੀ ਤਲਾਸ਼ ਦੇ ਅੰਦਰ ਪਰ ਮਹਾਰਾਜ ਜੀ ਕਹਿੰਦੇ ਇਉਂ ਤਾਂ ਪ੍ਰੇਮੀਆ! ਤੈਨੂੰ ਸੁਖ ਦੀ ਪ੍ਰਾਪਤੀ ਨਹੀਂ ਹੋਣੀ। ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਹਨ –

***ਧਾਰਨਾ – ਕਿਤ ਬਿਧ ਮਨ ਧੀਰੇ ਜੀ –2, 2.***
***ਬਿਨ ਹਰਿ ਨਾਮ ਨ ਸ਼ਾਂਤ ਹੋਏ –2, 4.***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥ ਪੰਨਾ – 707***

ਮੋਤੀ ਤੇ ਹੀਰਿਆਂ ਨਾਲ ਸਜਾਏ ਹੋਏ ਘਰ, ਸੋਨੇ ਦੀਆਂ ਪਰਤਾਂ ਕੰਧਾਂ ਤੇ ਲੱਗੀਆਂ ਹੋਈਆਂ।

***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥ ਪੰਨਾ – 707***

ਕਿਸੇ ਕਿਸਮ ਦੀ ਤੰਗੀ, ਰੁਕਾਵਟ ਨਹੀਂ ਆਉਂਦੀ, ਜਿਸ ਚੀਜ਼ ਦਾ ਵੀ ਜੀਅ ਕਰਦਾ ਹੈ ਸੁਖ ਮਾਣ ਲੈਂਦਾ ਹੈ। ਮਹਾਰਾਜ ਜੀ ਕਹਿੰਦੇ –

***ਸੋ ਪ੍ਰਭੁ ਚਿਤਿ ਨ ਆਵਈ ..............॥ ਪੰਨਾ – 707***

ਫੇਰ ਹਾਲਤ ਕੀ ਹੋਏਗੀ?

***.......... ਵਿਸਟਾ ਕੇ ਕੀਰੇ॥ ਪੰਨਾ – 707***

ਨਾਮ ਤੋਂ ਬਗੈਰ ਜਿਹੜੇ ਪੁਰਸ਼ ਨੇ ਉਨ੍ਹਾਂ ਦੀ ਇਸ ਤੋਂ ਵੱਧ ਅਵਸਥਾ ਨਹੀਂ

ਹੈ।

***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***
***ਪੰਨਾ - 707***

ਸੋ ਪ੍ਰਾਪਤੀਆਂ ਵਾਸਤੇ ਆਦਮੀ ਕਿੰਨੇ ਯਤਨ ਕਰਦਾ ਹੈ। ਦੇਸ਼ ਛੱਡ ਕੇ ਪ੍ਰਦੇਸ਼ਾਂ ਵਿਚ ਜਾਂਦਾ ਹੈ, ਘਰਦਿਆਂ ਤੋਂ ਦੂਰ ਹੋ ਜਾਂਦਾ ਹੈ ਪਰ ਮੈਂ ਤਾਂ ਸਾਰੇ ਫਿਰ ਕੇ ਦੇਖ ਆਇਆ ਹਾਂ ਮੈਨੂੰ ਤਾਂ ਕਿਧਰੇ ਵੀ ਸੁਖ ਨਜ਼ਰ ਨਹੀਂ ਆਇਆ, ਹਾਏ-ਹਾਏ ਤੇ ਕਲਪਣਾ ਹੀ ਨਜ਼ਰ ਆਉਂਦੀ ਹੈ। ਉਹ ਗੱਲ ਜ਼ਰੂਰ ਹੈ ਜਦੋਂ ਭਾਰਤਵਰਸ਼ ਵਿਚ ਆ ਕੇ ਉਨ੍ਹਾਂ ਦੇ ਡਾਲਰ ਰੁਪਈਆਂ ਵਿਚ ਬਣਦੇ ਨੇ ਤਾਂ ਵੀਹ-ਤੀਹ ਜਾਂ ਪੰਜਾਹ ਗੁਣੇ ਵਧ ਜਾਂਦੇ ਨੇ। ਇਥੇ ਸਾਨੂੰ ਲਗਦੇ ਨੇ ਕਿ ਉਹ ਬੜੇ ਸੁਖੀ ਨੇ ਪਰ ਮਾਨਸਿਕ ਤੌਰ ਤੇ ਉਥੇ ਸੁਖ ਨਹੀਂ ਹੈ।

ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਐਵੇਂ ਹੀ ਤੈਨੂੰ ਲਗਦੇ ਨੇ ਕੋਠੀਆਂ ਵਾਲੇ, ਸਵਾਰੀਆਂ ਵਾਲੇ, ਵੱਡੇ-ਵੱਡੇ ਕਾਰੋਬਾਰਾਂ ਵਾਲੇ ਪਰ ਇਨ੍ਹਾਂ ਨੂੰ ਤਾਂ ਰਾਤ ਨੂੰ ਨੀਂਦ ਨਹੀਂ ਆਉਂਦੀ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦੇ ਨੇ, ਐਨਾ ਮਾਨਸਿਕ ਵਜ਼ਨ ਹੈ ਕਿ ਸਹਿ ਨਹੀਂ ਸਕਦੇ, ਨਸ਼ਿਆਂ ਦਾ ਆਸਰਾ ਲੈਂਦੇ ਨੇ, ਵਿਸ਼ੇ ਭੋਗਾਂ ਦਾ ਆਸਰਾ ਲੈਂਦੇ ਨੇ ਕਿ ਸੁਖ ਮਿਲ ਜਾਵੇ ਪਰ ਸੁਖ ਕਿਸੇ ਥਾਂ ਤੋਂ ਨਹੀਂ ਮਿਲਿਆ ਕਰਦਾ। ਜੇ ਰੱਤੀ ਜਿੰਨਾ ਸੁਖ ਹੈ ਤਾਂ ਮਣ ਜਿੰਨਾ ਉਸ ਦੇ ਪਿੱਛੇ ਦੁਖ ਹੈ।"

ਚਲਦੇ ਚਲਦੇ ਮਹਾਰਾਜ ਜੀ ਇਕ ਨਗਰ ਵਿਚ ਪਹੁੰਚ ਗਏ ਜਿਸ ਨੂੰ 'ਸਤਿਗਰਾ' ਕਰਕੇ ਲਿਖਿਆ ਹੈ। ਉਥੇ ਇਕ ਬਹੁਤ ਹੀ ਸੁੰਦਰ ਸੇਠ ਜਿਸ ਦਾ ਕਾਰੋਬਾਰ ਬਹੁਤ ਚਲਦਾ ਹੈ, ਨੌਕਰ ਚਾਕਰ ਫਰਮਾਬਰਦਾਰ ਨੇ ਉਸ ਨੂੰ ਦੇਖ ਕੇ ਮਰਦਾਨੇ ਦੇ ਮਨ ਵਿਚ ਭਰਮ ਹੋਇਆ ਤੇ ਕਹਿਣ ਲੱਗਿਆ, "ਆਹ ਤਾਂ ਮਹਾਰਾਜ! ਮੈਨੂੰ ਸੁਖੀ ਲਗਦਾ ਹੈ। ਬੜਾ ਸ਼ਾਂਤ ਚਿਤ ਬੈਠਾ ਹੈ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਨਾਮ ਤੋਂ ਬਗੈਰ ਕੋਈ ਸੁਖੀ ਨਹੀਂ ਹੋ ਸਕਦਾ। ਨਾਮ ਵਾਲਾ ਬੰਦਾ ਕਿਸੇ ਵੀ ਹਾਲਤ ਵਿਚ ਹੋਵੇ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਪੰਨਾ - 707***

ਜਿਸ ਦੇ ਅੰਦਰ ਨਾਮ ਦਾ ਪ੍ਰਕਾਸ਼ ਹੋ ਗਿਆ ਉਹ ਪਰਮ ਸੁਖੀ ਹੈ ਕਿਉਂਕਿ ਉਸ ਨੂੰ ਇਕ ਖੁਮਾਰੀ ਪ੍ਰਾਪਤ ਹੋ ਗਈ।"

ਜੇ ਬੰਦ-ਬੰਦ ਕੱਟਿਆ ਜਾ ਰਿਹਾ ਹੈ ਭਾਈ ਮਨੀ ਸਿੰਘ ਜੀ ਦਾ ਤਾਂ ਕੋਈ ਹਾਏ ਦੀ ਆਵਾਜ਼ ਨਹੀਂ ਆਉਂਦੀ। ਚਿਹਰੇ ਦੇ ਉਤੇ ਖੇੜਾ ਹੈ, ਖੁਸ਼ੀ ਹੈ, ਕਿਉਂਕਿ ਜ਼ਿੰਦਗੀ ਤੇ ਮੌਤ ਦਾ ਭੇਤ ਲੱਭ ਲਿਆ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ਪੰਨਾ - 1366***

ਜੱਲਾਦ ਕਹਿਣ ਲੱਗਿਆ, "ਭਾਈ ਸਾਹਿਬ! ਪਹਿਲਾਂ ਬੜੇ ਬੰਦਿਆਂ ਦੇ ਮੈਂ ਬੰਦ ਕੱਟੇ ਨੇ ਪਰ ਮਰਿਆ ਹੋਇਆਂ ਦੇ ਹੀ ਕੱਟਦਾ ਰਿਹਾ। ਏਸ ਅੱਡੇ ਤੇ ਲਿਆਉਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਸਾਹ-ਸਤ ਨਿਕਲ ਜਾਂਦਾ ਸੀ, ਬੇਹੋਸ਼ ਨੂੰ ਹੀ ਚੁੱਕ ਕੇ ਲਿਆਉਂਦਾ ਸੀ ਪਰ ਅੱਜ ਮੈਂ ਹੈਰਾਨ ਹੋ ਗਿਆ ਕਿ ਤੇਰੇ ਨੇਤਰਾਂ ਵਿਚ ਖਾਸ ਕਿਸਮ ਦੀ ਚਮਕ ਹੈ ਜਿਵੇਂ ਕੋਈ ਵਿਆਹ-ਸ਼ਾਦੀ ਨੂੰ ਜਾ ਰਿਹਾ ਹੁੰਦਾ। ਤੇਰੇ ਬੋਲਾਂ ਅੰਦਰ ਕੋਈ ਮਿਠਾਸ ਹੈ ਕਮਾਲ ਦਰਜੇ ਦੀ, ਦ੍ਰਿੜ੍ਹਤਾ ਹੈ ਤੇਰੇ ਇਰਾਦਿਆਂ ਦੇ ਅੰਦਰ। ਜਾਂਦਾ-ਜਾਂਦਾ ਮੈਨੂੰ ਦੱਸ ਸਕਦਾ ਹੈਂ ਕਿ ਤੂੰ ਉਹ ਕਿਹੜੀ ਚੀਜ਼ ਪ੍ਰਾਪਤ ਕੀਤੀ ਹੈ ਜਿਹੜੀ ਪ੍ਰਾਪਤ ਕਰਨ ਨਾਲ ਤੈਨੂੰ ਮੌਤ ਤੋਂ ਡਰ ਨਹੀਂ ਲਗਦਾ ਤੇ ਮੈਨੂੰ ਇਉਂ ਲਗਦਾ ਹੈ ਕਿ ਜਿਉਂ ਜਿਉਂ ਮੌਤ ਨੇੜੇ ਆਉਂਦੀ ਹੈ ਤਿਉਂ ਤਿਉਂ ਤੈਨੂੰ ਨਸ਼ਾ ਚੜ੍ਹਦਾ ਜਾਂਦਾ ਹੈ।"

ਕਹਿਣ ਲੱਗੇ, "ਜਲਾਦ! ਤੇਰੀ ਸਮਝ ਤੋਂ ਬਾਹਰ ਦੀ ਚੀਜ਼ ਹੈ ਪਰ ਜੇ ਤੂੰ ਦੋ ਅੱਖਰਾਂ ਵਿਚ ਸਮਝਣਾ ਚਾਹੁੰਦਾ ਹੈ ਤਾਂ ਸਮਝ ਲੈ ਏਸ ਚੀਜ਼ ਨੂੰ.....।"

***ਧਾਰਨਾ - ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ-ਨਾਮ ਖੁਮਾਰੀ -2, 2.***
***ਨਾਮ ਖੁਮਾਰੀ ਨਾਨਕਾ -2, 2.***
***ਚੜ੍ਹੀ ਰਹੇ ਦਿਨ ਰਾਤ,............ -2.***

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤ॥***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥***
***ਜਨਮਸਾਖੀ***

ਜਨਮ ਸਾਖੀ ਦਾ ਸ਼ਬਦ ਹੈ ਇਹ, ਗੁਰੂ ਗ੍ਰੰਥ ਸਾਹਿਬ ਦਾ ਨਹੀਂ ਹੈ।

ਸੋ ਕਹਿਣ ਲੱਗੇ ਕਿ ਨਾਮ ਦੀ ਖੁਮਾਰੀ ਜਿਸ ਨੂੰ ਚੜ੍ਹ ਗਈ ਉਸ

ਨੂੰ ਸੋਝੀ ਆ ਜਾਂਦੀ ਹੈ। ਮੌਤ ਉਸ ਦੇ ਸਾਹਮਣੇ ਕੋਈ ਚੀਜ਼ ਨਹੀਂ ਰਹਿੰਦੀ। ਉਹ ਮੌਤ ਦੀ ਹੱਦ ਪਾਰ ਕਰ ਲੈਂਦਾ ਹੈ। ਸੰਸਾਰ ਸਾਰਾ ਕਾਲ ਦੇ ਮੰਡਲ ਵਿਚ ਹੈ ਪਰ ਜਿਸ ਦੀ ਪਹੁੰਚ 'ਅਕਾਲ ਮੰਡਲ' ਵਿਚ ਹੋ ਗਈ ਉਸ ਨੂੰ ਤਾਂ ਕੋਈ ਮਾਰ ਹੀ ਨਹੀਂ ਸਕਦਾ। ਤਲਵਾਰ ਕੱਟ ਨਹੀਂ ਸਕਦੀ, ਪਾਣੀ ਡੋਬ ਨਹੀਂ ਸਕਦਾ, ਅੱਗ ਜਲਾ ਨਹੀਂ ਸਕਦੀ, ਹਵਾ ਸੁਕਾ ਨਹੀਂ ਸਕਦੀ। ਇਹ ਸੋਝੀ ਹੋ ਜਾਣੀ ਇਸਨੂੰ ਨਾਮ ਪ੍ਰਾਪਤੀ ਕਹਿੰਦੇ ਹਨ ਫੇਰ ਖੁਮਾਰੀ ਚੜ੍ਹ ਜਾਂਦੀ ਹੈ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ਪੰਨਾ – 1366***

ਮਹਾਰਾਜ ਜੀ ਕਹਿੰਦੇ ਕਿ ਮਰਦਾਨਿਆ! ਨਾਮ ਤੋਂ ਬਗੈਰ ਕੋਈ ਸੁਖੀ ਨਹੀਂ ਹੁੰਦਾ, ਬਾਹਰੋਂ ਕਿੰਨਾ ਹੀ ਵਧੀਆ, ਸੁਖੀ ਦੇਖ ਲੈ ਪਰ ਅੰਦਰ ਘੁਣ ਲੱਗਿਆ ਪਿਆ ਹੈ ਜਾਹ! ਪਤਾ ਕਰ ਆ ਕਰਿਆ ਜਾ ਕੇ। ਮਰਦਾਨਾ ਠਹਿਰ ਜਾਂਦਾ ਹੈ ਤੇ ਮਹਾਰਾਜ ਜੀ ਅੱਗੇ ਚਲੇ ਜਾਂਦੇ ਨੇ। ਵਿਹਲ ਹੋ ਗਿਆ ਸੇਠ ਕੋਲ ਤੇ ਸੇਠ ਨੇ ਪੁਛਿਆ ਕਿ ਪ੍ਰੇਮੀਆ! ਤੁਸੀਂ ਵੀ ਮਨੋਰਥ ਦੱਸੋ, ਤੁਸੀਂ ਚੁਪ ਬੈਠੇ ਹੋ।

ਮਰਦਾਨਾ ਕਹਿਣ ਲੱਗਿਆ,"ਸੇਠ ਜੀ! ਮੈਂ ਕੋਈ ਸੌਦਾ ਨਹੀਂ ਲੈਣ ਆਇਆ, ਮੈਂ ਤਾਂ ਤੁਹਾਡੇ ਨਾਲ ਇਕਾਂਤ ਵਿਚ ਇਕ ਬਚਨ ਕਰਨਾ ਹੈ।"

ਨਾਲ ਵਾਲੇ ਕਮਰੇ ਵਿਚ ਮਰਦਾਨੇ ਨੂੰ ਲੈ ਕੇ ਸੇਠ ਅੰਦਰ ਆ ਗਿਆ। ਪਲੰਘ ਤੇ ਬਿਠਾਇਆ।

ਸੇਠ ਬੋਲਿਆ, "ਕਹੁ ਭਾਈ ਮਰਦਾਨਾ।"

ਕਹਿੰਦਾ, "ਸੇਠ ਜੀ! ਮੇਰੇ ਗੁਰੂ ਸਤਿਗੁਰੂ ਨਾਨਕ ਸਾਹਿਬ ਇਹ ਕਹਿੰਦੇ ਨੇ ਕਿ ਸੰਸਾਰ ਵਿਚ ਸੁਖੀ ਨਹੀਂ ਹੈ ਕੋਈ ਜੇ ਸੁਖੀ ਹੈ ਤਾਂ ਕੇਵਲ ਪ੍ਰਮੇਸ਼ਰ ਦਾ ਪਿਆਰਾ ਸੁਖੀ ਹੈ। ਪਰ ਮੇਰੇ ਮਨ ਵਿਚ ਇਹ ਭਰਮ ਹੈ ਕਿ ਪੈਸੇ ਵਾਲੇ, ਵੱਡੇ ਵੱਡੇ ਮਕਾਨਾਂ ਵਾਲੇ, ਵਧੀਆ ਸਵਾਰੀਆਂ ਹੋਣ, ਆਗਿਆਕਾਰ ਨੌਕਰ ਹੋਣ, ਵਣਜ ਵਪਾਰ ਬਹੁਤ ਜੋਰ ਨਾਲ ਚਲਦਾ ਹੋਵੇ ਉਹ ਤਾਂ ਸੁਖੀ ਹੋ ਸਕਦਾ ਹੈ ਪਰ ਮੇਰੇ ਸਤਿਗੁਰੂ ਕਹਿੰਦੇ ਕਿ ਨਹੀਂ ਮਰਦਾਨਿਆ ਸੁਖ ਜਿਸ ਥਾਂ ਤੇ ਹੈ ਉਥੇ ਤੱਕ ਉਨ੍ਹਾਂ ਦੀ ਪਹੁੰਚ ਨਹੀਂ ਹੈ। ਮਾਇਆ ਕਦੇ ਵੀ ਸੁਖ ਦਾ ਰੂਪ ਨਹੀਂ ਹੋਇਆ ਕਰਦੀ, ਦੁਖ ਦਾ ਰੂਪ ਹੁੰਦੀ ਹੈ। ਮੈਨੂੰ ਹੁਣ ਤੁਸੀਂ ਦੱਸੋ ਅਸਲੀਅਤ ਕੀ ਹੈ?"

ਐਨਾ ਕਹਿਣ ਦੀ ਦੇਰ ਸੀ ਕਿ ਸੇਠ ਨੇ ਫੁੱਟ ਫੁੱਟ ਕੇ ਰੋਣਾ ਸ਼ੁਰੂ ਕਰ ਦਿੱਤਾ। ਹੈਰਾਨ ਹੋ ਗਿਆ ਮਰਦਾਨਾ ਕਿ ਐਨਾ ਦੁਖੀ, ਐਨੇ ਦੁਖ ਨੂੰ ਅੰਦਰ ਘੁੱਟੀ ਬੈਠਾ ਹੈ ਇਹ। ਮਰਦਾਨੇ ਨੇ ਦਿਲਾਸਾ ਦਿੱਤਾ ਤੇ ਕਿਹਾ, "ਸੇਠ ਜੀ! ਮੇਰੇ ਸਤਿਗੁਰੂ ਦੁਖੀਆਂ ਨੂੰ ਸੁਖੀ ਕਰਨ ਆਏ ਨੇ ਸੰਸਾਰ ਵਿਚ ਤੇ ਉਹ ਇਹ ਕਹਿੰਦੇ ਨੇ ਕਿ-

***ਨਾਨਕ ਦੁਖੀਆ ਸਭੁ ਸੰਸਾਰੁ॥*** ***ਪੰਨਾ - 954***

ਤੇ ਤੁਸੀਂ ਉਨ੍ਹਾਂ ਦੇ ਕੋਲ ਚਲੋ, ਪਰ ਦੁਖ ਦਾ ਕਾਰਨ ਤਾਂ ਦੱਸੋ।"

ਸੇਠ ਕਹਿੰਦਾ, "ਮੈਂ ਕੀ ਦੱਸਾਂ? ਮੇਰੀ ਇਸਤ੍ਰੀ ਬਿਮਾਰ ਹੋ ਗਈ ਸੀ। ਉਸ ਵੇਲੇ ਉਸ ਨੇ ਇਹ ਗੱਲ ਕਹੀ ਕਿ ਮੈਨੂੰ ਹੁਣ ਕੀ ਦਿਲਾਸਾ ਦਿੰਦੇ ਹੋ, ਮੇਰਾ ਸਿਵਾ ਠੰਡਾ ਹੁੰਦੇ ਸਾਰ ਤੁਸੀਂ ਦੂਜਾ ਵਿਆਹ ਕਰਵਾ ਲਓਗੇ। ਔਰਤਾਂ ਤਾਂ ਮਰਦ ਦੀ ਯਾਦ ਵਿਚ ਬੈਠਦੀਆਂ ਨੇ ਜ਼ਿੰਦਗੀ ਭਰ, ਮਰਦ ਵੀ ਕਦੇ ਔਰਤ ਦੀ ਯਾਦ ਵਿਚ ਰਿਹਾ ਹੈ ਜ਼ਿੰਦਗੀ ਭਰ, ਉਹ ਤਾਂ ਹੋਰ ਵਿਆਹ ਕਰਵਾ ਲੈਂਦਾ ਹੈ। ਮੈਂ ਐਸਾ ਕਰਮ ਕਰਿਆ ਕਿ ਜਿਸ ਨਾਲ ਉਸ ਨੂੰ ਨਿਸ਼ਚਾ ਹੋ ਜਾਵੇ ਕਿ ਮੈਂ ਹੁਣ ਸ਼ਾਦੀ ਨਹੀਂ ਕਰਵਾ ਸਕਦਾ। ਉਹ ਰਾਜੀ ਹੋ ਗਈ, ਰਾਜੀ ਹੋਣ ਤੇ ਉਹ ਸਭ ਗੱਲਾਂ ਭੁੱਲ ਗਈ। ਹੁਣ ਮੇਰੇ ਸਾਹਮਣੇ ਗੈਰ ਮਰਦਾਂ ਨਾਲ ਰੰਗ-ਰਲੀਆਂ ਮਨਾਉਂਦੀ ਹੈ ਪਰ ਮੈਂ ਕੁਝ ਨਹੀਂ ਕਰ ਸਕਦਾ ਕੇਵਲ ਨਿਰ ਸਹਾਇ ਹੋ ਕੇ ਬੈਠਾ ਦੇਖਦਾ ਰਹਿੰਦਾ ਹਾਂ।

ਸੋ ਭਾਈ ਮਰਦਾਨਾ! ਮੇਰਾ ਮਨ ਐਨਾ ਦੁਖੀ ਹੈ ਕਿ ਮੈਂ ਕਹਿ ਨਹੀਂ ਸਕਦਾ। ਇਹ ਕੋਠੀਆਂ, ਬਗੀਚੇ, ਫੁਆਰੇ, ਪਾਰਕ ਮੇਰੀਆਂ ਹਵੇਲੀਆਂ ਦੇ ਅੰਦਰ ਬਣੇ ਹੋਏ ਮੈਨੂੰ ਕੋਈ ਸੁਖ ਨਹੀਂ ਦੇ ਰਹੇ।"

ਭਾਈ ਮਰਦਾਨਾ ਕਹਿੰਦੇ, "ਫੇਰ ਗੁਰੂ ਨਾਨਕ ਪਾਤਿਸ਼ਾਹ ਕੋਲ ਚੱਲੋ।" ਸੇਠ ਤੇ ਸੇਠਾਣੀ ਦੋਵੇਂ ਭਾਈ ਮਰਦਾਨੇ ਨਾਲ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਪਹੁੰਚਦੇ ਨੇ।

ਮਹਾਰਾਜ ਜੀ ਸਮਝਾਉਂਦੇ ਨੇ ਕਿ ਸੇਠ ਜੀ! ਤੂੰ ਆਪਣੀ ਕੀ ਗੱਲ ਕਰਦਾ ਹੈਂ ਕਾਲ ਮੰਡਲ ਵਿਚ ਜਿੰਨਾ ਵੀ ਸੰਸਾਰ ਹੈ ਭਾਵੇਂ ਉਹ ਦੇਵ ਰੂਹਾਂ ਨੇ ਚਾਹੇ ਉਹ ਮਨੁੱਖ ਨੇ ਇਹ ਸਭ ਦੁਖੀ ਨੇ। ਸਵਰਗ ਤੇ ਇੰਦਰ ਲੋਕ। ਸਾਡਾ ਲੋਕ ਜਿਸਨੂੰ ਮਿਰਤੂ ਲੋਕ ਕਹਿੰਦੇ ਨੇ ਕਿਉਂਕਿ ਇਥੇ ਆਦਮੀ ਆਉਂਦਾ ਹੀ ਮਰਨ ਵਾਸਤੇ ਹੈ, ਥੋੜ੍ਹੀ ਦੇਰ ਰਹਿੰਦਾ ਹੈ ਇਥੇ ਪਰ ਫੇਰ ਚਲਿਆ ਜਾਂਦਾ ਹੈ। ਇਸ ਨੂੰ ਕਰਮ ਭੂਮੀ ਕਹਿੰਦੇ ਨੇ। ਜੇ ਤਾਂ ਇਥੇ ਕੁਝ ਕਰ ਜਾਵੇ ਚੰਗਾ ਤਾਂ ਚੰਗੇ ਥਾਂ ਚਲਿਆ ਜਾਏਗਾ। ਜੇ ਮਾੜਾ ਕਰ ਜਾਵੇ

ਤਾਂ ਮਾੜੇ ਥਾਂ ਚਲਿਆ ਜਾਏਗਾ। ਸੋ ਇਸ ਤੋਂ ਅੱਗੇ ਜੇ ਅਸੀਂ ਨੇਕ ਕੰਮ ਕਰੇ ਤਾਂ ਸਾਨੂੰ ਪਹਿਲਾ ਮੰਡਲ ਮਿਲਦਾ ਹੈ ਜਿਸ ਨੂੰ ਗੰਧਰਵ ਲੋਕ ਕਹਿੰਦੇ ਨੇ। ਉਨ੍ਹਾਂ ਲੋਕਾਂ ਨੂੰ ਇਹ ਮਿਲਦਾ ਹੈ ਜਿਨ੍ਹਾਂ ਦੀ ਵਾਸ਼ਨਾ ਸਵਰਗ ਵਿਚ ਹੈ –

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਪੰਨਾ – 1415***

ਉਨ੍ਹਾਂ ਨੂੰ ਇਥੋਂ ਦੇ ਚਕਰਵਰਤੀ ਬਾਦਸ਼ਾਹ ਨਾਲੋਂ ਸੌ ਗੁਣਾ ਜ਼ਿਆਦਾ ਸੁਖ ਮਿਲਦਾ ਹੈ। ਜਿਹੜੇ ਇਸ ਤੋਂ ਉਪਰ ਜਾਂਦੇ ਨੇ ਦੇਵ ਗੰਧਰਵ ਵਿਚ ਉਨ੍ਹਾਂ ਨੂੰ ਉਸ ਤੋਂ ਸੌ ਗੁਣਾ ਜਿਆਦਾ ਸੁਖ ਯਾਨੀ ਦਸ ਹਜ਼ਾਰ ਗੁਣਾ ਜ਼ਿਆਦਾ ਸੁਖ ਮਿਲਦਾ ਹੈ ਧਰਤੀ ਦੇ ਬਾਦਸ਼ਾਹ ਨਾਲੋਂ। ਪਿੱਤਰ ਲੋਕ ਵਿਚ ਦਸ ਲੱਖ ਗੁਣਾ ਜ਼ਿਆਦਾ ਸੁਖ ਹੈ। ਸਵਰਗ ਲੋਕ ਵਿਚ ਦਸ ਕਰੋੜ ਗੁਣਾ ਜ਼ਿਆਦਾ ਸੁਖ ਹੈ ਇਥੋਂ ਦੇ ਬਾਦਸ਼ਾਹ ਨਾਲੋ, ਇੰਦਰ ਲੋਕ ਦੱਸ ਅਰਬ ਗੁਣਾ ਜ਼ਿਆਦਾ ਸੁਖ ਹੈ।

ਮਹਾਰਾਜ ਜੀ ਕਹਿੰਦੇ ਕਿ ਇੰਦਰ ਲੋਕ ਹੁੰਦਾ ਹੋਇਆ ਇਸ ਤੋਂ ਅੱਗੇ ਸੁਖ ਵਧਦੇ ਰਹਿੰਦੇ ਨੇ ਕਰਮਦੇਵ ਲੋਕ, ਅਜਾਨਦੇਵ ਲੋਕ, ਪਰਜਾਪਤਿ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਅਖੀਰ ਵਿਚ ਬੈਕੁੰਠ ਧਾਮ ਆਉਂਦਾ ਹੈ ਗਿਆਰ੍ਹਵਾਂ। ਇਥੇ ਤੱਕ ਕਾਲ ਚਲਦਾ ਹੈ ਇਸ ਤੋਂ ਅੱਗੇ ਅਕਾਲ ਮੰਡਲ ਸ਼ੁਰੂ ਹੋ ਜਾਂਦ ਹੈ। ਸਰਮ ਖੰਡ, ਕਰਮ ਖੰਡ, ਸਚ ਖੰਡ।

ਸੋ ਮਹਾਰਾਜ ਜੀ ਕਹਿੰਦੇ ਕਿ ਦੇਖੋ ਇੰਦਰ ਇਥੋਂ ਨਾਲੋਂ ਦੱਸ ਅਰਬ ਗੁਣਾ ਜ਼ਿਆਦਾ ਸੁਖੀ ਹੋਣ ਤੇ ਵੀ ਵਾਸ਼ਨਾ ਦੇ ਅੰਦਰ ਐਨਾ ਭੁੱਲਿਆ ਕਿ –

***ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।***
***ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।***
***ਭਾਈ ਗੁਰਦਾਸ ਜੀ ਦੀ ਵਾਰ 10/18***

ਇਕ ਔਰਤ ਤੇ ਭੁੱਲ ਗਿਆ। ਰਿਸ਼ੀ ਨੇ ਸਰਾਪ ਦੇ ਦਿੱਤਾ ਕਿ ਤੇਰੇ ਹਜ਼ਾਰ ਦਾਗ ਹੋਣ। ਹੁਣ ਮੂੰਹ ਨਹੀਂ ਦਿਖਾ ਰਿਹਾ ਕਿਸੇ ਨੂੰ, ਉਹ ਰੋਇਆ ਫੇਰ ਬਹੁਤ।

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥***
***ਪਰਸ ਰਾਮੁ ਰੋਵੈ ਘਰਿ ਆਇਆ॥***
***ਅਜੇ ਸੁ ਰੋਵੈ ਭੀਖਿਆ ਖਾਇ॥***

*ਐਸੀ ਦਰਗਹ ਮਿਲੈ ਸਜਾਇ॥*
*ਰੋਵੈ ਰਾਮੁ ਨਿਕਾਲਾ ਭਇਆ॥*
*ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥*
*ਜਿਨਿ ਸੀਤਾ ਆਦੀ ਡਉਰੂ ਵਾਇ॥* ਪੰਨਾ - 954

ਵੱਡਿਆਂ ਵੱਡਿਆਂ ਦੀ ਮਹਾਰਾਜ ਜੀ ਗਿਣਤੀ ਕਰਦੇ ਨੇ-

*ਰੋਵਹਿ ਪਾਂਡਹ ਭਏ ਮਜੂਰ॥* ਪੰਨਾ - 954

ਪਾਂਡਵ ਜਦੋਂ ਮਜ਼ਦੂਰ ਬਣੇ ਭੀਮ ਰਸੋਈਆ ਬਣਿਆ, ਅਰਜਨ ਹੀਜੜਾ ਬਣ ਕੇ ਨਚਾਉਣ ਲੱਗਿਆ ਨਕਲ ਤੇ ਸਹਿਦੇਵ ਗਾਵਾਂ ਤੇ ਘੋੜਿਆਂ ਦੇ ਸਾਂਭਣ ਵਾਲੇ ਬਣੇ ਤੇ ਯੁਧਿਸ਼ਟਰ ਪਾਸਾ ਖਲਾਉਣ ਵਾਲਾ ਬਣਿਆ ਉਸ ਵੇਲੇ ਸਭ ਛੁਪ ਛੁਪ ਕੇ ਰੋਂਦੇ ਸਨ -

*ਰੋਵਹਿ ਪਾਂਡਹ ਭਏ ਮਜੂਰ॥*
*ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ॥*
*ਏਕੀ ਕਾਰਣਿ ਪਾਪੀ ਭਇਆ॥*
*ਰੋਵਹਿ ਸੇਖ ਮਸਾਇਕ ਪੀਰ॥*
*ਅੰਤਿ ਕਾਲਿ ਮਤੁ ਲਾਗੈ ਭੀੜ॥*
*ਰੋਵਹਿ ਰਾਜੇ ਕੰਨ ਪੜਾਇ॥*
*ਘਰਿ ਘਰਿ ਮਾਗਹਿ ਭੀਖਿਆ ਜਾਇ॥* ਪੰਨਾ - 954

ਭਰਥਰੀ ਰੋਇਆ, ਗੋਪੀਚੰਦ ਰੋਇਆ।

*ਰੋਵਹਿ ਕਿਰਪਨ ਸੰਚਹਿ ਧਨੁ ਜਾਇ॥*
*ਪੰਡਿਤ ਰੋਵਹਿ ਗਿਆਨੁ ਗਵਾਇ॥*
*ਬਾਲੀ ਰੋਵੈ ਨਾਹਿ ਭਤਾਰੁ॥*
*ਨਾਨਕ ਦੁਖੀਆ ਸਭੁ ਸੰਸਾਰੁ॥*
*ਮੰਨੇ ਨਾਉ ਸੋਈ ਜਿਣਿ ਜਾਇ॥* ਪੰਨਾ - 954

ਜਿਹੜਾ ਨਾਮ ਤੇ ਵਿਸ਼ਵਾਸ ਲਿਆਏਗਾ, ਨਾਮ ਨੂੰ ਮੰਨ ਲਏਗਾ, ਉਹ ਸੰਸਾਰ ਵਿਚ ਜਿਤ ਗਿਆ।

*ਅਉਰੀ ਕਰਮ ਨ ਲੇਖੈ ਲਾਇ॥* ਪੰਨਾ -

954
ਬਾਕੀ ਤਾਂ ਖਪਦੇ ਫਿਰਦੇ ਨੇ –

*ਐਸਾ ਜਗੁ ਦੇਖਿਆ ਜੂਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥* *ਪੰਨਾ – 222*

ਸੋ ਸਾਰੀ ਵਿਚਾਰ ਦਾ ਨਿਚੋੜ ਇਹ ਹੋਇਆ ਕਿ ਜੇ ਅਸੀਂ ਪ੍ਰਮੇਸ਼ਰ ਨਾਲੋਂ ਭੁੱਲ ਜਾਈਏ, ਟੁੱਟ ਜਾਈਏ, ਨਾਮ ਦੀ ਲਿਵ ਸਾਡੇ ਅੰਦਰ ਨਾ ਜਾਗੇ, ਰਾਮ ਰਾਮ ਤਾਂ ਸਾਰਾ ਸੰਸਾਰ ਕਹਿੰਦਾ ਹੈ ਪਰ ਲਿਵ ਵਿਚ ਤਾਂ ਕੋਈ ਵਿਰਲਾ ਜਾਂਦਾ ਹੈ। ਵਾਹਿਗੁਰੂ ਵਾਹਿਗੁਰੂ ਸਾਰੇ ਹੀ ਕਹਿੰਦੇ ਨੇ ਪਰ ਮਹਾਰਾਜ ਜੀ ਕਹਿੰਦੇ ਲਿਵ ਤੋਂ ਬਗੈਰ ਤੂੰ ਅਜੇ ਬਾਹਰ ਹੈ ਅੰਦਰ ਨਹੀਂ ਗਿਆ, ਅੰਦਰ ਜਾਣ ਦੀ ਜਾਚ ਸਿੱਖ, ਅੰਦਰ ਜਾਣ ਦੀ ਕੋਸ਼ਿਸ਼ ਕਰ।

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥* *ਪੰਨਾ – 491*

ਮਹਾਰਾਜ ਜੀ ਕਹਿੰਦੇ ਮੰਨਣਾ ਪੈਂਦਾ ਹੈ। ਮੰਨਣ ਦੀ ਅਵਸਥਾ ਹੋਰ ਹੈ, ਪਹਿਲਾਂ ਸੁਣਨ ਦੀ ਅਵਸਥਾ ਹੁੰਦੀ ਹੈ, ਫੇਰ ਮੰਨਣ ਦੀ ਫੇਰ ਨਿਧੀਆਸਣ ਦੀ ਫੇਰ ਪ੍ਰਾਪਤੀ ਦੀ। ਚਾਰ ਅਵਸਥਾਵਾਂ ਨੇ। ਇਨ੍ਹਾਂ ਨੂੰ ਅੰਤਰੰਗ ਸਾਧਨ ਕਹਿੰਦੇ ਨੇ। ਸੋ ਜਦੋਂ ਤੱਕ ਅਸੀਂ ਨਾਮ ਨੂੰ ਮੰਨਦੇ ਨਹੀਂ, ਇਹ ਅਜੀਬ ਗੱਲ ਲਗਣੀ ਹੈ ਕਿ ਨਾਮ ਨੂੰ ਜਪਣਾ ਤਾਂ ਕਹਿੰਦੇ ਨੇ, ਗਾਉਣਾ ਕਹਿੰਦੇ ਨੇ, ਧਿਆਉਣਾ ਕਹਿੰਦੇ ਨੇ, ਨਾਮ ਨੂੰ ਸੁਣਨਾ ਕਹਿੰਦੇ ਨੇ ਪਰ ਮੰਨਣਾ ਤਾਂ ਨਵੀਂ ਹੀ ਗੱਲ ਸੁਣੀ ਹੈ। ਮਹਾਰਾਜ ਜੀ ਤਾਂ ਸਾਨੂੰ ਪਹਿਲਾਂ ਤੋਂ ਹੀ ਦਸਦੇ ਨੇ ਕਿ –

*ਮੰਨੇ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*
*ਮੰਨੇ ਕਾ ਬਹਿ ਕਰਨਿ ਵੀਚਾਰੁ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਪੰਨਾ – 3*

ਪਹਿਲਾਂ ਸੁਣਨ ਦੀ ਅਵਸਥਾ ਆਉਂਦੀ ਹੈ, ਫੇਰ ਮੰਨਣ ਦੀ ਅਵਸਥਾ ਹੈ। ਨਾਮ ਦੀ ਮਨੌਤ ਜਿੰਨਾ ਚਿਰ ਆਦਮੀ ਦੇ ਅੰਦਰ ਨਹੀਂ ਆਉਂਦੀ ਓਨਾ ਚਿਰ ਉਸ ਦਾ ਭਰਮ ਦੂਰ ਨਹੀਂ ਹੋਇਆ ਕਰਦਾ। ਪੰਜ ਕਿਸਮ ਦੇ ਭਰਮ ਨੇ ਆਦਮੀ ਦੇ ਅੰਦਰ, ਪੰਜੇ ਭਰਮਾਂ ਦੇ ਅੰਦਰ ਸਾਰਾ ਸੰਸਾਰ ਉਲਝਿਆ

ਪਿਆ ਹੈ।

ਸੋ ਸਿਧਾਂਤ ਇਹ ਹੈ ਕਿ ਸਾਨੂੰ ਰੋਗ ਲਗਦੇ ਨੇ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਪੰਨਾ - 135*

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256*

ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਰੋਗੀ ਹੋ ਜਾਈਦੈ,*
*ਭੁਲਦਾ ਜਦ ਰਾਮ ਪਿਆਰਾ -2, 2.*
*ਭੁਲਦੈ ਜਦ ਰਾਮ ਪਿਆਰਾ -2, 2.*
*ਰੋਗੀ ਹੋ ਜਾਈਦੈ,.............. -2.*

ਚਾਰ ਵੱਡੇ ਵੱਡੇ ਦੁਖ ਮਹਾਰਾਜ ਜੀ ਨੇ ਗਿਣੇ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ॥*
*ਇਕੁ ਦੁਖੁ ਸਕਤਵਾਰ ਜਮਦੂਤ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ॥*
*ਵੈਦ ਨ ਭੋਲੇ ਦਾਰੂ ਲਾਇ॥ ਪੰਨਾ - 1256*

*ਦਰਦੁ ਹੋਵੈ ਦੁਖੁ ਰਹੈ ਸਰੀਰ॥*
*ਐਸਾ ਦਾਰੂ ਲਗੈ ਨ ਬੀਰ॥ ਪੰਨਾ - 1256*

ਦਾਰੂਆਂ (ਦਵਾਈਆਂ) ਨਾਲ ਤਾਂ ਕੋਈ ਰਾਜੀ ਨਹੀਂ ਹੁੰਦਾ, ਬਥੇਰਾ ਜਾਈ ਜਾਓ ਪੀ. ਜੀ. ਆਈ ਜਿੰਨਾ ਜਾਣਾ ਹੈ। ਇਕ ਰੋਗ ਹਟੇਗਾ ਦੂਜਾ ਲੱਗ ਜਾਏਗਾ, ਦੂਜਾ ਹਟੇਗਾ ਤੀਜਾ ਲੱਗ ਜਾਏਗਾ ਕਿਉਂਕਿ ਅਸਲੀ ਜਿਥੇ ਰੋਗ ਦੀ ਜੜ੍ਹ ਹੈ ਉਥੇ ਤੱਕ ਨਹੀਂ ਅਸੀਂ ਪਹੁੰਚੇ। ਦਵਾਈ ਉਪਰ ਉਪਰ ਅਸਰ ਕਰਦੀ ਹੈ, ਰੋਗ ਦੀ ਜੜ੍ਹ ਤੱਕ ਨਹੀਂ ਜਾਂਦੀ। ਮਹਾਰਾਜ ਜੀ ਕਹਿੰਦੇ ਰੋਗ ਦੀ ਜੜ੍ਹ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥*
*ਮਨ ਅੰਧੇ ਤਉ ਮਿਲੈ ਸਜਾਇ॥*
*ਵੈਦ ਨ ਭੋਲੇ ਦਾਰੂ ਲਾਇ॥ ਪੰਨਾ -*

ਗੁਰੂ ਨਾਨਕ ਪਾਤਿਸ਼ਾਹ ਸੋਲਾਂ ਸਤਾਰਾਂ ਸਾਲ ਦੀ ਉਮਰ ਵਿਚ ਨੇ। ਆਪ ਦੋ ਤਿੰਨ ਮਹੀਨੇ ਤੋਂ ਚੁੱਪ ਕਰਕੇ ਪਏ ਰਹਿੰਦੇ ਨੇ ਨਾ ਕੁਝ ਖਾਂਦੇ ਨੇ ਨਾ ਕੁਝ ਪੀਂਦੇ ਨੇ, ਨਾ ਕਿਸੇ ਨਾਲ ਬੋਲਦੇ ਨੇ। ਕਦੇ-ਕਦੇ ਜਦੋਂ ਮੌਜ ਆਉਂਦੀ ਹੈ ਤਾਂ ਆਪ ਉਠ ਕੇ ਬਾਹਰ ਚਲੇ ਜਾਂਦੇ ਨੇ ਜਿਥੇ ਕੋਈ ਸਾਧੂ ਮਹਾਂਪੁਰਸ਼ ਆਪ ਦੇ ਮਿਲਣ ਲਈ ਪ੍ਰਾਰਥਨਾ ਕਰ ਰਿਹਾ ਹੁੰਦਾ ਹੈ। ਉਸ ਦੇ ਕੋਲ ਜਾ ਕੇ, ਉਸ ਨੂੰ ਸੋਝੀ ਦੇ ਕੇ ਆਪ ਵਾਪਸ ਆ ਜਾਂਦੇ ਨੇ ਤੇ ਫੇਰ ਓਵੇਂ ਹੀ ਪੈ ਜਾਂਦੇ ਨੇ।

ਬੇਬੇ ਨਾਨਕੀ ਜੀ ਬਹੁਤ ਤਰਲਾ ਲੈਂਦੇ ਨੇ ਕਿ ਵੀਰ ਜੀ! ਜੇ ਤੁਸੀਂ ਅੱਜ ਕੁਝ ਮੂੰਹ ਵਿਚ ਨਾ ਪਾਇਆ ਤਾਂ ਮੈਂ ਵੀ ਨਹੀਂ ਕੁਝ ਖਾਣਾ ਕਿਉਂਕਿ ਪਿਆਰ ਸੀ, ਪਿਆਰ ਵਾਲਿਆਂ ਦੇ ਅੰਦਰ ਦਰਦ ਹੁੰਦਾ ਹੈ। ਦਰਦ ਵਾਲੇ ਦਾ ਦਰਦ ਪਿਆਰ ਵਾਲੇ ਨੂੰ ਪਹੁੰਚ ਹੋ ਜਾਇਆ ਕਰਦਾ ਹੈ। ਮਹਾਰਾਜ ਜੀ ਨੇ ਕੁਝ ਮੂੰਹ ਵਿਚ ਪਾ ਲੈਣਾ। ਸਿਹਤ ਕਮਜ਼ੋਰ ਹੋ ਗਈ। ਲੋਕ ਕਹਿਣ ਲੱਗ ਗਏ ਕਿ ਦੇਖੋ! ਇਕੋ ਇਕ ਪੁੱਤਰ ਹੈ ਕੋਈ ਪਤਾ ਨਹੀਂ ਕੋਈ ਹਵਾ ਹੈ ਜਾਂ ਕੋਈ ਭੂਤ ਪ੍ਰੇਤ ਚਿੰਬੜਿਆ ਹੋਇਆ ਹੈ ਜਾਂ ਕਿਸੇ ਦੇਵ ਦੀ ਛਾਇਆ ਹੈ। ਇਹ ਇਲਾਜ ਹੀ ਨਹੀਂ ਕਰਵਾਉਂਦੇ ਕਿਸੇ ਤੋਂ। ਇਕ ਦਿਨ ਲਾਲੂ ਜੀ ਨੂੰ ਇਹ ਗੱਲ ਕਹੀ ਕਿ ਤੁਸੀਂ ਆਪਣੇ ਭ੍ਰਾਤਾ ਜੀ ਨੂੰ ਕਹੋ। ਉਹ ਆ ਕੇ ਕਹਿਣ ਲੱਗੇ ਕਿ ਭ੍ਰਾਤਾ ਜੀ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਨੇ, ਪੈਸੇ ਦੀ ਘਾਟ ਹੈ ਆਪਣੇ ਕੋਲ? ਇਨ੍ਹਾਂ ਦਾ ਇਲਾਜ ਕਰਾਓ। ਮਹਿਤਾ ਕਾਲੂ ਜੀ ਉਸੇ ਵੇਲੇ ਉਠ ਕੇ ਹਰਦਾਸ ਵੈਦ ਜੋ ਉਸ ਇਲਾਕੇ ਦਾ ਮਸ਼ਹੂਰ ਵੈਦ ਸੀ, ਰਾਜ ਵੈਦ ਉਸ ਦੇ ਕੋਲ ਚਲੇ ਜਾਂਦੇ ਨੇ। ਜਦੋਂ ਉਸ ਨੇ ਆਉਂਦੇ ਦੇਖੇ ਤਾਂ ਸਤਿਕਾਰ ਵਜੋਂ ਮੂੜ੍ਹਾ ਡਾਹ ਦਿੱਤਾ। ਕਹਿਣ ਲੱਗੇ, "ਬੈਠੋ ਮਹਿਤਾ ਜੀ! ਇਥੇ। ਮਰੀਜ਼ਾਂ ਨੂੰ ਤੋਰ ਕੇ ਮੈਂ ਤੁਹਾਡੇ ਨਾਲ ਗੱਲ ਕਰਦਾ ਹਾਂ।"

ਵਿਹਲੇ ਹੋ ਕੇ ਪੁਛਣ ਲੱਗੇ, "ਦੱਸੋ! ਕਿਵੇਂ ਆਏ?"

ਸਾਰੀ ਗੱਲ ਦੱਸੀ ਕਿ ਨਾਨਕ ਜੀ ਐਨਾ ਚਿਰ ਹੋਇਆ, ਨਾ ਕੁਝ ਖਾਂਦੇ ਨੇ, ਨਾ ਬੋਲਦੇ ਨੇ, ਸਾਨੂੰ ਨਹੀਂ ਪਤਾ ਲਗਦਾ ਤੇ ਮੈਂ ਚੋਰੀ-ਚੋਰੀ ਬਹੁਤ ਕੁਝ ਕਰ ਚੁਕਿਆਂ ਹਾਂ, ਟੂਣੇ-ਟਾਮਣ ਵੀ ਕਰ ਚੁੱਕਿਆ ਹੈ ਪਰ ਕੁਝ ਬਣਦਾ ਨਹੀਂ।

ਉਹ ਕਹਿੰਦਾ, "ਇਸ ਦੇ ਵਿਚ ਫਿਕਰ ਦੀ ਕਿਹੜੀ ਗੱਲ ਹੈ? ਮੈਂ ਕੱਲ੍ਹ ਨੂੰ ਆਵਾਂਗਾ, ਦੇਖ ਲਵਾਂਗਾ। ਦੋ ਚਾਰ ਪੁੜੀਆਂ ਦੇਣ ਨਾਲ ਹੀ ਠੀਕ ਹੋ ਜਾਣਗੇ। ਨਿਹਾਰ ਮੂੰਹ ਰੱਖਣਾ ਤਾਂ ਕਿ ਮੈਂ ਨਬਜ਼ ਦੇਖ ਸਕਾਂ।"

ਸੋ ਦੂਸਰੇ ਦਿਨ ਆਉਂਦੇ ਨੇ, ਦੂਰੋਂ ਦੇਖ ਕੇ ਮਹਿਤਾ ਜੀ ਸਤਿਕਾਰ ਨਾਲ ਅੰਦਰ ਲੈ ਆਏ। ਮੂੜ੍ਹਾ ਚੁੱਕ ਕੇ ਗੁਰੂ ਨਾਨਕ ਪਾਤਿਸ਼ਾਹ ਦੇ ਪਲੰਘ ਦੇ ਨੇੜੇ ਡਾਹ ਦਿੱਤਾ। ਵੈਦ ਜੀ ਮੂੜ੍ਹੇ ਤੇ ਬੈਠ ਗਏ।

ਮਹਿਤਾ ਜੀ ਕਹਿਣ ਲੱਗੇ, "ਆਹ ਪਏ ਨੇ। ਹੁਣ ਤੁਸੀਂ ਦੇਖ ਲਓ, ਅਸੀਂ ਤਾਂ ਅਵਾਜ਼ਾਂ ਦੇ ਦੇ ਕੇ ਥੱਕ ਜਾਂਦੇ ਹਾਂ, ਸਾਨੂੰ ਤਾਂ ਕੋਈ ਜਵਾਬ ਹੀ ਨਹੀਂ ਦਿੰਦੇ।"

ਉਸ ਵੇਲੇ ਵੈਦ ਨੇ ਆਵਾਜ਼ ਦਿੱਤੀ, "ਨਾਨਕ ਜੀ! ਨਾਨਕ ਜੀ!!" ਦੋ ਚਾਰ ਵਾਰੀ ਕਿਹਾ ਤੇ ਦੇਖ ਲਿਆ ਕਿ ਬੋਲਦੇ ਨਹੀਂ। ਉਸ ਵੇਲੇ ਉਨ੍ਹਾਂ ਦੇ ਉਪਰ ਦਿੱਤਾ ਕੱਪੜਾ ਥੋੜ੍ਹਾ ਚੁਕਿਆ ਤੇ ਕਲਾਈ ਫੜ ਲਈ। ਬਾਂਹ ਬਾਹਰ ਕੱਢ ਕੇ ਆਪ ਮਾਲਕ ਉਠ ਕੇ ਬੈਠ ਗਏ। ਵੈਦ ਨੂੰ ਪੁੱਛਣ ਲੱਗੇ, "ਵੈਦ ਜੀ! ਕੀ ਕਰਦੇ ਹੋ?"

ਕਹਿੰਦੇ, "ਨਾਨਕ ਜੀ! ਮੈਂ ਤੁਹਾਡਾ ਸੁਅਸਤ ਦੇਖਦਾ ਹਾਂ ਕਿ ਵਾਈ ਵੱਧ ਹੈ ਜਾਂ ਪਿੱਤ ਜਾਂ ਗਰਮੀ ਵੱਧ ਹੈ। ਜਿਹੜੀ ਚੀਜ਼ ਵੱਧ ਜਾਂ ਘੱਟ ਹੋਏਗੀ ਮੈਂ ਉਸੇ ਚੀਜ਼ ਦੀ ਪੁੜੀ ਤੁਹਾਨੂੰ ਦੇ ਦਵਾਂਗਾ। ਦੋ ਚਾਰ ਪੁੜੀਆਂ ਦੇ ਨਾਲ ਤੁਹਾਡਾ ਇਲਾਜ ਹੋ ਜਾਏਗਾ। ਤੁਸੀਂ ਬਿਲਕੁਲ ਠੀਕ ਹੋ ਜਾਓਗੇ ਤੇ ਹਸਦੇ ਖੇਡਦੇ ਫਿਰੋਂਗੇ।"

ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਕਾਹਨੂੰ ਆਪਣਾ ਸਮਾਂ ਨਸ਼ਟ ਕਰਦੇ ਹੋ?"

ਏਸ ਤਰ੍ਹਾਂ ਫੁਰਮਾਉਂਦੇ ਹਨ -

***ਵੈਦੁ ਬਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥ ਪੰਨਾ - 1279***

ਕਹਿਣ ਲੱਗੇ, "ਵੈਦ ਜੀ! ਮੈਨੂੰ ਕੋਈ ਰੋਗ ਨਹੀਂ ਹੈ ਜਿਹੜਾ ਤੁਸੀਂ ਦਸਦੇ ਹੋ। ਤੁਸੀਂ ਕਿੰਨੇ ਰੋਗਾਂ ਦਾ ਇਲਾਜ ਜਾਣਦੇ ਹੋ?"

ਕਹਿਣ ਲੱਗੇ, "ਨਾਨਕ ਜੀ! ਜਿੰਨੇ ਰੋਗ ਸਾਸ਼ਤਰ ਵਿਚ ਲਿਖੇ ਹੋਏ ਨੇ ਸਾਰਿਆਂ ਦਾ ਮੈਂ ਇਲਾਜ ਜਾਣਦਾ ਹਾਂ। ਅੱਗੇ ਜਿੰਨੀਆਂ ਉਨ੍ਹਾਂ ਦੀਆਂ ਸੰਬੰਧਤ ਬਿਮਾਰੀਆਂ ਨੇ ਉਨ੍ਹਾਂ ਦਾ ਵੀ ਮੈਂ ਇਲਾਜ ਜਾਣਦਾ ਹਾਂ।"

ਮਹਾਰਾਜ ਕਹਿੰਦੇ, "ਮੁੱਖ ਰੋਗ ਕਿੰਨੇ ਨੇ?"

ਕਹਿੰਦਾ, "ਮਹਾਰਾਜ! ਨੜ੍ਹੀਨਵੇਂ ਨੇ।"

ਮਹਾਰਾਜ ਜੀ ਕਹਿੰਦੇ, "ਇਨ੍ਹਾਂ ਵਿਚੋਂ ਨਹੀਂ ਹੈ ਕੋਈ ਵੀ।" ਵੈਦ ਸ਼ਰਧਾ ਵਿਚ ਆ ਗਿਆ ਕਿਉਂਕਿ ਪਹਿਲਾਂ ਸੁਣ ਚੁੱਕਿਆ ਸੀ ਕਿ ਗੁਰੂ ਨਾਨਕ ਪਾਂਧੇ ਨੂੰ ਵੀ ਪੜ੍ਹਾ ਆਏ ਨੇ, ਸਾਸ਼ਤਰੀ ਜੀ ਨੂੰ ਵੀ ਪੜ੍ਹਾ ਆਏ ਨੇ ਤੇ ਸਯੱਦ ਜੋ ਫਾਰਸੀ ਪੜ੍ਹਾਉਂਦੇ ਸੀ ਉਨ੍ਹਾਂ ਨੂੰ ਵੀ ਪੜ੍ਹਾ ਆਏ, ਅਰਬੀ ਪੜ੍ਹਾਉਣ ਵਾਲੇ ਨੂੰ ਵੀ ਪੜ੍ਹਾ ਆਏ ਤੇ ਅੱਜ ਤਾਂ ਮੇਰੀ ਵਾਰੀ ਆ ਗਈ, ਮੈਂ ਵੈਦਿਕ ਸਿੱਖਾਂ ਗੁਰੂ ਨਾਨਕ ਸਾਹਿਬ ਤੋਂ। ਵੈਦ ਸ਼ਰਧਾ 'ਚ ਆ ਗਿਆ।

ਕਹਿਣ ਲੱਗਿਆ, "ਪਾਤਿਸ਼ਾਹ! ਫੇਰ ਆਪ ਕਿਰਪਾ ਕਰਕੇ ਦੱਸੋ ਕਿ ਕੀ ਗੱਲ ਹੈ? ਆਪ ਇਸ ਤਰ੍ਹਾਂ ਕਿਉਂ ਪਏ ਹੋ?"

ਮਹਾਰਾਜ ਜੀ ਕਹਿੰਦੇ, "ਵੈਦ ਜੀ! ਆਹ ਦੁਨਿਆਵੀ ਬਿਮਾਰੀ ਨਹੀਂ ਹੈ ਸਾਨੂੰ ਕੋਈ। ਸਾਡੇ ਅੰਦਰ ਤਾਂ ਇਕ ਲਗਨ ਲੱਗੀ ਹੋਈ ਹੈ।"

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

ਕਹਿੰਦੇ, "ਸਾਨੂੰ ਪਿਆਰ ਹੈ।"

***ਧਾਰਨਾ - ਮੇਰੇ ਕਰਕ ਕਲੇਜੇ ਮਾਹਿ,***
***ਭੋਲਾ ਵੈਦ ਨਾ ਜਾਣਦਾ -2, 2.***
***ਭੋਲਾ ਵੈਦ ਨਾ ਜਾਣਦਾ -2, 2.***
***ਮੇਰੇ ਕਰਕ ਕਲੇਜੇ ਮਾਹਿ,............. -2.***

ਕਹਿਣ ਲੱਗੇ, "ਵੈਦ ਜੀ! ਤੁਹਾਡੇ ਇਸ ਸਾਸ਼ਤਰ ਵਿਚ ਐਸੀ ਕੋਈ ਬਾਤ ਨਹੀਂ ਹੈ ਜਿਹੜੀ ਮੇਰਾ ਇਲਾਜ ਕਰ ਸਕੇ ਕਿਉਂਕਿ ਜੋ ਸਾਡਾ ਇਲਾਜ ਹੈ ਉਹ ਵਸੱਲ (ਮਿਲਾਪ) ਹੈ ਤੇ ਵਸੱਲ ਕਿਸੇ ਦਵਾਈ ਨਾਲ ਨਹੀਂ ਹੁੰਦਾ।"

ਨਾਲ ਹੀ ਸਵਾਲ ਕਰ ਦਿੱਤਾ ਕਿ ਵੈਦ ਜੀ! ਤੁਸੀਂ ਰਾਜੀ (ਤੰਦਰੁਸਤ) ਹੋ? ਸਹਿਮ ਗਿਆ ਵੈਦ ਸੁਣਦੀਸਾਰ ਕਿ ਕੋਈ ਬਹੁਤ ਗੰਭੀਰ ਸਿੱਟਾ ਕੱਢਣਗੇ।

ਕਹਿੰਦਾ, "ਨਾਨਕ ਜੀ! ਸਿਹਤ ਵਿਗਿਆਨ ਦੇ ਅਨੁਸਾਰ ਮੇਰੇ ਤਿੰਨੇ ਤੱਤ ਵਾਈ-ਪਿੱਤ-ਕਫ ਸਮਾਨ ਮਾਤਰਾਂ ਵਿਚ ਹਨ। ਆਦਮੀ ਤਾਂ ਬਿਮਾਰ

ਹੁੰਦਾ ਹੈ ਜੇ ਇਕ ਤੱਤ ਘਟ ਜਾਵੇ ਜਾਂ ਵੱਧ ਜਾਵੇ। ਸੋ ਮੈਂ ਤਾਂ ਠੀਕ ਹਾਂ।"

ਮਹਾਰਾਜ ਜੀ ਕਹਿੰਦੇ, "ਤੂੰ ਤਾਂ ਤੂੰ! ਇਸ ਸੰਸਾਰ ਦੇ ਅੰਦਰ ਐਸਾ ਕੋਈ ਨਹੀਂ ਹੈ ਜਿਸ ਨੂੰ ਰਾਜੀ ਕਹਿ ਸਕੀਏ ਸ਼ਾਇਦ ਤੈਨੂੰ ਪਤਾ ਨਹੀਂ ਕਿ ਸਾਰੇ ਰੋਗ ਮਨ 'ਚ ਸ਼ੁਰੂ ਹੋਇਆ ਕਰਦੇ ਨੇ। ਜੇ ਮਨ ਤੰਦਰੁਸਤ ਹੈ ਤਾਂ ਸਰੀਰ ਵੀ ਤੰਦਰੁਸਤ ਹੈ ਜੇ ਮਨ ਤੰਦਰੁਸਤ ਨਹੀਂ ਹੈ ਤਾਂ ਸਰੀਰ ਤੰਦਰੁਸਤ ਨਹੀਂ ਹੋ ਸਕਦਾ।"

ਅਮਰੀਕਾ ਵਿਚ ਹੁਣ ਪਤਾ ਲੱਗਿਆ ਹੈ ਮੈਨੂੰ ਕਿਸੇ ਨੇ ਇਕ ਚਿੱਠੀ ਭੇਜੀ। ਕਿਸੇ ਨੇ ਇਕ ਫਿਲਮ ਦੇਖੀ, ਫਿਲਮ ਵਿਚ ਰੋਗ ਦੀ ਬਾਤ ਚੱਲ ਰਹੀ ਸੀ। ਉਸ ਨੇ ਲਿਖਿਆ ਕਿ ਇਕ ਡਾਕਟਰ ਨੇ ਤਜਰਬਾ ਕਰਿਆ ਹੈ ਅਮਰੀਕਾ ਵਿਚ ਕਿ ਜੇ ਮਾਨਸਿਕ ਤੌਰ ਤੇ ਆਦਮੀ ਸੰਤੁਸ਼ਟ ਹੋ ਜਾਵੇ ਤੇ ਉਹ ਪੂਰੇ ਭਰੋਸੇ ਵਿਚ ਆ ਜਾਵੇ ਕਿ ਮੈਂ ਬਿਮਾਰ ਨਹੀਂ ਹਾਂ, ਤਾਂ ਉਹ ਰਾਜੀ ਹੋ ਜਾਂਦਾ ਹੈ।

ਮਹਾਰਾਜ ਜੀ ਨੇ ਤਾਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਜੇ ਮਨ ਰਾਜੀ ਨਹੀਂ ਹੈ ਤਾਂ ਤਨ ਰਾਜੀ ਨਹੀਂ ਰਹਿਆ ਕਰਦਾ। ਵਿਚਾਰ ਕਰਕੇ ਦੇਖ ਲਓ। ਇਕ ਆਦਮੀ ਦੇ ਮਨ ਵਿਚ ਚਿੰਤਾ ਆ ਜਾਵੇ, ਉਸ ਨੂੰ ਜਿੰਨਾ ਜੀਅ ਕਰਦਾ ਹੈ ਖਲਾ ਲਓ ਉਹ ਹਜ਼ਮ ਹੀ ਨਹੀਂ ਹੋਏਗਾ। ਉਸ ਦੇ ਸਾਰੇ ਸੈਲ ਨਸ਼ਟ ਹੋਣੇ ਸ਼ੁਰੂ ਹੋ ਜਾਣਗੇ। ਸਾਡੇ ਸਰੀਰ ਦੇ ਅੰਦਰ 2 ਖਰਬ 15 ਅਰਬ ਸੈਲ ਨੇ। ਚਿੰਤਾ ਕਰੋੜਾਂ ਸੈਲਾਂ ਨੂੰ ਸਾੜ ਦਿੰਦੀ ਹੈ। ਕਾਮ ਦਾ ਜਜ਼ਬਾ ਆ ਜਾਵੇ, ਕ੍ਰੋਧ ਦਾ ਆ ਜਾਵੇ ਤਾਂ ਮਹਾਰਾਜ ਜੀ ਕਹਿੰਦੇ ਸਰੀਰ ਰੋਗੀ ਹੋ ਜਾਇਆ ਕਰਦਾ ਹੈ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥*** ***ਪੰਨਾ - 932***

ਮਹਾਰਾਜ ਜੀ ਕਹਿੰਦੇ, "ਜੇ ਮਨ ਨਰੋਆ ਹੋਏਗਾ, ਮਨ ਅਰੋਗ ਹੋਏਗਾ ਤਾਂ ਸਰੀਰ ਵੀ ਅਰੋਗ ਰਹੇਗਾ। ਜੇ ਮਨ ਰੋਗੀ ਹੋਏਗਾ ਤਾਂ ਸਰੀਰ ਅਰੋਗ ਨਹੀਂ ਹੋ ਸਕਦਾ।"

ਵੈਦ ਕਹਿੰਦਾ, "ਸੱਚੇ ਪਾਤਿਸ਼ਾਹ! ਮੇਰੀ ਸਮਝ ਵਿਚ ਨਹੀਂ ਆਈ ਇਹ ਬਾਤ। ਕਿਰਪਾ ਕਰਕੇ ਮੈਨੂੰ ਇਹ ਦੱਸੋ ਕਿ ਮਨ ਵੀ ਅਰੋਗ ਹੋ ਜਾਂਦਾ ਹੈ?"

ਮਹਾਰਾਜ ਜੀ ਕਹਿੰਦੇ, "ਮਨ ਤਾਂ ਬਹੁਤਾ ਬਿਮਾਰ ਹੈ। ਸਰੀਰ ਜੇ

ਬਿਮਾਰ ਹੋ ਜਾਵੇ ਤਾਂ ਕੁਝ ਨਹੀਂ ਹੁੰਦਾ, ਵੱਧ ਤੋਂ ਵੱਧ ਸਰੀਰ ਛੁਟ ਜਾਏਗਾ। ਜੇ ਮਨ ਬਿਮਾਰ ਹੋ ਜਾਵੇ ਫੇਰ ਤਾਂ ਬਹੁਤ ਭਾਰੀਆਂ ਸਜਾਵਾਂ ਮਿਲਦੀਆਂ ਹਨ, ਦੁਖੀ ਹੁੰਦਾ ਹੈ ਬੰਦਾ ਤੇ ਮਨ ਦੀ ਬਿਮਾਰੀ ਤਾਂ ਬਹੁਤ ਜਬਰਦਸਤ ਬਿਮਾਰੀ ਹੈ। ਸੋ ਮਨ ਰੋਗੀ ਹੋਣ ਨਾਲ ਸਰੀਰ ਰੋਗੀ ਹੋ ਜਾਇਆ ਕਰਦਾ ਹੈ।"

ਮਹਾਰਾਜ ਜੀ ਕਹਿੰਦੇ ਕਿ ਇਕ ਗੁਰੂ ਤੋਂ ਬਗੈਰ ਸਾਰਾ ਸੰਸਾਰ ਰੋਗੀ ਹੈ। ਰੋਗਾਂ ਦੀ ਵੰਡ ਕੀਤੀ ਹੋਈ ਹੈ–

***ਹਉਮੈ ਰੋਗੁ ਮਾਨੁਖ ਕਉ ਦੀਨਾ॥***
***ਕਾਮ ਰੋਗਿ ਮੈਗਲੁ ਬਸਿ ਲੀਨਾ॥*** ***ਪੰਨਾ – 1140***

ਹਾਥੀ ਨੂੰ ਕਾਮ ਦਾ ਰੋਗ ਹੈ। ਹਥਣੀ ਕਾਗਜ਼ਾਂ ਦੀ ਬਣਾ ਕੇ ਖੜ੍ਹਾ ਦਿੰਦੇ ਨੇ। ਟੋਆ ਪੁੱਟ ਕੇ ਉੱਤੇ ਫੂਸ ਦੀ ਛੱਤ ਪਾ ਦਿੰਦੇ ਨੇ, ਵਿਚ ਜਾ ਕੇ ਧੜੰਮ ਗਿਰਦਾ ਹੈ। ਉਥੇ ਭੁੱਖੇ ਪਿਆਸੇ ਨੂੰ ਪਿਆ ਰਹਿਣ ਦਿੰਦੇ ਨੇ। ਫੇਰ ਕਾਬੂ ਕਰਕੇ ਹੀ ਬਾਹਰ ਕਢਦੇ ਨੇ।

***ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥*** ***ਪੰਨਾ – 1140***

ਦੀਵਾ ਮਚਦਾ ਹੋਵੇ, ਬਾਹਰ ਕਿੰਨੇ ਪਤੰਗੇ ਆ ਕੇ ਆਪਣੀ ਜਾਨ ਦੇ ਦਿੰਦੇ ਨੇ।

***ਨਾਦ ਰੋਗਿ ਖਪਿ ਗਏ ਕੁਰੰਗਾ॥*** ***ਪੰਨਾ – 1140***

ਘੰਡੇਹੇੜੇ ਦਾ ਸ਼ਬਦ ਵਜਾ ਕੇ ਹਰਨ ਨੂੰ ਫੜ ਲੈਂਦੇ ਸਨ। ਪੁਰਾਣੇ ਜ਼ਮਾਨੇ ਵਿਚ ਸ਼ਿਕਾਰੀ ਵਜਾਈ ਜਾਂਦੇ ਸਨ ਤੇ ਹਰਨ ਮਸਤ ਹੋ ਕੇ ਸਿੱਧਾ ਹੀ ਤੁਰਿਆ ਆਉਂਦਾ ਸੀ ਤੇ ਉਹ ਫੜ ਲੈਂਦੇ ਸਨ।

***ਜੋ ਜੋ ਦੀਸੈ ਸੋ ਸੋ ਰੋਗੀ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥*** ***ਪੰਨਾ – 1140***

ਜਿੰਨਾ ਸੰਸਾਰ ਨਜ਼ਰ ਆਉਂਦਾ ਹੈ ਸਭ ਰੋਗੀ ਹੈ, ਚਾਹੇ ਬਾਦਸ਼ਾਹ ਹੈ, ਚਾਹੇ ਗਰੀਬ ਹੈ, ਚਾਹੇ ਅਮੀਰ ਹੈ ਕੋਈ ਹੈ ਸਭ ਰੋਗੀ ਨੇ ਗੁਰੂ ਤੋਂ ਬਗੈਰ –

***ਜਿਹਵਾ ਰੋਗਿ ਮੀਨੁ ਗ੍ਰਸਿਆਨੋ॥*** ***ਪੰਨਾ – 1140***

ਮੱਛੀ ਨੂੰ ਜਿਹਬਾ ਦਾ ਰੋਗ ਦੇ ਦਿੱਤਾ ਕੁੰਡੀ ਨਾਲ ਲਾ ਕੇ ਪਾਣੀ ਵਿਚ ਸੁੱਟ ਦਿੰਦੇ ਨੇ। ਉਹ ਕੁੰਡੀ ਸਣੇ ਅੰਦਰ ਨਘਾਰ ਜਾਂਦੀ ਹੈ, ਅਖੀਰ ਮਰਨਾ ਪੈਂਦਾ ਹੈ।

***ਬਾਸਨ ਰੋਗਿ ਭਵਰੁ ਬਿਨਸਾਨੋ॥ ਪੰਨਾ – 1140***

ਵਾਸ਼ਨਾ ਦੇ ਰੋਗ ਨੇ ਭੌਰੇ ਦਾ ਖਾਤਮਾ ਕਰ ਦਿੱਤਾ।

***ਹੇਤ ਰੋਗ ਕਾ ਸਗਲ ਸੰਸਾਰਾ॥ ਪੰਨਾ – 1140***

ਮਹਾਰਾਜ ਜੀ ਕਹਿੰਦੇ ਸਾਰਾ ਸੰਸਾਰ ਮੋਹ ਰੋਗ ਵਿਚ ਬੰਨ੍ਹਿਆ ਹੋਇਆ ਹੈ ਤੇ ਮੋਹ ਦਾ ਬੰਨ੍ਹਿਆ ਹੋਇਆ ਹੀ ਇਹ ਦੁਖੀ ਹੋਈ ਜਾਂਦਾ ਹੈ –

***ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥ ਪੰਨਾ – 1140***

ਤਿੰਨਾਂ ਗੁਣਾਂ ਦੇ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਵਿਚ ਸਾਰਾ ਹੀ ਸੰਸਾਰ ਬੰਨ੍ਹ ਕੇ ਸੁੱਤਾ ਪਿਆ ਹੈ। ਆਪਣੇ ਅਸਲੀ ਆਸ਼ੇ ਨੂੰ ਭੁੱਲ ਕੇ –

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਈ॥ ਪੰਨਾ–920***

ਸਾਰੀ ਉਮਰ ਗੁਆ ਕੇ ਚਲਿਆ ਜਾਂਦਾ ਹੈ। ਸੋ ਇਸ ਰੋਗ ਵਿਚ ਗ੍ਰਸਿਆ ਹੋਇਆ –

***ਰੋਗੇ ਮਰਤਾ ਰੋਗੇ ਜਨਮੈ॥***
***ਰੋਗੇ ਫਿਰਿ ਫਿਰਿ ਜੋਨੀ ਭਰਮੈ॥***
***ਰੋਗ ਬੰਧ ਰਹਨੁ ਰਤੀ ਨ ਪਾਵੈ॥***
***ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥ ਪੰਨਾ – 1141***

ਇਥੇ ਫੈਸਲਾ ਕਰ ਦਿੱਤਾ ਕਿ ਜਦੋਂ ਤੱਕ ਗੁਰੂ ਧਾਰਨ ਕਰਕੇ ਗੁਰਮੰਤਰ ਦੀ ਪ੍ਰਾਪਤੀ ਕਰਕੇ, ਉਸ ਦਾ ਅਭਿਆਸ ਕਰਕੇ ਸ਼ਬਦ ਤੱਕ ਰਸਵਾਈ ਨਹੀਂ ਕਰਦਾ, ਸ਼ਬਦ ਤੋਂ ਨਾਮ ਦੇ ਮੰਡਲ ਵਿਚ ਨਹੀਂ ਪਹੁੰਚਦਾ ਓਨਾ ਚਿਰ ਮਹਾਰਾਜ ਜੀ ਕਹਿੰਦੇ ਇਸ ਦਾ ਰੋਗ ਨਹੀਂ ਜਾਂਦਾ –

***ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥***
***ਪਾਰਬ੍ਰਹਮਿ ਜਿਸੁ ਕੀਨੀ ਦਇਆ॥***
***ਬਾਹ ਪਕੜਿ ਰੋਗਹੁ ਕਢਿ ਲਇਆ॥***

***ਤੂਟੇ ਬੰਧਨ ................॥*** ***ਪੰਨਾ - 1141***

ਇਥੇ ਮਹਾਰਾਜ ਜੀ ਨੇ ਫੇਰ ਫੁਰਮਾ ਦਿੱਤਾ, ਕਦੋਂ ਟੁੱਟਦੇ ਨੇ। ਕਹਿੰਦੇ ਜਦੋਂ ਇਕ ਮਹਾਂਪੁਰਸ਼ ਦੀ ਸੰਗਤ ਪ੍ਰਾਪਤ ਹੋ ਜਾਵੇ -

***ਤੂਟੇ ਬੰਧਨ ਸਾਧਸੰਗੁ ਪਾਇਆ॥***
***ਕਹੁ ਨਾਨਕ ਗੁਰਿ ਰੋਗੁ ਮਿਟਾਇਆ॥*** ***ਪੰਨਾ - 1141***

ਵੈਦ ਕਹਿਣ ਲੱਗਿਆ, "ਹੇ ਨਾਨਕ ਜੀ! ਕਿਰਪਾ ਕਰਕੇ ਜਰਾ ਵਿਸਥਾਰ ਨਾਲ ਸਮਝਾਓ ਮੈਂ ਤਾਂ ਸਣਝ ਨਹੀਂ ਸਕਿਆ ਕਿਉਂਕਿ ਮੈਂ ਪਹਿਲੀ ਵਾਰੀ ਸੁਣੀ ਹੈ, ਮੈਨੂੰ ਨਹੀਂ ਪਤਾ ਇਹ ਕੀ ਹੁੰਦਾ ਹੈ?"

ਮਹਾਰਾਜ ਜੀ ਕਹਿੰਦੇ, "ਦੇਖੋ! ਮਨ ਦੇ ਅੰਦਰ ਇਕ ਰੋਗ ਨਹੀਂ ਹੈ। ਮਨ ਤਾਂ ਰੋਗਾਂ ਨਾਲ ਭਰਿਆ ਪਿਆ ਹੈ ਜਿਸ ਦੇ ਨਤੀਜੇ ਬੜੇ ਹੀ ਭਿਆਨਕ ਨਿਕਲਦੇ ਨੇ।"

ਚਾਰ ਉਂਗਲ ਦੀ ਜ਼ੁਬਾਨ ਹੈ ਜੇ ਤਾਂ ਇਸ ਦੇ ਨਾਲ ਰਾਮ-ਰਾਮ, ਅੱਲ੍ਹਾ-ਅੱਲ੍ਹਾ, ਵਾਹਿਗੁਰੂ-ਵਾਹਿਗੁਰੂ ਜਪ ਲਓ ਫੇਰ ਤਾਂ ਜਮਾਂ ਦੇ ਸੰਗਲ ਕੱਟੇ ਜਾਂਦੇ ਨੇ -

***ਏਕ ਚਿਤ ਜਿਹ ਇਕ ਧਿਆਇਓ॥***
***ਕਾਲ ਫਾਸ ਕੇ ਬੀਚ ਨ ਆਇਓ॥*** ***ਅਕਾਲ ਉਸਤਤਿ***

ਜੇ ਇਸ ਦੇ ਨਾਲ ਫਿੱਕਾ ਬੋਲੋ ਤਾਂ -

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*** ***ਪੰਨਾ - 473***

ਕਹਿੰਦੇ, ਦਰਗਾਹ ਵਿਚ ਸਜਾ ਮਿਲਦੀ ਹੈ ਫਿੱਕਾ ਬੋਲਣ ਵਾਲੇ ਨੂੰ। ਆਦਮੀ ਫਿੱਕਾ ਬੋਲਦਾ ਹੈ, ਆਕੜ ਕੇ ਬੋਲਦਾ ਹੈ, ਆਪਣੇ ਆਪ ਨੂੰ ਬਹੁਤ ਵੱਡਾ ਜਾਣਦਾ ਹੈ ਦੂਸਰੇ ਨੂੰ ਗਰੀਬ ਜਾਣਦਾ ਹੈ ਪਰ ਉਹ ਅਗਿਆਨੀ ਹੈ ਉਸ ਨੂੰ ਇਹ ਨਹੀਂ ਪਤਾ ਕਿ ਜੋ ਪ੍ਰਮੇਸ਼ਰ ਮੇਰੇ ਵਿਚ ਹੈ ਓਹੀ ਇਸ ਦੇ ਵਿਚ ਹੈ। ਜੋ ਆਤਮਾ ਇਸ ਦੇ ਵਿਚ ਹੈ ਓਹੀ ਮੇਰੇ ਵਿਚ ਹੈ। ਅਗਿਆਨ ਵਸ ਹੋ ਕੇ ਫਿੱਕਾ ਬੋਲਦਾ ਹੈ।

ਦੂਸਰਾ ਇਹ ਜ਼ੁਬਾਨ ਦਾ ਦੋਸ਼ ਹੈ ਕਿ ਇਹ ਨਿੰਦਾ ਕਰਦੀ ਹੈ, ਚੁਗਲੀ ਕਰਦੀ ਹੈ। ਨਿੰਦਾ ਬਹੁਤ ਵੱਡਾ ਔਗੁਣ ਦੱਸਿਆ ਹੈ ਮਹਾਰਾਜ ਜੀ ਨੇ।

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਹੁਤ ਵਿਸਥਾਰ ਨਾਲ ਨਿੰਦਾ ਦਾ ਜ਼ਿਕਰ ਆਉਂਦਾ ਹੈ ਤੇ ਏਸ ਤਰ੍ਹਾਂ ਫੁਰਮਾਨ ਕਰਦੇ ਨੇ –

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ ਪੰਨਾ – 755*

ਚਾਰ ਉਂਗਲ ਦੀ ਜ਼ੁਬਾਨ ਦਾ ਜੇ ਦੁਰਉਪਯੋਗ ਕੀਤਾ ਜਾਵੇ, ਨਿੰਦਿਆ ਕਰੀ ਜਾਵੇ, ਈਰਖਾ ਪਹਿਲਾਂ ਆਇਆ ਕਰਦੀ ਹੈ ਫੇਰ ਆਦਮੀ ਨਿੰਦਿਆ ਕਰਦਾ ਹੈ। ਕੋਈ ਵਿਰਲਾ ਹੈ ਜਿਹੜਾ ਨਿੰਦਿਆ ਤੋਂ ਬਚਦਾ ਹੈ। ਮਹਾਰਾਜ ਜੀ ਕਹਿੰਦੇ–

*ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥ ਪੰਨਾ – 380*

ਫੇਰ ਉਸ ਨੂੰ ਨਰਕਾਂ ਵਿਚ ਵਾਸਾ ਮਿਲਦਾ ਹੈ।

*ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ॥*
*ਪੰਨਾ – 380*

ਕਿੱਡੀ ਵੱਡੀ ਸਜਾ ਹੋ ਗਈ ਨਾ! ਇਥੇ ਢੋਈ ਹੈ ਨਾ ਦਰਗਾਹ ਦੇ ਵਿਚ ਢੋਈ ਮਿਲਦੀ ਹੈ। ਜਮਾਂ ਦੀ ਪੁਰੀ ਵਿਚ ਲਿਜਾਇਆ ਜਾਂਦਾ ਹੈ ਉਥੇ ਜਾ ਕੇ ਫੇਰ ਪਚਦਾ ਹੈ –

*ਨਿੰਦਕਿ ਅਹਿਲਾ ਜਨਮੁ ਗਵਾਇਆ॥ ਪੰਨਾ – 380*

ਕਹਿੰਦੇ, ਉਹ ਨਿੰਦਕ ਪੁਰਸ਼ਾਂ ਕੀ ਖੱਟਿਆ ਚਾਰ ਉਂਗਲ ਦੀ ਜੀਭ ਹਿਲਾ ਕੇ? ਨਿੰਦਕ ਨੂੰ ਐਨਾ ਦੋਸ਼ ਕਿਉਂ ਹੈ ਸਾਧ ਸੰਗਤ ਜੀ! ਉਹ ਨਿੰਦਿਆ ਕਰਕੇ ਦੂਸਰੇ ਦੇ ਮਨ ਵਿਚ ਸ਼ੰਕਾ ਪੈਦਾ ਕਰ ਦਿੰਦਾ ਹੈ। ਉਸ ਦੀ ਸਖਸ਼ੀਅਤ ਤੇ ਸ਼ੱਕ ਹੋ ਜਾਂਦਾ ਹੈ। ਜੇ ਕਿਸੇ ਮਹਾਂਪੁਰਸ਼ਾਂ ਦੀ ਨਿੰਦਾ ਕਰ ਦੇਵੇ ਤੇ ਉਸ ਦੀ ਹੋਵੇ ਸ਼ਰਧਾ ਤੇ ਉਸ ਦਾ ਹੋਣਾ ਹੋਵੇ ਭਲਾ, ਉਸ ਦਾ ਭਲਾ ਨਹੀਂ ਹੁੰਦਾ ਤੇ ਉਸ ਦਾ ਜਨਮ ਬਿਰਥਾ ਗੁਆ ਦਿੰਦਾ ਹੈ ਕਿਉਂਕਿ ਸ਼ੰਕਾ ਪੈਦਾ ਕਰ ਦਿੱਤਾ। ਸੋ ਕਹਿੰਦੇ–

*ਨਿੰਦਕਿ ਅਹਿਲਾ ਜਨਮੁ ਗਵਾਇਆ॥*
*ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ॥*
*ਪੰਨਾ – 380*

ਅੱਗੇ ਕਹਿੰਦੇ ਜਗ੍ਹਾ ਨਹੀਂ ਮਿਲਦੀ। ਇਹ ਰੂਹਾਨੀ ਸੰਵਿਧਾਨ ਹੈ ਗੁਰੂ ਗ੍ਰੰਥ ਸਾਹਿਬ ਦਾ, ਇਹ ਕੋਈ ਕਵਿਤਾ ਨਹੀਂ ਹੈ ਜੋੜੀ ਹੋਈ। ਇਥੇ ਇਕ ਇਕ ਅੱਖਰ ਕੰਨਾ, ਸਿਹਾਰੀ, ਬਿਹਾਰੀ ਸਭ ਕੁਝ ਅਕਾਲ ਪੁਰਖ ਦੀ ਦਰਗਾਹ ਦਾ ਹੈ। ਇਸ ਨੂੰ ਕੋਈ ਅਗਰ ਮਗਰ ਕਰਕੇ ਬਦਲ ਨਹੀਂ ਸਕਦਾ, ਕੋਈ ਗਲਤ ਅਰਥ ਨਹੀਂ ਕੱਢ ਸਕਦਾ। ਸੋ ਮਹਾਰਾਜ ਜੀ ਕਹਿੰਦੇ -

***ਜਿਨ ਅੰਦਰਿ ਨਿੰਦਾ ਦੁਸਟੁ ਹੈ ..............॥ ਪੰਨਾ - 1244***

ਜਿਨ੍ਹਾਂ ਦੇ ਅੰਦਰ ਨਿੰਦਿਆ ਹੈ, ਦੁਸ਼ਟਤਾਈ ਨਿੰਦਿਆ ਹੈ-

***................ ਨਕ ਵਢੇ ਨਕ ਵਢਾਇਆ॥***
***ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥ ਪੰਨਾ - 1244***

ਕਹਿੰਦੇ ਦੁਖੀਏ ਰਹਿੰਦੇ ਨੇ ਸਾਰੇ -

***ਜਨ ਨਿਰਵੈਰ ਨਿੰਦਕ ਅਹੰਕਾਰੀ॥ ਪੰਨਾ - 869***

ਜਿਹੜੇ 'ਜਨ' (ਪ੍ਰਭੂ ਦੇ ਪਿਆਰੇ) ਨੇ ਉਹ ਤਾਂ ਨਿੰਦਿਆਂ ਨੂੰ ਗਿਣਦੇ ਹੀ ਨਹੀਂ, ਉਹ ਤਾਂ ਕਹਿੰਦੇ ਬਹੁਤ ਅੱਛਾ ਹੋਇਆ।

***ਜਨ ਭਲ ਮਾਨਹਿ ਨਿੰਦਕ ਵੇਕਾਰੀ॥ ਪੰਨਾ - 869***

ਜੇ ਕੋਈ ਕਹੇ ਕਿ ਤੁਹਾਡੀ ਨਿੰਦਿਆ ਹੁੰਦੀ ਹੈ ਉਹ ਕਹਿੰਦੇ ਬਹੁਤ ਵਧੀਆ ਹੈ ਮੱਖੀਆਂ ਘਟ ਜਾਣਗੀਆਂ।

ਇਕ ਵਾਰੀ ਨਾਮਦੇਵ ਜੀ ਬੈਠੇ ਨੇ ਤੇ ਇੱਕ ਸੇਠ ਆਇਆ। ਆਕੇ ਕਹਿਣ ਲੱਗਿਆ ਕਿ ਨਾਮਦੇਵ ਜੀ! ਇਸ ਬੱਚੇ ਨੂੰ ਮੈਂ ਤੁਹਾਡੇ ਕੋਲ ਪੜ੍ਹਨ ਪਾਉਣਾ ਹੈ।

ਨਾਮਦੇਵ ਜੀ ਕਹਿੰਦੇ, "ਛੱਡ ਜਾਓ ਸੇਠ ਜੀ! ਪਰ ਇਹ ਗਹਿਣੇ ਨਾ ਪਾਇਆ ਕਰੋ।"

ਸੇਠ ਚਲਿਆ ਗਿਆ। ਨਾਮਦੇਵ ਜੀ ਨੇ ਜਦੋਂ ਛੁੱਟੀ ਦਿੱਤੀ ਬੱਚਿਆਂ ਨੂੰ ਤਾਂ ਸੋਚਿਆ ਕਿ ਇਸ ਬੱਚੇ ਦੇ ਗਹਿਣੇ ਪਾਏ ਹੋਏ ਨੇ ਹਜ਼ਾਰਾਂ ਰੁਪਿਆਂ ਦੇ, ਕੋਈ ਚੋਰ ਉਚੱਕਾ ਚੁੱਕ ਕੇ ਲੈ ਗਿਆ ਤਾਂ ਇਸ ਬੱਚੇ ਦੀ ਜਾਨ ਖਤਰੇ ਵਿਚ ਹੈ। ਉਨ੍ਹਾਂ ਨੇ ਗਹਿਣੇ ਲਾਹ ਕੇ ਇਕ ਪੋਟਲੀ ਵਿਚ ਬੰਨ੍ਹ ਕੇ ਰੱਖ ਲਏ, ਬੱਚਾ ਘਰ ਆ ਗਿਆ ਤੇ ਗਹਿਣੇ ਕੋਈ ਨਾ।

ਮਾਂ ਨੇ ਪੁੱਛਿਆ ਕਿ ਕਿੱਥੇ ਗਏ ਤੇਰੇ ਗਹਿਣੇ?

ਉਹ ਕਹਿੰਦਾ, "ਉਹ ਤਾਂ ਭਗਤ ਜੀ ਨੇ ਲਾਹ ਲਏ।"

ਕ੍ਰੋਧ ਵਿਚ ਆ ਗਈ ਕਿ ਮੇਰੇ ਗਹਿਣੇ ਭਗਤ ਜੀ ਨੇ ਲਾਹ ਲਏ? ਮੈਂ ਤਾਂ ਸੁਣਦੀ ਸੀ ਕਿ ਨਾਮਦੇਵ ਬੜਾ ਚੰਗਾ ਹੈ ਪਰ ਇਹ ਤਾਂ ਬੜਾ ਮਾੜਾ ਨਿਕਲਿਆ। ਐਨਾ ਲਾਲਚੀ? ਹੁਣ ਉਸ ਨੇ ਕਿੱਥੇ ਦੇਣੇ ਨੇ ਮੇਰੇ ਬੱਚੇ ਦੇ ਗਹਿਣੇ। ਗੁਆਂਢਣ ਦੇ ਚਲੀ ਗਈ। ਕਹਿੰਦੀ, "ਦੇਖ ਭੈਣ ਮੈਂ ਕੀ ਦੱਸਾਂ, ਅੱਜ ਹੀ ਮੁੰਡਾ ਪੜ੍ਹਨ ਭੇਜਿਆ। ਕਿੱਡੀ ਉਸ ਦੀ ਉਸਤਤਿ ਹੁੰਦੀ ਹੈ ਪਰ ਬਿਨਾ ਪਰਖੇ ਤੋਂ ਲੋਕ ਐਵੇਂ ਹੀ ਕਹੀ ਜਾਂਦੇ ਨੇ। ਮੈਂ ਅੱਜ ਪਰਖ ਕੇ ਦੇਖਿਆ ਹੈ ਮੇਰੇ ਬੱਚੇ ਦੇ ਸਾਰੇ ਗਹਿਣੇ ਲਾਹ ਲਏ। ਹੁਣ ਦੱਸ ਉਹ ਦਏਗਾ?"

ਦੂਜੀ ਕਹਿੰਦੀ, "ਲੈ ਉਸ ਨੇ ਕਿਤੇ ਦੇਣੇ ਨੇ।"

ਨਿੰਦਿਆ ਚੱਲ ਪਈ, ਸਾਰੇ ਸ਼ਹਿਰ ਵਿਚ ਘੁੰਮ ਗਈ। ਸੇਠ ਆਇਆ। ਸੇਠ ਨੂੰ ਪਤਾ ਲੱਗਿਆ ਤਾਂ ਸੇਠ ਨਰਾਜ਼ ਹੋਇਆ ਕਿ ਗਹਿਣੇ ਲਾਹੁਣ ਦਾ ਕੀ ਮਤਲਬ ਸੀ? ਕਹਿੰਦਾ, ਹੁਣ ਤਾਂ ਰਾਤ ਪੈ ਗਈ, ਸਵੇਰੇ ਮੈਂ ਪਹਿਲਾਂ ਹੀ ਜਾਵਾਂਗਾ। ਦੂਸਰੇ ਦਿਨ ਜਦੋਂ ਸੇਠ ਗਿਆ ਤਾਂ ਨਾਮਦੇਵ ਜੀ ਕਹਿੰਦੇ, "ਸੇਠ ਜੀ! ਮੈਂ ਤੁਹਾਨੂੰ ਕਿਹਾ ਸੀ ਕਿ ਗਹਿਣੇ ਪਾ ਕੇ ਨਾ ਭੇਜਿਆ ਕਰੋ। ਆਹ ਪੋਟਲੀ ਚੁੱਕੋ, ਜੇ ਬੱਚਾ ਪੜ੍ਹਾਉਣਾ ਹੈ ਤਾਂ ਏਸ ਤਰ੍ਹਾਂ ਨਾ ਭੇਜਿਓ। ਜਾਓ ਲੈ ਜਾਓ ਬੱਚੇ ਨੂੰ।"

ਅਧੀਨਗੀ ਵਿਚ ਆ ਗਿਆ ਕਿ ਮਹਾਰਾਜ ਗਹਿਣੇ ਨਹੀਂ ਪਾਵਾਂਗੇ, ਤੁਸੀਂ ਪੜ੍ਹਾ ਦਿਓ। ਘਰ ਵਾਪਸ ਆ ਗਿਆ।

ਆ ਕੇ ਕਹਿੰਦਾ, "ਤੂੰ ਭਲੀਏ! ਐਵੇਂ ਹੀ ਨਾਮਦੇਵ ਦੀ ਗੱਲ ਕਰ ਦਿੱਤੀ। ਉਨ੍ਹਾਂ ਨੇ ਤਾਂ ਸਾਡੇ ਬੱਚੇ ਦੀ ਜਾਨ ਬਚਾ ਦਿੱਤੀ, ਜੇ ਕੋਈ ਚੁੱਕ ਕੇ ਲੈ ਜਾਂਦਾ?"

ਉਹ ਉਦੋਂ ਹੀ ਪੜੋਸਣ ਦੇ ਗਈ ਕਹਿੰਦੀ, "ਭੈਣੇ! ਮੈਥੋਂ ਤਾਂ ਐਵੇਂ ਹੀ ਕਹਿ ਗਿਆ। ਉਸ ਨੇ ਤਾਂ ਸਾਡੇ ਬੱਚੇ ਦੀ ਜਾਨ ਬਚਾ ਦਿੱਤੀ।"

ਫਿਰਦੇ-ਫਿਰਦੇ ਗੱਲ ਸਾਰੇ ਸ਼ਹਿਰ ਵਿਚ ਘੁੰਮ ਗਈ। ਕਿਸੇ ਪ੍ਰੇਮੀ ਨੇ ਨਾਮਦੇਵ ਜੀ ਨੂੰ ਕਿਹਾ ਕਿ ਭਗਤ ਜੀ! ਕੱਲ੍ਹ ਤਾਂ ਤੁਹਾਡੀ ਬਹੁਤ ਨਿੰਦਿਆ ਹੁੰਦੀ ਸੀ ਤੇ ਅੱਜ ਤੁਹਾਡੀ ਬੜੀ ਵਡਿਆਈ ਹੋ ਰਹੀ ਹੈ। ਉਨ੍ਹਾਂ ਦੇ ਅੱਗੇ ਸੁਆਹ ਪਈ ਸੀ। ਉਨ੍ਹਾਂ ਨੇ ਦੋਵੇਂ ਮੁੱਠੀਆਂ ਸੁਆਹ ਦੀਆਂ ਭਰ ਲਈਆਂ। ਇਕ ਏਧਰ ਮਾਰੀ, ਕਹਿੰਦੇ ਆਹ! ਨਿੰਦਕਾਂ ਦੇ ਸਿਰ ਵਿਚ। ਦੂਜੀ, ਉਸਤਤਿ ਕਰਨ ਵਾਲਿਆਂ ਦੇ ਸਿਰ ਵਿਚ। ਕਹਿੰਦੇ, "ਸਾਨੂੰ ਦੋਹਾਂ ਚੀਜ਼ਾਂ ਦੀ ਲੋੜ

ਨਹੀਂ ਹੈ। ਨਾ ਅਸੀਂ ਨਿੰਦਿਆ ਤੋਂ ਡਰਦੇ ਹਾਂ ਤੇ ਨਾ ਉਸਤਤ ਦੀ ਖਾਹਿਸ਼ ਰੱਖਦੇ ਹਾਂ ਕਿਉਂਕਿ ਦੋਹੇ ਚੀਜ਼ਾਂ ਬੰਧਨ ਨੇ। ਨਿੰਦਿਆ ਅਜੇ ਬਹੁਤ ਅੱਛੀ ਹੈ। ਜਿਹੜੇ ਸਫਾਈ ਵਾਲੇ ਨੇ ਉਹ ਮਲਮੂਤਰ ਚੁਕਦੇ ਸੀ ਝਾੜੂ ਦੇ ਨਾਲ ਪਰ ਜਿਹੜਾ ਨਿੰਦਿਆ ਕਰਨ ਵਾਲਾ ਹੈ ਉਹ ਮੂੰਹ ਦੇ ਨਾਲ ਚੁੱਕਦਾ ਹੈ ਦੂਸਰੇ ਦੀ ਮੈਲ।

ਇਕ ਵਾਰੀ ਇਕ ਰਾਜਾ ਸੀ, ਨਾਮ ਸੀ 'ਅਜ' ਜਿਸ ਦੇ ਬਾਰੇ ਗੁਰਬਾਣੀ ਵਿਚ ਆਉਂਦਾ ਹੈ –

***ਅਜੈ ਸੁ ਰੋਵੈ ਭੀਖਿਆ ਖਾਇ॥***
***ਐਸੀ ਦਰਗਹ ਮਿਲੈ ਸਜਾਇ॥*** ***ਪੰਨਾ – 953***

ਉਹ ਦਾਨ ਦਿਆ ਕਰਦਾ ਸੀ ਰੋਜ਼, ਸਮਾਂ ਬੰਨ੍ਹਿਆ ਹੋਇਆ ਸੀ। ਇਕ ਮਹਾਤਮਾ ਨੂੰ ਦੇਰ ਹੋ ਗਈ, ਉਹ ਦਾਨ ਲੈਣ ਵਾਸਤੇ ਆਏ। ਉਸ ਵੇਲੇ ਰਾਜਾ ਅਜ ਉਠ ਕੇ ਘੋੜਿਆ ਦੇ ਤਬੇਲੇ ਵਿਚ ਆ ਗਿਆ ਸੀ। ਮਹਾਤਮਾ ਉਥੇ ਚਲੇ ਗਏ, ਜਾ ਕੇ ਸਤਿ ਕਰਤਾਰ ਦੀ ਆਵਾਜ਼ ਦਿੱਤੀ ਜੋ ਸੀ ਉਸ ਵੇਲੇ ਦੀ ਤੇ ਉਹ ਬੜਾ ਨਰਾਜ਼ ਹੋਇਆ ਕਿ ਮੇਰੇ ਕੋਲ ਇਸ ਵੇਲੇ ਤਾਂ ਕੁਝ ਨਹੀਂ ਹੈ, ਮੈਂ ਤੁਹਾਨੂੰ ਕੀ ਦੇਵਾਂ? ਉਨ੍ਹਾਂ ਨੇ ਚਿੱਪੀ ਅੱਗੇ ਕਰ ਦਿੱਤੀ। ਉਸ ਨੇ ਸਾਈਸ ਨੂੰ ਕਹਿ ਕੇ ਇਕ ਲੱਪ ਭਰ ਕੇ ਲਿੱਦ ਦਾ ਉਸ ਦੀ ਚਿੱਪੀ ਵਿਚ ਪੁਆ ਦਿੱਤਾ। ਉਹ ਕਹਿੰਦੇ, "ਰਾਜਨ! ਤੇਰਾ ਇਕ ਤੋਂ ਅਸੰਖ ਗੁਣਾ ਹੋਵੇ।"

ਰਾਜਨ ਨੇ ਦੇਖਿਆ, ਅਸਤਬਲ ਵਿਚ ਕੁਝ ਦਿਨਾਂ ਵਿਚ ਹੀ ਲਿੱਦ ਦੇ ਢੇਰ ਲਗ ਗਏ। ਉਨ੍ਹਾਂ ਸਮਿਆਂ ਵਿਚ ਘੋੜੇ ਅਗਾੜੀ ਪਿਛਾੜੀ ਬੰਨ੍ਹਣ ਵਾਸਤੇ ਕਿੱਲੇ ਨਹੀਂ ਸਨ ਹੁੰਦੇ। ਫੇਰ ਐਡਾ ਲਿੱਦ ਦਾ ਢੇਰ ਕਿਵੇਂ ਆ ਗਿਆ ਤੇ ਜਦੋਂ ਉਸ ਦੇ ਮਨ ਵਿਚ ਉਤਸੁਕਤਾ ਜਾਗੀ ਤਾਂ ਉਹ ਸੰਤਾਂ ਕੋਲ ਚਲਿਆ ਗਿਆ। ਕੋਲ ਜਾ ਕੇ ਕਹਿਣ ਲੱਗਿਆ, "ਮਹਾਂਪੁਰਸ਼ੋ! ਤੁਸੀਂ ਘੋੜੇ ਰੱਖੇ ਹੋਏ ਨੇ?"

ਉਹ ਕਹਿੰਦੇ, "ਨਾਂਹ!"

ਕਹਿੰਦਾ, "ਫੇਰ ਸਾਡੇ ਇਥੇ ਲਿੱਦ ਦਾ ਢੇਰ ਕਿਥੋਂ ਆ ਗਿਆ?"

ਕਹਿੰਦੇ, "ਰਾਜਨ! ਤੇਰਾ ਦਿੱਤਾ ਹੋਇਆ ਦਾਨ ਵਧ ਰਿਹਾ ਹੈ।"

ਬ੍ਰਹਮਗਿਆਨੀ ਨੂੰ ਦਿੱਤਾ ਹੋਇਆ ਦਾਨ ਹਜ਼ਾਰਾਂ-ਲੱਖਾਂ ਗੁਣਾਂ ਵਧਿਆ ਕਰਦਾ ਹੈ। ਮਹਾਰਾਜ ਜੀ ਕਹਿੰਦੇ–

***ਖੇਤੁ ਪਛਾਣੈ ਬੀਜੈ ਦਾਨੁ॥*** ***ਪੰਨਾ - 1412***

ਦਾਨ ਦੇਣ ਵੇਲੇ ਵੀ ਖੇਤ ਦੇਖੋ ਕਿ ਇਥੇ ਦਾਨ ਵਧੇਗਾ ਜਾਂ ਇਹ ਸ਼ਰਾਬ ਹੀ ਪੀ ਲਏਗਾ ਜਾਂ ਇਹ ਖਾ ਹੀ ਲੈਣਗੇ।

ਉਹ ਕਹਿੰਦੇ, "ਰਾਜਨ! ਤੇਰਾ ਦਾਨ ਵਧਿਆ ਹੈ।"

ਕਹਿੰਦਾ, "ਕੀ ਕਰਾਂਗਾ ਮਹਾਰਾਜ! ਮੈਂ ਇਸ ਨੂੰ, ਖੇਤਾਂ ਵਿਚ ਪਾਵਾਂਗਾ?"

ਕਹਿੰਦੇ, "ਨਾਂਹ! ਤੈਨੂੰ ਖਾਣਾ ਪੈਣਾ ਹੈ। ਸੂਰ ਬਣ ਕੇ ਖਾਣਾ ਪੈਣਾ ਹੈ। ਜੇ ਇਕ ਜਨਮ ਵਿਚ ਨਹੀਂ ਖਾਣ ਹੋਏਗਾ ਤਾਂ ਇਸ ਨੇ ਵਧਦਾ ਜਾਣਾ ਹੈ, ਸੈਂਕੜੇ ਜਨਮ ਸੂਰ ਬਣੇਗਾ।"

ਡਰ ਗਿਆ ਡਰ ਕੇ ਕਹਿਣ ਲੱਗਿਆ, "ਮਹਾਂਪੁਰਸ਼ੋ! ਮੈਥੋਂ ਬੜੀ ਭੁੱਲ ਹੋਈ, ਮੇਰੇ ਤੇ ਕਿਰਪਾ ਕਰੋ। ਕੋਈ ਉਪਾਅ ਦੱਸੋ।"

ਕਹਿੰਦੇ, "ਉਪਾਅ ਤਾਂ ਇਹ ਹੈ ਕਿ ਤੂੰ ਆਪਣੀ ਨਿੰਦਿਆ ਕਰਵਾ ਲੈ।"

ਸ਼ਹਿਰ ਵਿਚ ਆ ਗਿਆ। ਐਸਾ ਵੇਸ (ਭੇਖ) ਬਣਾਇਆ ਬਨਾਉਟੀ ਸ਼ਰਾਬ ਦੀਆਂ ਬੋਤਲਾਂ ਲੈ ਕੇ ਲੜਕੀ ਬੱਘੀ ਵਿਚ ਨਾਲ ਬਿਠਾ ਕੇ, ਕੇਸ ਖੋਲ੍ਹ ਕੇ, ਹਾਤ-ਹੁਤਨ (ਰੌਲਾ ਪਾਉਂਦਾ) ਫਿਰਦਾ ਹੈ। ਉਨ੍ਹਾਂ ਦਿਨਾਂ ਵਿਚ ਇਹ ਗੱਲਾਂ ਬਹੁਤ ਅਜੀਬ ਹੋਇਆ ਕਰਦੀਆਂ ਸਨ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਸਾਰੇ ਨਿੰਦਿਆ ਹੋ ਰਹੀ ਹੈ। ਦੂਸਰੇ ਦਿਨ ਸਵੇਰੇ ਜਾ ਕੇ ਦੇਖਦਾ ਹੈ ਕਿ ਇਕ ਉਜਲ ਰਹਿ ਗਿਆ ਬਾਕੀ ਸਭ ਖਤਮ ਹੋ ਗਿਆ ਕਿਉਂਕਿ ਮੂੰਹ ਦੇ ਨਾਲ ਮੈਲ ਖਾ ਲਈ ਸਾਰੇ ਨਿੰਦਕਾਂ ਨੇ।

ਕਹਿਣ ਲੱਗਿਆ, "ਮਹਾਰਾਜ! ਇਹ ਰਹਿ ਗਿਆ।"

ਕਹਿੰਦੇ, "ਤੇਰੇ ਸ਼ਹਿਰ ਦੇ ਅੰਦਰ ਇਕ ਸਤਿਪੁਰਸ਼ ਹੈ, ਕਿਰਤੀ ਬੰਦਾ ਹੈ ਉਹ, ਲੋਹੇ ਦਾ ਕੰਮ ਕਰਦਾ ਹੈ। ਉਸ ਨੇ ਤੇਰੀ ਨਿੰਦਿਆ ਨਹੀਂ ਕਰੀ। ਜਾਹ! ਉਸ ਤੋਂ ਨਿੰਦਿਆ ਕਰਵਾ ਲੈ ਫੇਰ ਮੁੱਕ ਜਾਏਗੀ।"

ਉਸੇ ਵੇਲੇ ਆ ਗਿਆ, ਦਾਤੀਆਂ ਲਈਆਂ, ਗਰਮੀਆਂ ਵਿਚ ਕਣਕ ਦੀ ਵਢਾਈ ਦਾ ਮੌਸਮ ਸੀ। ਦਾਤੀਆਂ ਲੈ ਕੇ ਕੋਲ ਚਲਿਆ ਗਿਆ।

ਕਹਿੰਦਾ, "ਮਿਸਤਰੀ ਜੀ! ਆਹ ਦਾਤੀਆਂ ਦੇ ਦੰਦੇ ਕੱਢ ਦਿਓ।"

ਕਾਫੀ ਸਾਰੀਆਂ ਦੇ ਦਿੱਤੀਆਂ ਕਿ ਮੈਂ ਕਿਸੇ ਢੰਗ ਨਾਲ ਨਿੰਦਿਆ ਕਰਵਾਂਵਾਗਾ। ਉਹ ਚੁੱਪ ਕਰੇ ਹੋਏ ਨੇ ਕਿਉਂਕਿ ਅੰਦਰ ਬਿਰਤੀ ਸਹਿਜ ਵਿਚ ਲੱਗੀ ਹੋਈ ਹੈ-

***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥***

***ਪੰਨਾ - 106***

ਜੋ ਸਹਿਜ ਸਮਾਧਿ ਵਿਚ ਹੁੰਦਾ ਹੈ, ਲਿਵ ਲੱਗੀ ਹੁੰਦੀ ਹੈ, ਉਸ ਰਸ ਨੂੰ ਸੰਸਾਰ ਨਹੀਂ ਜਾਣਦਾ। ਇਸ ਦੇ ਬਾਰੇ ਉਸੇ ਨੂੰ ਪਤਾ ਹੁੰਦਾ ਹੈ ਜਿਸ ਦੀ ਲਿਵ ਲੱਗੀ ਹੁੰਦੀ ਹੈ। ਸੋ ਉਹ ਚੁੱਪ ਰਹੇ ਬੋਲੇ ਨਾ।

ਉਹ ਕਹਿੰਦਾ, "ਦਾਤੀਆਂ ਬੜੀਆਂ ਨੇ ਜੇ ਤੁਸੀਂ ਕੋਈ ਗੱਲ ਬਾਤ ਨਾ ਕਰੀ ਫੇਰ ਸਮਾਂ ਕਿਵੇਂ ਨਿਕਲੇਗਾ? ਤੁਸੀਂ ਸੁਣਾਓ ਕੁਝ।" ਉਹ ਚੁੱਪ ਰਹੇ।

ਕਹਿੰਦਾ, "ਚੰਗਾ! ਮੈਂ ਸੁਣਾਉਂਦਾ ਹਾਂ ਤੁਹਾਨੂੰ। ਕੱਲ੍ਹ ਪਤਾ ਹੈ ਤੁਹਾਨੂੰ ਆਪਣੇ ਸ਼ਹਿਰ ਵਿਚ ਕੀ ਹੋਇਆ? ਰਾਜੇ ਅਜ ਨੇ ਪਤਾ ਕੀ ਕਰਿਆ?"

ਐਨੀ ਹੀ ਗੱਲ ਸੁਣੀ ਉਨ੍ਹਾਂ ਨੇ, ਦਾਤੀਆਂ ਚੁੱਕੀਆਂ ਵਗਾਹ ਕੇ ਮਾਰੀਆਂ।

ਕਹਿਣ ਲੱਗੇ, "ਆਪਣੀ ਲਿੱਦ ਆਪ ਖਾਹ, ਮੈਂ ਨਹੀਂ ਖਾਣੀ।"

ਉਸ ਵੇਲੇ ਮਹਾਂਪੁਰਸ਼ਾਂ ਕੋਲ ਆ ਗਿਆ ਕਹਿੰਦੇ ਉਹ ਤਾਂ ਨਿੰਦਿਆ ਨਹੀਂ ਕਰਦਾ।

ਮਹਾਤਮਾ ਕਹਿੰਦੇ, "ਫੇਰ! ਇਹ ਤਾਂ ਵੱਧ ਜਾਣੀ ਹੈ।"

ਕਹਿੰਦੇ, "ਕੋਈ ਉਪਾਅ।"

ਕਹਿੰਦੇ, "ਸਾਥੋਂ ਭੀਖ ਮੰਗ ਲੈ।"

ਉਸ ਵੇਲੇ ਉਸ ਨੇ ਭੀਖ ਮੰਗੀ ਲਿੱਦ ਦੀ ਕਿ ਮਹਾਰਾਜ! ਮੇਰੀ ਝੋਲੀ ਵਿਚ ਲਿੱਦ ਪਾ ਦਿਓ।

ਕਹਿੰਦੇ, "ਇਸ ਨੂੰ ਸਾੜ ਲਈਂ, ਸਾੜ ਕੇ ਕੱਪੜ ਛਾਣ ਕਰ ਲਈਂ, ਚੂਰਨ ਵਿਚ ਮਿਲਾ ਲਈਂ ਤੇ ਰੋਟੀ ਖਾਣ ਤੋਂ ਪਿੱਛੋ ਖਾਈ ਜਾਈਂ।"

ਸੋ ਮਹਾਰਾਜ ਜੀ ਕਹਿੰਦੇ ਐਡਾ ਵੱਡਾ ਰਾਜਾ ਸ੍ਰੀ ਰਾਮ ਚੰਦਰ ਜੀ ਦੇ ਖਾਨਦਾਨ ਵਿਚੋਂ ਸੀ ਉਪਰ ਜ਼ਿਕਰ ਆਇਆ ਹੈ -

***ਅਜੈ ਸੁ ਰੋਵੈ ਭੀਖਿਆ ਖਾਇ ॥***
***ਐਸੀ ਦਰਗਹ ਮਿਲੈ ਸਜਾਇ ॥*** ***ਪੰਨਾ - 953***

ਸੋ ਇਹ ਨਿੰਦਿਆ ਦਾ ਦੋਸ਼ ਹੈ। ਇਹ ਕੋਈ ਪੁੰਨ ਪਾਪ, ਕੋਈ ਕਰਮ

ਸਫਲ ਨਹੀਂ ਹੋਣ ਦਿੰਦੀ। ਜੇ ਕੋਈ ਕਹੇ ਕਿ ਦਾਨ ਦੇ ਦਿੱਤਾ ਤੇ ਨਾਲ ਨਿੰਦਿਆ ਕਰਦਾ ਹੈ ਸਾਵਧਾਨ ਨਹੀਂ ਰਹਿੰਦਾ। ਮਹਾਰਾਜ ਜੀ ਕਹਿੰਦੇ ਦਾਨ ਨੂੰ ਤਾਂ ਅਭਿਮਾਨ ਵੀ ਖਾ ਜਾਂਦਾ ਹੈ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਪੰਨਾ - 1429***

ਬਾਕੀ ਜਿਹੜਾ ਦਾਨ ਹੈ ਤਾਂ ਮਹਾਰਾਜ ਜੀ ਕਹਿੰਦੇ -

***ਜੇ ਓਹੁ ਅਠਸਿਠ ਤੀਰਥ ਨ੍ਾਵੈ॥***
***ਜੇ ਓਹੁ ਦੁਆਦਸ ਸਿਲਾ ਪੂਜਾਵੈ॥ ਪੰਨਾ - 875***

ਇਕਾਦਸ਼ੀ ਦਾ ਵਰਤ ਰੱਖ ਕੇ, ਦੁਆਦਸੀ ਨੂੰ ਸਾਲਗ੍ਰਾਮ ਦੀ ਪੂਜਾ ਕਰਦੇ ਨੇ। ਗੰਢਕ ਨਦੀ ਵਿਚੋਂ ਨਿਕਲਦਾ ਹੈ, ਸਾਲਗ੍ਰਾਮ। ਬੜੀ ਲੰਮੀ ਸਾਖੀ ਹੈ ਇਹ। ਤੁਲਸੀ ਨਾਲ ਇਸ ਦਾ ਵਿਆਹ ਕਰਦੇ ਨੇ ਫੇਰ ਪੂਜਾ ਹੁੰਦੀ ਹੈ -

***ਜੇ ਓਹੁ ਕੂਪ ਤਟਾ ਦੇਵਾਵੈ॥ ਪੰਨਾ - 875***

ਐਨਾ ਪੁੰਨ ਦਾਨ ਕਰਨ ਤੋਂ ਬਾਅਦ -

***ਕਰੈ ਨਿੰਦ ਸਭ ਬਿਰਥਾ ਜਾਵੈ॥***
***ਸਾਧ ਕਾ ਨਿੰਦਕੁ ਕੈਸੇ ਤਰੈ॥***
***ਸਰਪਰ ਜਾਨਹੁ ਨਰਕ ਹੀ ਪਰੈ॥ ਪੰਨਾ - 875***

ਸੰਤਾਂ ਦੇ ਨਿੰਦਕ ਲਈ, ਬੰਦਗੀ ਕਰਨ ਵਾਲੇ ਦੀ ਨਿੰਦਾ ਲਈ ਤਾਂ ਕਹਿੰਦੇ ਨਰਕ ਤਿਆਰ ਨੇ।

***ਜੇ ਓਹੁ ਗ੍ਰਹਨ ਕਰੈ ਕੁਲਖੇਤਿ॥***
***ਅਰਪੈ ਨਾਰਿ ਸੀਗਾਰ ਸਮੇਤਿ॥***
***ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥***
***ਕਰੈ ਨਿੰਦ ਕਵਨੈ ਨਹੀ ਗੁਨੈ॥ ਪੰਨਾ - 875***

ਸਿੰਮ੍ਰਤੀਆਂ ਸੁਣ ਲਈਆਂ, ਨਾਰੀ ਸ਼ਿੰਗਾਰ ਲਾ ਕੇ ਪੁੰਨ ਕਰ ਦਿੱਤੀ। ਮਹਾਰਾਜ ਜੀ ਕਹਿੰਦੇ ਜੇ ਨਿੰਦਿਆ ਕਰ ਦਿੱਤੀ ਤਾਂ ਕੋਈ ਫਲ, ਕੋਈ ਗੁਣ ਨਹੀਂ ਹੋਇਆ ਕਰਦਾ। ਇਸ ਕਰਕੇ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ ਪੰਨਾ***

**– 755**

ਕਹਿੰਦੇ, "ਵੈਦ ਜੀ! ਨਿੰਦਿਆ ਦੀ ਬਿਮਾਰੀ ਵਮਨ ਦੀ ਬਿਮਾਰੀ ਕਹਾਉਂਦੀ ਹੈ ਮਨ ਦੀ। ਏਧਰੋਂ ਗੱਲ ਸੁਣੀ, ਉਦੋਂ ਹੀ ਬਣਾ ਕੇ ਗੱਲ ਅੱਗੇ ਤੋਰ ਦਿੱਤੀ। ਸੋ ਇਸ ਦਾ ਇਲਾਜ ਨਹੀਂ ਹੁੰਦਾ।

***ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥***
***ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥ ਪੰਨਾ – 315***

ਸੋ ਇਸ ਦੀ ਭੈਣ ਹੋਇਆ ਕਰਦੀ ਹੈ ਚੁਗਲੀ। ਚੁਗਲੀ ਦੇ ਨਤੀਜੇ ਬਹੁਤ ਭਿਆਨਕ ਨਿਕਲਦੇ ਨੇ। ਪਰਿਵਾਰਾਂ ਵਿਚ ਇਕ ਚੁਗਲ ਆ ਵੜੇ, ਪਿੰਡ ਵਿਚ ਇਕ ਚੁਗਲ ਆ ਵੜੇ, ਸਾਰੇ ਪਿੰਡ ਦਾ ਅਮਨ ਖਰਾਬ ਕਰ ਦਿੰਦਾ ਹੈ। ਪਰਿਵਾਰ ਵਿਚ ਜਦੋਂ ਚੁਗਲ ਵੜੇਗਾ ਪਰਵਾਰ ਦਾ ਅਮਨ ਖੇਰੂੰ-ਖੇਰੂੰ ਹੋ ਜਾਏਗਾ।

ਇਕ ਮਿਸਾਲ ਦੇ ਨਾਲ ਗੱਲ ਸਮਝ ਆ ਜਾਏਗੀ। ਇਕ ਕੋਈ ਪਠਾਣ ਸੀ। ਉਸ ਦੀ ਬੇਗਮ ਕਹਿਣ ਲੱਗੀ ਕਿ ਕੰਮ ਬਹੁਤ ਵਧਿਆ ਹੋਇਆ ਹੈ, ਮੈਥੋਂ ਹੁੰਦਾ ਨਹੀਂ, ਤੁਸੀਂ ਕੋਈ ਨੌਕਰ ਲੈ ਕੇ ਜਾਓ। ਨੌਕਰ ਦੀ ਤਲਾਸ਼ ਵਿਚ ਤੁਰਿਆ ਜਾਂਦਾ ਹੈ। ਇਕ ਬੰਦਾ ਮਿਲਿਆ ਕਹਿੰਦਾ, "ਪਠਾਣ ਸਾਹਿਬ! ਕੋਈ ਨੌਕਰ ਦੀ ਥਾਂ ਹੈ?"

ਪਠਾਣ ਕਹਿੰਦਾ, "ਹਾਂ! ਹੈ ਮੇਰੇ ਕੋਲ। ਤੂੰ ਕੰਮ ਕੀ ਜਾਣਦਾ ਹੈ?"

ਕਹਿੰਦਾ, "ਮੈਂ ਸਾਰੇ ਹੀ ਕੰਮ ਜਾਣਦਾ ਹਾਂ, ਬੱਚੇ ਖਿਡਾਉਣ ਤੋਂ ਲੈ ਕੇ ਰਸੋਈ ਦਾ ਕੰਮ, ਮੱਝਾਂ ਚੋਣੀਆਂ, ਖੇਤੀ ਕਰਨੀ, ਹਲ ਚਲਾਉਣੇ, ਕੱਪੜੇ ਧੋਣੇ, ਮਹਿਮਾਨਾਂ ਦੀ ਸੇਵਾ ਕਰਨੀ।"

ਪਠਾਣ ਕਹਿੰਦਾ, "ਫੇਰ ਤਾਂ ਕੰਮ ਬਣ ਗਿਆ, ਮੈਨੂੰ ਵੀ ਇਹੋ ਜਿਹਾ ਹੀ ਬੰਦਾ ਚਾਹੀਦਾ ਸੀ। ਤਨਖਾਹ ਕੀ ਲਏਂਗਾ?"

ਕਹਿੰਦਾ, "ਪਹਿਲਾਂ ਮੇਰਾ ਕੰਮ ਦੇਖ ਲਓ।" ਹਫਤਾ ਭਰ ਕੰਮ ਕਰੀ ਗਿਆ। ਉਹ ਕਹਿੰਦੇ ਇਹੋ ਜਿਹਾ ਬੰਦਾ ਤਾਂ ਮਿਲ ਹੀ ਨਹੀਂ ਸਕਦਾ। ਉਹ ਕਹਿੰਦੇ, ਹੁਣ ਤਨਖਾਹ ਦੱਸ।"

ਕਹਿੰਦਾ, "ਅਸ਼ਟਾਂਮ ਲਿਆਓ, ਲਿਖ ਲਿਖਾ ਕਰ ਲਈਏ। ਇੰਜ ਨਾ ਹੋਵੇ ਕਿ ਮੇਰੀਆਂ ਸ਼ਰਤਾਂ ਬਾਅਦ ਵਿਚ ਤੁਸੀਂ ਮੁੱਕਰ ਜਾਵੋ ਤੇ ਮੈਨੂੰ ਤਕਲੀਫ ਹੋਵੇ।"

ਸ਼ਰਤਾਂ ਲਿਖਾਉਣ ਲੱਗ ਗਿਆ ਕਿ ਮੈਂ ਛੇ ਮਹੀਨੇ ਬਾਅਦ ਇਕ ਜੋੜਾ

ਕਪੜਿਆਂ ਦਾ ਲਵਾਂਗਾ, ਇਕ ਜੁੱਤੀ ਦਾ ਜੋੜਾ, ਰੋਟੀ ਜਿਹੋ ਜਿਹੀ ਦੇ ਦਿਓਗੇ ਖਾ ਲਵਾਂਗਾ। ਹੋਰ ਮੈਂ ਕੋਈ ਪੈਸਾ ਨਹੀਂ ਲੈਣਾ, ਕੁਝ ਹੋਰ ਨਹੀਂ ਲੈਣਾ। ਇਕ ਆਦਤ ਹੈ ਮੇਰੇ ਵਿਚ ਚੁਗਲੀ ਕਰਨ ਦੀ ਉਸ ਦੇ ਨਾਲ ਜੇ ਤੁਹਾਡਾ ਨੁਕਸਾਨ ਹੋ ਗਿਆ ਤਾਂ ਮੈਂ ਜਿੰਮੇਵਾਰ ਨਹੀਂ ਹੋਵਾਂਗਾ। ਆਹ ਲਿਖ ਲਓ ਸ਼ਰਤਾਂ। ਸ਼ਰਤਾਂ ਲਿਖ ਲਈਆਂ, ਦਸਤਖਤ ਹੋ ਗਏ, ਅਸ਼ਟਾਮ ਰੱਖ ਲਏ ਦੋਹਾਂ ਨੇ। ਤਿੰਨ ਸਾਲ ਲੰਘ ਗਏ। ਚੁਗਲੀ ਕਰਨ ਦਾ ਝੱਸ ਉਠ ਖੜ੍ਹਿਆ। ਚੁੱਪ ਕਰਿਆ ਬੈਠਾ ਹੈ, ਅੱਜ ਕੰਮ ਨਹੀਂ ਕਰਦਾ। ਗੋਡੇ ਤੇ ਕੂਹਣੀ ਰੱਖੀ ਹੋਈ ਹੈ ਤੇ ਹਥੇਲੀ ਤੇ ਠੋਡੀ ਰੱਖੀ ਹੋਈ ਹੈ।

ਪਠਾਣ ਦੀ ਬੇਗਮ ਕਹਿਣ ਲੱਗੀ, "ਵੇ! ਕੀ ਗੱਲ ਅੱਜ ਤੂੰ ਕੋਈ ਕੰਮ ਨਹੀਂ ਕਰਦਾ।"

ਕੋਈ ਜਵਾਬ ਨਹੀਂ, ਚੁੱਪ ਬੈਠਾ ਹੈ ਮੂੰਹ ਨਾਲ 'ਚਿੱਖ' ਹੀ ਕਹਿੰਦਾ ਹੈ।

ਕਹਿੰਦੀ, "ਕੀ ਗੱਲ ਬਿਮਾਰ ਹੈ?"

ਕਹਿੰਦਾ, "ਚਿੱਖ, ਮਤਲਬ ਨਹੀਂ।

ਕਹਿੰਦੀ, "ਹੋਰ ਕੋਈ ਗੱਲ ਹੋ ਗਈ? ਖਾਨ ਸਾਹਿਬ ਨੇ ਝਿੜਕ ਦਿੱਤਾ?"

ਕਹਿੰਦਾ, "ਨਹੀਂ।"

ਕਹਿੰਦੀ, "ਫੇਰ ਕੀ ਗੱਲ ਹੈ, ਦੱਸਦਾ ਕਿਉਂ ਨਹੀਂ?"

ਕਹਿੰਦਾ, "ਬੀਬੀ ਜੀ! ਮੂੰਹ ਮੇਰਾ ਨਿੱਕਾ ਜਿਹਾ ਹੈ ਗੱਲ ਬਹੁਤ ਵੱਡੀ ਹੈ। ਜੇ ਮੈਂ ਗੱਲ ਦੱਸ ਦੇਵਾਂ ਤਾਂ ਮੈਨੂੰ ਮਾਫ ਕਰ ਦੇਵੋਂਗੇ?"

ਕਹਿੰਦੀ, "ਦੱਸ ਤਾਂ ਸਹੀ। ਤੈਨੂੰ ਕੁਝ ਨਹੀਂ ਕਹਿੰਦੀ।"

ਕਹਿੰਦਾ, "ਗੱਲ ਤਾਂ ਕੁਝ ਨਹੀਂ, ਰਾਤ ਖਾਨ ਸਾਹਿਬ ਕੋਲ ਮਹਿਮਾਨ ਆਏ ਹੋਏ ਸਨ, ਉਥੇ ਮੈਂ ਗੱਲ ਸੁਣੀ, ਖਾਨ ਸਾਹਿਬ ਕਹਿੰਦੇ ਕਿ ਰਿਸ਼ਤਾ ਤਿਆਰ ਹੈ? ਕੱਲ੍ਹ ਨੂੰ ਜਾਂ ਪਰਸੋਂ ਨੂੰ ਬਰਾਤ ਲਿਆ ਕੇ ਨਿਕਾਹ ਕਰਵਾ ਲਵਾਂਗੇ।"

ਐਨੀ ਗੱਲ ਸੁਣਨ ਦੀ ਦੇਰ ਸੀ ਬੀਬੀ ਜੀ ਬਹੁਤ ਘਬਰਾ ਗਈ। ਕਹਿੰਦੀ, "ਹੈਂ! ਵਿਆਹ ਕਰਵਾ ਰਹੇ ਨੇ?"

ਕਹਿੰਦਾ, "ਪੁੱਛਿਓ ਨਾ ਉਨ੍ਹਾਂ ਤੋਂ। ਮੇਰੇ ਕੋਲ ਇਲਾਜ ਹੈ ਜੇ ਤੁਸੀਂ ਉਨ੍ਹਾਂ ਦੀ ਸ਼ਾਹ ਰਗ ਦਾ ਵਾਲ ਲਿਆ ਦੇਵੋ ਤਾਂ ਮੈਂ ਮੰਤਰ ਪੜ੍ਹ ਕੇ ਤਬੀਤ ਵਿਚ ਮੜ੍ਹ ਦਿਆਂਗਾ, ਫੇਰ ਉਹ ਤੁਹਾਡੇ ਪਿੱਛੇ ਪਿੱਛੇ ਤੁਰੇ ਫਿਰਨਗੇ।"

ਕਹਿੰਦੀ, "ਇਹ ਤਾਂ ਮਾਮੂਲੀ ਗੱਲ ਹੈ ਅੱਜ ਰਾਤ ਨੂੰ ਜਦੋਂ ਸੌਣਗੇ ਤਾਂ ਮੈਂ

ਵਾਲ ਕੱਟ ਲਵਾਂਗੀ ਓਸੇ ਵੇਲੇ।"

ਓਧਰ ਖਾਨ ਕੋਲ ਚਲਿਆ ਗਿਆ।

ਪਠਾਣ ਕਹਿੰਦਾ, "ਤੂੰ ਕੰਮ ਨਹੀਂ ਕਰਦਾ ਅੱਜ?"

ਕਹਿੰਦਾ, "ਕੰਮ ਕੀ ਕਰਨਾ, ਸੁਚੇਤ ਹੋ ਕੇ ਸੌਂਈਦਾ ਹੈ।"

ਪਠਾਣ ਕਹਿੰਦਾ, "ਕੋਈ ਗੱਲ ਹੈ?"

ਕਹਿੰਦਾ, "ਮੈਂ ਕੀ ਗੱਲ ਦੱਸਾਂ ਤੁਹਾਨੂੰ, ਬੀਬੀ ਜੀ ਤੁਹਾਨੂੰ ਮਾਰਨ ਨੂੰ ਫਿਰਦੀ ਹੈ ਤੇ ਮੈਂ ਸੁਣਿਆ ਹੈ ਕਿ ਅੱਜ ਰਾਤ ਨੂੰ ਤੁਹਾਡੀ ਸ਼ਾਹ ਰਗ ਕੱਟ ਦੇਣੀ ਹੈ ਉਸ ਨੇ।"

ਪਠਾਣ ਕਹਿਣ ਲੱਗਿਆ ਕਿ ਦੇਖੀਏ ਸੱਚ ਹੈ ਜਾਂ ਝੂਠ। ਬਨਾਉਟੀ ਨੀਂਦ ਬਣਾ ਕੇ ਸੌਂ ਗਿਆ। ਉਸ ਨੇ ਦੇਖਿਆ ਕਿ ਘੁਰਾੜੇ ਮਾਰਦਾ ਹੈ, ਦੋ ਤਿੰਨ ਅਵਾਜ਼ਾਂ ਮਾਰੀਆਂ ਜਦੋਂ ਦੇਖਿਆ ਕਿ ਗਾੜ੍ਹੀ ਨੀਂਦ ਵਿਚ ਹੈ, ਉਸ ਨੇ ਉਸਤਰਾ ਲਿਆ। ਜਦੋਂ ਵਾਲ ਕੱਟਣ ਲੱਗੀ ਉਸੇ ਵੇਲੇ ਬਾਂਹ ਫੜ ਲਈ। ਗੱਲ ਨਹੀਂ ਪੁੱਛੀ ਤਲਵਾਰ ਲੈ ਅੱਠ ਟੋਟੇ ਕਰ ਦਿੱਤੇ। ਟੋਕਰੇ ਥੱਲੇ ਰੱਖ ਦਿੱਤੇ।

ਪਠਾਣ ਕਹਿੰਦਾ, "ਜਾਹ! ਇਸ ਦੇ ਪੇਕਿਆਂ ਨੂੰ ਦੱਸ ਆ।"

ਉਥੇ ਜਾ ਕੇ ਕਹਿੰਦਾ, "ਓਏ ਤੁਸੀਂ ਤਾਂ ਆਏਂ ਬੈਠੇ ਹੋ ਤੁਹਾਡੀ ਭੈਣ ਤਾਂ ਮਾਰ ਦਿੱਤੀ ਤੇ ਜੇ ਆਉਣਾ ਹੈ ਤਾਂ ਤਕੜੇ ਹੋ ਕੇ ਆਇਓ, ਖਾਨ ਵੀ ਮਾੜਾ ਨਹੀਂ ਹੈ। ਉਸ ਨੇ ਮੈਨੂੰ ਕਿਹਾ ਹੈ ਕਿ ਆ ਕੇ ਲਾਸ਼ ਲੈ ਜਾਓ।"

ਵੀਹ-ਤੀਹ ਬੰਦੇ ਉਨ੍ਹਾਂ ਨੇ ਇਕੱਠੇ ਕਰ ਲਏ। ਇਹ ਨੱਠਿਆ-ਨੱਠਿਆ ਆਇਆ। ਆ ਕੇ ਕਹਿੰਦਾ, "ਖਾਨ ਸਾਹਿਬ! ਤੂੰ ਚੁੱਪ ਕਰਿਆ ਬੈਠਾ ਹੈ ਉਹ ਤਾਂ ਧਾੜ ਚੜ੍ਹੀ ਆਉਂਦੀ ਹੈ ਤੇਰੇ ਤੇ।"

ਲੜਾਈ ਹੋਈ, ਬੰਦੇ ਮਰ ਗਏ ਕੁਝ ਜ਼ਖਮੀ ਹੋ ਗਏ। ਸਿਆਣੇ ਬੰਦੇ ਵਿਚ ਪਏ ਤੇ ਕਹਿਣ ਲੱਗੇ ਕਿ ਗੱਲ ਤਾਂ ਦੱਸੋ ਕੀ ਗੱਲ ਹੋਈ?ਗੱਲ ਦਾ ਪਤਾ ਨਹੀਂ ਲਗਦਾ। ਅਖੀਰ ਨੌਕਰ ਨੂੰ ਕਿਹਾ ਕਿ ਇਸ ਨੂੰ ਪਤਾ ਹੈ। ਜਦੋਂ ਸਾਰੇ ਬੈਠ ਗਏ ਤਾਂ ਕਹਿੰਦਾ ਮੈਨੂੰ ਪਤਾ ਹੈ ਕਿ ਗੱਲ ਕੀ ਹੈ। ਮੇਰਾ ਸ਼ਰਤਾਂ ਵਾਲਾ ਕਾਗਜ਼ ਕੱਢੋ। ਜਦੋਂ ਕਾਗਜ਼ ਕੱਢਿਆ ਤਾਂ ਕਹਿੰਦਾ, "ਦੇਖੋ! ਪੜ੍ਹੋ ਇਸ ਨੂੰ।" ਜਦੋਂ ਪੜ੍ਹਿਆ ਤਾਂ ਉਸ ਦੇ ਵਿਚ ਆਇਆ ਕਿ ਮੈਨੂੰ ਚੁਗਲੀ ਦੀ ਆਦਤ ਹੈ ਕਦੇ-ਕਦੇ ਜੇ ਕੋਈ ਨਤੀਜੇ ਗਲਤ ਹੋ ਗਏ ਤਾਂ ਮੈਂ ਜ਼ਿੰਮੇਵਾਰ ਨਹੀਂ ਹੋਵਾਂਗਾ। ਸੋ ਮੈਂ ਤਾਂ ਚੁਗਲੀ ਕੀਤੀ ਸੀ।

ਸੋ ਮਹਾਰਾਜ ਜੀ ਕਹਿੰਦੇ, ਚੁਗਲੀ ਤੇ ਨਿੰਦਿਆ ਇਹ ਦੋਵੇਂ ਚੀਜ਼ਾਂ ਮਾਨਸਿਕ ਬਿਮਾਰੀਆਂ ਨੇ। ਇਸੇ ਤਰ੍ਹਾਂ ਈਰਖਾ ਨੂੰ ਟੀ.ਬੀ. (ਤਪੇਦਿਕ) ਕਿਹਾ ਹੈ। ਜਿਸ ਦੇ ਵਿਚ ਈਰਖਾ ਹੋਵੇ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ॥*** ***ਪੰਨਾ – 308***

ਕਦੇ ਵੀ ਉਸ ਦਾ ਭਲਾ ਨਹੀਂ ਹੁੰਦਾ ਜਿਹੜਾ ਈਰਖਾ ਕਰਦਾ ਹੈ। ਈਰਖਾ ਤੋਂ ਖਾਲੀ ਕੌਣ ਹੈ। ਸਾਰਾ ਸੰਸਾਰ ਈਰਖਾ ਦਾ ਬਿਮਾਰ ਹੈ, ਕੋਈ ਵਿਰਲਾ ਹੈ ਜਿਸ ਦੇ ਵਿਚ ਈਰਖਾ ਨਹੀਂ ਹੈ। ਹਮ ਪੇਸ਼ਾ ਲੋਕ – ਰਾਗੀ ਹੋਣ ਦੋ, ਆਪਸ ਵਿਚ ਈਰਖਾ ਹੋਏਗੀ। ਸੋ ਈਰਖਾ ਤੋਂ ਰਹਿਤ ਕੋਈ ਨਹੀਂ ਹੈ। ਜਦੋਂ ਤੱਕ ਜੁਗਤ ਨਹੀਂ ਆਉਂਦੀ, ਜਦੋਂ ਤੱਕ ਸਭ ਦਾ ਭਲਾ ਨਹੀਂ ਮੰਗਦਾ,

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥***

ਈਰਖਾ ਦੀ ਬਿਮਾਰੀ ਨਹੀਂ ਕਦੇ ਹਟਿਆ ਕਰਦੀ। ਮਹਾਰਾਜ ਜੀ ਕਹਿੰਦੇ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ॥*** ***ਪੰਨਾ – 308***

ਕਦੇ ਵੀ ਉਸ ਦਾ ਭਲਾ ਨਹੀਂ ਹੋ ਸਕਦਾ –

***ਓਸ ਦੈ ਆਖਿਐ ਕੋਈ ਨ ਲਗੈ***
***ਨਿਤ ਓਜਾੜੀ ਪੂਕਾਰੇ ਖਲਾ॥*** ***ਪੰਨਾ – 308***

ਈਰਖਾ ਜਾਂਦੀ ਕਿਵੇਂ ਹੈ? ਕਹਿੰਦੇ ਜਦੋਂ ਤੱਕ ਸਾਧੂ ਦੀ ਸੰਗਤ ਨਹੀਂ ਮਿਲਦੀ –

***ਬਿਸਰਿ ਗਈ ਸਭ ਤਾਤਿ ਪਰਾਈ॥*** ***ਪੰਨਾ – 1299***

ਕਦੋਂ ਵਿਸਰੀ?

***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥*** ***ਪੰਨਾ –***

***1299***

ਸੋ ਮਹਾਰਾਜ ਜੀ ਕਹਿੰਦੇ ਸਾਧੂ ਦੀ ਸੰਗਤ ਵਿਚ ਕੀ ਹੁੰਦਾ ਹੈ? ਨਾਮ ਨਾਲ ਮਨ ਲੱਗ ਜਾਂਦਾ ਹੈ। ਜਦੋਂ ਨਾਮ ਦੇ ਨਾਲ ਮਨ ਲੱਗ ਗਿਆ, ਫੇਰ ਈਰਖਾ ਖਤਮ ਹੋ ਜਾਂਦੀ ਹੈ –

***ਏਕਸੁ ਸਿਉ ਜਾ ਕਾ ਮਨੁ ਰਾਤਾ॥***
***ਵਿਸਰੀ ਤਿਸੈ ਪਰਾਈ ਤਾਤਾ॥*** ***ਪੰਨਾ – 189***

ਉਸ ਵੇਲੇ ਤਾਤ ਪਰਾਈ ਵਿਸਰਦੀ ਹੈ। ਮਹਾਰਾਜ ਜੀ ਕਹਿੰਦੇ ਕਿੱਡੀ ਮਾੜੀ ਬਿਮਾਰੀ ਹੈ ਈਰਖਾ ਦੀ। ਇਹ ਇਉਂ ਸਮਝ ਲਓ ਜਿਵੇਂ ਦਰਖਤ ਨੂੰ ਸਿਉਂਕ ਲਗਦੀ ਹੈ ਇਸ ਤਰ੍ਹਾਂ ਜੀਵਨ ਨੂੰ ਈਰਖਾ ਰੂਪੀ ਸਿਉਂਕ ਲਗਦੀ ਹੈ। ਨਾ ਕੋਈ ਕਰਮ, ਨਾ ਕੋਈ ਧਰਮ, ਨਾ ਕੋਈ ਪੂਜਾ, ਨਾ ਪਾਠ, ਨਾ ਕੋਈ ਤੀਰਥ ਯਾਤਰਾ, ਨਾ ਕੋਈ ਦਾਨ, ਕੋਈ ਫਲ ਨਹੀਂ ਦਿੰਦਾ। ਸਿਉਂਕ ਲੱਗੀ ਹੋਵੇ ਦਰਖਤ ਨੂੰ, ਉਸ ਦੇ ਵਿਚ ਜਿੰਨਾ ਜੀਅ ਕਰਦਾ ਹੈ ਖਾਦ ਪਾ ਦਿਓ, ਜਿੰਨਾ ਜੀਅ ਕਰਦਾ ਹੈ ਪਾਣੀ ਦੇ ਦਿਓ, ਉਹ ਕਦੇ ਵੀ ਨਹੀਂ ਵਧੇ ਫੁਲੇਗਾ। ਇਸੇ ਤਰ੍ਹਾਂ ਈਰਖਾ ਦੀ ਬਿਮਾਰੀ ਨਾਲ ਵੀ ਆਦਮੀ ਦਾ ਇਹੀ ਹਾਲ ਹੁੰਦਾ ਹੈ।

ਦੂਸਰਾ ਦੀਰਘ ਤਾਪ ਆਦਮੀ ਦੇ ਅੰਦਰ ਤ੍ਰਿਸ਼ਨਾ ਹੈ। ਤ੍ਰਿਸ਼ਨਾ ਸਭ ਤੋਂ ਵੱਡਾ ਕੰਮ ਇਹ ਕਰਦੀ ਹੈ ਕਿ ਇਹ ਪ੍ਰਮੇਸ਼ਰ ਨੂੰ ਭੁਲਾ ਦਿੰਦੀ ਹੈ।

ਗੁਰੂ ਨੌਵੇਂ ਪਾਤਿਸ਼ਾਹ ਨੂੰ ਪੁਛਿਆ ਕਿ ਸੱਚੇ ਪਾਤਿਸ਼ਾਹ! ਆਪ ਨਾਮ ਦੀ ਐਨੀ ਮਹਿਮਾ ਦਸਦੇ ਹੋ ਫੇਰ ਸੰਸਾਰ ਨਾਮ ਜਪਦਾ ਕਿਉਂ ਨਹੀਂ? ਮਹਾਰਾਜ ਜੀ ਕਹਿੰਦੇ ਕਿ ਇਸ ਨੂੰ ਝੂਠਾ ਲਾਲਚ ਲੱਗ ਕੇ ਤ੍ਰਿਸ਼ਨਾ ਦੀ ਬਿਮਾਰੀ ਲੱਗ ਗਈ ਤੇ ਇਸ ਦਾ ਕੰਮ ਹੈ –

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥***
***ਪੰਨਾ – 919***

ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨ ਪਛਾਨਾ॥***

***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥***
***ਪੰਨਾ - 726***

***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥***
***ਪੰਨਾ - 726***

ਦੋ ਵਿਸ਼ੇਸ਼ਣ ਸਾਨੂੰ ਦਿੱਤੇ ਨੇ ਕਿ ਤੂੰ ਪ੍ਰਮੇਸ਼ਰ ਦੇ ਗੁਣ ਨਹੀਂ ਗਾਉਂਦਾ ਮੂਰਖ ਤੇ ਅਗਿਆਨੀ।

***ਝੂਠੈ ਲਾਲਚਿ ਲਾਗਿ ਕੈ ਨਹਿ ਮਰਨ ਪਛਾਨਾ॥ ਪੰਨਾ - 726***

ਮਰਨਾ ਭੁੱਲ ਗਿਆ ਕਿਉਂਕਿ ਤ੍ਰਿਸ਼ਨਾ ਲੱਗੀ ਹੋਈ ਹੈ।

***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥***
***ਪੰਨਾ - 726***

ਮਹਾਰਾਜ ਜੀ ਕਹਿੰਦੇ ਨਾਮ ਤਾਂ ਨਹੀਂ ਜਪਦਾ ਕਿਉਂਕਿ ਤ੍ਰਿਸ਼ਨਾ ਦਾ ਰੋਗ ਲੱਗਿਆ ਹੋਇਆ ਹੈ।

***ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥***
***ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥ ਪੰਨਾ - 50***

ਹੁਣ ਨਿਕਲ ਨਹੀਂ ਸਕਦਾ ਤ੍ਰਿਸ਼ਨਾ ਦੇ ਰੋਗ ਵਿਚੋਂ -

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***
***ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ॥***
***ਪੰਨਾ - 66***

ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿੰਦੇ, "ਵੈਦ ਜੀ! ਸਭ ਤੋਂ ਵੱਡਾ ਰੋਗ ਜਿਸ ਨੂੰ ਮਨ ਦਾ ਕੋਹੜ ਕਹਿੰਦੇ ਨੇ ਉਹ ਆਦਮੀ ਦੇ ਮਨ ਨੂੰ ਪੱਕਾ ਲੱਗਿਆ ਹੋਇਆ ਹੈ। ਕੋਈ ਵਿਰਲਾ ਬੰਦਾ ਹੈ ਜਿਸ ਨੂੰ ਇਹ ਰੋਗ ਨਹੀਂ ਹੈ, ਬਾਕੀ ਸਾਰੇ ਰੋਗੀ ਨੇ। ਜੋ ਰੋਗ ਪ੍ਰਮੁੱਖ ਹੈ ਮਨੁੱਖ ਵਾਸਤੇ ਉਹ ਹੈ 'ਹਉਮੈ' ਦਾ ਰੋਗ। ਇਸ ਦਾ ਨਤੀਜਾ ਬਹੁਤ ਹੀ ਭਿਆਨਕ ਹੁੰਦਾ ਹੈ। ਜਦੋਂ ਤੱਕ ਇਹ ਰੋਗ ਰਹਿੰਦਾ ਹੈ ਉਦੋਂ ਤੱਕ ਇਹ ਕਿਸੇ ਸ਼ਾਂਤ ਪਦ ਨੂੰ ਪ੍ਰਾਪਤ ਨਹੀਂ ਕਰ ਸਕਿਆ ਕਰਦਾ।"

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***

*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ ਪੰਨਾ - 466*

ਹਉਮੈ ਕਰਕੇ ਹੀ -

*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥ ਪੰਨਾ - 946*

ਹਉਮੈ ਕਰਕੇ ਹੀ ਸੰਸਾਰ ਬਣਿਆ, ਪ੍ਰਮੇਸ਼ਰ ਦੇ ਰੂਪ ਤੋਂ। ਹਉਮੈ ਕਰਕੇ ਇਹ ਜੀਵ ਘੇਰੇ ਵਿਚ ਆ ਗਿਆ। ਸਮੁੰਦਰ ਨਾਲੋਂ ਟੁੱਟ ਕੇ ਛੋਟੀ ਛੱਪੜੀ ਬਣ ਗਿਆ। ਉਸ ਦੇ ਵਿਚ ਕਿਰਮ ਪੈ ਗਏ ਤੇ ਦੁਖੀ ਹੋ ਰਿਹਾ ਹੈ। ਹਉਮੈ ਕਰਕੇ ਹੀ ਜੰਮਦਾ ਰਹਿੰਦਾ ਹੈ ਤੇ ਮਰਦਾ ਰਹਿੰਦਾ ਹੈ। ਜੰਮਣ ਮਰਨ ਇਸ ਦੇ ਗੱਲ ਤੋਂ ਓਨੀ ਦੇਰ ਨਹੀਂ ਲਹਿੰਦਾ ਜਦੋਂ ਤੱਕ ਹੰਗਤਾ ਤੇ ਮਮਤਾ ਮਾਰ ਕੇ ਇਸ ਨੂੰ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ। ਸਮਝਦਾਰ ਬੰਦੇ ਨੂੰ ਤਾਂ ਬਹੁਤ ਸੋਚਣਾ ਚਾਹੀਦਾ ਹੈ ਜਿਸ ਦੇ ਮਨ ਵਿਚ ਇਹ ਖਿਆਲ ਹੈ ਕਿ ਮੈਂ ਸੰਸਾਰ ਦੇ ਉੱਤੇ ਗੋਬਿੰਦ ਮਿਲਾਪ ਲਈ ਆਇਆ ਹਾਂ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12*

ਭਵਜਲ ਤਰਨ ਵਾਸਤੇ ਜਿਹੜਾ ਤਤਪਰ ਹੋ ਰਿਹਾ ਹੈ ਉਸ ਨੂੰ ਇਹ ਗੱਲ ਸੋਚਣੀ ਪੈਣੀ ਹੈ ਕਿ ਰੱਬ ਮਿਲਦਾ ਕਿੱਥੇ ਹੈ? ਰਹਿੰਦਾ ਕਿਥੇ ਹੈ ਤੇ ਕੀ ਤਰੀਕਾ ਹੈ ਉਸ ਨੂੰ ਮਿਲਣ ਦਾ? ਕਿਉਂ ਨਹੀਂ ਮਿਲਦਾ? ਮਹਾਂਪੁਰਸ਼ ਦਸਦੇ ਨੇ ਕਿ ਤੇਰੇ ਨਾਲ ਰਹਿੰਦਾ ਹੈ ਰੱਬ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥ ਪੰਨਾ - 1263*

ਕੋਲ ਰਹਿੰਦਾ ਹੈ, ਤੇਰੇ ਨਾਲ ਰਹਿੰਦਾ ਹੈ ਤੇ ਫੇਰ ਕੋਲ ਰਹਿੰਦਾ ਕਿਉਂ ਨਹੀਂ ਮਿਲਦਾ? ਕਹਿੰਦੇ ਵਿਚਾਲੇ ਹਉਮੈ ਦੀ ਕੰਧ ਹੈ -

*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥ ਪੰਨਾ - 624*

ਬਹੁਤ ਪਤਲੀ ਕੰਧ ਹੈ ਹੰਗਤਾ ਤੇ ਮਮਤਾ ਦੀ, ਉਹ ਰੱਬ ਨੂੰ ਨਹੀਂ ਮਿਲਣ ਦਿੰਦੀ। ਗੁਰੂ ਦਸਵੇਂ ਪਾਤਿਸ਼ਾਹ ਜਦੋਂ ਪਾਉਂਟੇ ਸਾਹਿਬ ਗਏ ਤਾਂ ਉਥੇ ਕੋਲ ਹੀ ਸਢੌਰੇ ਵਾਲੇ ਪੀਰ ਬੁੱਧੂ ਸ਼ਾਹ ਜਿਨ੍ਹਾਂ ਦੀ ਪੀਰੀ ਮੁਰੀਦੀ ਬਹੁਤ ਦੂਰ ਤੱਕ ਫੈਲੀ ਹੋਈ ਸੀ, ਉਨ੍ਹਾਂ ਨੇ ਦੋ ਲੰਗਰ ਚਲਾਏ ਹੋਏ ਸਨ। ਇਕ ਹਿੰਦੂਆਂ ਲਈ ਤੇ ਦੂਜਾ ਇਸਲਾਮ ਵਾਲਿਆਂ ਵਾਸਤੇ। ਹਰ ਵਕਤ ਸਤਿਸੰਗ ਤੇ ਕਥਾ ਵਾਰਤਾ ਚਲਦੀ ਰਹਿੰਦੀ ਸੀ। ਬਹੁਤ ਵੱਡੇ-ਵੱਡੇ ਵਿਦਵਾਨ ਉਸ ਕੋਲ ਆ ਕੇ ਬ੍ਰਹਮ ਵਿਚਾਰ ਕਰਿਆ ਕਰਦੇ ਸਨ ਪਰ ਅਜੇ ਤੱਕ ਉਸ ਨੂੰ ਪਰਮ ਸ਼ਾਂਤੀ ਪ੍ਰਾਪਤ ਨਹੀਂ ਸੀ ਹੋਈ ਅਜੇ ਆਤਮਾ ਸਾਖਸ਼ਾਤ ਨਹੀਂ ਸੀ ਹੋਇਆ, ਭਟਕਣਾਂ ਵਿਚ ਸੀ। ਬੜੇ ਯਤਨ ਕੀਤੇ, ਹੱਜ ਵੀ ਗਿਆ, ਚਿਲ੍ਹੇ ਕੱਟੇ, ਦਾਨ ਵੀ ਦਿੱਤੇ, ਹੋਰ ਵੀ ਬੜੇ ਤਰੀਕੇ ਕਰੇ ਪਰ ਆਤਮਾ ਸਾਖਸ਼ਾਤਕਾਰ ਕਰਨ ਵਿਚ ਨਾ ਆਵੇ। ਗੁਰੂ ਨਾਨਕ ਪਾਤਿਸ਼ਾਹ ਦੀ ਗੱਦੀ ਬਾਰੇ ਉਸ ਨੇ ਸੁਣਿਆ ਹੋਇਆ ਸੀ ਤੇ ਇਹ ਵੀ ਸੁਣਿਆ ਸੀ ਕਿ ਗੁਰੂ ਤੇਗ ਬਹਾਦਰ ਮਹਾਰਾਜ ਜੀ ਨੇ ਦੂਜਿਆਂ ਲਈ ਸ਼ਹੀਦੀ ਦਿਤੀ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂਕੂ ਮਹਿ ਸਾਕਾ।*** ***ਬਚਿਤ੍ਰ ਨਾਟਕ ਪਾ: ੧੦***

ਆਪਣੇ ਵਾਸਤੇ ਸਾਰੀ ਦੁਨੀਆਂ ਜੀਉਂਦੀ ਹੈ ਪਰ ਦੂਸਰਿਆਂ ਵਾਸਤੇ ਕੋਈ ਵਿਰਲਾ ਹੈ ਜਿਹੜਾ ਮਰਦਾ ਹੈ। ਸੋ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਵਾਰ ਦਿੱਤਾ ਤੇ ਇਹ ਵੀ ਸੁਣਿਆ ਹੋਇਆ ਸੀ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਭਾਵੇਂ ਜਵਾਨੀ ਦੀ ਉਮਰ ਵਿਚ ਨੇ ਪਰ ਬਹੁਤ ਵੱਡੇ ਮਹਾਂਪੁਰਸ਼ ਨੇ ਤੇ ਗੁਰੂ ਨਾਨਕ ਸਾਹਿਬ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ। ਸੋ ਆਪ ਦੇ ਮਨ ਵਿਚ ਵਿਚਾਰ ਉਠਿਆ ਕਿ ਮੈਂ ਗੁਰੂ ਦਸਮੇਸ਼ ਪਿਤਾ ਪਾਸ ਜਾਵਾਂ, ਉਥੇ ਜਾ ਕੇ ਮੈਂ ਏਸ ਚੀਜ਼ ਦਾ ਨਿਰਣਾ ਕਰਾਂ। ਚੇਲੇ ਨਾਲ ਲਏ ਤੇ ਗੁਰੂ ਮਹਾਰਾਜ ਵੱਲ ਨੂੰ ਚੱਲ ਪਿਆ। ਦੂਰੋਂ ਦੇਖਿਆ ਕਿ ਦਰਬਾਰ ਸਜਿਆ ਹੋਇਆ ਹੈ। ਇਕ ਪਾਸੇ ਯੋਧੇ ਬੈਠੇ ਨੇ, ਇਕ ਪਾਸੇ ਕਵੀ ਬੈਠੇ ਨੇ, ਇਕ ਪਾਸੇ ਸੰਗਤ ਬੈਠੀ ਹੈ। ਐਸਾ ਸੁੰਦਰ ਸਰੂਪ ਦੇਖ ਕੇ ਮਨ ਵਿਚ ਖਿੱਚ ਖਾ ਗਿਆ ਕਿ ਮੈਂ ਜਾ ਕੇ ਉਦੋਂ ਤੱਕ ਚਰਨ ਨਹੀਂ ਛੱਡਣੇ ਜਦੋਂ ਤੱਕ ਆਤਮਾ ਸਾਖਸ਼ਾਤਕਾਰ ਨਹੀਂ ਕਰਾ ਦਿੰਦੇ। ਜਦੋਂ ਨੇੜੇ ਗਿਆ ਤਾਂ ਆਪਣੇ ਮੁਰੀਦਾਂ ਵੱਲ ਦੇਖਿਆ ਤੇ ਮਨ ਵਿਚ ਆਇਆ ਕਿ ਮੇਰੇ ਇਹ ਮੁਰੀਦ ਕੀ ਕਹਿਣਗੇ ਕਿ ਮੈਂ ਇਕ ਗੁਰੂ ਦੇ ਜੋ ਅਜੇ ਵੀਹ-ਬਾਈ ਸਾਲ ਦਾ ਹੈ, ਜਾ ਕੇ ਚਰਨੀਂ ਪੈਂਦਾ ਹਾਂ, ਮੇਰੀ ਤਾਂ ਉਮਰ ਬਹੁਤ ਵੱਡੀ ਹੈ। ਦੂਸਰਾ ਚੇਲੇ ਮੇਰੇ ਨਿਸ਼ਰਧਕ ਹੋ ਜਾਣਗੇ ਸਾਰੇ। ਸੋ ਇਸ ਗੱਲ ਕਰਕੇ ਇਹ ਜਜ਼ਬਾ ਰੁਕ ਗਿਆ ਤੇ ਕੋਲ ਚਲਿਆ ਗਿਆ। ਉਸ ਵੇਲੇ ਜਾ ਕੇ ਪੋਲਾ ਜਿਹਾ ਹੱਥ ਕੱਢਿਆ ਦਸਤਪੰਜਾ ਲੈਣ ਵਾਸਤੇ। ਮਹਾਰਾਜ ਜੀ ਨੇ ਦੋ ਉਗਲਾਂ ਕੱਢ ਕੇ ਦਸਤਪੰਜਾ ਲਿਆ ਤੇ ਕਹਿਣ ਲੱਗੇ ਪੀਰ ਜੀ! ਬੈਠ ਜਾਓ! ਕਿਵੇਂ ਆਏ?

ਕਹਿੰਦਾ, "ਹਜ਼ੂਰ! ਅੱਲਾ ਦਾ ਵਸਲ ਕਿਵੇਂ ਹੋਵੇ?"

ਮਹਾਰਾਜ ਜੀ ਕਹਿੰਦੇ, "ਦਿਨ ਤੇ ਰਾਤ ਦਾ ਜਿਵੇਂ ਹੁੰਦਾ ਹੈ।"

ਸੋਚੀਂ ਪੈ ਗਿਆ ਕਿ ਦਿਨ ਤੇ ਰਾਤ ਤਾਂ ਅੱਜ ਤੱਕ ਮਿਲੇ ਹੀ ਨਹੀਂ ਕਦੇ।

ਕਹਿੰਦਾ, "ਸੱਚੇ ਪਾਤਿਸ਼ਾਹ! ਮੈਂ ਸਮਝਿਆ ਨਹੀਂ।" ਬੜਾ ਝਿਜਕ ਕੇ ਕਿਹਾ ਕਿ ਮੇਰੇ ਮੁਰੀਦ ਕਹਿਣਗੇ ਕਿ ਐਨੀ-ਕੁ ਗੱਲ ਵੀ ਸਮਝ ਨਹੀਂ ਆਈ ਸਾਡੇ ਪੀਰ ਦੇ ਤਾਂ ਪੀਰ ਸਾਡਾ ਕਾਹਦਾ ਹੋਇਆ।

ਮਹਾਰਾਜ ਜੀ ਕਹਿੰਦੇ, "ਜਿਵੇਂ ਸਮਝਿਆ ਉਵੇਂ ਜਿਵੇਂ ਹੀ ਹੈ।"

ਕਹਿੰਦਾ, "ਮਹਾਰਾਜ! ਕਿਵੇਂ? ਮੈਨੂੰ ਹੋਰ ਖੋਲ੍ਹ ਕੇ ਦੱਸੋ।"

ਮਹਾਰਾਜ ਜੀ ਕਹਿੰਦੇ, "ਜਿਵੇਂ ਤੂੰ ਸਮਝਦਾ ਹੈ ਕਿ ਜੇ ਦਿਨ ਚੜ੍ਹ ਜਾਵੇ ਤਾਂ ਰਾਤ ਨਹੀਂ ਰਿਹਾ ਕਰਦੀ, ਇਸੇ ਤਰ੍ਹਾਂ ਜਦੋਂ ਸੱਚ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਕੂੜ ਦਾ ਨਾਸ਼ ਹੋ ਜਾਂਦਾ ਹੈ। ਜਿਸ ਨੂੰ ਤੂੰ ਅਸਲੀਅਤ ਸਮਝੀ ਬੈਠਾ ਹੈ, 'ਮੈਂ' ਸਮਝੀਂ ਬੈਠਾ ਹੈ ਉਹ ਅਸਲੀਅਤ ਨਹੀਂ ਹੈ ਉਹ ਤਾਂ ਇਕ ਭੁਲੇਖਾ ਹੈ।

ਕਹਿੰਦਾ, "ਸੱਚੇ ਪਾਤਸ਼ਾਹ! ਮੈਨੂੰ ਅਜੇ ਵੀ ਸਮਝ ਨਹੀਂ ਆਈ। ਮੈਂ ਆਪ ਦੀ ਬਾਣੀ ਸੁਣੀ ਹੈ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥ ਪੰਨਾ - 550***

ਪਾਤਿਸ਼ਾਹ! ਇਸ ਸਰੀਰ ਪੂਰੀ ਬਿਰਖ ਤੇ ਦੋ ਪੰਖੀ ਰਹਿੰਦੇ ਨੇ ਇਕ ਤਾਂ ਬੁੱਧੀ ਰੂਪੀ ਪੰਖੀ ਹੈ ਜਿਹੜਾ ਕਹਿੰਦਾ ਹੈ ਕਿ ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਪੁੰਨੀ ਹਾਂ, ਮੈਂ ਪਾਪੀ ਹਾਂ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ। ਇਹ ਤਾਂ ਆਪਣੇ ਕਰਮਾਂ ਦੇ ਫਲ ਭੋਗਦਾ ਹੈ।

ਪਾਤਿਸ਼ਾਹ! ਜਿਹੜਾ ਦੂਸਰਾ ਕਿਹਾ ਹੈ ਕਿ ਉਹ ਮਸਤ ਹੋ ਕੇ ਬੈਠਾ ਰਹਿੰਦਾ ਹੈ ਨਾ ਕਿਤੇ ਜਾਂਦਾ ਹੈ, ਨਾ ਕਿਤੇ ਆਂਦਾ ਹੈ। ਉਹ ਆਪਣੇ ਸਤਿ-ਚਿਤ-ਅਨੰਦ ਰੂਪ ਵਿਚ ਸਦਾ ਹੀ ਸਥਿਤ ਹੈ।

ਹੁਣ ਮੈਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਕਿਹੜੀ ਚੀਜ਼ ਹਾਂ।

ਮਹਾਰਾਜ ਜੀ ਕਹਿੰਦੇ, "ਪਹਿਲਾਂ ਤੁਸੀਂ 'ਮੈਂ' ਨੂੰ ਸਮਝੋ। ਜਿਹੜੀ ਦੂਜੀ ਮੈਂ ਹੈ ਇਹ ਪਰਛਾਵਾਂ ਹੈ ਅਸਲੀ ਦਾ। ਇਸ ਪਰਛਾਵੇਂ ਦਾ ਅਧਿਆਸ ਪੱਕ ਗਿਆ ਤੇ 'ਮੈਂ-ਮੈਂ' ਕਰਕੇ ਅਸੀਂ ਆਪਣੇ ਆਪ ਨੂੰ ਸਰੀਰ ਮੰਨ ਲਿਆ ਤੇ ਅਸੀਂ ਆਪਣੀ ਅਸਲੀਅਤ ਨੂੰ ਭੁੱਲ ਗਏ।"

ਪੀਰ ਬੁਧੂ ਸ਼ਾਹ! ਸੱਚ ਨੂੰ ਪਛਾਣ। ਜਦੋਂ ਸੱਚ ਨੂੰ ਪਛਾਣ ਲਏਂਗਾ ਉਦੋਂ ਝੂਠ ਦਾ ਨਾਸ਼ ਹੋ ਜਾਏਗਾ। ਜਦੋਂ ਸੱਚ ਆ ਗਿਆ ਫੇਰ 'ਮੈਂ' ਨਹੀਂ ਰਹਿੰਦੀ।"

ਕਹਿੰਦਾ, "ਫੇਰ ਮਹਾਰਾਜ! ਸੱਚ ਨੂੰ ਸੱਚ ਦਾ ਵਸੱਲ (ਮਿਲਾਪ) ਕੀ ਹੋਇਆ?"

ਮਹਾਰਾਜ ਜੀ ਕਹਿੰਦੇ, "ਏਹੀ ਤਾਂ ਬਾਤ ਹੈ। ਸੱਚ ਦਾ ਸੱਚ ਨਾਲ ਹਮੇਸ਼ਾ ਹੀ ਵਸਲ ਹੈ, ਜੀਵ ਭਾਵ ਜਿਹੜਾ ਹੈ ਇਹ ਮਿਥਿਆ ਹੈ। ਸਾਖੀ ਚੇਤਨ ਸਤਿ ਹੈ ਤੇ ਬ੍ਰਹਮ ਸਤਿ ਨਾਲ ਇਸ ਦਾ ਸਦਾ ਹੀ ਮੇਲ ਬਣਿਆ ਰਹਿੰਦਾ ਹੈ ਤੇ ਕਿਸੇ ਸਮੇਂ ਵੀ ਨਹੀਂ ਟੁਟਦਾ। ਸਿਰਫ ਐਨਾ ਹੀ ਹੈ ਕਿ –

***ਆਤਮਾ ਪਰਾਤਮਾ ਏਕੋ ਕਰੈ॥*** ***ਪੰਨਾ – 661***

ਇਨ੍ਹਾਂ ਨੂੰ ਦੋ ਨਾ ਜਾਣੇ, ਇਕੋ ਹੀ ਜਾਣੇ।"

ਕਹਿੰਦਾ, "ਸੱਚੇ ਪਾਤਿਸ਼ਾਹ! ਫੇਰ ਜੀਵ ਭਰਮ ਹੈ?"

ਮਹਾਰਾਜ ਜੀ ਕਹਿੰਦੇ, "ਹਾਂ! ਜੀਵ ਰੂਪ ਜਿਹੜਾ ਤੂੰ ਬਣਿਆ ਫਿਰਦਾ ਹੈ ਇਹ ਬੁੱਧੀ ਉਪਰ ਆਤਮਾ ਦਾ ਪ੍ਰਕਾਸ਼ ਪੈਂਦਾ ਹੈ ਉਸ ਦੇ ਨਾਲ ਇਕ ਝੂਠੀ ਚੀਜ਼ ਪੈਦਾ ਹੋ ਕੇ –

***........... ਅਣਹੋਂਦਾ ਆਪੁ ਗਣਾਇਦੇ॥*** ***ਪੰਨਾ – 468***

ਨਾ ਕੁਝ ਹੈ, ਨਾ ਕੁਝ ਸੀ, ਇਹ ਤਾਂ ਪ੍ਰਕਾਸ਼ ਪੈ ਕੇ 'ਮੈਂ' ਬਣ ਗਿਆ ਤੇ ਮੈਂ ਦਾ ਐਨਾ ਅਧਿਆਸ ਪੱਕ ਗਿਆ, ਇਸ ਨੂੰ ਹਉਮੈ ਕਹਿੰਦੇ ਨੇ। ਜਦੋਂ ਤੱਕ ਅਧਿਆਸ ਨਹੀਂ ਟੁਟਦਾ, ਓਨਾ ਚਿਰ ਇਸ ਨੇ ਜੰਮਦਾ ਮਰਦਾ ਰਹਿਣਾ ਹੈ ਤੇ ਇਸ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

ਸੋ ਬੁੱਧੀ ਰੂਪ ਬਿਰਖ ਤੇ ਦੋ ਪੰਛੀ ਬੈਠੇ ਨੇ ਇਕ ਬ੍ਰਹਮ ਸਾਖੀ ਹੈ ਤੇ ਦੂਸਰਾ ਜੀਵ ਆਤਮਾ ਹੈ। ਜਿਹੜਾ ਜੀਵ ਹੈ ਇਹ ਪੜਦਾ ਹੈ ਜਿਵੇਂ ਦਰਖਤਾਂ ਤੇ ਅਮਰ ਵੇਲ ਸੁੱਟ ਦਿਓ ਉਹ ਉਨ੍ਹਾਂ ਨੂੰ ਢਕ ਲੈਂਦੀ ਹੈ, ਪਾਣੀ ਤੇ ਬੂਰ ਪੈ ਜਾਵੇ ਤਾਂ ਪਾਣੀ ਨੂੰ ਢੱਕ ਲੈਂਦਾ ਹੈ। ਇਸੇ ਤਰ੍ਹਾਂ ਜਿਹੜਾ ਝੂਠੀ 'ਮੈਂ' ਦਾ ਅਧਿਆਸ ਹੋਇਆ ਹੋਇਆ ਹੈ, ਇਹ ਸਾਰਾ ਇਕ ਪਰਛਾਵਾ ਹੈ ਝੂਠਾ, ਉਸ ਨੇ ਇਸ ਨੂੰ ਢੱਕ ਲਿਆ, ਇਸ ਕਰਕੇ ਇਹ ਪ੍ਰਮੇਸ਼ਰ ਤੋਂ ਦੂਰ ਹੋ ਗਿਆ। ਇਸ ਕਰਕੇ ਇਹ ਰੋਗ ਬੁਰਾ ਹੈ, ਇਸ ਤਰ੍ਹਾਂ ਪੜ੍ਹ ਲਓ –

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*** ***ਪੰਨਾ***

ਮਹਾਰਾਜ ਜੀ ਕਹਿੰਦੇ, "ਆਹ! ਜਿਹੜਾ ਤੈਨੂੰ ਦੇਹ ਅਧਿਆਸ ਪੈ ਗਿਆ 'ਮੈ-ਮੈ' ਕਹੀ ਜਾਂਦਾ ਹੈ, ਝੂਠੀ ਮੈਂ ਨੂੰ ਆਪਣਾ ਆਪ ਮੰਨ ਲਿਆ। ਇਸ ਕਰਕੇ ਸੱਚੀ ਮੈਂ ਦਾ ਅਨੁਭਵ ਨਹੀਂ ਹੋ ਰਿਹਾ।"

ਕਹਿੰਦੇ, "ਸੱਚੇ ਪਾਤਿਸ਼ਾਹ! ਫੇਰ ਕਿਵੇਂ ਹੋਵੇ? ਇਸ ਵਾਸਤੇ ਤਾਂ ਮੈਂ ਚਿਲ੍ਹੇ ਵੀ ਕੱਟੇ, ਹੱਜ ਵੀ ਗਿਆ, ਲੰਗਰ ਵੀ ਚਲਾਏ, ਦਾਨ ਵੀ ਕਰੇ, ਹੋਰ ਵੀ ਨੇਕ ਕੰਮ ਕਰੇ।"

ਮਹਾਰਾਜ ਜੀ ਕਹਿੰਦੇ, "ਹਉਮੈ ਦੇ ਕੀਤੇ ਹੋਏ ਸਾਰੇ ਕੰਮ ਬੰਧਨ ਹੋਇਆ ਕਰਦੇ ਨੇ ਇਹ ਤਾਂ ਸੰਗਲ ਹੋਰ ਵਲ੍ਹੇਟ ਲਏ ਕਿਉਂਕਿ ਹਉਮੈ ਵਿਚ ਕੰਮ ਕਰੇ ਨੇ, ਮੈਂ ਕੀਤੇ, ਮੈਂ ਕੀਤੇ, ਸੰਗਲ ਹੋਰ ਲਿਪਟ ਗਏ।"

ਕਹਿੰਦਾ, "ਪਾਤਿਸ਼ਾਹ! ਫੇਰ ਕੂੜੀ 'ਮੈਂ' ਕਿਵੇਂ ਛੱਡਾਂ? ਇਹ 'ਮੈਂ' ਕਿਥੋਂ ਆ ਗਈ?"

ਮਹਾਰਾਜ ਜੀ ਕਹਿੰਦੇ, "ਦੇਖ ਆਹ! ਰੱਸੀ ਪਈ ਹੈ ਹਨ੍ਹੇਰੇ ਵਿਚ, ਮਟਕ ਚਾਨਣਾ ਹੈ ਤੇ ਭਰਮ ਕੀ ਹੋਏਗਾ? ਕਿ ਸੱਪ ਪਿਆ ਹੈ। ਸੱਪ ਦਾ ਅਧਿਆਸ ਹੋ ਗਿਆ। ਜਦੋਂ ਚਾਨ੍ਹਣਾ ਕਰਕੇ ਦੇਖਿਆ ਤਾਂ ਪਤਾ ਲੱਗਿਆ ਕਿ ਇਹ ਤਾਂ ਰੱਸੀ ਸੀ।

ਇਸੇ ਤਰ੍ਹਾਂ ਪੀਰ ਜੀ!

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ - 293***

ਜਦੋਂ ਮਨ ਵਿਚ ਪ੍ਰਕਾਸ਼ ਹੋ ਗਿਆ ਫੇਰ ਪਤਾ ਲਗਦਾ ਹੈ ਕਿ ਜਿਹੜਾ 'ਮੈ-ਮੈ' ਕਰਦੇ ਹਾਂ ਉਹ ਕੋਈ ਚੀਜ਼ ਨਹੀਂ। ਹੰਗਤਾਂ ਤੇ ਮਮਤਾ ਤਾਂ ਫਸਾਉਣ ਵਾਲੀਆਂ ਚੀਜ਼ਾਂ ਨੇ। ਇਸ ਦਾ ਇਲਾਜ ਹੈ ਸਤਿਸੰਗ।"

ਕਹਿੰਦਾ, "ਮਹਾਰਾਜ! ਮੈਂ ਸਤਿਸੰਗ ਵਿਚ ਤਾਂ ਆਇਆ ਹਾਂ।"

ਮਹਾਰਾਜ ਜੀ ਕਹਿੰਦੇ, "ਝੂਠ ਦਾ ਚੋਲਾ ਪਹਿਨ ਕੇ ਆਇਆ ਹੈਂ ਕਿ ਮੈਂ ਪੀਰ ਹਾਂ, ਮੇਰੇ ਚੇਲੇ ਕੀ ਕਹਿਣਗੇ ਜੇ ਮੈਂ ਮੱਥਾ ਟੇਕਿਆ। ਸਤਿਸੰਗ ਵਿਚ ਸੱਚ ਦਾ ਚੋਲਾ ਪਹਿਨ ਕੇ ਆਈਦਾ ਹੈ, ਨਾਲ ਨਹੀਂ ਕੁਝ ਵੀ ਲਿਆਈਦਾ ਕਿ ਮੈਂ ਵਿਦਵਾਨ ਹਾਂ ਵੱਡਾ, ਮੈਂ ਫਲਾਣੀ ਕਿਤਾਬ ਵਿਚ ਆਹ ਪੜ੍ਹਿਆ ਹੈ, ਫੇਰ ਨਹੀਂ ਸਤਿਸੰਗ ਦਾ ਅਸਰ ਹੋਇਆ ਕਰਦਾ। ਸਤਿਸੰਗ ਵਿਚ ਸਤਿਸੰਗੀ ਬਣ ਕੇ ਆ, ਤੂੰ ਤਾਂ ਨਾਲ ਮੁਰੀਦ ਲੈ ਕੇ ਆਇਆ ਹੈ।

'ਮੈ' ਛੱਡ ਦੇ ਤੇ ਹੁਕਮ ਦੀ ਪਛਾਣ ਵਿਚ ਆ ਜਾ। ਜਦੋਂ ਤੂੰ ਹੁਕਮ ਦੇ ਵਿਚ ਆ ਜਾਏਂਗਾ ਫੇਰ ਹਉਮੈ ਦਾ ਨਾਸ਼ ਹੋ ਜਾਇਆ ਕਰਦਾ ਹੈ।"

ਸਿੱਧਾਂ ਨੇ ਇਹ ਪੁਛਿਆ ਸੀ ਕਿ ਹੇ ਨਾਨਕ! ਕਿਰਪਾ ਕਰਕੇ ਇਹ ਦੱਸ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਪੰਨਾ - 1***

ਮਹਾਰਾਜ ਜੀ ਕਹਿੰਦੇ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਪੰਨਾ - 1***

ਹੁਕਮ ਸਾਡੇ ਰੋਮ ਰੋਮ ਵਿਚ ਲਿਖਿਆ ਹੋਇਆ ਹੈ। ਦੋ ਖਰਬ ਪੰਦਰਾਂ ਅਰਬ ਸੈਲ ਨੇ ਸਾਡੇ ਅੰਦਰ। ਹਰ ਸੈਲ ਵਿਚ ਹੁਕਮ ਚਲ ਰਿਹਾ ਹੈ। ਮਿਹਦੇ ਵਿਚ ਹੁਕਮ ਚੱਲ ਰਿਹਾ ਹੈ, ਅੱਖਾਂ ਵਿਚ ਹੁਕਮ ਚੱਲ ਰਿਹਾ ਹੈ, ਕੰਨਾਂ ਵਿਚ ਹੁਕਮ ਕੰਮ ਕਰ ਰਿਹਾ ਹੈ।

ਮਹਾਰਾਜ ਜੀ ਕਹਿੰਦੇ, "ਪੀਰ ਜੀ! ਤੂੰ ਆਪਣੇ ਉਪਰ ਕਿਉਂ ਲੈ ਰਿਹਾ ਹੈ ਕਿ ਮੈਂ ਕਰਦਾ ਹਾਂ। ਤੂੰ ਕੁਝ ਨਹੀਂ ਕਰ ਰਿਹਾ, ਹੁਕਮ ਦੇ ਵਿਚ ਸਭ ਕੁਝ ਹੋ ਰਿਹਾ ਹੈ।"

***ਕਹੁ ਨਾਨਕ ਕਰਤੇ ਕੀਆ ਬਾਤਾ***
***ਜੋ ਕਿਛੁ ਕਰਣਾ ਸੁ ਕਰਿ ਰਹਿਆ॥ (ਰਹਿਰਾਸ ਸਾਹਿਬ)***

ਸੋ ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਕਿੱਡੇ-ਕਿੱਡੇ ਭਿਆਨਕ ਰੋਗ ਹਨ ਮਨ ਨੂੰ, ਤੂੰ ਤਾਂ ਸਰੀਰ ਦੇ ਰੋਗਾਂ ਬਾਰੇ ਹੀ ਜਾਣਦਾ ਹੈ। ਇਹ ਤਾਂ ਸਾਰਾ ਸੰਸਾਰ ਰੋਗੀ ਹੋਇਆ ਫਿਰਦਾ ਹੈ।"

ਚਰਨ ਫੜ ਲਏ ਕਿ ਪਾਤਿਸ਼ਾਹ! ਰੋਗਾਂ ਦਾ ਤਾਂ ਆਪ ਨੇ ਵੇਰਵਾ ਦੇ ਦਿੱਤਾ ਹੁਣ ਕਿਰਪਾ ਕਰਕੇ ਇਲਾਜ ਵੀ ਦੱਸੋ।

ਮਹਾਰਾਜ ਜੀ ਕਹਿੰਦੇ, "ਸਾਰਿਆਂ ਦਾ ਇਲਾਜ ਇਕੋ ਹੀ ਹੈ। ਏਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ -2, 2.***
***ਮੇਰੇ ਪਿਆਰੇ, ਇਕੋ ਨਾਮ ਵਾਹਿਗੁਰੂ ਦਾ - 2, 2.***
***ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,............... -2.***

ਕੋਈ ਵੀ ਰੋਗ ਹੈ ਮਾਨਸਿਕ ਰੋਗ, ਸਰੀਰਿਕ ਰੋਗ, ਆਰਥਿਕ ਰੋਗ,

ਭਾਈਚਾਰਕ ਰੋਗ, ਰਾਜਸੀ ਰੋਗ ਸਾਰਿਆਂ ਦਾ।

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥*** ***ਪੰਨਾ - 274***

ਬਹੁਤ ਸਾਰੇ ਪ੍ਰੇਮੀਆਂ ਦੇ ਮਨਾਂ ਵਿਚ ਆ ਜਾਂਦਾ ਹੈ ਕਿ ਨਾਮ ਕੀ ਹੋਇਆ? ਇਹ ਦਾਰੂ ਕਿਵੇਂ ਬਣ ਜਾਂਦਾ ਹੈ? ਸਾਧ ਸੰਗਤ ਜੀ! ਇਸ ਗੱਲ ਤੇ ਯਕੀਨ ਲਿਆਓ ਜਿਥੇ ਦਾਰੂਆਂ (ਦਵਾਈਆਂ) ਫੇਲ੍ਹ ਹੋ ਜਾਂਦੀਆਂ ਨੇ ਉਥੇ ਪ੍ਰਮੇਸ਼ਰ ਦਾ ਨਾਮ ਕੰਮ ਕਰਦਾ ਹੈ।

ਸਾਡੇ ਪਾਸ ਇਕ ਬੀਬੀ ਆਈ ਮੁਹਾਲੀ ਦੀ, ਬਲਬੀਰ ਕੌਰ ਹੈ ਉਸ ਦਾ ਨਾਂ। ਇਕ ਮਹੀਨੇ ਤੋਂ ਆ ਰਹੀ ਸੀ ਕਹਿੰਦੀ ਵੀਰ ਜੀ! ਮੈਨੂੰ ਅੱਖਾਂ ਤੋਂ ਦਿਸਣ ਤੋਂ ਹੱਟ ਗਿਆ, ਥੋੜ੍ਹਾ ਜਿਹਾ ਝੌਲਾ ਜਿਹਾ ਦਿਸਦਾ ਹੈ ਇਕ ਅੱਖ ਤੋਂ ਦੂਜੀ ਅੱਖ ਦੀ ਨਿਗ੍ਹਾ ਬੰਦ ਹੋ ਗਈ ਤੇ ਇਕ ਮੈਨੂੰ ਬਲੱਡ ਪਰੈਸ਼ਰ (ਖੂਨ ਦਾ ਦਬਾਉ) ਹੈ, 240, 240 ਬਲੱਡ ਸ਼ੂਗਰ ਤੇ ਮੈਂ ਓਪਰੇਸ਼ਨ ਕਰਵਾਉਣ ਗਈ ਸੀ ਗੁਰਦੇ ਦਾ, ਗੁਰਦੇ ਵਿਚ ਪਥਰੀ ਹੈ, ਬਲੱਡ ਪਰੈਸ਼ਰ ਐਨਾ ਵਧ ਗਿਆ ਕਿ ਡਾਕਟਰਾਂ ਨੇ ਓਪਰੇਸ਼ਨ ਨਹੀਂ ਕਰਿਆ। ਮੇਰੇ ਪੇਟ ਦੇ ਅੰਦਰ ਇਕ ਰਸੌਲੀ ਹੈ, ਉਸ ਦਾ ਵੀ ਓਪਰੇਸ਼ਨ ਨਹੀਂ ਹੋ ਸਕਦਾ, ਗੀੜ੍ਹ ਦੀ ਹੱਡੀ ਮੇਰੀ ਟੁੱਟੀ ਹੋਈ ਹੈ। ਛੇ ਬਿਮਾਰੀਆਂ ਗਿਣਾ ਦਿੱਤੀਆਂ। ਮੈਂ ਚੁਪ ਕਰ ਰਿਹਾ। ਉਹ ਫੇਰ ਆਈ, ਫੇਰ ਚੁੱਪ ਕਰ ਰਿਹਾ। ਜਦੋਂ ਬਾਰ-ਬਾਰ ਆਈ ਤਾਂ ਮੈਂ ਕਿਹਾ, "ਬੀਬੀ! ਇਕ ਸਾਲ ਤੈਨੂੰ ਬੰਦਗੀ ਕਰਨੀ ਪੈਣੀ ਹੈ, ਰਾਜੀ ਹੋ ਜਾਏਂਗੀ। ਕਰ ਲਏਂਗੀ? ਇਕ ਸਾਲ ਤਪ ਕਰਨਾ ਪੈਣਾ ਹੈ।"

ਕਹਿੰਦੀ, "ਹੁਣ ਤਾਂ ਅੱਖਾਂ ਬੰਧ ਹੋ ਜਾਣੀਆਂ ਨੇ ਫੇਰ ਮੈਨੂੰ ਕਿਹਨੇ ਸੰਭਾਲਣਾ ਹੈ?"

ਉਥੇ ਆਸ਼ਰਮ ਵਿਚ ਭੇਜ ਦਿੱਤੀ, ਗੁਰਦੁਆਰਾ ਈਸ਼ਰ ਪ੍ਰਕਾਸ਼। ਦਸ ਦਿਨਾਂ ਤੋਂ ਬਾਅਦ ਬਲੱਡ ਪਰੈਸ਼ਰ ਡਾਕਟਰ ਨੂੰ ਦਿਖਾਇਆ, ਉਹ ਬਿਲਕੁਲ ਠੀਕ ਹੋ ਗਿਆ। ਇਕ ਮਹੀਨੇ ਬਾਅਦ ਬਲੱਡ ਸ਼ੂਗਰ normal ਨਾਰਮਲ (ਠੀਕ) ਹੋ ਗਈ। ਇਕ ਮਹੀਨੇ ਬਾਅਦ ਅੱਖ ਪੂਰੀ ਤਰ੍ਹਾਂ ਦੇਖਣ ਲੱਗ ਗਈ। ਜਨਵਰੀ ਵਿਚ ਰਤਵਾੜਾ ਸਾਹਿਬ ਗਈ ਸੀ, ਸਤੰਬਰ ਵਿਚ ਮੈਂ ਅਮਰੀਕਾ ਨੂੰ ਗਿਆ ਸੀ। ਕਹਿੰਦੀ ਵੀਰ ਜੀ! ਵਧਾਈਆਂ ਹੋਣ। ਮੈਂ ਕਿਹਾ ਕਿ ਕੀ ਗੱਲ?

ਕਹਿੰਦੀ, "ਪਥਰੀ ਤਿੰਨ ਟੁਕੜੇ ਹੋ ਕੇ ਨਿਕਲ ਗਈ। ਹੁਣ ਮੇਰੀ ਇਕ ਅੱਖ ਰਹਿ ਗਈ, ਰਸੌਲੀ ਰਹਿ ਗਈ ਤੇ ਇਕ ਗੀੜ੍ਹ ਦੀ ਹੱਡੀ ਰਹਿ ਗਈ।"

ਮੈਂ ਕਿਹਾ, "ਬੀਬੀ! ਵਾਹਿਗੁਰੂ ਤੇ ਵਿਸ਼ਵਾਸ ਰੱਖ, ਇਹ ਸਭ ਠੀਕ ਹੋ ਜਾਏਗਾ।"

ਜਦੋਂ ਮੈਂ ਅਮਰੀਕਾ ਸੀ ਤਾਂ ਉਥੇ ਚਿੱਠੀ ਗਈ ਕਿ ਵੀਰ ਜੀ! ਰਸੌਲੀ ਤਾਂ ਹਟ ਗਈ। ਡਾਕਟਰ ਕਹਿੰਦੇ ਇਹ ਤਾਂ ਹੈ ਹੀ ਨਹੀਂ। ਪਤਾ ਨਹੀਂ ਕਿਥੇ ਗਈ ਤੇ ਮੈਂ ਘਰ ਨੂੰ ਕਾਣੀ ਹੀ ਜਾਵਾਂਗੀ। ਮੈਂ ਜਵਾਬ ਦਿੱਤਾ ਕਿ ਨਾਂਹ! ਤੂੰ ਵਿਸ਼ਵਾਸ ਵਿਚ ਰਹਿ, ਕਿਉਂ ਤੇਰੇ ਅੰਦਰ ਬੇਵਿਸ਼ਵਾਸੀ ਹੋ ਗਈ? ਜਿਸ ਨੇ ਐਨੀ ਰਾਜ਼ੀ ਕਰ ਦਿੱਤੀ ਉਹ ਇਹ ਵੀ ਠੀਕ ਕਰ ਦਏਗਾ। ਮੈਂ ਦਸੰਬਰ ਦੇ ਅਖੀਰ ਵਿਚ ਵਾਪਸ ਭਾਰਤ ਆਇਆ। ਜਨਵਰੀ ਵਿਚ ਕਹਿਣ ਲੱਗੀ ਮੇਰੀ ਅੱਖ ਦੇ ਅੱਗੇ ਬਿਜਲੀ ਚਮਕਣ ਲੱਗ ਗਈ, ਜਿਹੜੀ ਬੰਦ ਸੀ। ਡਾਕਟਰ ਕਹਿੰਦੇ ਸੀ ਕਿ ਨਾੜੀਆਂ ਤੇਰੀਆਂ ਪਿਚਕ ਗਈਆਂ, ਹੁਣ ਤੈਨੂੰ ਕਦੇ ਨਹੀਂ ਦਿਸਣਾ। ਥੋੜ੍ਹੇ ਦਿਨਾਂ ਤੋਂ ਬਾਅਦ ਮੇਰੀ ਦੂਜੀ ਅੱਖ ਵੀ ਖੁੱਲ੍ਹ ਗਈ।

ਕਹਿੰਦੀ, "ਮੈਂ ਜਾਵਾਂ ਹੁਣ?"

ਮੈਂ ਕਿਹਾ, "ਨਹੀਂ ਦੋ ਮਹੀਨੇ ਅਜੇ ਹੋਰ ਰਹਿ।"

ਚੌਦਾਂ ਮਹੀਨੇ ਲੰਘ ਗਏ। ਕਹਿੰਦੀ ਹੁਣ ਤਾਂ ਮੈਨੂੰ ਚੌਦਾਂ ਮਹੀਨੇ ਲੰਘ ਗਏ।

ਮੈਂ ਕਿਹਾ, "ਜਾਹ! ਡਾਕਟਰਾਂ ਨੂੰ ਟੈਸਟ ਕਰਾ।"

ਟੈਸਟ ਕਰਾਇਆ ਨਾ ਰੀੜ੍ਹ ਦੀ ਹੱਡੀ ਵਿਚ ਕ੍ਰੈਕ, ਨਾ ਰਸੌਲੀ, ਨਾ ਪੱਥਰੀ, ਦੋਹੇ ਅੱਖਾਂ ਖੁੱਲ੍ਹ ਗਈਆਂ, ਬਲੱਡ ਸ਼ੂਗਰ ਹਟ ਗਈ, ਬਲੱਡ ਪਰੈਸ਼ਰ ਹਟ ਗਿਆ। ਇਹ ਨਾਮ ਤੇ ਵਿਸ਼ਵਾਸ ਦੀ ਬਾਤ ਹੈ ਸਾਧ ਸੰਗਤ ਜੀ! ਐਨੇ ਰਾਜ਼ੀ ਹੋ ਰਹੇ ਨੇ। ਘਰਾਂ ਵਿਚ ਵੀ ਹੋ ਰਹੇ ਨੇ, ਉਥੇ ਡੇਰੇ ਵਿਚ ਵੀ ਰਾਜ਼ੀ ਹੋ ਰਹੇ ਨੇ। ਸੋ ਗੁਰੂ ਦੇ ਨਾਮ ਵਿਚ ਐਨੀ ਸ਼ਕਤੀ ਹੈ।

ਇਥੇ ਇਕ ਬੀਬੀ ਹੈ ਡੱਡੂ ਮਾਜਰੇ ਦੀ ਉਸ ਦੇ ਹੱਥਾਂ ਦਾ ਮਾਸ ਝੜ ਗਿਆ, ਨਹੁੰ ਝੜ ਗਏ, ਕੁਹਣੀ ਤੱਕ ਬਾਂਹ ਗਲ ਗਈ, ਸਾਰੀ ਚਮੜੀ ਲਹਿ ਗਈ। ਡਾਕਟਰ ਕਹਿੰਦੇ ਮੋਢੇ ਕੋਲੋਂ ਬਾਂਹ ਕੱਟਣੀ ਪੈਣੀ ਹੈ। ਡੇਰੇ ਆ ਗਈ। ਮੈਂ ਕਿਹਾ ਬੀਬੀ ਤੈਨੂੰ ਕੋਈ ਭਜਨ ਬੰਦਗੀ ਆਉਂਦੀ ਹੈ? ਕਹਿੰਦੇ, "ਕੋਈ ਨਹੀਂ ਆਉਂਦੀ। ਮੈਂ ਕਿਹਾ ਤੂੰ ਮੂਲ ਮੰਤਰ ਦਾ ਪਾਠ ਹੀ ਕਰੀ ਜਾਹ। ਇਕ ਹੱਥ ਨਾਲ ਹੀ ਸੇਵਾ ਕਰ ਲਿਆ ਕਰ। ਬਾਂਹ ਨਾਲ ਲੱਗ ਗਈ ਛਾਤੀ ਦੇ। ਦੂਜੇ ਹੱਥ ਨਾਲ ਜੇ ਬਾਂਹ ਹਟਾਉਂਦੀ ਹੈ ਤਾਂ ਹਟਦੀ ਹੈ। ਚਾਲੀ ਦਿਨਾਂ ਦੇ ਅੰਦਰ ਮੁੜ ਕੇ ਸਾਰੀ ਚਮੜੀ ਆ ਗਈ, ਨਹੁੰ ਆ ਗਏ। ਪੱਟੀ ਖੋਲ੍ਹ ਕੇ ਮੈਨੂੰ ਦਿਖਾਏ, ਕਹਿੰਦੀ ਬਾਬਾ ਜੀ! ਸਾਰੇ ਨਹੁੰ ਆ ਗਏ। ਮੈਂ ਕਿਹਾ ਕਿ ਹੁਣ ਤੂੰ ਸੇਵਾ ਕਰਨ ਤੋਂ ਹਟੀ ਨਾ, ਸੇਵਾ ਕਰੀ ਜਾਹ, ਨਾਮ ਜਪੀ ਜਾਹ। ਜਿਹੜੇ ਨਾਮ ਨੇ ਤੇਰੀ ਐਨੀ ਬਾਂਹ ਠੀਕ ਕਰ ਦਿੱਤੀ ਉਸ ਤੇ ਤੈਨੂੰ ਵਿਸ਼ਵਾਸ ਨਹੀਂ ਆ ਰਿਹਾ। ਮਹਾਰਾਜ ਜੀ ਫੁਰਮਾਨ ਕਰਦੇ ਨੇ –

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***

*ਸੇਵਾ ਕਰਕੇ ਮਾਣ ਪਾਈਦੈ -2, 2.*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ -2, 2.*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,............... -2.*

ਸੋ ਸੇਵਾ ਤੇ ਸਿਮਰਨ ਗੁਰੂ ਘਰ ਵਿਚ ਪ੍ਰਧਾਨ ਕਰਮ ਨੇ-

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤ ਕਰਦੇ ਹਾਂ। ਹੁਣ ਸਾਰੇ ਪ੍ਰੇਮੀ ਜਿਹੜੇ ਅਜੇ ਤੱਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

-ਅਨੰਦ ਸਾਹਿਬ-

-ਗੁਰਸਤੋਤਰ-

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289*

***ਧਾਰਨਾ - ਬ੍ਰਹਮਾ ਬਿਸ਼ਨ ਤੇ ਮਹੇਸ਼ ਪੀਰ ਔਲੀਏ,***
***ਤੇਰੇ ਦਰ ਖੜ੍ਹੇ ਮਾਲਕਾ।***

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ! ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਨੇਤਰਾਂ ਦੇ ਨਾਲ ਗੁਰੂ ਮਹਾਰਾਜ ਜੀ ਦਾ ਦਿਦਾਰ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਵਿਚਾਰ ਕਰਨ ਤੋਂ ਬਾਅਦ ਹਿਰਦੇ ਵਿਚ ਧਾਰਨ ਕਰੋ। ਉਸ ਤੋਂ ਬਾਅਦ ਜਦੋਂ ਵਾਰੀ ਆਵੇ ਤਾਂ ਗੱਜ-ਵੱਜ ਕੇ ਸ਼ਬਦ ਵਿਚ ਬੋਲੋ। ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਆਵਾਜ਼ ਸਾਰਿਆਂ ਦੇ ਕੰਨਾਂ ਵਿਚ ਪਵੇ ਭਾਵੇਂ ਹਾਲ ਹੋਣ ਕਰਕੇ ਆਵਾਜ਼ ਗੂੰਜਦੀ ਹੈ। ਸੋ ਕੋਸ਼ਿਸ਼ ਕਰੋ ਕਿ ਵਿਚਾਰ ਨੂੰ ਧਿਆਨ ਦੇ ਨਾਲ ਸਰਵਣ ਕਰੋ ਤੇ ਸਮਝਣ ਦਾ ਯਤਨ ਕਰੋ। ਜਦੋਂ ਬਾਣੀ ਇਸ ਤਰ੍ਹਾਂ ਪੂਰੀ ਵਿਧੀ ਦੇ ਨਾਲ ਸਰਵਣ ਕਰਾਂਗੇ ਤਾਂ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਕਈ ਕਰੋੜ ਜੱਗਾਂ ਦਾ ਫਲ ਸੁਣਨ ਵਾਲਿਆਂ ਨੂੰ ਤੇ ਗਾਉਣ ਵਾਲਿਆਂ ਨੂੰ ਪ੍ਰਾਪਤ ਹੋਇਆ ਕਰਦਾ ਹੈ। ਐਨੇ ਰੁਝੇਵਿਆਂ ਭਰੇ ਸਮੇਂ ਅੰਦਰ ਸਾਨੂੰ ਥੋੜ੍ਹਾ ਜਿਹਾ ਸਮਾਂ ਪ੍ਰਾਪਤ ਹੋਇਆ ਹੈ। ਸੋ ਪੂਰਾ ਪੂਰਾ ਲਾਹਾ ਪ੍ਰਾਪਤ ਕਰੋ। ਸਤਿਸੰਗ ਵਿਚ ਹੋਈਆਂ ਵਿਚਾਰਾਂ ਦੀ ਲੜੀ ਨੂੰ ਗੁੰਦ ਕੇ ਇਕਾਂਤ ਵਿਚ ਬੈਠ ਕੇ ਵਿਚਾਰ ਕਰੋ ਤੇ ਧਾਰਨ ਕਰੋ। ਫੇਰ ਸਤਿਸੰਗ ਦਾ ਪੂਰਾ ਪੂਰਾ ਲਾਭ ਪ੍ਰਾਪਤ ਹੁੰਦਾ ਹੈ। ਸੋ ਹੁਣ ਸਾਰੇ ਪ੍ਰੇਮੀ ਗੱਜ ਵੱਜ ਕੇ ਸ਼ਬਦ ਵਿਚ ਬੋਲੋ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***

# 2

***ਸੇਵਾ ਕਰਕੇ ਮਾਣ ਪਾਈਦੈ।***

ਨਾਮ ਸਿਮਰਨ ਤੇ ਸੇਵਾ, ਗੁਰੂ ਘਰ ਦੇ ਅੰਦਰ ਇਨ੍ਹਾਂ ਦੋ ਚੀਜ਼ਾਂ ਦੀ ਬਹੁਤ ਮਹਤੱਤਾ ਹੈ। ਨਾਮ ਨਹੀਂ ਜਪ ਸਕਦਾ ਜਦੋਂ ਤੱਕ ਆਦਮੀ ਦੇ ਮਨ ਤੇ ਤਨ ਦੇ ਸਮੇਤ ਸ਼ੁਭ ਕਰਮ ਨਾ ਹੋਣ।

***ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਪੰਨਾ – 4***

ਸੋ ਸੇਵਾ ਦੇ ਨਾਲ ਨਿਮਰਤਾ ਤੇ ਅਨੇਕਾਂ ਫਲ ਪ੍ਰਾਪਤ ਹੋਇਆ ਕਰਦੇ ਹਨ। ਥੋੜ੍ਹਾ ਸਮਾਂ ਸਾਡੇ ਪਾਸ ਹੈ, ਕਲਜੁਗ ਦਾ ਸਮਾਂ ਹੈ ਉਮਰ ਬਹੁਤ ਘੱਟ ਹੈ, ਸਰੀਰ ਰੋਗੀ ਹੋ ਗਏ। ਜਿਸ ਕਿਸੇ ਨੂੰ ਪੁਛੋ ਬਿਮਾਰ ਹੀ ਬਿਮਾਰ ਹੈ। ਹਰ ਬੰਦਾ ਬਿਮਾਰ ਹੈ। ਵਿਚਾਰ, ਆਚਾਰ ਗਲਤ ਹੋ ਗਏ, ਪਹਿਰਾਵਾ ਗਲਤ ਹੋ ਗਿਆ, ਹਰ ਚੀਜ਼ ਦੇ ਵਿਚ ਗਲਤੀ ਆ ਗਈ। ਸੋ ਗੁਰੂ ਮਹਾਰਾਜ ਜੀ ਨੇ ਸਾਡੇ ਉਧਾਰ ਵਾਸਤੇ ਸੇਵਾ ਤੇ ਸਿਮਰਨ ਦਾ ਰਸਤਾ ਦਿਖਾਇਆ। ਥੋੜ੍ਹੇ ਜਿਹੇ ਸਮੇਂ ਵਿਚ ਦੁਗਣਾ ਲਾਹਾ ਲੈਣ ਵਾਸਤੇ ਇਹ ਸਾਡੇ ਵਾਸਤੇ ਸਾਧਨ ਬਣਾਏ ਨੇ। ਨਾਮ ਜੱਪਣ ਨਾਲ ਸਾਰੇ ਦੁਖਾਂ ਦਾ ਨਾਸ਼ ਹੁੰਦਾ ਹੈ, ਸੇਵਾ ਕਰਨ ਨਾਲ ਇਥੇ ਵੀ ਤੇ ਦਰਗਾਹ ਵਿਚ ਵੀ ਮਾਣ ਮਿਲਦਾ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26***

ਸੋ ਕੱਲ੍ਹ ਵਿਚਾਰ ਹੋਈ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਹਰਦਾਸ ਵੈਦ ਨੂੰ ਇਹ ਗੱਲ ਦੱਸੀ ਕਿ ਸਾਰਾ ਸੰਸਾਰ ਕਿਸ ਤਰ੍ਹਾਂ ਰੋਗੀ ਹੋਇਆ ਹੋਇਆ ਹੈ। ਤਨ ਦੇ ਰੋਗ ਬਾਅਦ ਵਿਚ ਆਉਂਦੇ ਨੇ, ਮਨ ਦੇ ਰੋਗ ਪਹਿਲਾਂ ਆਉਂਦੇ ਨੇ। ਜੇ ਮਨ ਰੋਗੀ ਹੋਵੇ ਤਾਂ ਸਰੀਰ ਰੋਗੀ ਹੋ ਜਾਇਆ ਕਰਦਾ ਹੈ, ਜੇ ਮਨ ਤੰਦਰੁਸਤ ਹੋਵੇ ਤਾਂ ਸਰੀਰ ਦੇ ਰੋਗ ਹਟ ਜਾਇਆ ਕਰਦੇ ਨੇ। ਕਈ ਪ੍ਰੇਮੀਆਂ ਨੂੰ ਇਨ੍ਹਾਂ ਗੱਲਾਂ ਤੇ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਆਦਮੀ ਦੇ ਅੰਦਰ ਤਰਕ ਹੈ, ਤਰਕ ਹੋਣੀ ਜ਼ਰੂਰੀ ਚੀਜ਼ ਹੈ ਪਰ ਜਦੋਂ ਤੱਕ ਤਰਕ ਤੇ ਵਿਸ਼ਵਾਸ ਰਲਦੇ ਨਹੀਂ ਉਦੋਂ ਤੱਕ ਕੋਈ ਨਤੀਜਾ ਨਹੀਂ ਨਿਕਲਦਾ।

ਸੋ ਦੁੱਖਾਂ ਦਾ ਇਲਾਜ ਮਹਾਰਾਜ ਜੀ ਨੇ ਨਾਮ ਦੱਸਿਆ ਹੈ।

***ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥***
***ਪੰਨਾ - 687***

ਸਾਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਨਾਮ ਦਾਰੂ ਕਿਸ ਤਰ੍ਹਾਂ ਹੋਇਆ ਹੈ। ਜਿਹੜੇ ਬਹੁਤ ਵੱਡੇ ਵੱਡੇ ਰੋਗ ਨੇ, ਜਿਨ੍ਹਾਂ ਦੇ ਬਾਰੇ ਅਸੀਂ ਕਦੇ ਸੋਚਿਆ ਹੀ ਨਹੀਂ, ਜਿਨ੍ਹਾਂ ਨੂੰ ਅਵਿਦਿਆ, ਭੁੱਲ, ਮਾਇਆ, ਹਉਮੈ ਆਦਿ ਕਹਿੰਦੇ ਨੇ, ਨਾਮ ਵੱਖੋ-ਵੱਖਰੇ ਨੇ ਚੀਜ਼ ਇਕੋ ਹੀ ਹੈ। ਇਹ ਜੋ ਅਵਿਦਿਆ ਦਾ ਰੋਗ ਹੈ ਇਹ ਸਾਰੀ ਦੁਨੀਆਂ ਵਿਚ ਹੈ। ਬ੍ਰਹਮਾ ਵਿਸ਼ਨੂੰ ਮਹੇਸ਼ ਸਾਰੇ ਦੇਵਤੇ ਹਉਮੈ ਦੇ ਰੋਗ ਨਾਲ ਪੀੜਤ ਹਨ। ਮਨੁੱਖ ਸਾਰੇ 'ਹਉਮੈ' ਦੇ ਰੋਗ ਨਾਲ ਜੰਮਦੇ ਨੇ ਤੇ ਮਰਦੇ ਨੇ ਕਿਉਂਕਿ ਪਤਾ ਨਹੀਂ ਲਗਦਾ ਕਿ 'ਹਉਮੈ' ਕਿਸਨੂੰ ਕਹਿੰਦੇ ਨੇ। ਅਸੀਂ ਗਲਤ ਅਰਥ ਲੈ ਕੇ ਇਸ ਨੂੰ ਅਹੰਕਾਰ ਕਹਿ ਦਿੰਦੇ ਹਾਂ ਪਰ ਪੰਜ ਮਦ ਦੱਸੇ ਨੇ ਮਹਾਰਾਜ ਜੀ ਨੇ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਇਹ ਅਭਿਮਾਨ ਨੇ। ਵਿਦਿਆ ਪੜ੍ਹ ਲੈਣੀ, ਅਭਿਮਾਨ ਹੋ ਜਾਂਦਾ ਹੈ ਕਿ ਮੈਂ ਬਹੁਤ ਪੜ੍ਹਿਆ ਹੋਇਆ ਹਾਂ। ਪੈਸਾ ਹੋ ਜਾਣਾ, ਅਭਿਮਾਨ ਹੋ ਜਾਂਦਾ ਹੈ ਕਿ ਮੇਰੇ ਕੋਲ ਧਨ ਦਾ ਕੋਈ ਘਾਟਾ ਨਹੀਂ ਹੈ, ਬੇਅੰਤ ਧਨ ਤੇ ਜੋਬਨ ਵਾਲਾ ਹੋਣਾ, ਜਾਤ ਚੰਗੀ ਹੋਣੀ, ਰਾਜਸੀ ਸ਼ਕਤੀ ਹੱਥ ਵਿਚ ਆ ਜਾਣੀ ਇਨ੍ਹਾਂ ਨੂੰ ਅਭਿਮਾਨ ਕਹਿੰਦੇ ਨੇ, ਹੰਕਾਰ ਕਹਿੰਦੇ ਨੇ। ਜਿਥੇ ਇਨ੍ਹਾਂ ਦਾ ਅਭਿਮਾਨ ਬਿਲਕੁਲ ਨਹੀਂ ਉਥੇ ਵੀ ਹਉਮੈ ਆ ਜਾਂਦੀ ਹੈ। ਹਉਮੈ ਵਿਚ ਅਸੀਂ ਜੰਮਦੇ ਮਰਦੇ ਹਾਂ। ਸਾਡੇ ਗੱਲੋਂ ਇਹ ਚੱਕਰ ਲਹਿੰਦਾ ਨਹੀਂ।

***ਜਬ ਇਹ ਜਾਨੈ ਮੈ ਕਿਛੁ ਕਰਤਾ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ॥ ਪੰਨਾ - 278***

ਜਿੰਨਾ ਚਿਰ ਇਹ ਕਹਿੰਦਾ ਹੈ ਕਿ ਮੈਂ ਕੁਛ ਕਰਿਆ ਹੈ। ਕਈ ਉਪਰੋਂ ਮੂੰਹ ਨਾਲ ਇਹ ਕਹਿੰਦੇ ਨੇ ਕਿ ਮੈਥੋਂ ਗੁਰੂ ਨੇ ਇਹ ਕਰਾਇਆ ਹੈ ਪਰ ਅੰਦਰੋਂ ਇਹ ਕਹਿੰਦੇ ਨੇ ਮੈਂ ਕਰਿਆ ਹੈ। ਮੂੰਹ ਦੀ ਬਾਤ ਨਹੀਂ ਚਲਦੀ, ਬਾਤ ਹਿਰਦੇ ਦੀ ਚੱਲਿਆ ਕਰਦੀ ਹੈ। ਮੂੰਹ ਨਾਲ ਤਾਂ ਬਹੁਤ ਬਾਤਾਂ ਆਦਮੀ ਕਹਿ ਦਿੰਦਾ ਹੈ -

***ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ ਪੰਨਾ - 488***

ਮਨ ਵਿਚ ਹੋਰ, ਮੁੱਖ ਵਿਚ ਹੋਰ ਗੱਲ ਕਰਦਾ ਹੈ ਤਾਂ ਮਹਾਰਾਜ ਜੀ ਕਹਿੰਦੇ ਇਹ ਕੱਚੇ ਬੰਦੇ ਨੇ ਪਰ ਜਿਹੜਾ ਸਚਮੁਚ ਹੀ ਇਹ ਗੱਲ ਅੰਦਰੋਂ ਕਹਿੰਦਾ ਹੈ ਕਿ ਹਉਮੈ ਦਾ ਰੋਗ ਮੈਨੂੰ ਲੱਗਿਆ ਹੋਇਆ ਹੈ। ਮਹਾਰਾਜ ਜੀ

ਕਹਿੰਦੇ ਤੈਨੂੰ ਹੀ ਨਹੀਂ ਸਾਰੇ ਸੰਸਾਰ ਨੂੰ ਇਹ ਰੋਗ ਲੱਗਿਆ ਹੋਇਆ ਹੈ–

***ਸੰਸਾਰੁ ਰੋਗੀ ..................॥*** ***ਪੰਨਾ - 687***

ਤੇ ਦਾਰੂ ਕੀ ਹੈ?

***............... ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥***
***ਪੰਨਾ - 687***

ਮੈਲ ਹਉਮੈ ਦੀ ਲਗਦੀ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ***
***ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ***
***ਪਾਹੁ॥***

***ਪੰਨਾ - 651***

ਸੋ ਸਾਰਾ ਸੰਸਾਰ ਹਉਮੈ ਨਾਲ ਦੁਖੀ ਹੋਇਆ ਪਿਆ ਹੈ ਤੇ ਪ੍ਰਮੇਸ਼ਰ ਨਾਲੋਂ ਟੁੱਟਿਆ ਹੋਇਆ ਹੈ। ਜਿਸ ਦੇ ਹਿਰਦੇ ਦੇ ਅੰਦਰ ਪ੍ਰਮੇਸ਼ਰ ਦੀ ਜੋਤ ਦਾ ਪ੍ਰਕਾਸ਼ ਨਹੀਂ ਹੋਇਆ ਤੇ ਪੰਜ ਭਰਮਾਂ ਦਾ ਨਾਸ਼ ਨਹੀਂ ਹੋਇਆ, ਉਹ ਹਉਮੈ ਦਾ ਰੋਗੀ ਹੈ। ਕਿਸੇ ਇਕ ਨੂੰ ਨਹੀਂ ਕਿਹਾ ਜਾ ਸਕਦਾ ਕਿ ਤੂੰ ਰੋਗੀ ਹੈਂ ਸਾਰਾ ਸੰਸਾਰ ਹੀ ਰੋਗੀ ਹੈ। ਗੁਰੂ ਤੋਂ ਦਵਾਈ ਲੈ ਕੇ ਢੰਗ ਨਾਲ ਨਹੀਂ ਖਾਂਦਾ। ਇਸ ਕਰਕੇ ਹਉਮੈ ਦਾ ਰੋਗ ਟੁੱਟਿਆ ਨਹੀਂ ਕਰਦਾ।

ਸੋ ਇਸੇ ਤਰ੍ਹਾਂ ਅਨੇਕਾਂ ਰੋਗਾਂ ਦੀ ਵਿਚਾਰ ਕਰੀ ਸੀ ਕਿ ਅਵਿਦਿਆ ਦਾ ਰੋਗ ਮਨ ਦਾ 'ਵਮਨ' ਹੋਇਆ ਕਰਦਾ ਹੈ, 'ਹੈਜਾ' ਹੋਇਆ ਕਰਦਾ ਹੈ। 'ਚੁਗਲੀ' ਦਾ ਰੋਗ ਬਹੁਤ ਬੁਰਾ ਹੈ। ਬਹੁਤ ਸੰਗਤ ਆਉਂਦੀ ਹੈ, ਬੜੀ ਦੇਰ ਤੋਂ ਸੰਗਤ ਕਰਦੇ ਨੇ ਪਰ ਬਹੁਤ ਵਾਰੀ ਮੈਂ ਦੇਖਦਾ ਹਾਂ ਕਿ ਐਨੇ ਸਾਲ ਸੰਗਤ ਕਰਦਿਆਂ ਨੂੰ ਹੋ ਗਏ, ਅਜੇ ਵੀ ਚੁਗਲੀ ਕਰਦੇ ਨੇ। ਉਨ੍ਹਾਂ ਦੀ ਹਾਲਤ ਇਹ ਹੁੰਦੀ ਹੈ ਜਿਵੇਂ ਕੋਹਲੂ ਦਾ ਬੈਲ ਪੈੜ ਵਿਚ ਘੁੰਮਦਾ ਹੈ, ਅੱਖਾਂ ਤੇ ਖੋਪੇ ਲਾਏ ਹੋਏ ਨੇ। ਉਸ ਨੂੰ ਹਰ ਵਕਤ ਇਹ ਡਰ ਹੁੰਦਾ ਹੈ ਕਿ ਮੇਰੇ ਪਿੱਛੇ ਮੇਰਾ ਮਾਲਕ ਤੁਰਿਆ ਆਉਂਦਾ ਹੈ, ਮੇਰੇ ਹੁਣ ਡੰਡਾ ਨਾ ਮਾਰੇ। ਸੋ ਉਹ ਤੇਜੀ ਨਾਲ ਚਲਦਾ ਰਹਿੰਦਾ ਹੈ। ਸਾਰਾ ਦਿਨ ਕੋਹਲੂ ਦਾ ਬੈਲ ਘੁੰਮਦਾ ਹੈ। ਜਦੋਂ ਅੱਖਾਂ ਤੋਂ ਖੋਪੇ ਖੋਲ੍ਹਦੇ ਹਾਂ ਓਥੇ ਦਾ ਓਥੇ ਹੀ ਖੜ੍ਹਾ ਹੁੰਦਾ ਹੈ। ਜਦੋਂ ਤੱਕ ਅਸੀਂ ਗੰਭੀਰਤਾ ਨਾਲ ਆਪਣੇ ਮਨ ਵਿਚ ਇਹ ਗੱਲ ਨਹੀਂ ਲੈਂਦੇ, ਜੇ ਮਨ ਵਿਚ ਇਹ ਨਹੀਂ ਆਉਂਦਾ ਕਿ ਇਸੇ ਜਨਮ ਦੇ ਅੰਦਰ ਅੰਦਰ ਅਸੀਂ ਉਹ ਪ੍ਰਾਪਤੀ ਕਰਨੀ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਬਾਰ-ਬਾਰ ਇਹ ਜ਼ਿਕਰ ਕਰ ਰਹੇ ਨੇ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਪੰਨਾ - 12***

ਜਿਹੜਾ ਗੰਭੀਰਤਾ ਨਾਲ ਸੋਚਦਾ ਹੈ ਉਸ ਦਾ ਮਨ ਹਿਲਦਾ ਹੈ ਇਹ ਬਾਤ ਸੁਣ ਕੇ ਕਿ ਜਿਹੜੇ ਹੋਰ ਕੰਮ ਨੇ ਉਹ ਸਾਰੇ ਫਜ਼ੂਲ ਨੇ, ਫੇਰ ਉਨ੍ਹਾਂ ਵਿਚ ਫਸਿਆ ਹੋਇਆ ਹੈ। ਅਸਲੀ ਕੰਮ ਕੀ ਹੈ? ਕਹਿੰਦੇ -

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ - 12***

ਸਾਧੂਆਂ ਦੀ ਸੰਗਤ ਵਿਚ ਜਾ ਕੇ, ਸਾਧੂ ਦਾ ਸੰਗ ਕਰਕੇ ਕੇਵਲ ਨਾਮ ਜਪ ਤੇ ਲੱਕ ਬੰਨ੍ਹ ਲੈ -

***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12***

ਮਾਇਆ ਦੇ ਪਿਆਰ ਵਿਚ ਪੈ ਕੇ ਤੇਰਾ ਜਨਮ ਬਿਰਥਾ ਜਾਂਦਾ ਹੈ। ਮਾਇਆ ਕਿਸ ਨੂੰ ਆਖਦੇ ਨੇ? ਜਿਸ ਚੀਜ਼ ਦਾ ਕੋਈ ਨਾਮ ਹੈ, ਕੋਈ ਰੂਪ ਹੈ ਇਨ੍ਹਾਂ ਦੋ ਗੁਣਾਂ ਦੇ ਅਧੀਨ ਜੋ ਵੀ ਚੀਜ਼ ਆਉਂਦੀ ਹੈ ਉਸ ਨੂੰ ਮਾਇਆ ਕਹਿੰਦੇ ਨੇ। ਇਹ ਜੀਵ ਆਤਮਾ ਭੁੱਲ ਕੇ ਆਪਣੀ ਅਸਲੀਅਤ ਨੂੰ ਪਿਆਰ ਕਰਨ ਦੀ ਥਾਂ ਤੇ ਦੇਖਣ ਵਾਲੀਆਂ ਚੀਜ਼ਾਂ ਨੂੰ ਪਿਆਰ ਕਰਨ ਲੱਗ ਗਿਆ ਜੋ ਥਿਰ ਨਹੀਂ ਰਿਹਾ ਕਰਦੀਆਂ। ਮਹਾਰਾਜ ਜੀ ਕਹਿੰਦੇ ਤੂੰ ਜਨਮ ਬਿਰਥਾ ਗੁਆ ਰਿਹਾ ਹੈਂ। ਫੇਰ ਲਗਨ ਲਗਦੀ ਹੈ ਆਦਮੀ ਨੂੰ। ਫੇਰ ਖਿਆਲ ਆਉਂਦਾ ਹੈ ਕਿ ਮੇਰਾ ਜਨਮ ਤਾਂ ਬਿਰਥਾ ਲੰਘ ਰਿਹਾ ਹੈ ਪਰ ਕਿਸੇ ਕਿਸੇ ਭਾਗਾਂ ਵਾਲੇ ਨੂੰ ਇਹ ਖਿਆਲ ਆਉਂਦਾ ਹੈ। ਬਾਕੀ ਦੁਨੀਆਂ ਨੂੰ ਨਹੀਂ ਆਉਂਦਾ ਕਿਉਂਕਿ ਉਨ੍ਹਾਂ ਦਾ ਮਨ ਮਾਇਆ ਨੇ ਮੋਹ ਲਿਆ -

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥ ਪੰਨਾ - 643***

ਬਾਕੀ ਤਾਂ ਸਾਰਾ ਸੰਸਾਰ ਖਾ ਲਿਆ ਮਾਇਆ ਨੇ। ਨਹੀਂ ਸੋਚਦਾ, ਸੋਚ ਆਉਂਦੀ ਹੀ ਨਹੀਂ। ਕੰਨਾਂ ਦੇ ਨਾਲ ਸੁਣਦਾ ਹੋਇਆ ਵੀ ਅੰਦਰ ਬਾਤ ਲੈ ਕੇ ਨਹੀਂ ਜਾਂਦਾ, ਅੱਖਾਂ ਨਾਲ ਦੇਖਦਾ ਹੋਇਆ ਵੀ ਅੰਦਰ ਬਾਤ ਲੈ ਕੇ ਨਹੀਂ ਜਾਂਦਾ, ਉੱਤੇ ਉੱਤੇ ਗੱਲ ਰਹਿ ਜਾਂਦੀ ਹੈ ਗਹਿਰਾਈ ਵਿਚ ਨਹੀਂ ਜਾਂਦਾ। ਸਾਰੀ ਸੋਚ ਬਦਲ ਜਾਂਦੀ ਹੈ ਇਹ ਗੱਲ ਸੋਚਦੇ ਦੀ ਕਿ ਮੇਰਾ ਤਾਂ

ਜਨਮ ਬਿਰਥਾ ਜਾ ਰਿਹਾ ਹੈ।

ਇਤਿਹਾਸ ਦੇ ਅੰਦਰ ਜ਼ਿਕਰ ਆਉਂਦਾ ਹੈ ਕਿ ਗੁਰੂ ਅਮਰ ਦਾਸ ਜੀ ਨੂੰ ਜਦੋਂ ਅਜੇ ਰੂਹਾਨੀ ਲਗਨ ਨਹੀਂ ਸੀ ਲੱਗੀ। ਆਪ ਜੀ ਚਾਰ ਭਰਾ ਸਨ ਤੇ ਚਾਰਾਂ 'ਚੋਂ ਵੱਡੇ ਆਪ ਸਨ। ਆਪ ਦਾ ਜੋ ਪਹਿਲਾ ਜੀਵਨ ਸੀ ਉਸ ਵਿਚ ਸ਼ੁਧ ਵਿਹਾਰ ਕਰਨੇ, ਖੇਤੀ ਬਾੜੀ ਵੀ ਘਰ ਵਿਚ ਚਲਦੀ ਸੀ, ਖੂਹ ਲੱਗੇ ਹੋਏ ਸਨ, ਜ਼ਮੀਨ ਚੰਗੀ ਸੀ ਪਰ ਆਪ ਨੇ ਫਿਰ ਤੁਰ ਕੇ ਵਪਾਰ ਕਰਨ ਦਾ ਕੰਮ ਆਪਣੇ ਸਿਰ ਲਿਆ ਹੋਇਆ ਸੀ। ਜਿੱਥੇ ਸਾਧੂਆਂ ਦੀ ਸੰਗਤ ਹੁੰਦੀ ਉਥੇ ਜ਼ਰੂਰ ਜਾਂਦੇ ਤੇ ਆਪ ਜੀ ਦੇ ਮਨ ਵਿਚ ਬਾਰ ਬਾਰ ਖਿਆਲ ਆਉਂਦਾ ਕਿ ਸਾਧੂਆਂ ਦੀ ਸੰਗਤ ਵਿਚ ਇਕ ਬਾਤ ਚਲਦੀ ਹੈ ਕਿ ਜਦੋਂ ਤੱਕ ਆਦਮੀ ਗੁਰੂ ਧਾਰਨ ਨਹੀਂ ਕਰਦਾ ਉਨੀ ਦੇਰ ਤੱਕ ਪਾਰਉਤਾਰਾ ਨਹੀਂ ਹੋ ਸਕਦਾ। ਭਾਵੇਂ ਆਪ ਸੁਣਿਆ ਸੁਣਾਇਆ ਇਕ ਮੰਤਰ 'ਓਅੰ ਨਮੋ ਭਗਵਤੇ ਵਾਸੂਦੇਵਾਇ ਨਮਹ' ਖੋੜਸ ਮੰਤਰ ਜਿਸ ਨੂੰ ਕਹਿੰਦੇ ਨੇ, ਜਿਹੜਾ ਧ੍ਰੂ ਨੇ ਜਪਿਆ ਸੀ ਤੇ ਉਸ ਵੇਲੇ ਦੇ ਲੋਕਾਂ ਵਿਚ ਆਮ ਜਪਿਆ ਜਾਂਦਾ ਸੀ। ਉਸ ਦੀ ਇਕ ਅਠੋਤਰੀ ਮਾਲਾ ਆਪ ਨਿਤਨੇਮ ਨਾਲ ਕਰਦੇ ਸਨ ਪਰ ਜੋ ਲੱਛਣ ਸੰਤ ਮਹਾਂਪੁਰਸ਼ ਦੱਸਿਆ ਕਰਦੇ ਸਨ, ਉਹ ਵਿਚਾਰ ਕਰਕੇ ਦੇਖਦੇ ਸਨ ਕਿ ਉਨ੍ਹਾਂ ਵਿਚੋਂ ਮੇਰੇ ਵਿਚ ਕੋਈ ਗੱਲ ਵੀ ਨਹੀਂ ਆ ਰਹੀ ਤੇ ਉਸ ਵੇਲੇ ਆਪਣੀ ਸਰੀਰਕ ਅਵਸਥਾ ਨੂੰ ਵੀ ਦੇਖਦੇ ਨੇ ਕਿ ਸਰੀਰ ਦੀ ਅਵਸਥਾ ਐਸੀ ਹੋ ਗਈ, 62 ਸਾਲ ਦੀ ਉਮਰ ਹੋ ਗਈ। ਖਿਆਲ ਆਉਂਦਾ ਹੈ ਕਿ ਬਚਪਨ ਵਾਲਾ ਤਾਂ ਇਹ ਕਹਿ ਸਕਦਾ ਹੈ ਕਿ ਮੈਂ ਜਵਾਨ ਹੋਵਾਂਗਾ, ਜੁਆਨ ਕਹਿ ਸਕਦਾ ਹੈ ਕਿ ਅਜੇ ਤਾਂ ਮੈਂ ਜਵਾਨ ਹਾਂ ਬੁਢੇਪਾ ਆਉਣਾ ਹੈ ਪਰ ਜਿਸ ਤੇ ਬੁਢਾਪਾ ਆ ਗਿਆ ਉਸ ਦਾ ਤਾਂ ਹਰ ਕਦਮ ਮੌਤ ਵੱਲ ਵਧਦਾ ਜਾਂਦਾ ਹੈ। ਦੂਸਰਾ ਇਹ ਕੋਈ ਪਤਾ ਨਹੀਂ –

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥***
***ਪੰਨਾ – 254***

ਸੋ ਉਸ ਵੇਲੇ ਆਪਣੇ ਸਰੀਰ ਦੀ ਅਵਸਥਾ ਨੂੰ ਦੇਖਕੇ ਏਸ ਤਰ੍ਹਾਂ ਦਾ ਖਿਆਲ ਆਪ ਦੇ ਹਿਰਦੇ ਵਿਚ ਆਉਂਦਾ ਹੈ –

***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥ ਪੰਨਾ – 23***

ਐਸੇ ਐਸੇ ਖਿਆਲ ਆਪ ਨੂੰ ਘੇਰੀ ਰੱਖਦੇ ਨੇ। ਜਦੋਂ ਏਸ ਤਰ੍ਹਾਂ ਦਾ ਖਿਆਲ ਆਵੇ ਉਦੋਂ ਫੇਰ ਵੈਰਾਗ ਲੱਗਿਆ ਕਰਦਾ ਹੈ। ਵੈਰਾਗੀ ਦੇ ਨੇਤਰਾਂ

’ਚੋਂ ਜਲ ਜਾਂਦਾ ਹੈ ਤੇ ਆਪਣੇ ਮੰਤਵ ਦੇ ਬਾਰੇ ਸੋਚਦਾ ਹੈ ਕਿ ਮਨਾ ਅਜੇ ਤਾਂ ਕੁਝ ਵੀ ਪ੍ਰਾਪਤ ਨਹੀਂ ਹੋਇਆ, ਅਜੇ ਤਾਂ ਮੈਨੂੰ ਕੋਈ ਗੁਰੂ ਵੀ ਨਹੀਂ ਮਿਲਿਆ। ਸਾਰੀ ਜ਼ਿੰਦਗੀ ਗੁਰੂ ਦੀ ਤਲਾਸ਼ ਵਿਚ ਲਗਾ ਦਿੱਤੀ ਪਰ ਮੈਨੂੰ ਕੋਈ ਸਮਰੱਥ ਗੁਰੂ ਤਾਂ ਮਿਲਿਆ ਨਹੀਂ ਕਿਉਂਕਿ ਆਪ ਦਾ ਇਹ ਨਿਸਚਾ ਸੀ ਕਿ ‘ਗੁਰੂ ਕਰੇ ਨਿਸ਼ਾ’। ਨਿਸ਼ਾ ਬਿਨਾ ਗੁਰੂ, ਖਿੱਚ ਬਿਨਾ ਪਤੀ ਦੋਵੇਂ ਕਿਸੇ ਕੰਮ ਦੇ ਨਹੀਂ ਹੋਇਆ ਕਰਦੇ।

ਸੋ ਉਸ ਸਮੇਂ ਦੇ ਰਿਵਾਜ ਦੇ ਮੁਤਾਬਕ ਤੀਰਥਾਂ ਦੇ ਵਿਚੋਂ ਗੰਗਾ ਦੇ ਤੀਰਥ ਨੂੰ ਬਹੁਤ ਵੱਡੀ ਮਹੱਤਤਾ ਦਿੱਤੀ ਜਾਂਦੀ ਹੈ। ਸੋ ਆਪ ਜੀ ਨੇ ਇਹ ਪ੍ਰਣ ਕਰ ਲਿਆ ਕਿ ਹਰ ਛੇ ਮਹੀਨੇ ਤੋਂ ਬਾਅਦ ਮੈਂ ਪੈਦਲ ਚਲ ਕੇ ਗੰਗਾ ਦਾ ਇਸ਼ਨਾਨ ਕਰਿਆ ਕਰਾਂਗਾ। ਏਸ ਬਹਾਨੇ ਰਸਤੇ ਵਿਚ ਤੁਰੇ ਜਾਂਦੇ ਕੋਈ ਮਹਾਤਮਾ ਮਿਲ ਜਾਣਗੇ ਤੇ ਹੋ ਸਕਦਾ ਹੈ ਕਿ ਕੋਈ ਸਮਰੱਥ ਗੁਰੂ ਮਿਲ ਜਾਵੇ ਕਿਉਂਕਿ ਗੰਗਾ ਦੇ ਤਟ ਤੇ ਬੇਅੰਤ ਸਾਧੂ ਤਪਸਿਆ ਕਰਿਆ ਕਰਦੇ ਸੀ। ਆਪ ਵੀਹ ਵਾਰ ਗਏ ਪਰ ਕੋਈ ਸਮਰੱਥ ਗੁਰੂ ਨਾ ਮਿਲਿਆ। ਅੱਜ ਆਪ ਇੱਕੀਵੀ ਵਾਰੀ ਜਾ ਰਹੇ ਨੇ ਤੇ ਉਮਰ ਬਹੱਤਰ ਸਾਲ ਦੀ ਹੋਣ ਵਾਲੀ ਹੈ। ਮਨ ਵਿਚ ਬਹੁਤ ਅਫਸੋਸ ਹੈ ਕਿ ਹੁਣ ਕੀ ਸਮਾਂ ਰਹਿ ਗਿਆ, ਬੁਢੇਪਾ ਤਾਂ ਆ ਗਿਆ ਪੂਰੀ ਤਰ੍ਹਾਂ ਦੇ ਨਾਲ, ਕਿੰਨਾ ਕੁ ਸਮਾਂ ਹੋਰ ਹੈ? ਹੁਣ ਤੱਕ ਮੈਨੂੰ ਮਿਲਿਆ ਕੁਝ ਨਹੀਂ ਪਰ ਏਸ ਗੱਲ ਤੇ ਸੀ ਕਿ ਕੱਚੇ ਗੁਰੂ ਨੂੰ ਨਹੀਂ ਧਾਰਨਾ, ਕੋਈ ਪੂਰਾ ਗੁਰੂ ਹੋਵੇ ਤਾਂ ਧਾਰਨਾ ਹੈ, ਨਿਸ਼ਾ ਹੋਏਗੀ ਤਾਂ ਧਾਰਨਾ ਹੈ।

ਸੋ ਤੀਰਥਾਂ ਦੇ ਇਸਨਾਨ ਸਾਡੇ ਭਾਰਤ ਵਰਸ਼ ਦੇ ਅੰਦਰ ਬਹੁਤ ਮਹੱਤਤਾ ਰੱਖਦੇ ਨੇ। ਦੋ ਤਰ੍ਹਾਂ ਦੇ ਤੀਰਥ ਹੋਇਆ ਕਰਦੇ ਨੇ। ਜੜ੍ਹ ਤੇ ਜੰਗਮ, ਪਹਿਲੀ ਕਿਸਮ ਦੇ ਤੀਰਥਾਂ ਨੂੰ ਤਾਂ ਸਾਰਾ ਸੰਸਾਰ ਜਾਣਦਾ ਹੈ ਕਿ ਅਠਾਹਟ ਤੀਰਥ ਭਾਰਤ ਵਰਸ਼ ਦੇ ਅੰਦਰ ਤੇ ਬਾਹਰ ਨੇ ਤੇ ਉਨ੍ਹਾਂ ਦੇ ਇਸ਼ਨਾਨ ਦਾ ਵੱਖਰਾ-ਵੱਖਰਾ ਫਲ ਮਿਲਦਾ ਹੈ। ਇਨ੍ਹਾਂ ਨੂੰ ਜੜ੍ਹ ਤੀਰਥ ਆਖਿਆ ਜਾਂਦਾ ਹੈ।

ਦੂਸਰਾ ਤੀਰਥ ਹੋਇਆ ਕਰਦਾ ਹੈ ਜਿਸ ਨੂੰ ਜੰਗਮ ਤੀਰਥ ਆਖਦੇ ਨੇ। ਜੰਗਮ ਤੀਰਥ ਉਹ ਹੁੰਦਾ ਹੈ ਜਿਥੇ ਪ੍ਰਭੂ ਨੂੰ ਪਛਾਨਣ ਵਾਲੇ ਤੇ ਪ੍ਰਭੂ ਨੂੰ ਮਿਲੇ ਹੋਏ ਵਿਅਕਤੀ ਜਿਨ੍ਹਾਂ ਨੂੰ ਸੰਤ, ਮਹਾਤਮਾ, ਸਾਧੂ, ਗੁਰਮੁਖ, ਗੁਰਸਿੱਖ ਆਦਿ ਆਖਦੇ ਨੇ। ਉਹ ਜਿਸ ਥਾਂ ਤੇ ਵੀ ਬੈਠ ਜਾਣ ਉਥੇ ਤੀਰਥ ਬਣ ਜਾਂਦਾ ਹੈ। ਤੀਰਥ ਇਕ ਨਹੀਂ ਬਣਦਾ, ਉਥੇ ਸਾਰੇ ਤੀਰਥ ਆ ਕੇ ਆਪਣਾ-ਆਪਣਾ ਫਲ ਲੈ ਕੇ ਬੈਠ ਜਾਂਦੇ ਨੇ -

***ਹਰਿ ਕੀ ਕਥਾ ਹੋਤ ਹੈ ਜਹਾ॥***

***ਗੰਗਾ ਭੀ ਚਲ ਆਵਤ ਤਹਾ॥***

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥*** ***ਪੰਨਾ - 72***

ਇਨ੍ਹਾਂ ਤੀਰਥਾਂ ਦੇ ਅਭਿਮਾਨੀ ਦੇਵਤਾ ਉਸ ਸਤਿਸੰਗ ਦੇ ਵਿਚ ਆਪਣੇ-ਆਪਣੇ ਫਲ ਕੱਢ ਕੇ ਬੈਠ ਜਾਂਦੇ ਨੇ ਕਿ ਮਤਾ ਕੋਈ ਸੰਗਤ ਵਿਚੋਂ ਫਲ ਮੰਗ ਲਏ, ਉਹ ਮੇਰੇ ਪਾਸ ਹੋਵੇ ਤੇ ਮੈਂ ਦੇ ਕੇ ਖੁਸ਼ ਹੋਵਾਂ। ਫੇਰ-

***ਤੀਰਥੁ ਬਡਾ ਕਿ ਹਰਿ ਕਾ ਦਾਸੁ॥*** ***ਪੰਨਾ - 331***

ਹਰੀ ਦਾ ਦਾਸ ਜਿੱਥੇ ਬੈਠ ਜਾਏਗਾ ਉਥੇ ਤੀਰਥ ਬਣ ਜਾਏਗਾ -

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥*** ***ਪੰਨਾ - 319***

ਉਹ ਥਾਨ ਸੁਹਾਵਾ ਹੋ ਜਾਂਦਾ ਹੈ।

***ਜਿਥੈ ਜਾਇ ਬਹੈ ਮੇਰਾ ਸਤਿਗੁਰੂ***
***ਸੋ ਥਾਨੁ ਸੁਹਾਵਾ ਰਾਮ ਰਾਜੇ॥*** ***ਪੰਨਾ - 450***

ਸੋ ਜੋ ਜੜ੍ਹ ਤੀਰਥ ਨੇ ਉਨ੍ਹਾਂ ਵਿਚ ਐਨੀ ਸਤਿਆ ਨਹੀਂ ਹੁੰਦੀ ਪਰ ਜੰਗਮ ਤੀਰਥਾਂ ਵਿਚ ਬਹੁਤ ਭਾਰੀ ਸੱਤਿਆ ਹੁੰਦੀ ਹੈ ਕਿਉਂਕਿ ਮਨ ਦੀ ਮੈਲ ਲਾਹੁਣ ਵਾਸਤੇ ਜੜ੍ਹ ਤੀਰਥ ਸਮਰੱਥ ਨਹੀਂ ਹੋਇਆ ਕਰਦਾ। ਜੰਗਮ ਤੀਰਥ ਜਿਹੜੇ ਨੇ ਸਾਧੂ ਮਹਾਂਪੁਰਸ਼ ਉਨ੍ਹਾਂ ਦੇ ਪ੍ਵਚਨ ਤੇ ਉਨ੍ਹਾਂ ਦੇ ਕਹੇ ਦੇ ਮੁਤਾਬਿਕ ਕਮਾਈ ਕਰਨ ਦੇ ਨਾਲ ਮਨ ਦੀ ਮੈਲ ਲਹਿ ਜਾਂਦੀ ਹੈ। ਜਦੋਂ ਤੱਕ ਮਨ ਦੀ ਮੈਲ ਨਹੀਂ ਲਹਿੰਦੀ ਓਨਾ ਚਿਰ ਸੁੱਚ ਨਹੀਂ ਆਇਆ ਕਰਦੀ -

***ਮਨਿ ਮੈਲੈ ਸਭੁ ਕਿਛੁ ਮੈਲਾ***
***ਤਨਿ ਧੋਤੈ ਮਨੁ ਹਛਾ ਨ ਹੋਇ॥*** ***ਪੰਨਾ - 558***

ਜਿੰਨਾ ਚਿਰ ਮਨ ਦੇ ਅੰਦਰ ਮੈਲ ਹੈ ਤਾਂ ਤਨ ਨੂੰ ਜਿੰਨਾ ਜੀਅ ਕਰਦਾ ਹੈ ਧੋਈ ਜਾਓ, ਉਹ ਫੇਰ ਮੈਲਾ ਹੋ ਜਾਏਗਾ। ਤਨ ਕਦੇ ਵੀ ਸੁੱਚਾ ਨਹੀਂ ਹੁੰਦਾ। ਸੋ ਏਸ ਵਾਸਤੇ ਜੜ੍ਹ ਤੀਰਥ ਜੰਗਮ ਤੀਰਥਾਂ, ਮਹਾਂਪੁਰਸ਼ਾਂ ਦੇ ਅਧਾਰ ਤੇ ਆਪਣੀ ਪਵਿੱਤਰਤਾ ਕਾਇਮ ਰੱਖਦੇ ਹੋਏ ਹਰ ਵਕਤ ਪ੍ਰਭੂ ਦੇ ਦਰਬਾਰ ਵਿਚ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਕੋਈ ਆਪਣਾ ਬਖਸ਼ਿਆ ਹੋਇਆ ਪਿਆਰਾ ਭੇਜ ਕਿਉਂਕਿ ਸਾਡੇ ਅੰਦਰ ਪਾਪੀ ਲੋਕ ਇਸ਼ਨਾਨ ਕਰ-ਕਰ ਕੇ ਆਪਣੇ ਪਾਪ ਛੱਡ ਜਾਂਦੇ ਨੇ ਤੇ ਅਸੀਂ ਮੈਲੇ ਹੋ ਗਏ। ਕੋਈ

ਮਹਾਂਪੁਰਸ਼ ਭੇਜ ਉਹ ਆ ਕੇ ਸਾਡੇ ਵਿਚ ਇਸ਼ਨਾਨ ਕਰੇ ਤੇ ਸਾਡੀ ਮੈਲ ਦੂਰ ਹੋਵੇ –

***ਭਾਵ ਅਰਥ – ਤੀਰਥ ਵੀ ਲੋਚਦੇ, ਸੰਤਾਂ ਦੀ ਧੂੜੀ ਤਾਈਂ।***

ਗੰਗਾ ਜਮਨਾ ਗੁਦਾਵਰੀ ਤੇ ਸਰੁਸਤੀ ਚਾਰ ਦਰਿਆ ਬੜੇ ਪਵਿੱਤਰ ਗਿਣੇ ਗਏ ਨੇ। ਇਨ੍ਹਾਂ ਦੇ ਅਭਿਮਾਨ ਦੇਵਤਾ ਮਹਾਰਾਜ ਜੀ ਕਹਿੰਦੇ ਹਨ, ਲੋਚਾ ਕਰਦੇ ਹਨ–

***ਗੰਗਾ ਜਮੁਨਾ ਗੋਦਾਵਰੀ ਸਰੁਸਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*** ***ਪੰਨਾ – 1263***

ਉਦਮ ਕਰਦੇ ਨੇ। ਅਭਿਮਾਨੀ ਦੇਵਤਾ ਜਿਥੇ ਸਾਧੂ ਮਹਾਂਪੁਰਸ਼ ਇਸ਼ਨਾਨ ਕਰਦੇ ਨੇ ਉਸ ਪਾਣੀ ਵਿਚ ਆ ਕੇ ਇਸ਼ਨਾਨ ਕਰਦਾ ਹੈ। ਇਕ ਐਸੀ ਸਾਖੀ ਅਧਿਆਤਮਿਕ ਇਤਿਹਾਸ ਵਿੱਚ ਆਉਂਦੀ ਹੈ। ਇਕ ਕੋਈ ਐਸਾ ਪ੍ਰੇਮੀ ਸੀ, ਹੈ ਪਖੰਡੀ ਸੀ। ਉਸ ਨੇ ਇਹ ਪ੍ਰਣ ਕਰਿਆ ਕਿ ਜਿਸ ਆਦਮੀ ਨੇ ਗੰਗਾ ਵਿਚ ਇਸ਼ਨਾਨ ਨਾ ਕੀਤਾ ਹੋਵੇ ਉਸ ਦੇ ਘਰ ਦਾ ਪ੍ਰਸ਼ਾਦਾ ਨਹੀਂ ਛਕਣਾ। ਸੋ ਜਦੋਂ ਉਹ ਵਿਚਰਦਾ ਸੀ ਤਾਂ ਉਸ ਵੇਲੇ ਪਹਿਲਾ ਸਵਾਲ ਉਸ ਦਾ ਇਹ ਹੁੰਦਾ ਕਿ ਭਾਈ! ਤੂੰ ਗੰਗਾ ਦਾ ਇਸ਼ਨਾਨ ਕਰਿਆ ਹੈ। ਜਿਸ ਦੇ ਘਰ ਰੋਟੀ ਖਾਣੀ ਹੁੰਦੀ ਤਾਂ ਇਹੀ ਸਵਾਲ ਉਹ ਕਰਦਾ ਸੀ। ਜੇ ਤਾਂ ਉਸ ਨੇ 'ਹਾਂ' ਕਹਿਣੀ ਫੇਰ ਤਾਂ ਪ੍ਰਸ਼ਾਦਾ ਛੱਕ ਲੈਣਾ, ਜੇ 'ਨਾਂਹ' ਕਹਿ ਦਿੱਤੀ ਫੇਰ ਪ੍ਰਾਸ਼ਾਦ ਨਹੀਂ ਸੀ ਛਕਦਾ ਕਿਉਂਕਿ ਮਹਾਤਮਾ ਦੇ ਪ੍ਰਣ ਹੋਇਆ ਕਰਦੇ ਨੇ।

ਸੰਤ ਬਾਬਾ ਜਵਾਲਾ ਸਿੰਘ ਜੀ ਪੰਜ ਵਾਰੀ 'ਪੰਜ ਬਾਣੀਆਂ' ਦਾ ਪਾਠ ਕਰਿਆ ਕਰਦੇ ਸਨ ਤੇ ਪੰਦਰਾਂ ਪਾਠ 'ਸੁਖਮਨੀ ਸਾਹਿਬ' ਦੇ ਰੋਜ਼ ਕਰਿਆ ਕਰਦੇ ਸਨ, ਪੱਚੀ ਪਾਠ 'ਜਪੁਜੀ ਸਾਹਿਬ' ਹਰ ਰੋਜ਼ ਕਰਦੇ ਸਨ। ਕਰਕੇ ਦੇਖ ਲਓ ਕਿੰਨਾ ਸਮਾਂ ਲਗਦਾ ਹੈ। ਐਵੇਂ ਹੀ ਨਹੀਂ ਐਡੇ–ਐਡੇ ਮਹਾਤਮਾ ਬਣਦੇ, ਉਨ੍ਹਾਂ ਦੀ ਚਰਨ–ਧੂੜ ਨੂੰ ਸੰਸਾਰ ਲੋਚਦਾ ਹੈ। ਨਾਮ ਲੈ ਕੇ ਉਨ੍ਹਾਂ ਦਾ ਧਿਆਨ ਧਰ ਕੇ ਕਾਰਜ ਸਿੱਧ ਹੁੰਦੇ ਨੇ।

ਸੋ ਉਸ ਦਾ ਇਹ ਪ੍ਰਣ ਸੀ। ਅੱਜ ਉਹ ਗੰਗਾ ਦੇ ਕਿਨਾਰੇ ਆਇਆ ਹੋਇਆ ਹੈ, ਭੁੱਖ ਲੱਗੀ ਹੋਈ ਹੈ, ਪ੍ਰਸ਼ਾਦੇ ਦਾ ਕੋਈ ਬੰਦੋਬਸਤ ਨਹੀਂ ਹੈ। ਕੋਲ ਹੀ ਇਕ ਮਹਾਤਮਾ ਬੀਤ ਰਾਗ, ਪਰਮ ਪਦ ਦੀ ਅਵਸਥਾ ਵਾਲੇ ਨਿਵਾਸ ਰੱਖਦੇ ਨੇ। ਬਹੁਤ ਸੰਗਤ ਉਨ੍ਹਾਂ ਦੇ ਆਸ਼ਰਮ ਆ ਕੇ ਉਨ੍ਹਾਂ ਦੇ

ਪ੍ਰਵਚਨ ਸੁਣ ਕੇ ਆਪਣੇ ਜੀਵਨ ਨੂੰ ਸੋਧ ਦਿੰਦੇ ਨੇ। ਇਹ ਵੀ ਬੈਠਾ ਸੁਣ ਰਿਹਾ ਸੀ। ਜਦੋਂ ਆਵਾਜ਼ ਆਈ ਕਿ ਭਾਈ! ਲੰਗਰ ਤਿਆਰ ਹੈ, ਲੰਗਰ ਛਕੋ। ਉਸ ਵੇਲੇ ਇਸ ਨੇ ਮਨ ਵਿਚ ਸੋਚਿਆ ਕਿ ਇਹ ਮਹਾਤਮਾ ਤਾਂ ਗੰਗਾ ਦੇ ਕੰਢੇ ਤੇ ਹੀ ਰਹਿੰਦੇ ਨੇ, ਇਹ ਤਾਂ ਰੋਜ਼ ਇਸ਼ਨਾਨ ਕਰਦੇ ਹੋਣਗੇ, ਇਨ੍ਹਾਂ ਨੂੰ ਕੀ ਪੁੱਛਣਾ ਹੈ ਜੇ ਮੈਂ ਪੁਛਾਂਗਾ ਤਾਂ ਬੜਾ ਬੁਰਾ ਲੱਗੇਗਾ, ਵੱਡੇ ਮਹਾਤਮਾ ਨੇ, ਸੋ ਨਿਰਾਦਰ ਹੋਏਗਾ ਇਹ ਗੱਲ ਪੁੱਛਣੀ। ਸੋ ਉਸ ਨੇ ਪ੍ਰਸ਼ਾਦਾ ਛੱਕ ਲਿਆ ਪਰ ਮਨ ਦੇ ਅੰਦਰ ਧੁਕਧੁਖੀ ਲੱਗੀ ਰਹੀ ਕਿ ਅੱਜ ਪੁਛਿਆ ਨਹੀਂ। ਮਹਾਂਪੁਰਸ਼ਾਂ ਦੀ ਹਜ਼ੂਰੀ ਵਿਚ ਬੈਠਾ ਸੀ। ਅਖੀਰ ਦੋਵੇਂ ਹੱਥ ਜੋੜੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਤੁਸੀਂ ਤਾਂ ਵੱਡੇ ਭਾਗਾਂ ਵਾਲੇ ਹੋ ਕਿਉਂਕਿ ਗੰਗਾ ਦੇ ਕਿਨਾਰੇ ਰਹਿੰਦੇ ਹੋ ਤੇ ਆਪ ਤਾਂ ਰੋਜ਼ ਹੀ ਗੰਗਾ ਵਿਚ ਇਸ਼ਨਾਨ ਕਰਦੇ ਹੋਵੋਂਗੇ।

ਮਹਾਤਮਾ ਕਹਿਣ ਲੱਗੇ, "ਪ੍ਰੇਮੀਆ! ਅਸੀਂ ਤਾਂ ਕਦੇ ਵੀ ਇਸ਼ਨਾਨ ਨਹੀਂ ਕਰਿਆ ਗੰਗਾ ਦਾ। ਅਸੀਂ ਤਾਂ ਆਪਣੀ ਖੂਹੀ ਤੇ ਇਸ਼ਨਾਨ ਕਰਦੇ ਹਾਂ।"

ਕਹਿੰਦਾ, "ਮਹਾਰਾਜ! ਬੜਾ ਮਾੜਾ ਕੰਮ ਹੋਇਆ ਮੇਰਾ ਤਾਂ ਪ੍ਰਣ ਸੀ।"

ਉਹ ਐਨਾ ਕਹਿ ਕੇ ਉਠ ਕੇ ਚਲਿਆ ਗਿਆ। ਮਨ ਵਿਚ ਸੋਚਦਾ ਜਾਂਦਾ ਹੈ ਕਿ ਮਨਾ! ਸਾਰੀ ਜ਼ਿੰਦਗੀ ਦਾ ਪ੍ਰਣ ਟੁੱਟ ਗਿਆ। ਇਹ ਮਹਾਤਮਾ ਨੇ ਜਾਂ ਕੌਣ ਨੇ ਜਿਹੜੇ ਗੰਗਾ ਦੇ ਕਿਨਾਰੇ ਰਹਿ ਕੇ ਇਸ਼ਨਾਨ ਨਹੀਂ ਕਰਦੇ। ਉਦਾਸੀ ਵਿਚ ਆ ਕੇ ਬਾਹਰ ਟਿੱਬੇ ਤੇ ਪੈ ਗਿਆ। ਥੋੜ੍ਹੀ ਦੇਰ ਵਿਚ ਕੀ ਦੇਖਿਆ ਕਿ ਤਿੰਨ ਵਿਅਕਤੀ ਲੰਘੇ ਜਾਂਦੇ ਨੇ ਕਾਲੇ ਰੰਗ ਨੇ ਉਨ੍ਹਾਂ ਦੇ। ਦੇਖ ਕੇ ਸੋਚਦਾ ਹੈ ਕਿ ਇਹ ਕਿਧਰ ਨੂੰ ਜਾ ਰਹੇ ਨੇ। ਥੋੜ੍ਹੀ ਦੇਰ ਤੋਂ ਬਾਅਦ ਜਦੋਂ ਉਹ ਵਾਪਸ ਆਏ ਤਾਂ ਸਫੈਦ। ਚੰਨ-ਚਾਨਣੀ ਵਿਚ ਦੇਖਦਾ ਹੈ, ਜਦੋਂ ਨੇੜੇ ਆਏ ਤਾਂ ਆਵਾਜ਼ ਮਾਰੀ ਕਿ ਭਾਈ! ਤੁਸੀਂ ਕੌਣ ਹੋ?"

ਉਹ ਖੜ੍ਹ ਗਏ, ਇਸ ਦਾ ਸ਼ੰਕਾ ਨਵਿਰਤ ਕਰਨ ਵਾਸਤੇ। ਕਹਿਣ ਲੱਗੇ, "ਪ੍ਰੇਮੀਆ! ਅਸੀਂ ਤਿੰਨੇ ਹੀ ਗੰਗਾ, ਜਮੁਨਾ ਤੇ ਗੋਦਾਵਰੀ ਦੇ ਅਭਿਮਾਨੀ ਦੇਵਤਾ।

ਕਹਿੰਦਾ, "ਜਦੋਂ ਤੁਸੀਂ ਆਏ ਉਦੋਂ ਤੁਹਾਡੇ ਰੰਗ ਕਾਲੇ ਸਨ, ਤੇ ਹੁਣ ਚਿੱਟੇ ਕਿਵੇਂ ਹੋ ਗਏ?"

ਕਹਿੰਦੇ, "ਪ੍ਰੇਮੀਆ! ਜਿਹੜੇ ਪਾਪੀ ਲੋਕ ਨੇ ਸੰਸਾਰ ਦੇ ਇਹ ਨਹਾ ਕੇ ਪਾਪ ਛੱਡ ਜਾਂਦੇ ਨੇ ਆਪਣੇ ਤੇ ਪਾਪਾਂ ਦੇ ਨਾਲ ਸਾਡੇ ਰੰਗ ਕਾਲੇ

ਹੋ ਜਾਂਦੇ ਨੇ। ਕੋਈ ਮਹਾਤਮਾ ਆ ਕੇ ਇਸ਼ਨਾਨ ਕਰੇ ਤਾਂ ਸਾਡੇ ਪਾਪ ਦੂਰ ਹੁੰਦੇ ਨੇ।"

ਗੁਰੂ ਤੀਸਰੇ ਪਾਤਿਸ਼ਾਹ ਮਹਾਰਾਜ ਤੀਰਥਾਂ ਦੀ ਪੁਕਾਰ ਸੁਣਕੇ ਤੀਰਥਾਂ ਤੇ ਗਏ। ਗੁਰੂ ਨੌਵੇਂ ਪਾਤਿਸ਼ਾਹ ਮਹਾਰਾਜ ਤੀਰਥਾਂ ਦੀ ਪੁਕਾਰ ਸੁਣ ਕੇ ਤੀਰਥਾਂ ਤੇ ਉਨ੍ਹਾਂ ਨੂੰ ਸ਼ੁਧ ਕਰਨ ਵਾਸਤੇ ਗਏ।

ਸੋ ਉਹ ਕਹਿਣ ਲੱਗੇ, "ਪ੍ਰੇਮੀਆ! ਮਹਾਤਮਾ ਕੋਈ ਬੜੀ ਦੇਰ ਤੋਂ ਨਹੀਂ ਆਇਆ, ਭੇਖੀ ਤਾਂ ਬੇਅੰਤ ਆਉਂਦੇ ਨੇ ਪਰ ਜਿਹੜਾ ਹਰ ਵਕਤ ਪ੍ਰਭੂ ਨਾਲ ਜੁੜਿਆ ਹੋਇਆ ਹੈ ਉਹ ਨਹੀਂ ਕੋਈ ਆਇਆ। ਸੋ ਅਸੀਂ ਆਪ ਉਦਮ ਕਰਕੇ ਆਏ ਹਾਂ ਤੇ ਜਿੱਥੇ ਇਨ੍ਹਾਂ ਦੇ ਇਸ਼ਨਾਨ ਕਰਨ ਤੋਂ ਬਾਅਦ ਪਾਣੀ ਖੜ੍ਹਦਾ ਹੈ ਉਥੇ ਅਸੀਂ ਮਲ ਮਲ ਕੇ ਨਹਾਏ ਤਾਂ ਸਾਡੇ ਰੰਗ ਚਿੱਟੇ ਹੋਏ ਨੇ।"

ਇਹ ਹੈਰਾਨ ਹੋ ਗਿਆ।

ਕਹਿੰਦੇ, "ਤੂੰ ਕਿਉਂ ਤਰਕ ਕੀਤੀ ਹੈ ਉਨ੍ਹਾਂ ਤੇ ਉਨ੍ਹਾਂ ਦੀ ਧੂੜੀ ਨੂੰ ਤਾਂ ਅਸੀਂ ਵੀ ਲੋਚਦੇ ਹਾਂ।"

ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ –

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*** ***ਪੰਨਾ – 1263***

ਕਿਉਂ ?

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*** ***ਪੰਨਾ – 1263***

ਸਾਧੂ ਦੀ ਧੂੜ ਮਿਲ ਜਾਵੇ ਤਾਂ ਸਾਡੀ ਮੈਲ ਲਹਿੰਦੀ ਹੈ।

***ਤੀਰਥਿ ਅਠਸਠਿ ਮਜਨਿ ਨਾਈ॥***
***ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ***
***ਸਭ ਦੁਰਮਤਿ ਮੈਲੁ ਗਵਾਈ॥*** ***ਪੰਨਾ – 1263***

ਸੋ ਇਸ ਤਰ੍ਹਾਂ ਦੇ ਨਾਲ ਸਾਰੇ ਤੀਰਥਾਂ ਦਾ ਜ਼ਿਕਰ ਆਪ ਕਰ ਰਹੇ ਨੇ ਤੇ ਮਹਾਰਾਜ ਜੀ ਕਹਿੰਦੇ, ਇਕ ਦੋ ਚਾਰ ਨਹੀਂ ਸਾਰੇ। ਗੰਗਾ ਨੂੰ ਭਗੀਰਥ ਲੈ ਕੇ ਆਇਆ ਸੀ –

*ਜਾਹਰਨਵੀ ਤਪੈ ਭਾਗੀਰਥਿ ਆਣੀ..............॥ ਪੰਨਾ – 1263*

*.................. ਕੇਦਾਰੁ ਥਾਪਿਓ ਮਹਸਾਈ॥*
*ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥*
*ਜਿਤਨੇ ਤੀਰਥ ਦੇਵੀ ਥਾਪੇ.....................॥ ਪੰਨਾ – 1263*

ਦੇਵਤਿਆਂ ਦੇ ਜਿੰਨੇ ਵੀ ਤੀਰਥ ਥਾਪੇ ਨੇ –

*.................. ਸਭਿ ਤਿਤਨੇ*
*ਲੋਚਹਿ ਧੂਰਿ ਸਾਧੂ ਕੀ ਤਾਈ॥ ਪੰਨਾ – 1263*

ਇਕ ਦੋ ਚਾਰ ਨਹੀਂ ਸਾਰੇ –

*ਹਰਿ ਕਾ ਸੰਤੁ ਮਿਲੈ ਗੁਰ ਸਾਧੂ*
*ਲੈ ਤਿਸ ਕੀ ਧੂਰਿ ਮੁਖਿ ਲਾਈ॥*
*ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ*
*ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥*
*ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ .............॥*
*ਪੰਨਾ – 1263*

ਜਿਸ ਦੇ ਮੱਥੇ ਵਿਚ ਲਿਖਿਆ ਹੋਵੇ ਉਸ ਨੂੰ ਸਾਧੂ ਦੀ ਧੂੜ ਪ੍ਰਾਪਤ ਹੁੰਦੀ ਹੈ –

*............... ਤਿਸੁ ਸਾਧੂ ਧੂਰਿ ਦੇ*
*ਹਰਿ ਪਾਰਿ ਲੰਘਾਈ॥ ਪੰਨਾ – 1263*

ਉਸ ਨੂੰ ਵਾਹਿਗੁਰੂ ਪਾਰ ਲੰਘਾ ਦਿੰਦਾ ਹੈ –

*ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥*
*ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥*
*ਫਲੁ ਤੇਵਹੋ ਪਾਈਐ ਜੇਵੇਹੀ ਕਾਰ ਕਮਾਈਐ॥*
*ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ॥*
*ਪੰਨਾ – 468*

ਜੇ ਪਹਿਲਾਂ ਮੱਥੇ ਵਿਚ ਲਿਖਿਆ ਹੋਵੇ ਤਾਂ ਧੂੜ ਮਿਲਦੀ ਹੈ ਨਹੀਂ ਤਾਂ ਧੂੜੀ ਮਿਲਿਆ ਨਹੀਂ ਕਰਦੀ। ਸੋ ਏਸ ਤਰ੍ਹਾਂ ਗੁਰਮਤਿ ਦਾ ਵਿਚਾਰ ਹੈ ਕਿ ਜੋ ਜੰਗਮ ਤੀਰਥ ਹੈ, ਬੰਦਗੀ ਕਰਨ ਵਾਲਾ ਉਹ ਤੀਰਥ ਸ੍ਰੇਸ਼ਟ ਹੁੰਦਾ ਹੈ ਤੇ ਜੇ ਉਸ ਦੀ ਸੰਗਤ ਕਰ ਲਈ ਜਾਵੇ ਤਾਂ ਕਿਤੇ ਜਾਣ ਦੀ ਲੋੜ ਨਹੀਂ ਹੈ, ਕਿਤੇ ਪੈਸਾ ਖਰਚਣ ਦੀ ਲੋੜ ਨਹੀਂ ਹੈ ਤੇ ਅੰਦਰ ਹੀ ਅਠਾਹਠ ਤੀਰਥ ਨੇ –

***ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ***
***ਭਾਵਨ ਪਾਤੀ ਤ੍ਰਿਪਤਿ ਕਰੇ॥*** ***ਪੰਨਾ – 728***

ਕਹਿੰਦੇ ਨੇ, ਹਰੇਕ ਦੇ ਅੰਦਰ ਤੀਰਥ ਹੈ, ਆਤਮ ਤੀਰਥ। ਸੋ ਇਸ ਤੀਰਥ ਦਾ ਜੇ ਇਸ਼ਨਾਨ ਹੋ ਜਾਵੇ, ਸਤਿਸੰਗ ਦਾ ਤਾਂ ਇਹ ਅਠਾਹਠ ਤੀਰਥ ਤਾਂ ਕੁਝ ਵੀ ਨਹੀਂ, ਸਾਰੇ ਤੀਰਥਾਂ ਦਾ ਜਿੰਨੇ ਦੁਨੀਆਂ ਵਿਚ ਨੇ ਸਾਰਿਆਂ ਦਾ ਇਸ਼ਨਾਨ ਹੋ ਜਾਂਦਾ ਹੈ –

***ਧਾਰਨਾ – ਸਾਰੇ ਤੀਰਥਾਂ ਦਾ ਨ੍ਹਾਣ ਹੋ ਜਾਵੇ,***
***ਸੰਗਤ ਕਰਕੇ ਸਾਧੂਆਂ ਦੀ।***

***ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥***
***ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥***
***ਗੁਰ ਗਿਆਨੁ ਸਾਚਾ ਥਾਨੁ ਤੀਰਥੁ***
***ਦਸ ਪੁਰਬ ਸਦਾ ਦਸਾਹਰਾ॥***
***ਹਉ ਨਾਮੁ ਹਰਿ ਕਾ ਸਦਾ ਜਾਚਉ***
***ਦੇਹੁ ਪ੍ਰਭ ਧਰਣੀਧਰਾ॥*** ***ਪੰਨਾ – 687***

ਮਹਾਂਪੁਰਸ਼ਾਂ ਦੀ ਸੰਗਤ ਕਰਨ ਦੇ ਨਾਲ ਅਠਾਹਠ ਤੀਰਥ ਕੀ, ਮਹਾਰਾਜ ਜੀ ਕਹਿੰਦੇ ਜਿੰਨੇ ਵੀ ਸੰਸਾਰ ਵਿਚ ਤੀਰਥ ਨੇ ਸਾਰਿਆਂ ਦਾ ਨ੍ਹਾਉਣ ਹੋ ਜਾਏਗਾ, ਇਸ਼ਨਾਨ ਹੋ ਜਾਂਦਾ ਹੈ।

***ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ॥***
***ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ॥***
***ਪੰਨਾ – 48***

ਲਾਭ ਸੱਚਾ ਇਹ ਹੈ ਕਿ ਇਸ ਤੀਰਥ ਦਾ ਇਸ਼ਨਾਨ ਕਰਕੇ ਜੀਵ ਪ੍ਰਾਣ, ਮਨ, ਤਨ ਸਾਰੇ ਹਰੇ ਹੋ ਜਾਂਦੇ ਨੇ ਤੇ ਫੇਰ –

***ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ॥***

***ਪੰਨਾ - 48***

ਦਰਗਾਹ ਵਿਚ ਥਾਂ ਮਿਲ ਜਾਇਆ ਕਰਦਾ ਹੈ। ਸੋ ਉਹ ਤੀਰਥ ਤਾਂ ਦਰਗਾਹ ਵਿਚ ਥਾਂ ਨਹੀਂ ਦਿੰਦੇ। ਸੋ ਇਹ ਤੀਰਥ ਵੱਡਾ ਹੈ ਸਾਧ ਸੰਗਤ ਜੀ!

***ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥***
***ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥ ਪੰਨਾ - 587***

ਜੇ ਅੰਮ੍ਰਿਤਸਰ ਦੇ ਵਿਚ ਇਸ਼ਨਾਨ ਕਰ ਲਵੇ ਤਾਂ ਮੈਲ ਚਲੀ ਜਾਂਦੀ ਹੈ ਸਾਰੀ ਤੇ ਮਨ ਨਿਰਮਲ ਹੋ ਜਾਂਦਾ ਹੈ। ਜਦੋਂ ਮਨ ਨਿਰਮਲ ਹੋ ਗਿਆ ਫੇਰ -

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ ਪੰਨਾ - 1368***

ਸੋ ਜੋ ਅੰਮ੍ਰਿਤਸਰ ਤੀਰਥ ਹੈ ਜਿਸ ਦੇ ਬਾਰੇ ਸਾਨੂੰ ਰੋਜ਼ ਇਸ਼ਨਾਨ ਕਰਨ ਦਾ ਆਦੇਸ਼ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ - 305***

ਜੇ ਅਸੀਂ ਅੰਮ੍ਰਿਤਸਰ ਇਸ਼ਨਾਨ ਨਹੀਂ ਕਰਦੇ ਤਾਂ ਅਸੀਂ ਗੁਰੂ ਦਾ ਹੁਕਮ ਨਹੀਂ ਮੰਨਦੇ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਮਹਾਰਾਜ ਦਾ ਆਸ਼ਾ ਕੀ ਹੋਇਆ? ਮਹਾਰਾਜ ਆਪ ਹੀ ਸਪਸ਼ਟ ਕਰਦੇ ਨੇ ਕਿ -

***ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ............॥ ਪੰਨਾ - 40***

ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰਮ੍ਰਿਤ ਦਾ ਸਰੋਵਰ ਨੇ -

***............. ਵਡਭਾਗੀ ਨਾਵਹਿ ਆਇ॥ ਪੰਨਾ - 40***

ਵੱਡਿਆਂ ਭਾਗਾਂ ਵਾਲੇ ਨੇ ਜਿਹੜੇ ਇਸ ਦੀ ਬਾਣੀ ਦੇ ਵਿਚ ਰੋਜ਼ ਇਸ਼ਨਾਨ ਕਰਦੇ ਨੇ ਤੇ ਉਸ ਦਾ ਫਲ ਕੀ ਹੁੰਦਾ ਹੈ?

***ਉਨ ਜਨਮ ਜਨਮ ਕੀ ਮੈਲੁ ਉਤਰੈ***
***ਨਿਰਮਲ ਨਾਮੁ ਦ੍ਰਿੜਾਇ॥ ਪੰਨਾ - 40***

ਨਾਮ ਦ੍ਰਿੜ ਹੋ ਜਾਇਆ ਕਰਦਾ ਹੈ –

***ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ***
***ਮਨੁ ਨਾਵੈ ਮੈਲੁ ਚੁਕਾਵਣਿਆ॥ ਪੰਨਾ – 113***

ਸਤਿਗੁਰੂ ਹੀ ਅੰਮ੍ਰਿਤਸਰ ਤੀਰਥ ਹੋਇਆ ਕਰਦਾ ਹੈ –

***ਅਨੇਕ ਤੀਰਥ ਜੇ ਜਤਨ ਕਰੈ***
***ਤਾ ਅੰਤਰ ਕੀ ਹਉਮੈ ਕਦੇ ਨ ਜਾਇ॥ ਪੰਨਾ – 491***

ਬਾਕੀ ਤੀਰਥਾਂ ਤੇ ਇਸ਼ਨਾਨ ਕਰ ਲਓ, ਚਾਹੇ ਸਾਰੀ ਜ਼ਿੰਦਗੀ ਇਸ਼ਨਾਨ ਕਰੀ ਜਾਓ। ਮਹਾਰਾਜ ਜੀ ਕਹਿੰਦੇ, ਅਠਾਹਠ ਨਾ ਕਹੋ ਤੁਸੀਂ ਅਨਿਕ ਕਹੋ। ਅਨੇਕਾਂ–ਅਨੇਕਾਂ।

ਕਦੇ ਵੀ ਹਉਮੈ ਨਹੀਂ ਜਾਂਦੀ ਆਦਮੀ ਦੀ, ਸਗੋਂ ਵੱਧ ਜਾਂਦੀ ਹੈ ਕਿ ਮੈਂ ਤਾਂ ਜੀ ਦੱਸ–ਦੱਸ ਵਾਰ ਤੀਰਥਾਂ ਤੇ ਗਿਆ ਸੀ। ਸੋ ਹਉਮੈ ਨੂੰ ਦੂਰ ਕਰਨ ਦੀ ਸਮਰਥਾ ਨਹੀਂ ਰੱਖਦੇ –

***ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥***
***ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥ ਪੰਨਾ – 39***

ਭਾਵੇਂ ਸੈਂਕੜੇ ਤੀਰਥਾਂ ਦਾ ਇਸ਼ਨਾਨ ਕਰ ਲਓ ਪਰ ਹਉਮੈ ਦੀ ਮੈਲ ਦੂਰ ਨਹੀਂ ਹੋਇਆ ਕਰਦੀ। ਸੋ ਇਸ ਤਰ੍ਹਾਂ ਆਪ ਹਰ ਵਾਰੀ ਤੀਰਥ ਇਸ਼ਨਾਨ ਕਰਨ ਜਾਂਦੇ ਨੇ। ਅੱਜ ਇੱਕੀਵੀਂ ਵਾਰੀ ਗਏ ਮਨ ਦੇ ਅੰਦਰ ਬੜੀ ਗੰਭੀਰਤਾ ਹੈ। ਬਾਰ ਬਾਰ ਸੋਚਦੇ ਨੇ ਕਿ ਮਨਾ ਅਜੇ ਤੱਕ ਗੁਰੂ ਨਹੀਂ ਮਿਲਿਆ, ਬਹੱਤਰ ਸਾਲ ਦੀ ਤੇਰੀ ਉਮਰ ਹੋ ਗਈ। ਕੋਈ ਪਤਾ ਨਹੀਂ ਕਾਲ ਦਾ ਕਦੋਂ ਗੁਲੇਲਾ ਆ ਲੱਗੇ –

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥***
***ਪੰਨਾ – 631***

ਖਾਂਦਿਆਂ–ਪੀਂਦਿਆਂ, ਕਾਰੋਬਾਰ ਕਰਦਿਆਂ, ਨੌਕਰੀਆਂ ਚਾਕਰੀਆਂ ਕਰਦਿਆਂ, ਵਣਜ ਵਪਾਰ ਕਰਦਿਆਂ ਇਹ ਕੋਈ ਨਹੀਂ ਕਹਿ ਸਕਦਾ ਕਿ ਕਦੋਂ ਕਾਲ ਦਾ ਗੁਲੇਲਾ ਆ ਲੱਗੇ। ਅਚਾਨਕ ਗੁਲੇਲਾ ਲਗਦਾ ਹੈ ਆਦਮੀ ਦੇ ਕੰਮ ਪੂਰੇ ਨਹੀਂ ਹੁੰਦੇ, ਸਮਾਂ ਪੂਰਾ ਹੋ ਜਾਇਆ ਕਰਦਾ ਹੈ। ਮੰਜੇ ਤੇ

ਪਿਆ ਬਿਮਾਰੀ ਦੀ ਹਾਲਤ ਵਿਚ ਪਤਾ ਹੈ ਕਿ ਮੈਂ ਸੰਸਾਰ ਤੋਂ ਜਾ ਰਿਹਾ ਹਾਂ। ਉਸ ਵੇਲੇ ਵੀ ਕੰਮ ਗਿਣਾਉਣੇ ਸ਼ੁਰੂ ਹੋ ਜਾਂਦਾ ਹੈ। ਵਾਪਸ ਜਾਂਦੇ ਹੋਏ ਗੁਰੂ ਅਮਰਦਾਸ ਜੀ ਦਾ ਇਕ ਬ੍ਰਹਮਚਾਰੀ ਨਾਲ ਮੇਲ ਹੋ ਗਿਆ। ਜਦੋਂ ਆਪ ਦਾ ਸੁਭਾਅ ਦੇਖਿਆ ਉਸ ਨੇ ਕਿ ਇਹ ਬਹੁਤ ਸ੍ਰੇਸ਼ਟ ਪੁਰਸ਼ ਨੇ ਬਾਬਾ ਅਮਰ ਦਾਸ ਤਾਂ ਉਸ ਦਾ ਚਿੱਤ ਖਿੜ ਆਇਆ, ਨਾਲ ਹੀ ਪੈਂਡਾ ਸ਼ੁਰੂ ਕਰ ਦਿੱਤਾ ਤੇ ਵਾਪਸ ਜਾਂਦੇ ਜਾਂਦੇ ਅੱਜ ਇਕ ਪਿੰਡ ਵਿਚ ਇਕ ਸਰਾਂ ਬਣਾਈ ਹੋਈ ਹੈ। ਉਥੇ ਇਕ ਪੰਡਤ, ਕੋਈ ਚੰਗਾ ਪਰਉਪਕਾਰੀ ਤੇ ਨਾਲ ਹੀ ਜੋਤਸ਼ ਵਿਦਿਆ ਦਾ ਜਾਣੂ ਵੀ ਹੈ। ਉਥੇ ਜਾ ਕੇ ਦੋਹਾਂ ਨੇ ਵਿਸ਼ਰਾਮ ਕੀਤਾ ਤੇ ਆਪ ਜੀ ਸਹਿਜ ਸੁਭਾਅ ਪਏ ਨੇ। ਉਹ ਪੰਡਤ 'ਸਮੁੰਦਰਕ' ਵਿਦਿਆ ਦਾ ਜਾਣੂ ਸੀ। ਸਮੁੰਦ੍ਰਕ ਵਿਦਿਆ ਉਹ ਹੁੰਦੀ ਹੈ ਜਿਸ ਵਿਚ ਅੰਗ ਦੇਖ ਕੇ, ਮੱਥਾ, ਨੱਕ, ਹੱਥ ਤੇ ਤਲੀਆਂ ਦੇਖ ਕੇ ਉਹ ਦੱਸ ਦਿੰਦੇ ਨੇ। ਜਿਵੇਂ ਜੋਤਸ਼ੀ ਦੱਸਦੇ ਨੇ ਏਸ ਤਰ੍ਹਾਂ ਦੱਸ ਦਿੰਦੇ ਨੇ। ਸੋ ਉਹ ਜਾਣੂ ਸੀ। ਜਦੋਂ ਉਹ ਪੈਸੇ ਲੈਣ ਵਾਸਤੇ ਆਇਆ ਤਾਂ ਉਸੇ ਵੇਲੇ ਬਾਬਾ ਅਮਰ ਦਾਸ ਜੀ ਸਹਿਜ ਸੁਭਾਅ ਗੋਡੇ ਤੇ ਪੈਰ ਰੱਖੀਂ ਪਏ ਨੇ। ਉਸ ਦੀ ਨਿਗ੍ਹਾ ਇਕ ਦਮ ਪੈ ਗਈ, ਕੀ ਦੇਖਦਾ ਹੈ ਕਿ ਚਰਨ ਤੇ ਤਾਂ 'ਪਦਮ' ਹੈ ਤੇ 'ਪਦਮ' ਵੀ ਸ਼ੁਧ ਹੈ, ਕਿਸੇ ਦੇ ਚੌਥਾ ਹਿੱਸਾ ਹੁੰਦਾ ਹੈ, ਦੋ ਪੱਤੇ ਹੰਦੇ ਨੇ ਕਿਸੇ ਦੇ ਚਾਰ ਤੇ ਇਥੇ ਪੂਰੇ ਦਲਾਂ ਦਾ ਪਦਮ ਬਣਿਆ ਹੋਇਆ ਹੈ। ਉਸ ਵੇਲੇ ਹੈਰਾਨ ਰਹਿ ਗਿਆ ਕਿ ਇਹ ਤਾਂ ਵੱਡੇ-ਵੱਡੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਹੋਇਆ ਕਰਦਾ ਹੈ। ਇਹ ਤਾਂ ਕੋਈ ਅਵਤਾਰ ਹੋਣੇ ਚਾਹੀਦੇ ਨੇ। ਇਹ ਇਸ ਹਾਲਤ ਵਿਚ ਕਿਉਂ ਫਿਰਦੇ ਨੇ, ਗੁਪਤ ਕਿਉਂ ਨੇ, ਪ੍ਰਗਟ ਕਿਉਂ ਨਹੀਂ ਹੋਏ ਅਜੇ ਤੱਕ ਜਾਂ ਇਹ ਚੱਕਰਵਰਤੀ ਬਾਦਸ਼ਾਹ ਚਾਹੀਦੇ ਨੇ। ਲਿਬਾਸ ਤੋਂ ਨਹੀਂ ਲਗਦੇ ਕਿ ਚੱਕਰਵਰਤੀ ਬਾਦਸ਼ਾਹ ਨੇ ਤੇ ਹੋ ਸਕਦਾ ਹੈ ਕੋਈ ਵੱਡੇ ਮਹਾਂਪੁਰਸ਼ ਹੋਣ ਤੇ ਆਪਣੇ ਆਪ ਨੂੰ ਪ੍ਰਗਟ ਕਰਨਾ ਨਾ ਚਾਹੁੰਦੇ ਹੋਣ। ਸੋ ਉਸ ਵੇਲੇ ਉਸ ਨੇ ਦੇਖ ਕੇ ਮਨ ਵਿਚ ਬਹੁਤ ਗੱਲਾਂ ਵਿਚਾਰੀਆਂ ਕਿ ਇਹ ਤਾਂ ਖਾਸ ਜੇ ਕੋਈ ਵਿਸ਼ਨੂੰ ਦਾ ਅਵਤਾਰ ਹੋਵੇ ਉਸ ਦੇ ਹੋਇਆ ਕਰਦਾ ਹੈ। ਕ੍ਰਿਸ਼ਨ ਮਹਾਰਾਜ ਜੀ ਦੇ -

***ਚਰਣ ਕਮਲ ਵਿਚਿ ਪਦਮੁ ਹੈ***
***ਝਿਲਮਿਲ ਝਲਕੈ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।***

***ਭਾਈ ਗੁਰਦਾਸ ਜੀ ਦੀ ਵਾਰ 10/23***

ਕਮਲ ਦੇ ਵਿਚ ਹੀ ਬਾਣ ਮਾਰਿਆ, ਅੱਖ ਦਾ ਭੁਲੇਖਾ ਪੈ ਗਿਆ ਮ੍ਰਿਗ ਦੀ। ਕਹਿੰਦੇ ਐਨਾ ਸਪਸ਼ਟ ਪਦਮ ਮੈਂ ਤਾਂ ਦੇਖਿਆ ਨਹੀਂ। ਗੁਰਬਾਣੀ

ਦੇ ਅੰਦਰ ਭੱਟ ਕਹਿੰਦੇ ਨੇ ਕਿ ਗੁਰੂ ਅਮਰਦਾਸ ਜੀ ਦੇ ਪਦਮ ਉਨ੍ਹਾਂ ਦੇ ਦਾਹਿਨੇ (ਸੱਜੇ) ਹੱਥ ਵਿਚ ਸੀ। ਚਰਨਾਂ ਦਾ ਉਨ੍ਹਾਂ ਨੇ ਦੇਖ ਲਿਆ, ਹੱਥ ਦਾ ਇਨ੍ਹਾਂ ਨੇ ਦੇਖ ਲਿਆ। ਸੋ ਉਸ ਵੇਲੇ ਮਨ ਵਿਚ ਬਹੁਤ ਖਿਆਲ ਆਉਂਦੇ ਨੇ ਤੇ ਇਰਾਦਾ ਕਰ ਲਿਆ ਕਿ ਇਨ੍ਹਾਂ ਤੋਂ ਮੈਂ ਕੋਈ ਕਿਰਾਇਆ ਨਹੀਂ ਲੈਣਾ। ਜਦੋਂ ਬਾਬਾ ਅਮਰ ਦਾਸ ਜੀ ਜਾਣ ਲੱਗੇ ਤਾਂ ਪੰਡਤ ਜੀ ਆਏ।

ਬਾਬਾ ਜੀ ਕਹਿੰਦੇ, "ਪੰਡਤ ਜੀ! ਤੁਸੀਂ ਆਪਣਾ ਕਮਰਾ ਸਾਂਭੋ। ਚੀਜ਼ਾਂ ਦੇਖ ਲਓ ਸਾਰੀਆਂ ਤੇ ਦੱਸੋ ਕਿੰਨੀ ਮਾਇਆ ਦੇਈਏ?"

ਉਸ ਵੇਲੇ ਪੰਡਤ ਜੀ ਨੇ ਚਰਨਾਂ ਤੇ ਨਮਸ਼ਕਾਰ ਕਰ ਦਿੱਤੀ, ਹੈਰਾਨ ਹੋ ਗਏ ਕਿ ਇਹ ਬ੍ਰਾਹਮਣ ਕਿਉਂ ਨਮਸ਼ਕਾਰ ਕਰ ਰਿਹਾ ਹੈ।

ਕਹਿਣ ਲੱਗੇ, "ਪੰਡਤ ਜੀ! ਤੁਸੀਂ ਬ੍ਰਾਹਮਣ ਹੋ ਕਿਉਂ ਚਰਨਾਂ ਤੇ ਨਮਸ਼ਕਾਰ ਕਰ ਰਹੇ ਹੋ?"

ਕਹਿੰਦਾ, ਬਾਬਾ ਜੀ! ਮੈਂ ਤੁਹਾਡੇ ਬਾਰੇ ਜਾਣਦਾ ਨਹੀਂ ਕੁਝ ਵੀ ਕਿ ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ। ਇਹ ਪਤਾ ਹੈ ਕਿ ਸਾਲ ਵਿਚ ਦੋ ਵਾਰੀ ਆਉਂਦੇ ਹੋ ਤੇ ਅੱਜ ਮੇਰੇ ਭਾਗ ਜਾਗ ਪਏ ਕਿ ਮੈਂ ਤੁਹਾਡੇ ਚਰਨਾਂ ਵੱਲ ਨਿਗ੍ਹਾ ਕਰ ਲਈ। ਤੁਹਾਡੇ ਚਰਨਾਂ ਵਿਚ ਤਾਂ ਪਦਮ ਹੈ ਤੇ ਕੀ ਵਜ੍ਹਾ ਹੈ ਕਿ ਤੁਸੀਂ ਪ੍ਰਗਟ ਨਹੀਂ ਹੋਏ ਅਜੇ ਤੱਕ। ਬਾਕੀ ਰਹੀ ਭਾੜੇ ਦੀ, ਕਿਰਾਏ ਦੀ ਗੱਲ, ਹੁਣ ਮੈਂ ਕਿਰਾਇਆ ਨਹੀਂ ਲੈਣਾ। ਲਵਾਂਗਾ ਜਰੂਰ ਪਰ ਓਸ ਵੇਲੇ ਜਦੋਂ ਤੁਸੀਂ ਪ੍ਰਗਟ ਹੋ ਜਾਓਗੇ।"

ਸੋ ਇਨ੍ਹਾਂ ਬਚਨਾਂ ਨੇ ਉਸ ਬ੍ਰਹਮਚਾਰੀ ਨੂੰ ਵੀ ਕਾਫੀ ਸ਼ਰਧਾ ਵਿਚ ਲੈ ਆਂਦਾ ਤੇ ਚਲਦੇ ਚਲਦੇ ਆਪ ਆਪਣੇ ਨਗਰ ਆ ਗਏ ਬਾਸਰਕੇ। ਉਥੇ ਆਪ ਇਕ ਦਿਨ ਬਾਹਰ ਬੈਠੇ ਨੇ ਖੂਹ ਤੇ। ਉਥੇ ਉਸ ਨੇ ਜ਼ਿਕਰ ਚਲਾਇਆ ਕਿ ਬਾਬਾ ਅਮਰ ਦਾਸ ਜੀ! ਤੁਹਾਡੀ ਸੰਗਤ ਕਰਕੇ ਮੈਨੂੰ ਬੜਾ ਅਨੰਦ ਆਇਆ ਕਿਉਂਕਿ ਤੁਸੀਂ ਬਹੁਤ ਸਾਧੂ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਹੈ। ਤੁਹਾਡਾ ਸੁਭਾਅ ਆਪਣਾ ਹੀ ਹੈ ਹੋਰ ਕਿਸੇ ਦਾ ਸੁਭਾਅ ਐਸਾ ਨਹੀਂ ਹੈ ਤੇ ਇਕ ਤਰ੍ਹਾਂ ਦੇ ਨਾਲ ਮੈਂ ਤੁਹਾਡਾ ਸ਼ਰਧਾਲੂ ਹੋ ਚੁੱਕਿਆ ਹਾਂ ਤੇ ਮੈਨੂੰ ਕਿਰਪਾ ਕਰਕੇ ਤੁਸੀਂ ਦੱਸ ਸਕਦੇ ਹੋ ਕਿ ਤੁਹਾਡੇ ਗੁਰੂ ਕੌਣ ਨੇ? ਜਿਨ੍ਹਾਂ ਤੋਂ ਤੁਸੀਂ ਐਨਾ ਸੋਹਣਾ ਜੀਵਨ ਲਿਆ ਉਹ ਕੌਣ ਨੇ?"

ਐਨੀ ਕਹਿਣ ਦੀ ਦੇਰ ਸੀ ਉਹ ਇਸ ਤਰ੍ਹਾਂ ਹੋਇਆ ਜਿਵੇਂ ਕਿਸੇ ਨੇ ਕਿਸੇ ਦੀ ਦੁਖਦੀ ਥਾਂ ਤੇ ਸੱਟ ਮਾਰੀ ਹੋਵੇ। ਬਾਬਾ ਅਮਰਦਾਸ ਜੀ ਦੇ ਨੇਤਰਾਂ ਵਿਚੋਂ ਜਲ ਜਾਣਾ ਸ਼ੁਰੂ ਹੋ ਗਿਆ, ਬੋਲ ਨਹੀਂ ਸਕੇ ਤੇ ਉਹ

ਬ੍ਰਹਮਚਾਰੀ ਨੇ ਸਮਝਿਆ ਕਿ ਮੈਂ ਬੜੀ ਮਾੜੀ ਗੱਲ ਕਹੀ, ਮੈਂ ਆਵੇਂ ਹੀ ਕਹਿ ਬੈਠਿਆ। ਹੋ ਸਕਦਾ ਹੈ ਇਨ੍ਹਾਂ ਦੇ ਗੁਰੂ ਚੜ੍ਹਾਈ ਕਰ ਗਏ ਹੋਣ ਤੇ ਪਿਆਰ ਬਹੁਤ ਕਰਦੇ ਨੇ ਇਸ ਕਰਕੇ ਐਸਾ ਹੋਇਆ।

ਉਹ ਕਹਿਣ ਲੱਗਿਆ, "ਬਾਬਾ ਜੀ! ਜੇ ਤੁਹਾਡੇ ਗੁਰੂ ਸਰੀਰ ਛੱਡ ਗਏ, ਗੁਰੂ ਤਾਂ ਕਿਤੇ ਜਾਇਆ ਹੀ ਨਹੀਂ ਕਰਦੇ ਚਾਹੇ ਸਰੀਰ ਵਿਚ ਹੋਣ ਚਾਹੇ ਸਰੀਰ ਛੱਡ ਦੇਣ ਗੁਰੂ ਨਹੀਂ ਕਿਤੇ ਜਾਇਆ ਕਰਦਾ। ਚੰਗਾ ਕੋਈ ਨਾਂ, ਤੁਸੀਂ ਉਨ੍ਹਾਂ ਦੀ ਯਾਦ ਵਿਚ ਰਹਿੰਦੇ ਹੋ। ਜੋ ਯਾਦ ਦੇ ਨਾਲ ਗੁਰੂ ਨਾਲ ਜੁੜਿਆ ਰਹੇ ਫੇਰ ਗੁਰੂ ਹਾਜਰ ਨਾਜਰ ਹੀ ਹੋਇਆ ਕਰਦਾ ਹੈ ਜਾਇਆ ਨਹੀਂ ਕਰਦਾ। ਜਾਂਦਾ ਉਦੋਂ ਹੈ ਜਦੋਂ ਸਾਡੇ ਮਨ ਵਿਚੋਂ ਭੁੱਲ ਜਾਵੇ, ਯਾਦ ਦੀ, ਲਿਵ ਦੀ ਡੋਰ ਟੁੱਟ ਜਾਵੇ ਫੇਰ ਗੁਰੂ ਜਾਂਦਾ ਹੈ ਪਰ ਗੁਰੂ ਰਹਿੰਦਾ ਨਾਲ ਹੈ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥*** ***ਪੰਨਾ - 394***

ਬਾਬਾ ਜੀ ਕਹਿਣ ਲੱਗੇ, "ਬ੍ਰਹਮਚਾਰੀ ਜੀ! ਮੈਂ ਤਾਂ ਬਹੁਤ ਬਦਕਿਸਮਤ ਹਾਂ ਕਿਉਂਕਿ ਬਹੱਤਰ ਸਾਲ ਦੀ ਮੇਰੀ ਉਮਰ ਹੋ ਗਈ ਪਰ ਅਜੇ ਤੱਕ ਵੀ ਮੈਨੂੰ ਕੋਈ ਸਮਰੱਥ ਗੁਰੂ ਨਹੀਂ ਮਿਲਿਆ ਕਿਉਂਕਿ ਮੇਰਾ ਇਹ ਪ੍ਰਣ ਸੀ ਕਿ ਮੈਂ ਗੁਰੂ ਪਰਖ ਕੇ ਕਰਨਾ ਹੈ ਮੈਂ ਦੇਖਾ ਦੇਖੀ ਨਹੀਂ ਕਰਨਾ, ਵਹੀਰਾਂ ਦੇਖ ਕੇ ਨਹੀਂ ਕਰਨਾ ਕਿ ਇਸ ਦੇ ਮਗਰ ਬਹੁਤ ਦੁਨੀਆਂ ਆਉਂਦੀ ਹੈ। ਮੈਂ ਪਰਖ ਲੈਣੀ ਹੈ। ਜਿਥੇ ਮੇਰੇ ਮਨ ਦੀ ਨਿਸ਼ਾ ਹੋਏਗੀ ਉਥੇ ਮੈਂ ਸੌਦਾ ਕਰ ਦੇਣਾ ਹੈ ਤਨ ਦਾ, ਮਨ ਦਾ, ਧਨ ਦਾ ਆਪਣੇ ਕੋਲ ਕੁਝ ਵੀ ਨਹੀਂ ਰੱਖਣਾ ਸਭ ਕੁਝ ਗੁਰੂ ਨੂੰ ਦੇ ਦੇਣਾ ਹੈ।"

ਕਹਿੰਦਾ, "ਹੈਂ! ਬਾਬਾ ਅਮਰਦਾਸ ਤੂੰ ਅਜੇ ਤੱਕ ਨਿਗੁਰਾ ਹੈ? ਬੜਾ ਮਾੜਾ ਕੰਮ ਹੋਇਆ। ਤੂੰ ਤਾਂ ਆਪਣਾ ਜਨਮ ਬਿਰਥਾ ਗੁਆ ਰਿਹਾ ਹੈ। ਹੇ ਮੇਰੀ ਕਿਸਮਤ! ਮੈਂ ਇੰਨਾ ਨਭਾਗਾ ਬੰਦਾ ਹਾਂ ਕਿ ਮੈਂ ਇਕ ਨਿਗੁਰੇ ਦੀ ਸੰਗਤ ਕਰਦਾ ਰਿਹਾ। ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਭੁੱਲ ਕੇ ਵੀ ਤੁਹਾਡੀ ਸੰਗਤ ਨਾ ਕਰਦਾ। ਮੈਂ ਤੁਹਾਡੇ ਹੱਥੋਂ ਖਾਂਦਾ ਰਿਹਾ। ਮੇਰਾ ਪ੍ਰਣ ਸੀ ਕਿ ਮੈਂ ਨਿਗੁਰੇ ਦੇ ਹੱਥੋਂ ਨਹੀਂ ਖਾਵਾਂਗਾ। ਕਿੰਨਾ ਚਿਰ ਹੋ ਗਿਆ ਗੰਗਾ ਤੋਂ ਲੈ ਕੇ ਇਥੇ ਤੱਕ ਆਉਂਦਿਆਂ ਨੂੰ, ਮੈਂ ਤਾਂ ਸਮਝਿਆ ਤੁਸੀਂ ਗੁਰੂ ਵਾਲੇ ਹੋ।"

***ਜਾ ਕੀ ਰਹਤ ਨ ਜਾਣੀਐ ਗੁਰਬਾਣੀ ਨਹੀ ਗੀਤਿ॥***
***ਤਿਸ ਦੇ ਹਥੋਂ ਖਾਧਿਆ ਵਿਸਰੈ ਹਰਿ ਕੀ ਪ੍ਰੀਤਿ॥***
***ਰਹਿਤਨਾਮਾ***

ਜਿਸ ਨੇ ਗੁਰੂ ਧਾਰਨ ਨਹੀਂ ਕੀਤਾ, ਗੁਰੂ ਮਹਾਰਾਜ ਜੀ ਨੂੰ ਲੱਖ ਮੱਥੇ ਟੇਕੀ ਜਾਓ, ਕਹੀ ਜਾਓ ਕਿ ਸਾਡੇ ਗੁਰੂ ਗੁਰੂ ਨਾਨਕ ਸਾਹਿਬ ਨੇ, ਗੁਰੂ ਦਸਵੇਂ ਪਾਤਿਸ਼ਾਹ ਨੇ, ਗੁਰੂ ਗ੍ਰੰਥ ਸਾਹਿਬ ਨੇ। ਜਦੋਂ ਤੱਕ ਵਿਧੀ ਪੂਰਬਕ ਨਾਮ ਨਹੀਂ ਲੈਂਦੇ ਗੁਰੂ ਘਰ ਦਾ, ਓਨੀ ਦੇਰ ਤੱਕ ਗੁਰੂ ਨਾਲ ਜੁੜ ਨਹੀਂ ਸਕਦੇ। ਕਹਿ ਨਹੀਂ ਸਕਦੇ ਕਿ ਸਾਡਾ ਗੁਰੂ ਹੈ, ਗੁਰੂ ਤਾਂ ਉਹ ਹੁੰਦਾ ਹੈ ਜਿਹੜਾ ਮੰਤਰ ਦੇਵੇ। ਜਿਸ ਨੇ ਵੀ ਮੰਤਰ ਦੇ ਦਿੱਤਾ ਉਸੇ ਦਾ ਸ਼ਿਸ਼ ਬਣ ਜਾਂਦਾ ਹੈ, ਸਿੱਖ ਬਣ ਜਾਂਦਾ ਹੈ, ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ ਉਸ ਦੇ ਨਾਲ ਗੁਰੂ ਦਾ ਕੋਈ ਸੰਬੰਧ ਨਹੀਂ ਹੁੰਦਾ, ਉਸ ਪੁਰਸ਼ ਨੂੰ ਨਿਗੁਰਾ ਕਹਿੰਦੇ ਨੇ।

ਦੂਸਰੀ ਪਰਿਭਾਸ਼ਾ ਨਿਗੁਰੇ ਦੀ ਇਹ ਹੈ ਕਿ ਜਿਹੜਾ ਪਰਿਪੂਰਨ ਨਾਮ ਤੇ ਵਿਸ਼ਵਾਸ ਨਾ ਲਿਆਏ ਉਸ ਨੂੰ ਵੀ ਨਿਗੁਰਾ ਜਾਂ ਮਨਮੁਖ ਆਖਦੇ ਨੇ। ਉਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਇਸ ਤਰ੍ਹਾਂ ਹੈ –

***ਧਾਰਨਾ –*** ***ਨਿਗੁਰਿਆ ਤੇਰਾ ਓ, ਨਾਮ ਬੁਰਾ,***
***ਮਾਨਸ ਜਨਮ ਗਵਾ ਲਿਆ ਬਿਰਥਾ।***

***ਸਤਿਗੁਰ ਬਾਝਹੁ ਗੁਰੁ ਨਹੀ ਕੋਈ*** ................॥
***ਪੰਨਾ – 435***

ਪੂਰੇ ਸਤਿਗੁਰੂ ਤੋਂ ਬਗੈਰ ਕੋਈ ਗੁਰੂ ਨਹੀਂ ਹੈ ਸੰਸਾਰ ਤੇ–

............ ***ਨਿਗੁਰੇ ਕਾ ਹੈ ਨਾਉ ਬੁਰਾ॥ ਪੰਨਾ – 435***

ਜਿਹੜਾ ਨਿਗੁਰਾ ਹੈ ਜਿਸ ਨੇ ਗੁਰੂ ਧਾਰਿਆ ਨਹੀਂ, ਪੂਰੀ ਵਿਧੀ ਦੇ ਨਾਲ, ਕਹਿੰਦੇ ਉਸ ਦਾ ਤਾਂ ਨਾਂ ਲੈਣਾ ਬੁਰਾ ਹੈ, ਨਾਮ ਲੈਣ ਨਾਲ ਹੀ ਪਾਪ ਚੜ੍ਹਦਾ ਹੈ।

ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ ਮੁਕਤਸਰ ਦੇ ਯੁੱਧ ਤੋਂ ਬਾਅਦ ਮਾਲਵੇ ਦੇ ਅੰਦਰ ਵਿਚਰ ਕੇ ਸੰਗਤਾਂ ਦਾ ਉਧਾਰ ਕਰ ਰਹੇ ਹਨ। ਦਇਆਲਦਾਸ ਜੀ ਨੇ ਨਿਮੰਤਰਣ ਦਿੱਤਾ ਕਿ ਮਹਾਰਾਜ! ਕੱਲ੍ਹ ਦਾ ਪ੍ਰਸ਼ਾਦਾ ਆਪ ਸਾਡੇ ਘਰ ਛਕਣਾ। ਸੋ ਮਹਾਰਾਜ ਜੀ ਕੁਝ ਸਿੰਘਾਂ ਸਮੇਤ ਉਸ ਦੇ ਪਿੰਡ ਜਾ ਰਹੇ ਨੇ ਤੇ ਘੋੜੇ ਨੇ ਉਹ ਨਿਸ਼ਾਨੀਆਂ ਦੱਸੀਆਂ ਕਿ ਪਿਆਸ ਲੱਗੀ ਹੈ ਘੋੜੇ ਨੂੰ।

ਮਹਾਰਾਜ ਜੀ ਕਹਿੰਦੇ, "ਸਿੰਘੋ! ਕਿੱਡੀ ਕੁ ਦੂਰ ਹੈ ਪਿੰਡ?"

ਕਹਿੰਦੇ, "ਮਹਾਰਾਜ! ਉਹ ਸਾਹਮਣੇ ਨਜ਼ਰ ਆ ਰਿਹਾ ਹੈ।

ਮਹਾਰਾਜ ਜੀ ਕਹਿਣ ਲੱਗੇ, "ਘੋੜਾ ਤਾਂ ਪਾਣੀ ਮੰਗਦਾ ਹੈ।"

ਜਿਹੜਾ ਉਸ ਇਲਾਕੇ ਦਾ ਜਾਣੂ ਸੀ ਉਹ ਕਹਿੰਦਾ, "ਮਹਾਰਾਜ! ਉਹ ਸਾਹਮਣੇ ਜਿਥੇ ਦਰਖਤ ਖੜ੍ਹੇ ਨੇ ਸੰਘਣੇ ਇਨ੍ਹਾਂ ਦੇ ਵਿਚਾਲੇ ਢਾਬ ਹੈ ਜਿਥੋਂ ਸਾਰਾ ਪਿੰਡ ਪਾਣੀ ਪੀਂਦਾ ਹੈ ਤੇ ਪਸ਼ੂਆਂ ਦੇ ਪੀਣ ਦਾ ਪਾਣੀ ਵੀ ਉਥੇ ਹੀ ਹੈ।"

ਸੋ ਮਹਾਰਾਜ ਜੀ ਉਥੇ ਪੁਜਦੇ ਨੇ, ਉਥੇ ਜਾ ਕੇ ਵਾਗਾਂ ਢਿੱਲੀਆਂ ਛੱਡ ਦਿੱਤੀਆਂ। ਘੋੜਾ ਪਾਣੀ ਵਿਚ ਚਲਿਆ ਗਿਆ ਗੋਡੇ-ਗੋਡੇ, ਉਹ ਪਾਣੀ ਨੂੰ ਸੁੰਘਦਾ ਹੈ ਪਰ ਪੀਂਦਾ ਨਹੀਂ, ਸਿਰ ਫੇਰਦਾ ਹੈ।

ਮਹਾਰਾਜ ਜੀ ਕਹਿੰਦੇ, "ਇਹ ਪਾਣੀ ਨਹੀਂ ਪੀਂਦਾ, ਮੈਲਾ ਤਾਂ ਨਹੀਂ ਹੈ ਭਾਈ! ਬਦਬੂ ਵਾਲਾ ਤਾਂ ਨਹੀਂ।"

ਇਕ ਸਿੰਘ ਉਤਰਿਆ, ਉਤਰ ਕੇ ਇਕ ਉਂਜਲ ਪਾਣੀ ਦਾ ਲਿਆ ਲੈ ਕੇ ਸੁੰਘਿਆ।

ਕਹਿੰਦਾ, "ਸੱਚੇ ਪਾਤਿਸ਼ਾਹ! ਪਾਣੀ ਤਾ ਕੁੰਗੂ ਵਰਗਾ ਹੈ, ਕੋਈ ਮੈਲ ਨਹੀਂ ਹੈ ਪਾਣੀ ਦੇ ਅੰਦਰ ਤੇ ਬਦਬੂ ਵੀ ਕੋਈ ਨਹੀਂ ਆਉਂਦੀ।"

ਮਹਾਰਾਜ ਜੀ ਕਹਿੰਦੇ, "ਘੋੜਾ ਕਿਉਂ ਨਹੀਂ ਪੀਂਦਾ?"

ਹੋਰ ਅੱਗੇ ਤੋਰ ਲਿਆ, ਫੇਰ ਪਾਣੀ ਨੂੰ ਸੁੰਘਿਆ ਪਰ ਪੀਤਾ ਨਹੀਂ। ਆਪੇ ਹੀ ਘੋੜਾ ਬਾਹਰ ਨਿਕਲ ਆਇਆ, ਪਿਆਸਾ ਹੈ ਪਰ ਪਾਣੀ ਨਹੀਂ ਪੀ ਰਿਹਾ।

ਸਾਰੇ ਹੈਰਾਨ ਨੇ ਕਿ ਮਹਾਰਾਜ ਪਿਆਸਾ ਹੈ ਘੋੜਾ ਆਪਦਾ ਪਰ ਪਾਣੀ ਨਹੀਂ ਪੀ ਰਿਹਾ।

ਮਹਾਰਾਜ ਜੀ ਕਹਿੰਦੇ, "ਭਾਈ! ਆਪਾਂ ਨਿਗੁਰੇ ਦੇ ਪਿੰਡ ਆ ਗਏ। ਸਾਡੀ ਸੰਗਤ ਤੇ ਸਵਾਰੀ ਹੋਣ ਕਰਕੇ ਇਸ ਘੋੜੇ ਨੂੰ ਪੂਰਾ ਗਿਆਨ ਹੈ। ਸੇਵਾ ਕਰ ਰਿਹਾ ਹੈ ਇਹ। ਉਸ ਨਿਗੁਰੇਪਣ ਦੀ ਬਦਬੂ ਪਿੰਡ ਦਾ ਮਾਲਕ ਹੋਣ ਕਰਕੇ ਸਾਰੇ ਕਣ-ਕਣ ਵਿਚ ਪਹੁੰਚੀ ਹੋਈ ਹੈ, ਅਨਾਜ ਵਿਚ ਵੀ ਉਸ ਦੀ ਦੁਰਗੰਧ ਹੈ, ਪਾਣੀ ਵਿਚ ਵੀ ਦੁਰਗੰਧ ਹੈ। ਜਦੋਂ ਘੋੜੇ ਨੇ ਹੀ ਪਾਣੀ ਨਹੀਂ ਪੀਤਾ ਤਾਂ ਆਪਾਂ ਪ੍ਰਸ਼ਾਦਾ ਕੀ ਛਕਣਾ ਹੈ। ਚਲੋ! ਵਾਪਸ ਚਲੀਏ।"

ਉਸੇ ਵੇਲੇ ਮਹਾਰਾਜ ਜੀ ਪਿੱਛੇ ਨੂੰ ਪਰਤ ਗਏ। ਦੌੜ ਕੇ ਆਇਆ ਦਇਆਲ ਦਾਸ, ਆ ਕੇ ਕਹਿਣ ਲੱਗਿਆ, "ਸੱਚੇ ਪਾਤਿਸ਼ਾਹ! ਪਿੰਡ ਕੋਲੋਂ ਮੁੜ ਚੱਲੇ।"

ਮਹਾਰਾਜ ਜੀ ਕਹਿੰਦੇ, "ਦਇਆਲ ਦਾਸ! ਸਾਡੇ ਘੋੜੇ ਨੇ ਪਾਣੀ ਨਹੀਂ ਪੀਤਾ ਤੁਹਾਡੇ ਘਾਟ ਦਾ ਕਿਉਂਕਿ ਤੂੰ ਨਿਗੁਰਾ ਹੈ, ਤੂੰ ਗੁਰੂ ਨਹੀਂ ਧਾਰਨ ਕਰਿਆ।"

ਕਹਿੰਦਾ, "ਸੱਚੇ ਪਾਤਿਸ਼ਾਹ! ਮੈਂ ਤਾਂ ਸੰਗਤ ਲੈ ਕੇ ਆਪ ਦੇ ਕੋਲ ਪਹੁੰਚਿਆ ਕਰਦਾਂ ਸਾਲ ਦੇ ਸਾਲ। ਇਹ ਸਾਰੀ ਬਰਾੜਾਂ ਦੀ ਸੰਗਤ ਮੈਂ ਹੀ ਤਾਂ ਲੈ ਕੇ ਆਉਂਦਾ ਹਾਂ, ਇਨ੍ਹਾਂ ਦੀਆਂ ਭੇਟਾਂ ਲੈ ਕੇ ਆਉਂਦਾ ਹਾਂ। ਅਸੀਂ ਤਾਂ ਤੁਹਾਡੇ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ, ਹੋਰ ਕੋਈ ਕੁਝ ਨਹੀਂ ਸਾਡਾ।"

ਮਹਾਰਾਜ ਜੀ ਕਹਿੰਦੇ, "ਤੇਰਾ ਤੇ ਸਾਡਾ ਸੰਬੰਧ ਰੂਹਾਨੀ ਨਹੀਂ ਹੈ, ਦੁਨਿਆਵੀ ਸੰਬੰਧ ਹੈ। ਤੁਹਾਡੀਆਂ ਵਾਸ਼ਨਾਵਾਂ ਹੁੰਦੀਆਂ ਨੇ, ਸੁੱਖਣਾ ਹੁੰਦੀਆਂ ਨੇ। ਗੁਰੂ ਨਿਰਵੈਰ ਹੈ -

***ਜੋ ਮਾਗਹਿ ਠਾਕੁਰ ਅਪੁਨੇ ਸੇ ਸੋਈ ਸੋਈ ਦੇਵੈ॥***

***ਪੰਨਾ - 681***

ਗੁਰੂ ਗ੍ਰੰਥ ਸਾਹਿਬ ਤੋਂ ਮੰਗ ਲਓ। ਚਾਹੇ ਗੁਰੂ ਧਾਰਿਆ ਹੈ ਚਾਹੇ ਨਹੀਂ ਧਾਰਿਆ, ਚਾਹੇ ਕੋਈ ਮੰਨਣ ਵਾਲਾ ਹੈ ਚਾਹੇ ਕੋਈ ਨਹੀਂ ਮੰਨਣ ਵਾਲਾ। ਜਿਹੜਾ ਵੀ ਇਸ ਦਰ ਤੇ ਆ ਕੇ ਪੱਲਾ ਫੈਲਾਏਗਾ ਉਸ ਦੀ ਮੰਗ ਜਰੂਰ ਪੂਰੀ ਹੁੰਦੀ ਹੈ ਕਿਉਂਕਿ ਸਮ-ਦ੍ਰਿਸ਼ਟੀ ਹੈ। ਪਰ ਤੁਹਾਡਾ ਤੇ ਸਾਡਾ ਦੁਨਿਆਵੀ ਸੰਬੰਧ ਹੈ, ਰੂਹਾਨੀ ਨਹੀਂ ਹੈ।"

ਉਸ ਤੋਂ ਬਾਅਦ ਮਹਾਰਾਜ ਜੀ ਚਲੇ ਗਏ। ਦਇਆਲ ਦਾਸ ਦਾ ਭਰਾ ਕੋਲ ਖੜ੍ਹਾ ਸੀ, ਉਹ ਅੰਮ੍ਰਿਤਧਾਰੀ ਸੀ, ਪੂਰੀ ਵਿਧੀ ਦੇ ਨਾਲ ਗੁਰੂ ਧਾਰਨ ਕੀਤਾ ਹੋਇਆ ਸੀ।

ਕਹਿਣ ਲੱਗਿਆ, "ਭਰਾ ਜੀ! ਜਾਓ ਜਾ ਕੇ ਮਹਾਰਾਜ ਜੀ ਨੂੰ ਜਾ ਕੇ ਕਹਿ ਤਾਂ ਦਿਓ। ਤੁਸੀਂ ਦਾਹੜਾ ਰੱਖਿਆ ਹੋਇਆ ਹੈ, ਕੇਸ ਰੱਖੇ ਹੋਏ ਨੇ ਤੇ ਸ਼ਸਤ੍ਰ ਵੀ ਪਹਿਨੇ ਹੋਏ ਨੇ ਫੇਰ ਤੁਹਾਨੂੰ ਅੰਮ੍ਰਿਤ ਛੱਕਣ ਵਿਚ ਕੀ ਡਰ ਲਗਦਾ ਹੈ ਤੇ ਤੁਸੀਂ ਨਾਮ ਤਾਂ ਲਿਆ ਨਹੀਂ। ਜਦੋਂ ਤੱਕ ਨਾਮ ਨਹੀਂ ਲੈਂਦੇ ਉਦੋਂ ਤੱਕ ਤੁਹਾਡਾ ਤੇ ਗੁਰੂ ਦਾ ਸੰਬੰਧ ਨਹੀਂ ਹੋਣਾ।"

ਇਹ ਸੁਣ ਕੇ ਉਹ ਪਿੱਛੇ ਦੌੜਿਆ। ਫੇਰ ਗੁਰੂ ਮਹਾਰਾਜ ਜੀ ਨੂੰ ਕਿਹਾ ਕਿ ਸੱਚੇ ਪਾਤਿਸ਼ਾਹ! ਮੈਂ ਆਪ ਦੀ ਸਿੱਖੀ ਧਾਰਨ ਕਰ ਲਵਾਂਗਾ ਆਪ ਦੀ ਵਿਧੀ ਦੇ ਮੁਤਾਬਕ ਤੇ ਆਪ ਪ੍ਰਸ਼ਾਦ ਅੰਗੀਕਾਰ ਕਰੋ। ਗੱਡੇ ਭਰ ਕੇ ਲੈ ਗਏ ਫੇਰ ਜਾ ਕੇ ਮਹਾਰਾਜ ਜੀ ਨੇ ਉਸ ਦਾ ਪ੍ਰਸ਼ਾਦ ਅੰਗੀਕਾਰ ਕਰਿਆ। ਸੋ ਇਸ ਤਰ੍ਹਾਂ ਮਹਾਰਾਜ

ਜੀ ਕਹਿੰਦੇ –

***ਸਤਿਗੁਰ ਬਾਝਹੁ ਗੁਰੁ ਨਹੀ ਕੋਈ***
***ਨਿਗੁਰੇ ਕਾ ਹੈ ਨਾਉ ਬੁਰਾ॥ ਪੰਨਾ – 435***

ਜੋ ਨਿਗੁਰਾ ਹੈ ਉਹ ਮਨ ਦੇ ਪਿੱਛੇ ਲੱਗਣ ਵਾਲਾ ਹੈ। ਜੋ ਗੁਰੂ ਵਾਲਾ ਹੈ ਉਹ ਗੁਰੂ ਦੇ ਪਿੱਛੇ ਲਗਦਾ ਹੈ। ਗੁਰੂ ਦੇ ਪਿੱਛੇ ਲੱਗਣ ਵਾਲੇ ਇਸ ਸ਼ਰਤ ਤੇ ਨਹੀਂ ਹੁੰਦੇ ਕਿ ਆਹ ਗੁਰੂ ਦੀ ਗੱਲ ਮੰਨਣੀ ਹੈ, ਆਹ ਨਹੀਂ ਮੰਨਣੀ। ਜੇ ਫੇਰ ਮਨ ਦੀ ਬਾਤ ਮੰਨਣੀ ਹੈ ਤਾਂ ਉਹ ਵੀ ਮਨਮੁਖਾਂ ਵਿਚ ਆ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਉਹ ਦੁਖੀ ਹੋਇਆ ਕਰਦਾ ਹੈ –

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***
***ਪੰਨਾ – 947***

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ॥ ਪੰਨਾ – 1073***

ਸਾਰੇ ਨਰਕ ਮਨਮੁਖ ਵਾਸਤੇ ਨੇ –

***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥***
***ਪੰਨਾ – 450***

ਮਹਾਰਾਜ ਜੀ ਕਹਿੰਦੇ ਜਿਹੜਾ ਮਨਮੁਖ ਹੈ –

***ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥***
***ਦੂਜੈ ਭਾਇ ਆਤਮ ਸੰਘਾਰਹਿ॥ ਪੰਨਾ – 362***

ਆਤਮਾ ਦਾ ਘਾਤ ਕਰਨ ਵਾਲਾ ਮਨਮੁਖ ਪੁਰਸ਼ ਹੈ –

***ਮੇਰਾ ਮੇਰਾ ਕਰਿ ਕਰਿ ਵਿਗੂਤਾ॥***
***ਆਤਮੁ ਨ ਚੀਨੈ ਭਰਮੈ ਵਿਚਿ ਸੂਤਾ॥ ਪੰਨਾ – 362***

ਆਤਮਾ ਦੀ ਸੋਝੀ ਨਹੀਂ ਹੋ ਸਕਦੀ ਮਨਮੁਖ ਨੂੰ। ਸੋ ਉਸ ਦੀ ਕੋਈ ਗਤੀ ਨਹੀਂ ਹੋਇਆ ਕਰਦੀ, ਉਸ ਦੀ ਗਤੀ ਬਹੁਤ ਮਾੜੀ ਹੁੰਦੀ ਹੈ –

***ਨਿਗੁਰੇ ਕਉ ਗਤਿ ਕਾਈ ਨਾਹੀ॥***
***ਅਵਗਣਿ ਮੁਠੇ ਚੋਟਾ ਖਾਹੀ॥ ਪੰਨਾ – 362***

ਨਿਗੁਰੇ ਦੀ ਗਤੀ ਨਹੀਂ ਹੁੰਦੀ। ਜੇ ਹੁੰਦੀ ਹੈ ਤਾਂ ਏਸ ਤਰ੍ਹਾਂ ਫੁਰਮਾਨ ਹੈ –

***ਭਾਵ ਅਰਥ – ਕਾਵਾਂ, ਕੁੱਤਿਆਂ, ਗਧਿਆਂ ਦੀ ਜੂਨੀ ਪੈਂਣਗੇ,***

***ਜਿਨ੍ਹਾਂ ਨੇ ਗੁਰੂ ਨਹੀਓਂ ਧਾਰਿਆ।***

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ..............॥ ਪੰਨਾ – 1357***

ਗੁਰੂ ਉਸ ਵੇਲੇ ਧਾਰਨ ਹੁੰਦਾ ਹੈ ਜਦੋਂ ਗੁਰੂ ਗੁਰਮੰਤਰ ਦਿੰਦਾ ਹੈ। ਕਹਿੰਦੇ ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ–

***.............. ਧ੍ਰਿਗੰਤ ਜਨਮ ਭ੍ਰਸਟਣਹ॥ ਪੰਨਾ – 1357***

ਧ੍ਰਿਕਾਰ, ਸੌ ਵਾਰੀ ਫਿੱਟੇ ਮੂੰਹ ਉਸ ਦੇ ਜਨਮ ਨੂੰ ਕਹੋ ਤੇ ਭ੍ਰਿਸ਼ਟਿਆ ਹੋਇਆ ਜਨਮ ਹੈ –

***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥ ਪੰਨਾ – 1357***

ਕਹਿੰਦੇ, ਕੁੱਤੇ, ਬਿੱਲੇ, ਸੂਰ, ਸੱਪ ਤੇ ਗਧੇ ਨਾਲ ਉਸ ਦੀ ਤੁਲਨਾ ਹੈ। ਉਹ ਮਹਾਂਮੂਰਖ ਬੰਦਾ ਹੈ ਜਿਸ ਨੇ ਮਨਮੁਖ ਜਨਮ ਧਾਰਨ ਕਰਨ ਤੋਂ ਬਾਅਦ ਫੇਰ ਗੁਰੂ ਧਾਰਨ ਨਹੀਂ ਕੀਤਾ ਕਿਉਂਕਿ ਗੁਰੂ ਧਾਰੇ ਤੋਂ ਬਗੈਰ ਪ੍ਰਾਪਤੀ ਨਹੀਂ ਹੋਇਆ ਕਰਦੀ। ਸੋ ਮਹਾਰਾਜ ਜੀ ਕਹਿੰਦੇ ਨੇ ਕਿ –

***ਨਿਗੁਰੇ ਕਉ ਗਤਿ ਕਾਈ ਨਾਹੀ॥ ਪੰਨਾ – 362***

ਕੋਈ ਗਤੀ ਨਹੀਂ ਨਿਗੁਰੇ ਦੀ –

***ਅਵਗਣਿ ਮੁਠੇ ਚੋਟਾ ਖਾਹੀ॥ ਪੰਨਾ – 362***

ਉਹ ਚੋਟਾਂ ਖਾਂਦਾ ਹੈ ਕਦੇ ਕੁੱਤਾ ਬਣ ਗਿਆ, ਕਦੇ ਬਿੱਲਾ ਬਣ ਗਿਆ, ਕਦੇ ਸੱਪ ਬਣ ਗਿਆ। ਚੋਟਾਂ ਖਾਂਦਾ ਹੈ ਕਿਉਂਕਿ ਉਸ ਨੇ ਮਰਨਾ ਹੈ ਜੰਮਣਾ ਹੈ। ਗੁਰੂ ਦਾ ਸ਼ਬਦ ਉਸ ਨੂੰ ਪ੍ਰਾਪਤ ਨਹੀਂ ਹੋਇਆ। ਗੁਰੂ ਦਾ ਸ਼ਬਦ ਜਦੋਂ ਤੱਕ ਪ੍ਰਾਪਤ ਨਹੀਂ ਹੁੰਦਾ ਉਦੋਂ ਤੱਕ ਸ਼ਾਂਤੀ ਨਹੀਂ ਆਇਆ ਕਰਦੀ।

***ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥***
***ਗੁਰਮੁਖਿ ਤਾ ਕਉ ਲਗੈ ਨ ਪੀਰ॥ ਪੰਨਾ – 361***

ਜਿਸ ਨੇ ਗੁਰੂ ਧਾਰਨ ਕੀਤਾ ਹੈ ਉਸ ਨੂੰ ਕੋਈ ਪੀੜ ਨਹੀਂ ਲਗਦੀ –

*ਜਮਕਾਲੁ ਤਿਸੁ ਨੇੜਿ ਨ ਆਵੈ॥*
*ਨਾਨਕ ਗੁਰਮੁਖਿ ਸਾਚਿ ਸਮਾਵੈ॥* *ਪੰਨਾ – 361*

ਜਮ ਉਸ ਦੇ ਨੇੜੇ ਤੱਕ ਨਹੀਂ ਆਉਂਦੇ।

ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਗੁਰੂ ਨਾਨਕ ਪਾਤਿਸ਼ਾਹ ਤੋਂ ਬਾਰ੍ਹਵੀਂ ਥਾਂ ਤੇ ਸਨ ਆਪ, ਪੂਰੀਆਂ ਸ਼ਕਤੀਆਂ ਦੇ ਮਾਲਕ, ਪੂਰਨ ਮਹਾਤਮਾ ਸਨ ਆਪ। ਆਪ ਦੀ ਸੰਗਤ ਦੇ ਅੰਦਰ ਇਕ ਭਾਗ ਸਿੰਘ ਲਾਂਗਰੀ 'ਗੁਰੂ ਕੇ ਲੰਗਰ' ਦੀ ਸੇਵਾ ਕਰਿਆ ਕਰਦਾ ਸੀ। ਹਜ਼ਾਰਾਂ ਬੰਦੇ ਪ੍ਰਸ਼ਾਦਾ ਛੱਕਣ ਵਾਲੇ ਬਾਬਾ ਜੀ ਦੇ ਲੰਗਰ ਵਿਚ ਹਰ ਰੋਜ਼ ਆਉਂਦੇ ਸਨ ਤੇ ਸਾਰਿਆਂ ਨੂੰ ਪੂਰੀ ਤਸੱਲੀ ਦੇ ਨਾਲ ਪ੍ਰਸ਼ਾਦਾ ਛਕਾਇਆ ਜਾਂਦਾ ਸੀ। ਬਾਬਾ ਜੀ ਬਹੁਤ ਖੁਸ਼ ਸਨ ਉਸ ਤੇ। ਉਸ ਦੀ ਮਾਤਾ ਵੀ ਆ ਕੇ ਸੇਵਾ ਕਰਿਆ ਕਰਦੀ ਸੀ।

ਇਕ ਦਿਨ ਦੀ ਗੱਲ ਹੈ ਬਾਬਾ ਜੀ ਬੈਠੇ ਨੇ ਤੇ ਇਕ ਗੁਰਸਿਖ ਨੇ ਆ ਕੇ ਕਿਹਾ ਕਿ ਬਾਬਾ ਜੀ! ਅੱਜ ਭਾਗ ਸਿੰਘ ਜੀ ਦੀ ਮਾਤਾ ਜੀ ਚੜ੍ਹਾਈ ਕਰ ਗਈ ਤੇ ਭਾਗ ਸਿੰਘ ਨੂੰ ਆਪ ਛੁੱਟੀ ਦੇ ਦਿਓ ਤਾਂ ਕਿ ਆਪਣੀ ਮਾਤਾ ਦਾ ਸੰਸਕਾਰ ਕਰ ਦੇਵੇ। ਬਾਬਾ ਜੀ ਅੰਤਰ ਧਿਆਨ ਹੋ ਗਏ ਤੇ ਕਹਿਣ ਲੱਗੇ ਸੰਸਕਾਰ ਨਾ ਕਰਿਓ ਉਸ ਦਾ, ਉਸ ਨੇ ਵਾਪਸ ਆ ਜਾਣਾ ਹੈ। ਕਾਫੀ ਸਮਾਂ ਹੋ ਗਿਆ ਮਰੀ ਨੂੰ, ਇਸ਼ਨਾਨ ਆਦਿ ਕਰਾ ਦਿੱਤਾ, ਅਰਥੀ ਤੇ ਪਾ ਕੇ ਰੱਖ ਦਿੱਤਾ ਕਿ ਬਾਬਾ ਜੀ ਤੋਂ ਹੁਕਮ ਮੰਗਾਗੇ। ਜੇ ਵਾਪਸ ਨਾ ਆਈ ਤਾਂ ਸੰਸਕਾਰ ਤਾਂ ਕਰਨਾ ਹੀ ਕਰਨਾ ਹੈ। ਕਈ ਘੰਟੇ ਗੁਜਰੇ ਤਾਂ ਮਾਤਾ ਦੇ ਸੁਆਸ ਵਾਪਸ ਪੈ ਗਏ, ਪ੍ਰਾਣ ਚੱਲ ਪਏ, ਹਿਲਜੁਲ ਹੋਈ, ਉਠ ਕੇ ਬੈਠ ਗਈ। ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!! ਇਕੋ ਹੀ ਆਵਾਜ਼ ਆਈ। ਮਾਤਾ ਕਹਿਣ ਲੱਗੀ ਕਿ ਮੈਨੂੰ ਬਾਬਾ ਜੀ ਕੋਲ ਲੈ ਚਲੋ। ਬਹੁਤ ਸੰਗਤ ਇਕੱਠੀ ਹੋ ਗਈ। ਬਾਬਾ ਜੀ ਦੀ ਹਜੂਰੀ ਵਿਚ ਪਹੁੰਚੇ। ਨਮਸ਼ਕਾਰ ਕੀਤੀ ਮਾਤਾ ਨੇ।

ਬਾਬਾ ਜੀ ਕਹਿਣ ਲੱਗੇ, "ਮਾਤਾ! ਵਾਪਸ ਆ ਗਈ ਤੂੰ?"

ਕਹਿੰਦੀ, "ਹਾਂ ਮਹਾਰਾਜ!"

ਬਾਬਾ ਜੀ ਕਹਿੰਦੇ, "ਕਿਵੇਂ ਬੀਤਿਆ ਤੇਰੇ ਨਾਲ, ਸੰਗਤ ਨੂੰ ਸੁਣਾ।"

ਕਹਿਣ ਲੱਗੀ, "ਮਹਾਰਾਜ! ਮੈਨੂੰ ਲੈਣ ਕੋਈ ਦੂਤ ਆਇਆ।"

ਕਿਉਂਕਿ ਇਕ ਜਮਦੂਤ ਹੁੰਦੇ ਨੇ, ਇੱਕ ਦੂਤ ਹੁੰਦੇ ਨੇ। ਦੂਤ guide (ਰਾਹਬਰ, ਪਥ-ਪ੍ਰਦਰਸ਼ਕ) ਨੂੰ ਕਹਿੰਦੇ ਨੇ। ਚੰਗੇ ਬੰਦਿਆਂ ਵਾਸਤੇ ਦੂਤ ਆਇਆ ਕਰਦੇ ਨੇ, ਮਾੜਿਆਂ ਵਾਸਤੇ ਜਮਦੂਤ ਆਉਂਦੇ ਨੇ। ਉਨ੍ਹਾਂ ਦਾ ਕੰਮ ਹੁੰਦਾ ਹੈ ਮਾਰਦੇ-ਕੁਟਦੇ ਲੈ ਜਾਣਾ -

***ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥***
***ਪੰਨਾ - 520***

ਕੂਕਾਂ ਮਾਰਦੇ ਜਾਂਦੇ ਨੇ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥***
***ਪੰਨਾ - 1281***

ਕਹਿੰਦੀ, "ਮਹਾਰਾਜ! ਮੈਨੂੰ ਕਿਹਾ ਤਾਂ ਕੁਝ ਨਹੀਂ ਤੇ ਮੈਨੂੰ ਝਟਪਟ ਹੀ ਲੈ ਗਏ ਤੇ ਜਦੋਂ ਮੈਨੂੰ ਧਰਮਰਾਜ ਦੇ ਪੇਸ਼ ਕਰਿਆ ਤਾਂ ਓਸ ਵੇਲੇ ਮੇਰੇ ਕਾਗਜ਼ ਟੋਲਣੇ ਸ਼ੁਰੂ ਕਰ ਦਿੱਤੇ, ਮੇਰਾ ਨਾਂ ਨਾ ਨਿਕਲਿਆ ਉਥੇ। ਧਰਮਰਾਜ ਕਹਿਣ ਲੱਗਿਆ ਕਿ ਤੁਸੀਂ ਬੜੀ ਭਾਰੀ ਭੁੱਲ ਕਰੀ ਇਹ ਤਾਂ ਮੇਰੇ ਰਜਿਸਟਰਾਂ ਵਿਚ ਲਿਖੀ ਹੀ ਨਹੀਂ ਹੈ।

ਧਰਮਰਾਜ ਕੋਲ ਕਿਹਨਾਂ ਦਾ ਨਾਂ ਹੁੰਦਾ ਹੈ - ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਇਕ ਤਾਂ ਗੁਰੂਆਂ ਕੋਲ ਹੋਇਆ ਕਰਦਾ ਹੈ ਨਾ ਦਰਗਾਹ ਵਿਚ, ਇਕ ਹੋਇਆ ਕਰਦਾ ਹੈ ਧਰਮਰਾਜ ਕੋਲ। ਧਰਮਰਾਜ ਵੀ ਅਕਾਲ ਪੁਰਖ ਦਾ ਬਿਠਾਇਆ ਹੋਇਆ ਹੈ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥ ਪੰਨਾ - 38***

ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ, ਦ੍ਵੈਤ ਵਿਚ ਜ਼ਿੰਦਗੀ ਗੁਆ ਦਿੱਤੀ, ਧੋਖੇ ਦਿੱਤੇ, ਚੁਗਲੀਆਂ ਕੀਤੀਆਂ, ਨਿੰਦਿਆ ਕੀਤੀ ਉਹ ਸਭ ਧਰਮਰਾਜ ਦੇ ਪਟੇ ਤੇ ਨੇ।

ਜਦੋਂ ਅਸੀਂ ਯੂ.ਪੀ. (ਉੱਤਰ ਪ੍ਰਦੇਸ਼) ਵਿਚ ਜਾ ਕੇ ਜ਼ਮੀਨਾਂ ਲਈਆਂ ਉਥੇ ਪਟੇ ਕਰਦੇ ਸਨ, ਰਜਿਸਟਰੀ ਨਹੀਂ ਸੀ ਹੁੰਦੀ। ਇਸੇ ਤਰ੍ਹਾਂ ਸਾਡੇ ਪਟੇ ਹੋਏ ਹੋਏ ਨੇ ਜਿਹੜੇ ਗੁਰੂ ਵਾਲੇ ਨੇ, ਗੁਰੂ ਘਰ ਵਿਚ ਉਨ੍ਹਾਂ ਦਾ ਜਨਮ ਹੋਇਆ ਹੋਇਆ ਹੈ। ਉਨ੍ਹਾਂ ਨੇ ਨਹੀਂ ਧਰਮਰਾਜ ਦੇ ਜਾਣਾ। ਜਿੰਨੇ ਨਿਗੁਰੇ ਨੇ, ਮਨਮੁਖ ਨੇ, ਬੇਮੁਖ ਨੇ ਇਹ ਸਾਰੇ ਧਰਮਰਾਜ ਦੇ ਜਾਣਗੇ।

ਸੋ ਮਾਤਾ ਕਹਿਣ ਲੱਗੀ, "ਕਿ ਬਾਬਾ ਜੀ! ਉਥੇ ਮੇਰਾ ਨਾਂ ਨਾ

ਨਿਕਲਿਆ। ਧਰਮਰਾਜ ਕਹਿੰਦਾ ਤੁਸੀਂ ਇਸ ਬੀਬੀ ਨੂੰ ਮੇਰੇ ਕੋਲ ਕਿਉਂ ਲਿਆਏ ਹੋ। ਮੈਂ ਕਿਵੇਂ ਜਵਾਬ ਦੇਵਾਂਗਾ। ਇਹ ਤਾਂ ਗੁਰੂ ਨਾਨਕ ਪਾਤਿਸ਼ਾਹ ਦੀ ਦਰਗਾਹ ਵਿਚ ਜਾਣੀ ਸੀ।"

ਜੇ ਕਿਤੇ ਭੁੱਲ ਭੁਲੇਖੇ ਗੁਰੂ ਵਾਲਾ ਚਲਿਆ ਵੀ ਜਾਵੇ ਤਾਂ ਮਹਾਰਾਜ ਜੀ ਕਹਿੰਦੇ ਕਿ ਧਰਮਰਾਜਾ ਆਪਣੇ ਧੰਨ ਭਾਗ ਸਮਝ ਕੇ ਜੀ ਆਇਆ ਕਹਿੰਦਾ ਹੈ ਤੇ ਨਾਲ ਜਿੰਨੀ ਹੋ ਸਕੇ ਸੇਵਾ ਕਰਦਾ ਹੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਧਰਮਰਾਜਾ ਵੀ ਕਰੇਗਾ ਸੇਵਾ,***
***ਸਾਧੂਆਂ ਦੇ ਸੰਗੀਆਂ ਦੀ।***

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਪੰਨਾ – 271***

ਸੰਗਤ ਵਿਚ ਆਉਣ ਵਾਲੇ ਪੁਰਸ਼, ਮਨੋ ਤਨੋ ਗੁਰੂ ਦੇ ਹੁਕਮ ਨੂੰ ਮੰਨਣ ਵਾਲੇ ਜੇ ਦਰਗਾਹ ਵਿਚ ਚਲੇ ਜਾਣ ਤਾਂ ਸੇਵਾ ਕਰਦਾ ਹੈ ਧਰਮਰਾਜਾ।

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥ ਪੰਨਾ – 252***

ਸੋ ਕਹਿਣ ਲੱਗੀ, "ਮਹਾਰਾਜ! ਇਸ ਤਰ੍ਹਾਂ ਮੇਰਾ ਉਨ੍ਹਾਂ ਨੇ ਬੜਾ ਆਦਰ ਸਤਿਕਾਰ ਕਰਿਆ ਤੇ ਉਸ ਤੋਂ ਬਾਅਦ ਕਹਿਣ ਲੱਗੇ ਇਸ ਨੂੰ ਵਾਪਸ ਕਰ ਦਿਓ ਜਲਦੀ। ਮੈਂ ਕਿਹਾ ਕਿ ਹੁਣ ਆਈ ਤਾਂ ਹਾਂ ਮੈਨੂੰ ਉਹ ਵੀ ਦਰਗਾਹ ਦਿਖਾ ਦਿਓ ਜਿਥੇ ਮੇਰਾ ਨਾਂ ਲਿਖਿਆ ਹੈ।

ਬਾਕੀ ਜਿਹੜਾ ਸੰਸਾਰ ਹੈ ਮਹਾਰਾਜ ਜੀ ਕਹਿੰਦੇ ਉਹ ਕੁਝ ਨਹੀਂ ਟੋਲ੍ਹਦਾ, ਉਹ ਬਾਹਰ ਫਸਿਆ ਹੋਇਆ ਹੈ। ਅੰਦਰ ਵਾਹਿਗੁਰੂ ਵਸਦਾ ਹੈ, ਸਤਿ-ਚਿਤ-ਅਨੰਦ ਟੋਲ੍ਹਦਾ ਹੈ ਮਾਇਆ ਵਿਚ –

***ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥***
***ਮਨਮੁਖ ਅੰਧੇ ਫਿਰਹਿ ਬੇਤਾਲੇ॥ ਅੰਗ – 117***

ਕਹਿੰਦੇ ਅੰਨ੍ਹੇ ਤੇ ਬੇਤਾਲੇ ਭੂਤ ਪ੍ਰੇਤ ਨੇ –

***ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ ......॥***
***ਅੰਗ – 1131***

ਕਹਿੰਦੇ ਉਹ ਭੂਤ ਪ੍ਰੇਤ ਨੇ ਮਨਮੁਖ –

***ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ***
***ਮਨਮੁਖ ਭਰਮਿ ਭੁਲਾਵਣਿਆ॥ ਅੰਗ - 117***

ਸੋ ਇਸ ਤਰ੍ਹਾਂ ਦੇ ਨਾਲ ਸਾਰੀ ਵਿਚਾਰ ਦਾ ਸਿੱਟਾ ਹੈ ਕਿ ਗੁਰੂ ਜ਼ਰੂਰੀ ਹੋਇਆ ਕਰਦਾ ਹੈ। ਮਹਾਰਾਜ ਜੀ ਕਹਿੰਦੇ ਭੁਲੇਖੇ ਵਿਚ ਨ ਰਹੋ, ਵੱਡੀਆਂ ਵੱਡੀਆਂ ਜੋ ਹਸਤੀਆਂ ਹੋਈਆਂ ਨੇ, ਜਿਨ੍ਹਾਂ ਦੇ ਨਾਂ ਹੁਣ ਤੱਕ ਚਲਦੇ ਨੇ। ਕਦੇ ਸਰਬ ਲੋਹ ਗ੍ਰੰਥ ਪੜ੍ਹ ਕੇ ਦੇਖਿਆ ਕਰੋ। ਗੁਰੂ ਦਸਵੇਂ ਪਾਤਿਸ਼ਾਹ ਨੇ ਪੁਰਾਣੇ ਰਿਸ਼ੀਆਂ ਮੁਨੀਆਂ ਦੇ ਬਹੁਤ ਖੋਲ੍ਹ-ਖੋਲ੍ਹ ਕੇ ਹਾਲ ਲਿਖੇ ਹੋਏ ਨੇ ਤੇ ਗੁਰਬਾਣੀ ਦੇ ਅੰਦਰ ਸੰਕੇਤ ਮਾਤਰ ਆਉਂਦੇ ਨੇ। ਜੇ ਇਕ ਵਿਅਕਤੀ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ ਤਾਂ ਸਰਬ ਲੋਹ ਗ੍ਰੰਥ ਵਿਚ ਪੂਰੀ ਕਥਾ ਹੋਏਗੀ। ਜੇ ਦਰੋਪਤੀ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ -

***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥***
***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥***
***ਅੰਗ - 1008***

ਤਾਂ ਸਰਬ ਲੋਹ ਗ੍ਰੰਥ ਵਿਚ ਲਿਖਿਆ ਹੋਇਆ ਹੈ ਕਿ ਜਦੋਂ ਦ੍ਰੋਪਤੀ ਨੂੰ ਦੁਸਾਸ਼ਨ ਲੈ ਕੇ ਆਇਆ, ਮਰਿਆਦਾ ਭੰਗ ਕੀਤੀ, ਹੱਦਾਂ ਟੱਪ ਗਏ ਮਰਿਆਦਾ ਦੀਆਂ ਤੇ ਉਸ ਵੇਲੇ ਇਹ ਹੁਕਮ ਦੇ ਦਿੱਤਾ ਕਿ ਇਸ ਨੂੰ ਨਗਨ ਕਰੋ ਤਾਂ ਉਸ ਨੇ ਪ੍ਰਭੂ ਦੀ ਅਰਾਧਨਾ ਕੀਤੀ। ਪ੍ਰਭੂ ਨੇ ਉਸ ਵੇਲੇ ਆ ਕੇ ਉਸ ਦੀ ਸਹਾਇਤਾ ਕੀਤੀ। ਮਹਾਰਾਜ ਜੀ ਕਹਿੰਦੇ ਸੱਤ ਦਿਨ, ਸੱਤ ਰਾਤਾਂ ਵਾਰੀ ਵਾਰੀ ਬਦਲ ਬਦਲ ਕੇ ਕੱਪੜੇ ਖਿਚਦੇ ਰਹੇ। ਢੇਰ ਲੱਗ ਗਿਆ, ਕਿਤੇ ਥਾਂ ਨਾ ਰਿਹਾ ਕੱਪੜੇ ਸੁੱਟਣ ਵਾਸਤੇ। ਅਖੀਰ ਸ਼ਰਮਿੰਦੇ ਹੋ ਕੇ, ਹਾਰ ਕੇ ਬੇਹੋਸ਼ ਹੋ ਕੇ ਗਿਰ ਗਏ -

***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ। ਭਾਈ ਗੁਰਦਾਸ ਜੀ ਦੀ ਵਾਰ 10/9***

ਸੋ ਇਸ ਤਰ੍ਹਾਂ ਗੁਰੂ ਦਸਮੇਸ਼ ਪਿਤਾ ਨੇ ਬਹੁਤ ਵਿਸਥਾਰ ਦੇ ਨਾਲ ਖੋਲ੍ਹ ਕੇ ਸਰਬ ਲੋਹ ਗ੍ਰੰਥ ਦੇ ਅੰਦਰ ਹਾਲ ਲਿਖੇ ਨੇ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸੰਕੇਤ ਮਾਤਰ ਆਉਂਦਾ ਹੈ ਕਿ ਭਾਈ! ਗੁਰੂ ਤੋਂ ਬਗੈਰ ਗਤੀ ਨਹੀਂ ਹੋਇਆ ਕਰਦੀ, ਪੁਛ ਲਓ ਵੱਡਿਆਂ ਵੱਡਿਆਂ ਨੂੰ -

***ਧਾਰਨਾ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,***
***ਪੁਛੋ ਬ੍ਰਹਮੇ ਨਾਰਦੇ ਨੂੰ।***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਈ॥ ਅੰਗ -***

***59***

ਜਦੋਂ ਤੱਕ ਗਿਆਨ ਨਹੀਂ ਹੁੰਦਾ ਤਦ ਤਕ ਮੁਕਤੀ ਨਹੀਂ ਹੋਇਆ ਕਰਦੀ –

***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥*** ***ਅੰਗ – 59***

ਵੱਡਿਆਂ ਵੱਡਿਆਂ ਦੀ ਬਾਤ ਕਰਦੇ ਨੇ। ਜਦੋਂ ਤੱਕ ਉਹ ਨਿਗੁਰੇ ਸੀ ਉਸ ਵੇਲੇ ਤੱਕ ਉਨ੍ਹਾਂ ਨੂੰ ਕੋਈ ਗਿਆਨ ਨਾ ਹੋਇਆ। ਬ੍ਰਹਮਾ ਦਾ ਜ਼ਿਕਰ ਕੀਤਾ ਹੈ, ਨਾਰਦ ਦਾ ਜ਼ਿਕਰ ਕੀਤਾ ਹੈ, ਬੇਅੰਤ ਨੇ ਐਸੀਆਂ ਮਿਸਾਲਾਂ। ਸੁਕਦੇਵ ਮੁਨੀ ਦਾ ਜ਼ਿਕਰ ਆਉਂਦਾ ਹੈ। ਸੁਕਦੇਵ, ਵੇਦ ਵਿਆਸ ਜੀ ਦਾ ਲੜਕਾ ਸੀ। ਜਿਨ੍ਹਾਂ ਦੇ ਬਾਰੇ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਇਸ ਨੇ ਜੰਮਦੇ ਨੇ ਹੀ ਉਦਾਸੀ ਲੈ ਲਈ। ਬਾਲ ਗਰਭ ਬਾਰ੍ਹਾਂ ਸਾਲਾਂ ਦਾ ਹੋਇਆ ਕਰਦਾ ਹੈ ਤੇ ਉਸ ਦੇ ਵਿਚ ਹੀ ਇਸ ਨੇ ਘਰ ਤੋਂ ਉਦਾਸੀ ਲੈ ਲਈ। ਉਸ ਵੇਲੇ ਇਸ ਦੇ ਪਿਤਾ ਵਿਆਸ ਜੀ ਕਹਿਣ ਲੱਗੇ ਕਿ ਬੇਟਾ! ਅਜੇ ਤਾਂ ਤੂੰ ਬਹੁਤ ਛੋਟਾ ਹੈ। ਹੁਣੇ ਕੀ ਕਰਨ ਚਲਿਆ ਹੈਂ?

ਕਹਿੰਦਾ, "ਪਿਤਾ ਜੀ, "ਮੈਨੂੰ ਜਨਮ ਦਾ ਸਾਰਾ ਗਿਆਨ ਹੈ, ਇਕ ਦਾ ਨਹੀਂ, ਸੌ ਜਨਮ ਦਾ ਗਿਆਨ ਹੈ ਤੇ ਮੈਂ ਦੁਖ ਦੇਖੇ ਨੇ ਪਿਛਲੇ ਜਨਮਾਂ ਦੇ ਤੇ ਉਨ੍ਹਾਂ ਦੁਖਾਂ ਨੂੰ ਦੇਖ ਕੇ ਮੈਂ ਹੁਣ ਮੋਹ ਨਹੀਂ ਪਾਉਣਾ ਚਾਹੁੰਦਾ ਦੁਨੀਆਂ ਵਿਚ ਤੇ ਮੈਂ ਇਸੇ ਜਨਮ ਦੇ ਅੰਦਰ ਪਰਮ ਪਦ ਦੀ ਪ੍ਰਾਪਤੀ ਕਰਨੀ ਚਾਹੁੰਦਾ ਹਾਂ।

ਵਿਆਸ ਜੀ ਕਹਿੰਦੇ, "ਅਜੇ ਤੇਰੀ ਉਮਰ ਛੋਟੀ ਹੈ।"

ਕਹਿੰਦਾ, "ਧ੍ਰੂ ਦੀ ਉਮਰ ਕਿੰਨੀ ਸੀ? ਪ੍ਰਹਿਲਾਦ ਦੀ ਉਮਰ ਕਿੰਨੀ ਸੀ?"

ਮਹਾਰਾਜ ਜੀ ਵੀ ਇਹ ਫੁਰਮਾਨ ਕਰਦੇ ਨੇ ਕਿ –

***ਰਾਮ ਜਪਉ ਜੀ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥*** ***ਅੰਗ – 337***

ਕਿੱਡੀ ਦ੍ਰਿੜ੍ਹਤਾ ਸੀ ਧ੍ਰੂ ਦੇ ਅੰਦਰ, ਅਸੀਂ ਤਾਂ ਸੋਚ ਹੀ ਨਹੀਂ ਸਕਦੇ, ਪ੍ਰਹਿਲਾਦ ਦੇ ਅੰਦਰ ਕਿੰਨੀ ਦ੍ਰਿੜ੍ਹਤਾ ਸੀ ਕੋਈ ਬੰਦਾ ਨਹੀਂ ਅੱਜ ਦਾ ਸੋਚ ਸਕਦਾ। ਸਾਰੀ ਹਕੂਮਤ ਦੇ ਨਾਲ ਇਕ ਬੱਚਾ ਮੁਕਾਬਲਾ ਕਰਦਾ ਹੈ। ਕਹਿੰਦੇ ਉਹ ਛੋਟੇ ਸੀ। ਛੋਟੇ ਵੱਡੇ ਦਾ ਖਿਆਲ ਨਹੀਂ ਹੁੰਦਾ। ਇਕ ਬੁੱਢੇ ਹੋ ਜਾਂਦੇ ਨੇ, ਉਨ੍ਹਾਂ ਦੀ ਵਿਸ਼ੇ-ਵਾਸ਼ਨਾ 'ਚੋਂ ਬਿਰਤੀ ਬਾਹਰ ਨਹੀਂ ਜਾਂਦੀ।

ਇਕ ਬੱਚੇ ਹੁੰਦੇ ਨੇ ਛੋਟੇ ਜਿਨ੍ਹਾਂ ਨੂੰ ਸੁਣਦੀ ਸਾਰ ਵੈਰਾਗ ਲੱਗ ਜਾਇਆ ਕਰਦਾ ਹੈ। ਉਹ ਭਾਗਾਂ ਵਾਲੇ ਹੁੰਦੇ ਨੇ, ਪਿਛਲੇ ਜਨਮਾਂ ਦੀ ਕਮਾਈ ਹੁੰਦੀ ਹੈ। ਸੋ ਕਹਿਣ ਲੱਗਿਆ, "ਪਿਤਾ ਜੀ! ਮੈਨੂੰ ਪਿਛਲੇ ਜਨਮਾਂ ਦਾ ਗਿਆਨ ਹੈ। ਮੈਂ ਬੜਾ ਦੁਖੀ ਹੁੰਦਾ ਹਾਂ ਜਦੋਂ ਮੈਨੂੰ ਉਹ ਯਾਦ ਆਉਂਦੇ ਨੇ।"

ਜਦੋਂ ਮਾਂ ਦੇ ਪੇਟ ਵਿਚ ਆਪਾਂ ਹੁੰਦੇ ਹਾਂ ਤਾਂ ਉਸ ਵੇਲੇ ਪੁਠਾ ਲਟਕਦਾ ਹੈ ਜੀਵ। ਬਾਕੀ ਸਰੀਰ ਨਹੀਂ ਬਣਿਆ ਹੁੰਦਾ। ਜਿਹੜੀ ਚੇਤੰਨਤਾ ਹੈ, ਸੁਰਤ ਹੈ ਉਹ ਰੀੜ੍ਹ ਦੀ ਹੱਡੀ ਦੇ ਵਿਚਕਾਰਲੀ ਨਾੜੀ ਵਿਚ ਹੁੰਦੀ ਹੈ। ਪਹਿਲਾਂ ਰੀੜ੍ਹ ਦੀ ਹੱਡੀ ਬਣਦੀ ਹੈ। ਮੈਂ ਅਮਰੀਕਾ ਵਿਚ ਦੇਖਿਆ ਸੀ ਜੋ ਬੀਜ ਹੈ ਮਨੁੱਖ ਦਾ ਉਹ ਚਾਰ ਹਜ਼ਾਰ ਗੁਣਾ ਵੱਡਾ ਕਰਕੇ ਦਿਖਾਇਆ। ਉਸ ਦੇ ਵਿਚ ਕੀੜਾ ਜਿਹਾ ਲਗਦਾ ਸੀ। ਰੀੜ੍ਹ ਦੀ ਹੱਡੀ ਸੀ ਤੇ ਉਪਰ ਮੋਟਾ ਜਿਹਾ ਸਿਰ ਸੀ ਜਿਸ ਤੋਂ ਬਣਦਾ ਹੈ ਇਹ, ਉਸ ਦੇ ਵਿਚ ਸੁਰਤ ਹੋਇਆ ਕਰਦੀ ਹੈ। ਉਸ ਨੂੰ ਸੁਖਮਨਾ ਨਾੜੀ ਕਹਿੰਦੇ ਨੇ। ਸੁਖਮਨਾ ਨਾੜੀ ਵਿਚ ਚਾਹੇ ਹੁਣ ਸੁਰਤ ਚਲੀ ਜਾਵੇ, ਚਾਹੇ ਜਦੋਂ ਮਾਂ ਦੇ ਪੇਟ ਵਿਚ ਸੀ, ਉਸ ਨੂੰ ਸੌ ਜਨਮ ਦਾ ਗਿਆਨ ਹੋ ਜਾਇਆ ਕਰਦਾ ਹੈ। ਉਸ ਵੇਲੇ ਜੀਵ ਪੁਕਾਰਾਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਇਥੋਂ ਕੱਢ ਲੈ, ਮੈਂ ਹੁਣ ਤੇਰਾ ਨਾਮ ਜਪਾਂਗਾ।

ਆਵਾਜ਼ ਆਉਂਦੀ ਹੈ, ਐ ਪ੍ਰੇਮੀਆ! ਤੂੰ ਇਕ ਵਾਰੀ ਮਨੁੱਖ ਬਣਿਆ ਹੈਂ? ਬਹੁਤ ਵਾਰੀ ਬਣਾ ਚੁੱਕੇ ਹਾਂ ਤੈਨੂੰ ਪਰ ਤੂੰ ਹਰ ਵਾਰੀ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥ ਅੰਗ – 267***

ਇਕ ਵਾਰੀ ਤਾਂ ਨਹੀਂ ਤੂੰ ਜਨਮ ਬਰਬਾਦ ਕਰਿਆ, ਤੇਰਾ ਕੋਈ ਇਤਬਾਰ ਨਹੀਂ ਹੈ। ਅਸੀਂ ਭੁੱਲ ਗਏ ਕਿਉਂਕਿ ਜਿਹੜੀ ਸਾਡੀ ਲਿਵ ਸੀ ਉਹ ਟੁੱਟ ਗਈ। ਨਾਮ ਦੇ ਅਧਾਰ ਤੇ ਰਹਿੰਦੇ ਸੀ ਮਾਂ ਦੇ ਪੇਟ ਵਿਚ –

***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥ ਅੰਗ – 251***

ਪਰ ਜਦੋਂ ਬਾਹਰ ਆਏ ਤਾਂ –

***ਉਰਝਿ ਪਰੇ ਜੋ ਛੋਡਿ ਛਡਾਨਾ॥***
***ਦੇਵਨਹਾਰ ਮਨਹਿ ਬਿਸਰਾਨਾ॥ ਅੰਗ – 251***

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*** ***ਅੰਗ - 921***

ਦੋਵੇਂ ਚੀਜ਼ਾਂ ਬਰਾਬਰ ਨੇ। ਸੋ ਜਦੋਂ ਆਦਮੀ ਦਾ ਜਨਮ ਹੁੰਦਾ ਹੈ ਉਸ ਵੇਲੇ –

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*** ***ਅੰਗ - 921***

ਨਾਮ ਦੀ ਧੁਨ ਆਦਮੀ ਦੇ ਅੰਦਰ ਟੁੱਟ ਜਾਂਦੀ ਹੈ। ਸਵਾ ਮਹੀਨੇ ਤੱਕ ਨਾਮ ਦੀ ਧੁਨ ਬੱਚੇ ਦੇ ਅੰਦਰ ਕਾਇਮ ਰਹਿੰਦੀ ਹੈ। ਜਦੋਂ ਆਉਂਦੀ ਹੈ ਫੇਰ ਉਹ ਹੱਥ ਪੈਰ ਮਾਰਦਾ ਹੈ। ਜਦੋਂ ਟੁੱਟ ਜਾਂਦੀ ਹੈ ਫੇਰ ਰੋਂਦਾ ਹੈ, ਅਚਾਨਕ ਰੋਣ ਲੱਗ ਜਾਂਦਾ ਹੈ ਕਿਉਂਕਿ ਨਾਮ ਦੀ ਧੁਨ ਟੁਟਦੀ ਹੈ।

ਸੋ ਕਹਿਣ ਲੱਗਿਆ, “ਪਿਤਾ ਜੀ! ਮੇਰੇ ਜਿਉਂ ਦੀ ਤਿਉਂ ਸਭ ਯਾਦ ਹੈ ਕਿਉਂਕਿ ਮੈਂ ਪ੍ਰਾਰਥਨਾ ਕਰੀ ਸੀ ਕਿ ਹੇ ਪ੍ਰਭੂ! ਮੇਰੇ ਤੇ ਮਾਇਆ ਨਾ ਪਾਈਂ। ਇਕ ਘੜੀ ਆਪਣੀ ਮਾਇਆ ਸੰਕੋਚ ਦਿਓ। ਸੋ ਮਾਇਆ ਨਾ ਪੈਣ ਕਰਕੇ ਮੇਰੀ ਲਿਵ ਨਹੀਂ ਟੁੱਟੀ। ਮੈਨੂੰ ਸੌ ਜਨਮ ਯਾਦ ਹੈ।”

ਕਹਿੰਦੇ, “ਕੁਝ ਸੁਣਾ ਸਕਦਾ ਹੈਂ?”

ਕਹਿੰਦਾ, “ਹਾਂ! ਮੈਂ ਇਕ ਜਨਮ ਵਿਚ ਗਧਾ ਸੀ ਤੇ ਮੇਰਾ ਮਾਲਕ ਬਹੁਤ ਗਰੀਬ ਸੀ। ਅਜੇ ਮੈਂ ਬੱਚਾ ਹੀ ਸੀ ਤੇ ਉਸ ਨੇ ਮੇਰੇ ਤੇ ਇੱਟਾਂ ਢੋਣੀਆਂ ਸ਼ੁਰੂ ਕਰ ਦਿੱਤੀਆਂ। ਖਾਣ ਨੂੰ ਮੈਨੂੰ ਕੁਝ ਨਹੀਂ ਸੀ ਮਿਲਦਾ। ਮੇਰੀ ਪਿੱਠ ਕਮਾਣ ਵਾਂਗ ਝੁਕ ਗਈ, ਲਾਗਾ ਲੱਗ ਗਿਆ। ਕਾਵਾਂ ਨੇ ਆ ਕੇ ਮੈਨੂੰ ਜੀਉਂਦੇ ਨੂੰ ਹੀ ਠੂੰਗਾਂ ਮਾਰ ਕੇ ਖਾਣਾ ਸ਼ੁਰੂ ਕਰ ਦਿੱਤਾ। ਸਾਰਾ ਦਿਨ ਕੰਮ ਕਰਨਾ ਰਾਤ ਨੂੰ ਮੈਨੂੰ ਰੂੜੀਆਂ ਤੇ ਛੱਡ ਦੇਣਾ, ਲਿਬੜੇ ਹੋਏ ਗੋਹੇ ਵਾਲੇ ਮੈਂ ਕੱਖ ਖਾਣੇ, ਪੱਠੇ ਖਾਣੇ ਨਾਲੇ ਰੋਣਾ ਤੇ ਫੇਰ ਮੈਂ ਐਨਾ ਕਮਜ਼ੋਰ ਹੋ ਗਿਆ ਕਿ ਉਸ ਨੇ ਮੈਨੂੰ ਇਕ ਰੁਪਈਏ ਵਿਚ ਇਕ ਧੋਬੀ ਕੋਲ ਵੇਚ ਦਿੱਤਾ। ਉਹ ਧੋਬੀ ਵੀ ਐਸਾ ਹੀ ਸੀ। ਉਸ ਨੇ ਸਾਰਾ ਦਿਨ ਮੇਰੇ ਤੇ ਕੱਪੜੇ ਲੱਦ ਕੇ ਧੋਬੀਘਾਟ ਤੇ ਲੈ ਜਾਣੇ ਤੇ ਉਥੇ ਪੈਖੜ ਬੰਨ੍ਹ ਕੇ ਛੱਡ ਦੇਣਾ। ਮੈਂ ਬਾੜਾਂ ਵਿਚੋਂ ਘਾਹ ਚੁਗਣਾ, ਕੰਡਿਆਂ ਨਾਲ ਮੇਰਾ ਨੱਕ ਪੱਕ ਗਿਆ। ਮੈਂ ਐਨਾ ਕਮਜ਼ੋਰ ਹੋ ਗਿਆ ਕਿ ਰਸਤੇ ਵਿਚ ਇਕ ਥਾਂ ਤੇ ਚਿਕੜ ਸੀ ਉਸ ਦੇ ਉਤੋਂ ਦੀ ਲੰਘਦੇ ਸੀ। ਇਕ ਦਿਨ ਉਸ ਨੇ ਮੈਨੂੰ ਚਿਕੜ ਵਿਚ ਵਾੜ ਦਿੱਤਾ। ਉਸ ਦਲਦਲ ਵਿਚ ਮੈਂ ਧਸ ਗਿਆ ਤੇ ਜਿਉਂ ਜਿਉਂ ਮੈਨੂੰ ਕੱਢੇ ਤਿਉਂ ਤਿਉਂ ਮੈਂ ਥੱਲੇ ਨੂੰ ਜਾਂਦਾ। ਉਹ ਉਤੋਂ ਕੱਪੜੇ ਚੁੱਕ ਕੇ ਲੈ ਗਿਆ ਤੇ ਉਸ ਤੋਂ ਬਾਅਦ ਮੇਰਾ ਧਿਆਨ ਹੀ ਛੱਡ ਦਿੱਤਾ। ਉਥੇ ਡੰਡੀ

(ਰਸਤਾ) ਸੀ। ਡੰਡੀ ਵਾਲੇ ਜਦੋਂ ਲੰਘਦੇ ਸਨ ਤਾਂ ਉਹ ਮੇਰੀ ਪਿੱਠ ਤੇ ਪੈਰ ਰੱਖ ਕੇ ਲੰਘਣ ਲੱਗ ਗਏ ਤੇ ਮੈਂ ਹੋਰ ਥੱਲੇ ਧਸ ਗਿਆ। ਮੇਰਾ ਮੂੰਹ ਹੀ ਬਾਹਰ ਰਹਿ ਗਿਆ। ਕਾਵਾਂ ਨੇ ਆ ਕੇ ਮੇਰੀਆਂ ਅੱਖਾਂ ਖਾ ਲਈਆਂ, ਮੈਂ ਬਹੁਤ ਦੁਖੀ ਹੋਇਆ। ਮੇਰੇ ਮੂੰਹ ਵਿਚ ਗਾਰਾ ਪੈ ਗਿਆ, ਨੱਕ ਵਿਚ ਪੈ ਗਿਆ ਅਖੀਰ ਮੈਂ ਤੜਫ-ਤੜਫ ਕੇ ਜਾਨ ਦਿੱਤੀ। ਉਹ ਦੁਖ ਮੇਰੇ ਯਾਦ ਨੇ ਤੇ ਮੈਂ ਹੁਣ ਨਹੀਂ ਰਹਿ ਸਕਦਾ, ਮੈਂ ਭਜਨ ਕਰਾਂਗਾ।"

ਕਹਿੰਦੇ, "ਜਾਹ! ਫੇਰ।"

ਛੱਤੀ ਸਾਲ ਲੰਘ ਗਏ ਏਸ ਨੂੰ ਭਜਨ ਕਰਦੇ ਨੂੰ। ਹਠ ਯੋਗ ਕੀਤਾ ਤੇ ਸੁਆਸ ਦਸਮ ਦੁਆਰ ਵਿਚ ਚਾੜ੍ਹਨ ਲੱਗ ਗਿਆ। ਇਕ ਤਾਂ ਹੁੰਦਾ ਹੈ ਨਾਮ ਦੇ ਨਾਲ ਜਾਣਾ ਦਸਵੇਂ ਦੁਆਰ ਵਿਚ, ਦੂਜਾ ਹੁੰਦਾ ਹੈ ਹਠ ਯੋਗ। ਦੋਹਾਂ ਦੇ ਵਿਚ ਫਰਕ ਹੋਇਆ ਕਰਦਾ ਹੈ। ਸੁਆਸ ਦੇ ਨਾਲ ਜੋ ਦਸਵੇਂ ਦੁਆਰਾ ਵਿਚ ਜਾਂਦਾ ਹੈ ਉਸ ਦਾ ਮਨ ਨਿਰਮਲ ਨਹੀਂ ਹੋ ਸਕਦਾ, ਸ਼ਾਂਤੀ ਨਹੀਂ ਆਉਂਦੀ। ਜਿਹੜਾ ਸ਼ਬਦ ਸੁਰਤ ਦੇ ਨਾਲ ਜਾਂਦਾ ਹੈ ਉਸ ਨੂੰ ਪਰਮ ਸ਼ਾਂਤੀ ਆ ਜਾਂਦੀ ਹੈ ਤੇ ਪ੍ਰਾਪਤੀ ਹੋ ਜਾਇਆ ਕਰਦੀ ਹੈ। ਉਹ ਛੇ-ਛੇ ਮਹੀਨੇ ਦੀ ਸਮਾਧੀ ਲਾ ਲੈਂਦਾ ਹੈ। ਇਸ ਦੀਆਂ ਜਟਾਵਾਂ ਐਨੀਆਂ ਵੱਧ ਗਈਆਂ ਕਿ ਧਰਤੀ ਤੇ ਫੈਲ ਗਈਆਂ। ਪੰਛੀਆਂ, ਜਾਨਵਰਾਂ ਨੇ ਉਨ੍ਹਾਂ ਵਿਚ ਆਲ੍ਹਣੇ ਬਣਾ ਕੇ ਅੰਡੇ ਦੇ ਕੇ, ਬੱਚੇ ਕੱਢ ਕੇ ਲੈ ਜਾਣੇ।

ਇਕ ਵਾਰ ਕੋਈ ਕਿਸੇ ਮਹਾਂਪੁਰਸ਼ਾਂ ਦੇ ਸੰਗੀ ਬੱਚੇ ਸਨ। ਉਹ ਗੱਲ ਕਰਦੇ ਨੇ ਕਿ ਆਹ ਸੁਕਦੇਵ ਰਿਸ਼ੀ ਨਿਗੁਰਾ ਪੁਰਸ਼ ਹੈ। ਇਸ ਨੂੰ ਪ੍ਰਾਪਤੀ ਤਾਂ ਹੋ ਨਹੀਂ ਸਕਦੀ, ਸ਼ਾਂਤੀ ਨਹੀਂ ਆਏਗੀ। ਇਸ ਨੇ ਸੁਣ ਲਿਆ। ਸਚਮੁੱਚ ਸ਼ਾਂਤੀ ਨਹੀਂ ਸੀ ਆਈ 36 ਸਾਲਾਂ ਦੇ ਤੱਪ ਤੋਂ ਬਾਅਦ। ਅਖੀਰ ਆਪਣੇ ਪਿਤਾ ਕੋਲ ਆ ਗਿਆ।

ਕਹਿੰਦਾ, "ਪਿਤਾ ਜੀ! ਮੇਰੇ ਮਨ ਵਿਚ ਸ਼ਾਂਤੀ ਨਹੀਂ ਆਈ ਜੋ ਆਉਣੀ ਚਾਹੀਦੀ ਹੈ। ਮੈਂ ਐਨਾ ਤਪ ਕੀਤਾ ਹੈ ਰਿਧੀਆਂ ਸਿਧੀਆਂ ਮੈਨੂੰ ਬੇਅੰਤ ਪ੍ਰਾਪਤ ਹੋ ਗਈਆਂ ਹਨ।"

ਕਹਿਣ ਲੱਗੇ, "ਪੁੱਤਰ! ਤੂੰ ਨਿਗੁਰਾ ਹੈਂ ਅਜੇ ਇਸ ਕਰਕੇ ਤੈਨੂੰ ਸ਼ਾਂਤੀ ਨਹੀਂ ਆ ਸਕਦੀ।"

ਕਹਿੰਦਾ, "ਫੇਰ ਮੈਂ ਗੁਰੂ ਕਿਸ ਨੂੰ ਧਾਰਨ ਕਰਾਂ? ਤੁਸੀਂ ਮੇਰੇ ਗੁਰੂ ਬਣ ਜਾਓ।"

ਵਿਆਸ ਜੀ ਕਹਿੰਦੇ, "ਮੇਰੇ ਤੋਂ ਤੇਰੀ ਪਿਤਾ ਭਾਵਨਾ ਨਹੀਂ ਜਾਣੀ। ਸੋ ਪਿਤਾ ਭਾਵਨਾ ਜੇ ਹੋਵੇ ਤਾਂ ਗੁਰੂ ਭਾਵਨਾ ਨਹੀਂ ਆਇਆ ਕਰਦੀ। ਸੋ

ਤੂੰ ਜੇ ਗੁਰੂ ਧਾਰਨ ਕਰਨਾ ਹੈ ਤਾਂ ਰਾਜੇ ਜਨਕ ਕੋਲ ਜਾਹ।"

ਰਾਜੇ ਜਨਕ ਕੋਲ ਜਦੋਂ ਗਿਆ ਤਾਂ ਦਰਬਾਰ ਲੱਗਿਆ ਹੋਇਆ ਹੈ। ਉਥੇ ਇਕ ਮੁਕੱਦਮਾ ਪੇਸ਼ ਹੋਇਆ ਡਾਕੂਆਂ ਦਾ, ਜਿਨ੍ਹਾਂ ਨੇ ਬਹੁਤ ਕਤਲ ਕੀਤੇ ਹੋਏ ਸਨ। ਰਾਜੇ ਜਨਕ ਨੇ ਉਸ ਵੇਲੇ ਉਨ੍ਹਾਂ ਨੂੰ ਸਜ਼ਾਏ ਮੌਤ ਦੇ ਦਿੱਤੀ। ਇਸ ਦੇ ਮਨ ਵਿਚ ਆਇਆ ਕਿ ਇਹ ਤਾਂ ਹਿੰਸਕ ਹੈ ਬੰਦਾ। ਗੁਰੂ ਦੀ ਕਿਰਿਆ ਨੂੰ ਕੋਈ ਬੰਦਾ ਨਹੀਂ ਸਮਝ ਸਕਦਾ।

ਗੁਰੂ ਦਸਮੇਸ਼ ਪਿਤਾ ਦੇ ਦਰਬਾਰ ਦੇ ਅੰਦਰ ਜਦੋਂ ਬਿਸੰਭਵ ਦਾਸ ਜੀ ਦਾ ਲੜਕਾ ਆਉਂਦਾ ਹੈ ਤਾਂ ਗੁਰੂ ਮਹਾਰਾਜ ਜੀ ਉਸ ਵੇਲੇ ਇਕ ਬਾਜ਼ ਤੋਂ ਜੀਉਂਦੇ ਬਟੇਰੇ ਨੂੰ ਤੁੜਵਾ ਰਹੇ ਸੀ। ਉਸ ਨੂੰ ਭੁਲੇਖਾ ਪੈ ਗਿਆ। ਉਹ ਕਹਿੰਦਾ ਕਿ ਇਹ ਗੁਰੂ ਤਾਂ ਹਿੰਸਕ ਨੇ। ਇਨ੍ਹਾਂ ਨੇ ਬਟੇਰਾ ਜੀਉਂਦਾ ਹੀ ਖਿਲਾ ਦਿੱਤਾ ਬਾਜ਼ ਨੂੰ।

ਸੋ ਇਸੇ ਤਰ੍ਹਾਂ ਸੁਕਦੇਵ ਮੁਨੀ ਨੂੰ ਵੀ ਭੁਲੇਖਾ ਪੈ ਗਿਆ, ਵਾਪਸ ਆ ਗਿਆ, ਤਰਕ ਕਰ ਲਈ। ਰਸਤੇ ਵਿਚ ਨਾਰਦ ਮਿਲਿਆ ਕਹਿਣ ਲੱਗਿਆ ਕਿ ਸੁਕਦੇਵ! ਤੂੰ ਬ੍ਰਹਮਗਿਆਨੀ ਦੇ ਉੱਤੇ ਤਰਕ ਕੀਤੀ ਹੈ। ਤੇਰੀਆਂ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਣੀਆਂ ਨੇ। ਇਕ ਕਲਾ ਵੈਰਾਗ ਦੀ ਕਈ ਜਨਮਾਂ ਦੇ ਦੁਖ ਤੋਂ ਬਾਅਦ ਪ੍ਰਾਪਤ ਹੋਇਆ ਕਰਦੀ ਹੈ। ਵੈਰਾਗ ਐਵੇਂ ਨਹੀਂ ਲੱਗਿਆ ਕਰਦਾ। ਕੋਈ ਚੰਗਾ ਭਾਗ ਮਸਤਕ ਵਿਚ ਹੋਵੇ ਫੇਰ ਵੈਰਾਗ ਲਗਦਾ ਹੈ। ਸੁਣਦਾ ਤਾਂ ਸੰਸਾਰ ਸਾਰਾ ਹੀ ਹੈ, ਕਿਸਨੂੰ ਵੈਰਾਗ ਲੱਗਿਆ ਹੈ, ਕੋਈ ਵਿਰਲਾ ਹੈ ਜਿਸ ਦੇ ਹਿਰਦੇ ਵਿਚ ਸੱਟ ਲੱਗੀ ਹੈ ਤੇ ਅੰਮ੍ਰਿਤ ਵੇਲੇ ਜਾਗਦਾ ਹੈ। ਬੈਠ ਜਾਂਦਾ ਹੈ-

***ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥***
***ਅੰਗ - 1371***

ਸੋ ਉਸ ਵੇਲੇ ਮੰਨਿਆ ਨਹੀਂ। ਨਾਰਦ ਨੇ ਸੋਚਿਆ ਕਿ ਇਸ ਦੀ ਸਾਰੀ ਮਿਹਨਤ ਨਸ਼ਟ ਹੋ ਜਾਏਗੀ ਕਿਉਂਕਿ ਬ੍ਰਹਮਗਿਆਨੀ ਦੇ ਉੱਤੇ ਤਰਕ ਕਰ ਦਿੱਤੀ। ਸੋ ਅੱਗੇ ਜਾ ਕੇ ਰੂਪ ਬਦਲਿਆ। ਬੁੱਢੇ ਦਾ ਰੂਪ ਧਾਰ ਕੇ ਟੋਕਰੀ ਲੈ ਕੇ ਇਕ ਨਦੀ ਵਿਚ ਰੇਤਾ ਸੁੱਟੀ ਜਾਂਦਾ ਹੈ। ਇਹ ਦੇਖ ਰਿਹਾ ਹੈ ਦਰਖਤ ਤੋਂ ਥੱਲੇ ਬੈਠਾ। ਜਦੋਂ ਘੰਟਾ ਦੋ ਘੰਟੇ ਹੋ ਗਏ ਤਾਂ ਉਹ ਵੀ ਦਰਖਤ ਥੱਲੇ ਆ ਗਿਆ।

ਸੁਕਦੇਵ ਕਹਿਣ ਲੱਗਿਆ, "ਬਾਬਾ! ਕੀ ਕਰਦਾ ਸੀ ਤੂੰ?"

ਕਹਿੰਦਾ, "ਕਾਕਾ! ਮੈਂ ਪਾਰ ਲੰਘਣਾ ਹੈ, ਇਸ ਕਰਕੇ ਨਦੀ ਤੇ ਬੰਨ੍ਹ ਲਾਉਂਦਾ ਸੀ।"

ਸੁਕਦੇਵ ਕਹਿੰਦਾ, "ਤੈਥੋਂ ਵੱਧ ਬੇਵਕੂਫ ਬੰਦਾ ਕੋਈ ਦੁਨੀਆਂ ਵਿਚ ਹੈ? ਨਦੀ ਚਲਦੀ ਹੈ ਤੂੰ ਰੇਤੇ ਦੀ ਟੋਕਰੀ ਨਦੀ ਵਿਚ ਸੁੱਟਦਾ ਪਿਛੋਂ ਹੈ ਉਹ ਹੜ੍ਹਦੀ ਪਹਿਲਾਂ ਹੈ।"

ਕਹਿੰਦਾ,"ਮੈਂ ਤੇਰੇ ਵਾਂਗ ਬੇਵਕੂਫ ਨਹੀਂ। ਮੇਰੀ ਤਾਂ ਦੋ ਘੰਟੇ ਦੀ ਮਿਹਨਤ ਹੀ ਜ਼ਾਇਆ ਹੋਈ ਹੈ। ਤੇਰੇ ਕਿੰਨੇ ਜਨਮਾਂ ਦੇ ਕਰਮ ਨਸ਼ਟ ਹੋ ਗਏ ਕਿਉਂਕਿ ਤੂੰ ਤਰਕ ਕੀਤੀ ਹੈ ਬ੍ਰਹਮਗਿਆਨੀ ਤੇ।"

ਸਮਝ ਗਿਆ, ਘਰ ਆ ਗਿਆ, ਫੇਰ ਸ਼ਾਂਤੀ ਨਹੀਂ ਆਉਂਦੀ ਕੁਝ ਸਮਾਂ ਠਹਿਰ ਕੇ ਫੇਰ ਜਾਂਦਾ ਹੈ। ਉਸ ਵੇਲੇ ਰਾਜੇ ਜਨਕ ਦੇ ਪਾਸ ਪਹੁੰਚਦਾ ਹੈ। ਰਾਜੇ ਜਨਕ ਨੇ ਇਕ ਕੌਤਕ ਵਰਤਾ ਦਿੱਤਾ ਕਿ ਦੇਖਿਆ ਜਾਵੇ ਕਿ ਇਹ ਬੰਦਾ ਥਿਰ ਵੀ ਹੈ ਕਿਉਂਕਿ ਜਿੰਨੀ ਦੇਰ ਤੱਕ ਅਧਿਕਾਰੀ ਨਾ ਹੋਵੇ ਗੁਰੂ ਆਪਣੇ ਸੰਪਰਕ ਵਿਚ ਨਹੀਂ ਲਿਆ ਕਰਦਾ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਅੰਗ - 1366***

***ਕਬੀਰਾ ਏਕੁ ਅਚੰਭਉ ਦੇਖਿਆ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥***
***ਅੰਗ - 1373***

ਮਹਾਂਪੁਰਸ਼ ਆਪਣੇ ਬਚਨ ਕੌਡੀਆਂ ਦੇ ਭਾਅ ਨਹੀਂ ਵੇਚਿਆ ਕਰਦੇ। ਅਧਿਕਾਰੀ ਪੁਰਸ਼ ਹੋਵੇ ਫੇਰ ਤੁਰ ਕੇ ਵੀ ਜਾਣਗੇ, ਖੇਚਲ ਨਾਲ ਵੀ ਜਾਣਗੇ ਕਿ ਉਹ ਅਧਿਕਾਰੀ ਹੈ। ਸੋ ਰਾਜੇ ਜਨਕ ਨੇ ਪਰਖ ਕਰਨ ਵਾਸਤੇ ਅਨੁਭਵ ਦੇ ਨਾਲ ਦੇਖਿਆ ਕਿ ਇਹ ਤਾਂ ਓਹੀ ਪੁਰਸ਼ ਹੈ ਜਿਹੜਾ ਪਹਿਲਾਂ ਆਇਆ ਸੀ। ਇਸ ਦੇ ਮਨ ਵਿਚ ਅਭਿਮਾਨ ਹੈ ਤਿਆਗੀ ਹੋਣ ਦਾ ਤੇ ਮੇਰੇ ਉਤੇ ਨੇਸ਼ਟਾ ਨਹੀਂ ਲਿਆ ਸਕਦਾ ਕਿਉਂਕਿ ਮੈਨੂੰ ਇਹ ਗ੍ਰਿਹਸਤੀ ਕਹਿੰਦਾ ਹੈ। ਸੋ ਉਸ ਵੇਲੇ ਆਪ ਨੇ ਜਿਥੇ ਬੈਠੇ ਸੀ ਉਥੇ ਕੱਚੇ ਧਾਗੇ ਨਾਲ ਇਕ ਤਲਵਾਰ ਲਟਕਾ ਦਿੱਤੀ ਤੇ ਉਸ ਦੇ ਥੱਲੇ ਇਸ ਦੀ ਕੁਰਸੀ ਰੱਖ ਦਿੱਤੀ, ਆਸਣ ਲਾ ਦਿੱਤਾ ਇਸ ਦਾ। ਆਪ ਵੀ ਬੈਠ ਗਏ ਤੇ ਜਦੋਂ ਬਚਨ ਕਰਨੇ ਸ਼ੁਰੂ ਕਰੇ ਤਾਂ ਬਾਰ ਬਾਰ ਇਸ ਦੀ ਬਿਰਤੀ ਉਖੜਦੀ ਹੈ ਤੇ ਇਹ ਉਪਰ ਨੂੰ ਦੇਖਦਾ ਹੈ ਕਿ ਕਿਤੇ ਤਲਵਾਰ ਦਾ ਧਾਗਾ ਟੁੱਟ ਕੇ ਮੇਰੇ ਸਿਰ ਤੇ ਨਾ ਲੱਗੇ। ਐਨੇ ਖਬਰ ਆ ਗਈ ਕਿ ਮਹਾਰਾਜ! ਰਾਜ ਮਹਿਲਾਂ ਨੂੰ ਅੱਗ ਲੱਗ ਗਈ। ਬਾਰ-ਬਾਰ ਆ ਕੇ ਦਸਦੇ ਨੇ ਕਿ ਹੁਣ ਅੱਗ ਹੋਰ ਅੱਗੇ ਆ ਗਈ ਤੇ ਕਹਿੰਦੇ ਹੁਣ ਅਸਤਬਲ (ਤਬੇਲੇ) ਵਿਚ ਆ ਗਈ।

ਕਹਿੰਦੇ, "ਘੋੜੇ ਬਾਹਰ ਕੱਢ ਲਓ। ਬੁਝਾ ਦਿਓ ਅੱਗ।"

ਫੇਰ ਆ ਗਏ ਕਹਿੰਦੇ, "ਮਹਾਰਾਜ! ਹੁਣ ਸਿੰਘ ਦੁਆਰ ਤੱਕ ਅੱਗ ਆ ਗਈ, ਜਿਥੇ ਤੁਸੀਂ ਬੈਠੇ ਹੋ ਇਥੇ ਤੱਕ ਅੱਗ ਪਹੁੰਚ ਗਈ।"

ਉਥੇ ਸੁਕਦੇਵ ਚਿੱਪੀ ਤੇ ਗਜ਼ ਕੱਪੜਾ ਆਉਣ ਲੱਗਿਆਂ ਬਾਹਰ ਰੱਖ ਕੇ ਆਇਆ ਸੀ। ਇਹ ਐਨਾ ਸੁਣ ਕੇ ਦੌੜ ਗਿਆ ਤੇ ਦੌੜ ਕੇ ਚੁੱਕਣ ਚਲਿਆ ਗਿਆ। ਜਦੋਂ ਇਹ ਦੁਬਾਰਾ ਆਇਆ ਤਾਂ ਰਾਜਾ ਜਨਕ ਜੀ ਕਹਿਣ ਲੱਗੇ, "ਸੁਕਦੇਵ! ਅਜੇ ਤੇਰਾ ਮੋਹ ਨਹੀਂ ਹਟਿਆ, ਤੂੰ ਅਜੇ ਗ੍ਰਿਹਸਤੀ ਹੈ ਤੇ ਤੂੰ ਤਿਆਗੀ ਨਹੀਂ ਬਣ ਸਕਿਆ।"

ਗ੍ਰਿਹਸਤੀ ਉਹ ਹੁੰਦਾ ਹੈ ਜਿਸ ਦੇ ਮਨ ਦੇ ਵਿਚ ਮੋਹ, ਬੰਧਨ ਹੋਵੇ। ਜਿਹੜੇ ਗ੍ਰਿਹਸਤੀ ਦੇ ਮਨ ਵਿਚ ਮੋਹ ਨਹੀਂ ਹੈ ਉਹ ਗ੍ਰਿਹਸਤੀ ਨਹੀਂ ਹੁੰਦਾ ਉਹ ਤਿਆਗੀ ਹੁੰਦਾ ਹੈ।

***ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥***
***ਅੰਗ - 952***

ਸੋ ਕਹਿਣ ਲੱਗੇ,"ਤੂੰ ਤਾਂ ਗ੍ਰਿਹਸਤੀ ਹੈਂ, ਜਾਹ! ਜਾ ਕੇ ਤਪ ਕਰਕੇ ਆ।"

ਕਾਫੀ ਸਮਾਂ ਲੰਘ ਗਿਆ। ਜਗਿਆਸਾ ਮਨ ਵਿਚ ਜਾਗੀ, ਫੇਰ ਆ ਗਿਆ। ਰਾਜਾ ਜਨਕ ਨੇ ਹੁਕਮ ਦੇ ਦਿੱਤਾ ਕਿ ਇਸ ਨੂੰ ਧੱਕੇ ਮਾਰੋ, ਅੰਦਰ ਨਾ ਵੜਨ ਦਿਓ ਇਸ ਨੂੰ। ਜੱਗ ਹੋ ਰਿਹਾ ਸੀ। ਧੱਕੇ ਮਾਰੇ ਤਾਂ ਖਿੜਕੀ ਦੇ ਹੇਠਾਂ ਜਾ ਕੇ ਖੜ੍ਹਾ ਹੋ ਗਿਆ ਤੇ ਰਾਜਾ ਜਨਕ ਆਪਣੇ ਹੱਥਾਂ ਦੇ ਨਾਲ ਪੱਤਲਾਂ ਚੁੱਕ ਚੁੱਕ ਕੇ ਉਸ ਖਿੜਕੀ ਵਿਚੋਂ ਹੇਠਾਂ ਸੁੱਟ ਰਿਹਾ ਸੀ। ਇਸ ਦੇ ਉੱਤੇ ਐਨੀਆਂ ਪੱਤਲਾਂ ਪਈਆਂ -

***ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ॥***
***ਅੰਗ - 1309***

ਉਹ ਵਿਚ ਗੁੰਮ ਹੋ ਗਿਆ। ਉਸ ਵੇਲੇ ਰਾਜਾ ਜਨਕ ਨੇ ਦੇਖਿਆ ਕਿ ਹੁਣ ਅਧਿਕਾਰੀ ਹੈ। ਹੁਕਮ ਦਿੱਤਾ ਕਿ ਇਕ ਬੰਦਾ ਪੱਤਲਾਂ ਦੇ ਢੇਰ ਦੇ ਥੱਲੇ ਆਇਆ ਹੋਇਆ ਹੈ ਉਸ ਨੂੰ ਨੁਹਾ ਕੇ ਲਿਆਓ। ਨੁਹਾ ਕੇ ਲਿਆਂਦਾ।

ਰਾਜਾ ਜਨਕ ਕਹਿੰਦੇ, "ਕਿਵੇਂ ਆਇਆ ਹੈਂ? ਮਨੋਰਥ ਦੱਸੋ।"

ਕਹਿੰਦਾ, "ਮੈਂ ਆਪ ਨੂੰ ਗੁਰੂ ਧਾਰਨ ਕਰਨ ਆਇਆ ਹਾਂ।"

ਕਹਿੰਦੇ, "ਸ਼ਰਤ ਹੈ ਗੁਰੂ ਧਾਰਨ ਕਰਨ ਲਈ ਇਕ ਕਿ ਆਹ ਤੇਲ ਦਾ ਛੰਨਾ ਹਥੇਲੀ ਤੇ ਰੱਖ ਕੇ ਸਾਰੇ ਸ਼ਹਿਰ ਦੀ ਪ੍ਰਕਰਮਾ ਕਰਕੇ ਆ, ਫੇਰ ਤੂੰ ਗੁਰੂ ਧਾਰਨ ਕਰਨ ਦਾ ਅਧਿਕਾਰੀ ਬਣੇਗਾ। ਜੇ ਤੇਲ ਦ ਕਤਰਾ ਵੀ ਡੁੱਲ ਗਿਆ ਤਾਂ ਸਿਪਾਹੀ ਤੇਰੇ ਪਿੱਛੇ ਹੋਣਗੇ, ਉਸੇ ਵੇਲੇ ਤੇਰਾ ਸਿਰ ਕੱਟ ਦੇਣਗੇ।"

ਕਸਵੱਟੀ ਲਾ ਦਿੱਤੀ। ਦੂਜੇ ਪਾਸੇ ਉਸ ਨੇ ਨਾਚ, ਰਾਗ ਰੰਗ ਹਰੇਕ ਕਿਸਮ ਦੇ ਰੁਝੇਵੇਂ ਉਸ ਰਸਤੇ ਤੇ ਥਾਂ ਥਾਂ ਕਰ ਦਿੱਤੇ। ਇਹ ਚਲਦਾ ਹੈ ਪਿਛੇ ਸਿਪਾਹੀ ਨੰਗੀ ਤਲਵਾਰ ਲਈਂ ਜਾਂਦਾ ਹੈ। ਸਾਰੇ ਸ਼ਹਿਰ ਦਾ ਗੇੜਾ ਕੱਢ ਕੇ ਆ ਗਿਆ। ਰਾਜੇ ਜਨਕ ਨੇ ਦੇਖਿਆ ਕਿ ਇਕ ਕਤਰਾ ਵੀ ਨਹੀਂ ਡੁਲ੍ਹਿਆ।

ਉਸ ਵੇਲੇ ਕਹਿਣ ਲੱਗੇ, "ਸੁਕਦੇਵ! ਕੀ ਸੁਣਿਆ ਹੈ ਤੇ ਕੀ ਦੇਖਿਆ ਹੈ?"

ਕਹਿੰਦਾ, "ਮਹਾਰਾਜ! ਨਾ ਮੈਂ ਕੁਝ ਸੁਣਿਆ ਹੈ ਤੇ ਨਾ ਕੁਝ ਦੇਖਿਆ ਹੈ। ਮੇਰੀ ਤਾਂ 100% ਸੁਰਤ ਇਸ ਤੇਲ ਦੇ ਛੰਨੇ ਵਿਚ ਸੀ ਕਿ ਜੇ ਇਕ ਕਤਰਾ ਗਿਰ ਗਿਆ ਤਾਂ ਮੇਰਾ ਮਾਨਸ ਜਨਮ ਜਾਏਗਾ ਕਿਉਂਕਿ ਆਪ ਰਾਜਾ ਹੋ ਤੇ ਮੇਰਾ ਸਿਰ ਕਲਮ ਹੋ ਜਾਏਗਾ। ਸੋ ਮੈਨੂੰ ਨਹੀਂ ਪਤਾ ਕਿ ਕੀ ਹੁੰਦਾ ਸੀ।"

ਉਨ੍ਹਾਂ ਨੇ ਦੇਖ ਲਿਆ ਕਿ ਇਹ ਦ੍ਰਿੜ ਪੁਰਸ਼ ਹੈ ਉਸ ਵੇਲੇ ਇਸ ਨੂੰ ਨਾਮ ਦੀ ਦਾਤ ਦਿੱਤੀ। ਸੋ ਮਹਾਰਾਜ ਜੀ ਕਹਿੰਦੇ, ਪੁੱਛ ਲਓ ਇਨ੍ਹਾਂ ਤੋਂ, ਜਨਕ ਤੋਂ ਪੁੱਛ ਲਓ, ਨਾਰਦ ਤੋਂ ਪੁਛ ਲਓ। ਨਾਰਦ ਨੂੰ ਬ੍ਰਹਮਾਂ ਜੀ ਦਾ ਪੁੱਤਰ ਕਹਿੰਦੇ ਨੇ। ਇਕ ਵਾਰੀ ਦੇਵਤਿਆਂ ਦੀ ਸਭਾ ਲੱਗੀ। ਇਕ ਦਿਨ ਨਾਰਦ ਜਲਦੀ ਆ ਗਿਆ ਤੇ ਦੇਖਿਆ ਕਿ ਜਿਥੇ ਇਹ ਬੈਠਦਾ ਸੀ ਉਹ ਥਾਂ ਪੁੱਟ ਰਹੇ ਨੇ ਸਵਾ ਗਜ ਡੂੰਘਾ, ਸਵਾ ਗਜ ਚੌੜਾ ਟੋਆ ਪੁੱਟ ਕੇ ਫੇਰ ਮਿੱਟੀ ਪਾ ਕੇ ਭਰਨ ਲੱਗ ਗਏ। ਨੇੜੇ ਆ ਕੇ ਮਜ਼ਦੂਰਾਂ ਨੂੰ ਕਹਿਣ ਲੱਗਿਆ ਕਿ ਤੁਸੀਂ ਇਹ ਕੀ ਕੰਮ ਕਰਿਆ ਹੈ, ਪਹਿਲਾਂ ਪੁੱਟਿਆ ਹੈ ਤੇ ਫੇਰ ਭਰਦੇ ਹੋ। ਉਹ ਤਾਂ ਸਾਨੂੰ ਪਤਾ ਨਹੀਂ, ਜਦੋਂ ਤੋਂ ਇਹ ਸਭਾ ਲੱਗੀ ਹੈ ਉਸ ਦਿਨ ਤੋਂ ਹੀ ਕਰ ਰਹੇ ਹਾਂ।

ਨਾਰਦ ਕਹਿੰਦਾ, "ਕਿਉਂ?"

ਕਹਿੰਦੇ, "ਸਾਨੂੰ ਤਾਂ ਇਹ ਪਤਾ ਲੱਗਿਆ ਹੈ ਕਿ ਇਕ ਨਾਰਦ ਨਾਮ ਦਾ

ਨਿਗੁਰਾ ਪੁਰਸ਼ ਇਥੇ ਬੈਠਦਾ ਹੈ ਤੇ ਨਿਗੁਰਾ ਜਿਥੇ ਬੈਠ ਜਾਵੇ ਸਵਾ ਗਜ ਧਰਤੀ ਭ੍ਰਿਸ਼ਟ ਕਰ ਦਿਆ ਕਰਦਾ ਹੈ। ਸੋ ਇਸ ਕਰਕੇ ਸਾਨੂੰ ਹੁਕਮ ਹੈ ਕਿ ਹਰ ਰੋਜ਼ ਨਵੀਂ ਮਿੱਟੀ ਇਸ ਦੇ ਵਿਚ ਪਾਓ।"

ਬੜਾ ਤੜਪਦਾ ਹੈ ਕਿ ਮੈਂ ਬ੍ਰਹਮਾ ਦਾ ਪੁੱਤਰ, ਮੇਰੇ ਵਿਚ ਇਹ ਸ਼ਕਤੀ ਹੈ ਕਿ ਮੈਂ ਫੁਰਨਾ ਕਰਾਂ, ਜਿਸ ਬ੍ਰਹਿਮੰਡ ਵਿਚ ਜਾਣਾ ਚਾਹਾਂ ਉਥੇ ਹੀ ਚਲਿਆ ਜਾਵਾਂ ਤੇ ਮੇਰਾ ਐਨਾ ਨਿਰਾਦਰ। ਪਿਤਾ ਕੋਲ ਚਲਿਆ ਗਿਆ।

ਕਹਿੰਦਾ, "ਪਿਤਾ ਜੀ! ਐਨਾ ਨਿਰਾਦਰ ਮੇਰਾ?"

ਕਹਿੰਦੇ, "ਪੁੱਤਰ! ਤੂੰ ਨਿਗੁਰਾ ਹੈਂ, ਨਿਗੁਰੇ ਦਾ ਤਾਂ ਨਾਉਂ ਲੈਣਾ ਹੀ ਬੁਰਾ ਹੋਇਆ ਕਰਦਾ ਹੈ। ਤੂੰ ਤਾਂ ਦੇਵਤਿਆਂ ਦੀ ਸਭਾ ਵਿਚ ਬੈਠਦਾ ਹੈਂ ਪਰ ਨਿਗੁਰਾ ਹੋਣ ਕਰਕੇ ਤੂੰ ਭ੍ਰਿਸ਼ਟਿਆ ਹੋਇਆ ਹੈ।" ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ-

***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਅੰਗ - 59***

ਜਿੰਨੇ ਵੀ ਵੱਡੇ ਵੱਡੇ ਹੋਏ ਨੇ, ਮਹਾਰਾਜ ਜੀ ਕਹਿੰਦੇ -

***ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥***
***ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ॥***
***ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥***
***ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ॥***
***ਅੰਗ - 591***

ਕੋਈ ਦੁਨੀਆਂ ਦਾ ਐਸਾ ਬੰਦਾ ਨਹੀਂ ਜਿਸ ਨੂੰ ਗੁਰੂ ਤੋਂ ਬਗੈਰ ਨਾਮ ਮਿਲਿਆ ਹੋਵੇ।

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ .............॥***
***ਅੰਗ - 649***

ਜਦੋਂ ਗੁਰੂ ਮਿਲ ਗਿਆ ਫੇਰ ਕਹਿੰਦੇ -

***................ ਸੁਖੁ ਪਾਏ ਜੁਗ ਚਾਰਿ॥ ਅੰਗ - 649***

ਚਾਰ ਜੁਗ ਦੀ ਗਾਰੰਟੀ ਹੁੰਦੀ ਹੈ, ਮਨੁੱਖ ਦਾ ਜਾਮਾ ਉਸ ਨੂੰ ਮਿਲਦਾ ਰਹਿੰਦਾ ਹੈ। ਉਹ ਕੁੱਤਿਆਂ, ਬਿੱਲਿਆਂ ਵਿਚ ਨਹੀਂ ਜਾਂਦਾ। ਜਿਹੜਾ ਗੁਰੂ ਦਾ ਉਪਦੇਸ਼ ਹੈ ਤੇ ਅਜੇ ਪੂਰਾ ਨਹੀਂ ਹੋਇਆ ਉਸ ਨੂੰ ਚਾਰ ਜੁੱਗ ਦਾ ਸੁੱਖ ਪ੍ਰਾਪਤ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਗੁਰੂ ਮਿਲਣ ਦੇ ਨਾਲ ਅੰਦਰ ਦਾ ਭੇਤ ਆਉਂਦਾ ਹੈ, ਅੰਦਰ ਦੀ ਖੋਜ ਸ਼ੁਰੂ ਹੁੰਦੀ ਹੈ ਤੇ ਜਿੰਨਾ

ਚਿਰ ਅਸੀਂ ਅੰਦਰ ਨਹੀਂ ਦਾਖਲ ਹੁੰਦੇ, ਸਾਨੂੰ ਕੋਈ ਪ੍ਰਾਪਤੀ ਨਹੀਂ ਹੁੰਦੀ। ਸੋ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ਅੰਗ - 205***

ਤੇ ਤਾਲਾ ਬੰਦ ਕਰ ਦਿੱਤਾ, ਇਹ ਤਾਲਾ ਨਹੀਂ ਖੁੱਲ੍ਹਦਾ ਭਾਈ! ਜਦੋਂ ਤੱਕ ਗੁਰੂ ਨਹੀਂ ਧਾਰਨ ਕਰਦੇ। ਤਾਲਾ ਕਿਸ ਚੀਜ਼ ਨੂੰ ਲਾ ਦਿੱਤਾ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥ ਅੰਗ - 954***

ਉਹ ਬੱਜਰ ਕਪਾਟ ਨਹੀਂ ਖੁਲ੍ਹਦੇ, ਤਾਲਾ ਲੱਗਿਆ ਹੋਇਆ ਹੈ। ਜਿੰਨਾ ਚਿਰ ਗੁਰੂ ਦਾ ਸ਼ਬਦ ਨਹੀਂ ਪ੍ਰਾਪਤ ਹੁੰਦਾ ਓਨਾ ਚਿਰ ਅੰਦਰ ਨਹੀਂ ਦਾਖਲ ਹੋ ਸਕਦੇ। ਏਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਤੇਰਾ ਖੁਲ੍ਹਣਾ ਨਹੀਂ ਦਸਮ ਦੁਆਰਾ,***
***ਬਾਝੋਂ ਗੁਰ ਪੂਰਿਆ ਤੋਂ।***
***ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ***
***ਅਵਰ ਨ ਕੁੰਜੀ ਹਥਿ॥ ਅੰਗ - 1237***

ਹੋਰ ਕਿਸੇ ਦੇ ਹੱਥ ਵਿਚ ਕੁੰਜੀ ਹੈ ਹੀ ਨਹੀਂ -

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੇ ਭਾਗਿ ਮਿਲਾਵਣਿਆ॥ ਅੰਗ - 124***

ਪੂਰੇ ਭਾਗ ਹੋਣ ਤਾਂ ਪੂਰਾ ਸਤਿਗੁਰੂ ਮਿਲਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ-

***ਘਰਿ ਰਤਨ ਲਾਲ ਬਹੁ ਮਾਣਕ ਲਾਦੇ***
***ਮਨੁ ਭ੍ਰਮਿਆ ਲਹਿ ਨ ਸਕਾਈਐ॥ ਅੰਗ - 1179***

ਬੇਅੰਤ ਮਾਣਕ, ਰਤਨ ਸਾਡੇ ਅੰਦਰ ਨੇ –

ਇਸ ਮਨ ਨੂੰ ਪਤਾ ਨਹੀਂ ਲਗਦਾ। ਚੀਜ਼ ਸਾਡੇ ਅੰਦਰ ਹੈ ਪਰ ਅਸੀਂ ਟੋਲ੍ਹ (ਲੱਭ) ਨਹੀਂ ਸਕਦੇ ਪਰ ਜਿਹੜਾ ਪੂਰਾ ਗੁਰੂ ਹੁੰਦਾ ਹੈ ਉਸ ਦੀ ਇਕ ਮਿਸਾਲ ਦਿੰਦੇ ਕਹਿੰਦੇ ਹਨ–

***ਜਿਉ ਓਡਾ ਕੂਪੁ ਗੁਹਜ ਖਿਨ ਕਾਢੈ***
***ਤਿਉ ਸਤਿਗੁਰਿ ਵਸਤੁ ਲਹਾਈਐ॥*** ***ਅੰਗ – 1179***

ਆਹ ਕੋਡ ਹੁੰਦੇ ਨੇ ਬਾਹਰ ਫਿਰਦੇ, ਪਿੰਡਾਂ ਵਾਲੇ ਲੋਕ ਜਾਣਦੇ ਨੇ। ਪਹਿਲਾਂ ਹੁੰਦੇ ਸਨ ਹੁਣ ਤਾਂ ਪਾਕਿਸਤਾਨ ਬਣਨ ਤੋਂ ਬਾਅਦ ਆਏ ਹੀ ਨਹੀਂ। ਉਹ ਬਕਰੀਆਂ ਰੱਖਿਆ ਕਰਦੇ ਸੀ ਜਿਆਦਾ ਤੇ ਉਹ ਆਮ ਕਿਹਾ ਕਰਦੇ ਸਨ ਕਿ ਜੇ ਕਿਸੇ ਦਾ ਖੂਹ ਗੁਪਤ ਹੋ ਗਿਆ ਹੋਵੇ ਤਾਂ ਅਸੀਂ ਕੱਢ ਦਿਆਂਗੇ। ਟਿੱਬੇ ਜ਼ਿਆਦਾ ਹੋਇਆ ਕਰਦੇ ਸੀ ਉਨ੍ਹਾਂ ਦਿਨਾਂ ਵਿਚ। ਸੋ ਖੂਹ ਭਰ ਜਾਂਦੇ ਸੀ ਰੇਤੇ ਨਾਲ ਤਾਂ ਉਨ੍ਹਾਂ ਕੋਲ ਜਾਂਦੇ ਸਨ ਕਿ ਸਾਡਾ ਇਕ ਖੂਹ ਸੁਣਿਆ ਸੀ ਬਜੁਰਗਾਂ ਤੋਂ ਪਰ ਸਾਨੂੰ ਲੱਭਦਾ ਨਹੀਂ। ਉਹ ਫੇਰ ਬੱਕਰੀਆਂ ਤੋਰਦੇ ਸੀ ਜਿਵੇਂ ਸੁਹਾਗਾ ਦਈਦਾ ਹੈ। ਜਿਥੇ ਖੂਹ ਹੁੰਦੈ, ਬੱਕਰੀ ਨੂੰ ਇਹ ਸਮਝ ਹੈ ਕਿ ਉਹ ਖੂਹ ਦੇ ਉਪਰ ਦੀ ਨਹੀਂ ਲੰਘਦੀ। ਉਹ ਉਥੇ ਨੂੰ ਬਕਰੀਆਂ ਬਾਰ ਬਾਰ ਲੰਘਾਂਦਾ ਸੀ ਤੇ ਬੱਕਰੀਆਂ ਪੂਰੀ ਨਿਸ਼ਾਨੀ ਲਾ ਦਿੰਦੀਆਂ ਸਨ। ਉਹ ਕਹਿੰਦਾ ਕਿ ਆਹ ਥਾਂ ਪੁੱਟ ਲਓ। ਜਦੋਂ ਪੁੱਟਣਾ ਤਾਂ ਥੱਲੇ ਖੂਹ ਹੁੰਦਾ ਸੀ।

***ਜਿਉ ਓਡਾ ਕੂਪੁ ਗੁਹਜ ਖਿਨ ਕਾਢੈ***
***ਤਿਉ ਸਤਿਗੁਰਿ ਵਸਤੁ ਲਹਾਈਐ॥*** ***ਅੰਗ – 1179***

ਇਸੇ ਤਰ੍ਹਾਂ ਸਾਡੇ ਦਸਵੇਂ ਦੁਆਰ ਦੇ ਅੰਦਰ ਅਕਾਲ ਪੁਰਖ ਦਾ ਵਾਸਾ ਹੈ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ***
***ਜਨ ਨਾਨਕ ਮਿਲੇ ਬਨਵਾਰੀ॥*** ***ਅੰਗ – 1263***

ਸੋ ਪੂਰਾ ਗੁਰੂ ਜਦੋਂ ਤੱਕ ਨਹੀਂ ਮਿਲਦਾ ਉਦੋਂ ਤੱਕ ਅੰਦਰਲੀ ਸੋਝੀ ਨਹੀਂ ਹੁੰਦੀ–

ਮਹਾਰਾਜ ਜੀ ਕਹਿੰਦੇ –

***ਪੰਚ ਤਤੁ ਮਿਲਿ ਕਾਇਆ ਕੀਨੀ॥***
***ਤਿਸ ਮਹਿ ਰਾਮ ਰਤਨੁ ਲੈ ਚੀਨੀ॥***
***ਆਤਮ ਰਾਮੁ ਰਾਮੁ ਹੈ ਆਤਮ***
***ਹਰਿ ਪਾਈਐ ਸਬਦਿ ਵੀਚਾਰਾ ਹੇ॥*** ***ਅੰਗ – 1030***

ਜਦੋਂ ਤੱਕ ਸ਼ਬਦ ਦੀ ਵਿਚਾਰ ਨਹੀਂ ਆਈ, ਓਨੀ ਦੇਰ ਤੱਕ ਚੀਜ਼ ਨਹੀਂ ਮਿਲਦੀ ਤੇ ਫੇਰ ਗੁਰੂ ਕੌਣ ਹੁੰਦਾ ਹੈ ਸੰਸਾਰ ਵਿਚ? ਕਹਿੰਦੇ ਗੁਰੂ ਉਹ ਹੁੰਦਾ ਹੈ ਜਿਹੜਾ ਅੰਦਰ ਪਹੁੰਚਾ ਦੇਵੇ ਤੇ ਆਪਣੇ ਸਰੂਪ ਦੇ ਦਰਸ਼ਨ ਕਰਾ ਦੇਵੇ। ਸਾਨੂੰ ਤਾਂ ਇਹੀ ਨਹੀਂ ਪਤਾ ਕਿ ਅਸੀਂ ਕੌਣ ਹਾਂ, ਅਸੀਂ ਤਾਂ ਸਾਢੇ ਤਿੰਨ ਹੱਥ ਦੀ ਦੇਹ ਆਪਣੇ ਆਪ ਨੂੰ ਸਮਝਦੇ ਹਾਂ। ਕੋਈ ਪਤਾ ਨਹੀਂ ਹੈ। ਹਜ਼ਾਰ ਬੰਦੇ ਇਕੱਠੇ ਕਰਕੇ ਪੁੱਛ ਲਓ ਕਿ ਤੂੰ ਕੌਣ ਹੈਂ? ਕਹੇਗਾ ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ ਕਿਉਂਕਿ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ। ਗੁਰੂ ਦੇ ਬਚਨ ਸੁਣਦਾ ਹੈ ਪਰ ਫੇਰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਣ ਤੋਂ ਨਹੀਂ ਹਟਦਾ, ਦੇਹ ਅਧਿਆਸ ਐਨਾ ਪੱਕ ਗਿਆ। ਮਹਾਰਾਜ ਜੀ ਕਹਿੰਦੇ ਗੁਰੂ ਉਹ ਹੁੰਦਾ ਹੈ ਜਿਹੜਾ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*** ***ਅੰਗ – 1291***

ਇਸ ਸਰੀਰ ਦੇ ਘਰ ਵਿਚ ਜਿਹੜਾ ਅਸਲੀ ਘਰ ਦਿਖਾ ਦੇਵੇ ਉਹ ਸਤਿਗੁਰੂ ਹੋਇਆ ਕਰਦਾ ਹੈ। ਉਥੇ ਨਿਸ਼ਾਨੀਆਂ ਕੀ ਨੇ? ਬਾਰ-ਬਾਰ ਗੁਰਬਾਣੀ ਵਿਚ ਨਿਸ਼ਾਨੀਆਂ ਆਉਂਦੀਆਂ ਹਨ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*** ***ਅੰਗ – 954***

ਜੇ ਗੁਰੂ ਤੋਂ ਸ਼ਬਦ ਹੀ ਨਹੀਂ ਮਿਲਿਆ ਤਾਂ ਖੁਲ੍ਹੇਗਾ ਕਿਵੇਂ? ਜਦੋਂ ਖੁਲ੍ਹ ਜਾਏਗਾ ਤਾਂ ਕਹਿੰਦੇ ਕੋਈ ਨਿਸ਼ਾਨੀ ਵੀ ਹੈ? ਮਹਾਰਾਜ ਜੀ ਕਹਿੰਦੇ, ਹਾਂ –

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*** ***ਅੰਗ – 954***

ਉਹ ਸ਼ਬਦ ਜਿਸ ਸ਼ਬਦ ਦੇ ਨਾਲ ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਨੂੰ ਸਾਜਿਆ ਹੈ, ਜਿਸ ਨੂੰ ਓਅੰਕਾਰ ਅਤੇ ਸੋਹੰ ਸ਼ਬਦ ਵੀ ਕਹਿੰਦੇ ਨੇ-

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ***

***ਬਾਹੁੜਿ ਜਨਮਿ ਨ ਆਵਾ॥*** ***ਅੰਗ - 795***

ਉਸ ਸ਼ਬਦ ਦੀ ਉਥੇ ਗੁੰਜਾਰ ਪੈਂਦੀ ਹੈ, ਧੁਨ ਲੱਗੀ ਹੋਈ ਹੈ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥*** ***ਅੰਗ - 879***

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਅੰਗ - 954***

ਕਹਿੰਦੇ ਪ੍ਰਕਾਸ਼ ਵੀ ਹੈ ਉਥੇ ਜਦੋਂ ਪ੍ਰਕਾਸ਼ ਹੋ ਗਿਆ ਫੇਰ ਦਿਸਦਾ ਵੀ ਹੈ? ਕਹਿੰਦੇ ਹਾਂ ਜਿਹੜਾ ਮੇਰੇ ਅੰਦਰ ਦਿਸਦਾ ਹੈ ਉਹ ਫੇਰ ਸਾਰਿਆਂ ਦੇ ਅੰਦਰ ਦਿਸਦਾ ਹੈ-

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਅੰਗ - 954***

ਸੋ ਜੋ ਉਸ ਘਰ ਨੂੰ ਦਿਖਾ ਦੇਵੇ ਉਹ ਸਤਿਗੁਰੂ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*** ***ਅੰਗ - 1291***

ਉਥੇ ਨਿਸ਼ਾਨੀ ਕੀ ਹੈ? ਕਹਿੰਦੇ -

***ਪੰਚ ਸਬਦ ਧੁਨਿਕਾਰ ਧੁਨਿ ............॥*** ***ਅੰਗ - 1291***

ਲਗਾਤਾਰ ਧੁਨ ਚਲ ਰਹੀ ਹੈ ਉਥੇ, ਸ਼ਬਦ ਦੀ ਧੁਨ ਹੈ ਉਸ ਥਾਂ ਦੇ ਉਤੇ ਤੇ ਪੰਜ ਸ਼ਬਦਾਂ ਦੀ ਉਸ ਥਾਂ ਤੇ ਧੁਨਕਾਰ ਹੈ -

***.............. ਤਹ ਬਾਜੈ ਸਬਦੁ ਨੀਸਾਣੁ॥*** ***ਅੰਗ - 1291***

ਨਿਸ਼ਾਨੀ ਇਹ ਹੈ ਕਿ ਉਥੇ ਸ਼ਬਦ ਵਜਦੇ ਨੇ -

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*** ***ਅੰਗ - 1291***

ਜਦੋਂ ਬਿਰਤੀ ਉਥੇ ਪਹੁੰਚ ਕੇ ਦੀਪ, ਲੋਹ, ਪਤਾਲ, ਖੰਡਾ, ਬ੍ਰਹਿਮੰਡਾਂ ਨੂੰ ਦੇਖਦੀ ਹੈ ਤਾਂ ਵਿਸਮਾਦ ਵਿਚ ਆ ਜਾਂਦੀ ਹੈ ਫੇਰ ਇਸ ਦੇ ਮੂੰਹ ਵਿਚੋਂ ਨਿਕਲਦਾ ਹੈ ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!! ਵਾਹਿਗੁਰੂ ਨਾਮ ਆਖਰੀ ਹੈ, 'ਸੋਹੰ' ਤੋਂ ਵੀ ਉਪਰ ਜਾ ਕੇ ਹੈ। 'ਸੋਹੰ' ਦਸਵੇਂ ਦੁਆਰ ਦਾ ਨਾਮ

ਹੈ। ਵਾਹਿਗੁਰੂ ਨਾਮ ਹੈ ਜਦੋਂ ਪ੍ਰਮੇਸ਼ਰ ਨਾਲ ਰੂਪ ਦਾ ਮਿਲਾਪ ਹੋ ਜਾਵੇ ਫੇਰ –

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਅੰਗ – 278*

ਉਸ ਵੇਲੇ ਦੀ ਅਸਚਰਜਤਾ ਦਾ ਜੋ ਨਾਮ ਹੈ, ਵਿਸਮਾਦਤਾ ਦਾ ਜੋ ਨਾਮ ਹੈ ਉਹ ਵਾਹਿਗੁਰੂ ਨਾਮ ਹੈ। ਸੋ –

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਅੰਗ – 1291*

ਉਥੇ ਪ੍ਰਮੇਸ਼ਰ ਦੇ ਸਾਖਸ਼ਾਤ ਦਰਸ਼ਨ ਹੁੰਦੇ ਨੇ ਆਪਣੇ ਅੰਦਰੋਂ ਹੀ ਲੰਘ ਜਾਂਦਾ ਹੈ–

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥ ਅੰਗ – 1002*

ਕਹਿੰਦੇ ਫੇਰ ਜਿਹੜੀ ਕਥਾ ਨੂੰ ਵਿਚਾਰਿਆ ਨਹੀਂ ਜਾਂਦਾ ਉਹ ਸੁਣਦੀ ਹੈ –

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅੰਗ – 1291*

ਜਦੋਂ ਦਸਮ ਦੁਆਰ ਵਿਚ ਪਹੁੰਚ ਜਾਂਦਾ ਹੈ ਉਸ ਨੂੰ 'ਸੁੰਨ ਮੰਡਲ' ਕਹਿੰਦੇ ਨੇ, 'ਅਫੁਰ ਮੰਡਲ' ਕਹਿੰਦੇ ਨੇ, ਪਰਮ ਸੁੰਨ, ਅਨਹਦ ਸੁੰਨ ਆਖਦੇ ਨੇ –

*ਅਨਹਤ ਸੁੰਨਿ ਰਤੇ ਸੇ ਕੈਸੇ॥*
*ਜਿਸ ਤੇ ਉਪਜੇ ਤਿਸ ਹੀ ਜੈਸੇ॥ ਅੰਗ – 943*

ਉਹ ਵਾਹਿਗੁਰੂ ਵਰਗੇ ਹੀ ਹੋ ਜਾਇਆ ਕਰਦੇ ਨੇ।

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ...............॥ ਅੰਗ – 1291*

ਜਿਹੜੀ ਗੱਲ ਕਹੀ ਹੀ ਨਹੀਂ ਜਾ ਸਕਦੀ ਉਸ ਦੀ ਵਿਚਾਰ ਉਥੇ ਹੁੰਦੀ

ਹੈ -

*............. ਮਨਸਾ ਮਨਹਿ ਸਮਾਇ॥ ਅੰਗ - 1291*

ਸਾਰੀਆਂ ਹੀ ਵਾਸ਼ਨਾਵਾਂ ਉਥੇ ਖਤਮ ਹੋ ਜਾਂਦੀਆਂ ਨੇ -

ਮਨੋ ਨਾਸ ਵਾਸਨਾ ਖ੍ਹੈ-ਤੱਤ ਗਿਆਨ ਪੰਜਵੀਂ ਭੂਮਿਕਾ ਵਿਚ ਪਹੁੰਚ ਜਾਂਦੀ ਹੈ ਬਿਰਤੀ। ਬ੍ਰਹਮ ਦਾ ਫੇਰ ਚਿੰਤਨ ਨਹੀਂ ਕਰਦਾ, ਬ੍ਰਹਮ ਦਾ ਫੇਰ ਸਾਖਸ਼ਾਤਕਾਰ ਹੋ ਜਾਂਦਾ ਹੈ। ਹਰ ਪਾਸੇ ਵਾਹਿਗੁਰੂ ਦੇ ਦਰਸ਼ਨ ਹੁੰਦੇ ਨੇ -

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥ ਅੰਗ - 407*

ਫੇਰ ਸੰਸਾਰ ਵਲੋਂ ਮਨ ਉਲਟ ਗਿਆ ਵਾਹਿਗੁਰੂ ਦੀ ਪਰਿਪੂਰਨਤਾ ਤੇ ਨਿਸਚਾ ਆ ਕੇ ਨਾਮ ਮੰਨ ਲਿਆ ਅਸੀਂ। ਨਾਮ ਨੂੰ ਮੰਨਣ ਨਾਲ -

*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥ ਅੰਗ - 3*

ਕਿਉਂਕਿ ਨਾਮ ਪ੍ਰਤੱਖ ਹੋ ਗਿਆ ਅੰਦਰ -

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਅੰਗ - 284*

ਉਹ ਨਾਮ ਜਿਸ ਨੇ ਸਾਰੀ ਪ੍ਰਾਕਿਰਤੀ ਨੂੰ ਧਾਰਨ ਕਰਿਆ ਹੋਇਆ ਹੈ ਉਸੇ ਅਵਸਥਾ ਵਿਚ ਪ੍ਰਤੱਖ ਹੋ ਗਿਆ ਤੇ ਉਸ ਨੂੰ ਅਸੀਂ ਮਨ ਲਿਆ। ਮੰਨਣ ਦੇ ਨਾਲ ਸੰਸਾਰ ਵਲੋਂ ਉਲਟ ਹੋ ਗਏ। ਉਲਟੇ ਹੋਣ ਦੇ ਨਾਲ -

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥ ਅੰਗ - 1291*

ਕਿਤੇ ਨਹੀਂ ਜਾਂਦੇ ਫੇਰ ਛੱਡ ਕੇ। ਕਿਉਂਕਿ ਅੰਮ੍ਰਿਤ ਦਾ ਅਨੰਦ, ਪਰਮ ਅਨੰਦ ਏਸ ਨੂੰ ਸਤਿ-ਚਿਤ-ਅਨੰਦ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਫੇਰ ਉਥੇ ਆਪਣੇ ਆਪ ਜਾਪ ਹੋ ਰਿਹਾ ਹੈ -

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਅੰਗ - 1291*

ਵਾਹਿਗੁਰੂ ਦੇ ਵਿਚ ਲੀਨ ਹੋ ਗਿਆ -

***ਸਭਿ ਸਖੀਆ ਪੰਚੇ ਮਿਲੇ .........॥ ਅੰਗ - 1291***

ਪੰਜੇ ਗਿਆਨ ਇੰਦ੍ਰੇ, ਪੰਜੇ ਸ੍ਰੇਸ਼ਠ ਗੁਣ - ਸਤਿ, ਸੰਤੋਖ, ਦਇਆ, ਧਰਮ, ਧੀਰਜ -

***............ ਗੁਰਮੁਖਿ ਨਿਜ ਘਰਿ ਵਾਸੁ॥ ਅੰਗ - 1291***

ਫੇਰ ਆਪਣੇ ਘਰ ਵਿਚ ਵਾਸਾ ਹੋ ਗਿਆ, ਜਿਸ ਨੂੰ ਗੁਰੂ ਨੇ ਘਰ ਦਿਖਾ ਦਿੱਤਾ। ਮਹਾਰਾਜ ਜੀ ਕਹਿੰਦੇ ਇਹ ਘਰ ਐਵੇਂ ਹੀ ਨਹੀਂ ਮਿਲਦਾ -

***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥ ਅੰਗ - 1291***

ਕਹਿੰਦੇ, ਉਸ ਦੇ ਦਾਸ ਹਾਂ ਜਿਹੜਾ ਇਸ ਥਾਂ ਤੇ ਪਹੁੰਚ ਗਿਆ। ਸੋ ਇਹ ਗੁਰੂ ਦਿਖਾ ਸਕਦਾ ਹੈ ਜੇ ਇਸ ਦੀ ਵਿਚਾਰ ਕਰੀਏ ਤਾਂ ਬੜੀ ਲੰਮੀ ਹੈ ਸਾਧ ਸੰਗਤ ਜੀ! ਅਸੀਂ ਕਿਥੇ ਰਹਿ ਗਏ? ਕਦੇ ਵਿਚਾਰਿਆ ਵੀ ਕਰੋ, ਸੋਚਿਆ ਕਰੋ ਕਿ ਮੈਂ ਕੌਣ ਹਾਂ? ਪੰਜੇ ਤੱਤ ਜਿਹਨਾਂ ਦਾ ਸਰੀਰ ਨਜ਼ਰ ਆਉਂਦਾ ਹੈ, ਪੱਚੀ ਪ੍ਰਾਕਿਰਤੀਆਂ ਜਿਨ੍ਹਾਂ ਨਾਲ ਗਿਆਨ ਇੰਦ੍ਰੇ ਬਣੇ ਹੋਏ ਨੇ, ਕਰਮ ਇੰਦ੍ਰੇ ਬਣੇ ਹੋਏ ਨੇ ਤੇ ਪੰਜ ਪ੍ਰਾਣ - ਪ੍ਰਾਣ, ਸਮਾਨ, ਉਦਾਨ, ਬਿਆਨ, ਉਪਾਨ। ਪੰਜੇ ਪ੍ਰਾਣ ਪੰਜ ਕੰਮ ਕਰਦੇ ਨੇ। ਇਹ ਵੀ ਅਸੀਂ ਨਹੀਂ ਹਾਂ ਤੇ ਮਨ ਵੀ ਅਸੀਂ ਨਹੀਂ ਹਾਂ, ਬੁੱਧ ਵੀ ਨਹੀਂ ਤੇ ਚਿੱਤ ਵੀ ਨਹੀਂ। ਇਸ ਤੋਂ ਵੀ ਅਸੀਂ ਉਪਰ ਹਾਂ। ਉਸ ਤੋਂ ਨਿਆਰਾ ਸਾਡਾ ਦੇਖਣ ਵਾਲਾ ਹੈ। ਜਿਹੜਾ ਇਸ ਦੇ ਵਿਚ ਬੈਠ ਕੇ ਦੇਖ ਰਿਹਾ ਹੈ ਉਹ ਅਸੀਂ ਹਾਂ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ॥ ਅੰਗ - 441***

ਤਿੰਨ ਸਰੀਰ ਸਥੂਲ ਸਰੀਰ, ਸੂਖਮ ਸਰੀਰ, ਕਾਰਨ ਸਰੀਰ ਇਨ੍ਹਾਂ ਤਿੰਨਾਂ ਤੋਂ ਪਰ੍ਹੇ ਹਾਂ। ਤਿੰਨ ਗੁਣਾਂ, ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ ਤੋਂ ਪਰ੍ਹੇ ਤੁਰੀਆਂ ਅਵਸਥਾ ਵਿਚ ਰਹਿਣ ਵਾਲਾ, ਤਿੰਨ ਅਵਸਥਾਵਾਂ ਜਾਗ੍ਰਤ, ਸੁਪਨ, ਸਖੋਪਤ ਤੋਂ ਪਰ੍ਹੇ ਤੁਰੀਆਂ ਅਵਸਥਾ ਵਿਚ ਹੈ। ਪੰਜ ਕੋਸ਼ - ਅੰਨਮਈ ਕੋਸ਼, ਅੰਨ ਦਾ ਪੜਦਾ ਆਹ ਸਰੀਰ ਹੈ। ਇਸ ਦੇ ਅੰਦਰ ਮਨ ਜਿਹੜਾ ਹੈ ਉਸ ਦੇ ਵਿਚ ਪ੍ਰਾਣਮਈ ਕੋਸ਼, ਮਨੋਮਈ ਕੋਸ਼, ਵਿਗਿਆਨਮਈ ਕੋਸ਼ ਤਿੰਨ ਪੜਦੇ ਆ ਜਾਂਦੇ ਨੇ। ਉਸ ਤੋਂ ਬਾਅਦ ਜਿਹੜਾ ਘੂਕ ਨੀਂਦ ਹੈ ਉਸ ਨੂੰ ਅਨੰਦਮਈ ਕੋਸ਼ ਕਹਿੰਦੇ ਨੇ। ਪੰਜੇ ਕਲੇਸ਼ਾਂ ਤੋਂ ਪਰ੍ਹੇ, ਪੰਜੇ ਬਿਰਤੀਆਂ ਤੋਂ ਪਰ੍ਹੇ ਤਿੰਨੇ ਤਾਪ ਆਧੀ, ਬਿਆਧੀ, ਉਪਾਧੀ ਤੋਂ ਪਰ੍ਹੇ, ਪੰਜ ਚਿਤ ਦੀਆਂ ਬਿਰਤੀਆਂ

ਮੂੜ੍ਹਤਾ, ਲੈਅਤਾ, ਸਿਮਰਤੀ ਆਦਿ ਤੋਂ ਪਰ੍ਹੇ, ਬਿਖਸ਼ੇਪਤਾ ਆਦਿ ਤੇ ਪੰਜ ਵਿਸ਼ੇ ਸਬਦ, ਸਪਰਸ਼, ਰੂਪ, ਰਸ, ਗੰਧ ਤੋਂ ਪਰ੍ਹੇ ਪੰਜੇ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਚਾਰ ਅਗਨੀਆਂ – **ਹੰਸ, ਹੇਤ, ਲੋਭ, ਕੋਪ** ਚਾਰੇ ਨਦੀਆਂ ਅੱਗ ਇਨ੍ਹਾਂ ਸਾਰਿਆਂ ਤੋਂ ਪਰ੍ਹੇ ਜਾ ਕੇ ਇਸੇ ਸਰੀਰ ਦੇ ਅੰਦਰ ਦੇਖਣ ਵਾਲਾ ਜਿਹੜਾ ਸਾਖੀ ਹੈ ਉਸ ਨੂੰ ਜੀਵ ਆਤਮਾ ਕਹਿੰਦੇ ਨੇ। 'ਜੀਵ' ਦੀ ਉਪਾਧੀ ਤਾਂ ਹੈ ਜੇ ਹੇਠਾਂ ਨੂੰ ਆਵੇ। ਜੇ ਉਪਰ ਨੂੰ ਜਾਵੇ ਤਾਂ ਜੀਵਪੁਣਾ ਲਹਿ ਜਾਂਦਾ ਹੈ ਤੇ ਇਸ ਨੂੰ ਆਤਮਾ ਕਹਿੰਦੇ ਨੇ। ਸੋ ਜਦੋਂ ਇਹ ਸਤਿ-ਚਿਤ-ਅਨੰਦ ਅਵਸਥਾ ਪ੍ਰਾਪਤ ਹੁੰਦੀ ਹੈ, ਪਰੀਪੂਰਨ, ਸਮਰੱਥ, ਨਿਰੰਜਨ ਤਾਂ ਇਹ ਅਵਸਥਾ ਮਿਲਦੀ ਹੈ। ਜੇ ਪਹਿਲਾਂ ਵੈਰਾਗ, ਬਿਬੇਕ, ਤਤਿਖਸ਼ਾ, ਮੋਕਸ਼ ਇੱਛਾ, ਸੁਣਨਾ, ਮੰਨਣਾ, ਨਿਧਿਆਸਣ ਰਾਹੀਂ ਜਿਹੜਾ ਆਤਮਾ ਨੂੰ ਸਾਖਸ਼ਾਤ ਕਰਾ ਦੇਵੇ ਉਸ ਨੂੰ ਗੁਰੂ ਕਹਿੰਦੇ ਨੇ। ਉਹ ਸਮਰੱਥ ਹੋਇਆ ਕਰਦਾ ਹੈ ਤੇ ਉਸ ਦੀ ਨਿਸ਼ਾਨੀ ਹੋਇਆ ਕਰਦੀ ਹੈ ਪੜ੍ਹੋ ਪਿਆਰ ਨਾਲ –

***ਧਾਰਨਾ – ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***
***ਭਾਈ ਗੁਰਦਾਸ ਜੀ ਦੀ ਵਾਰ 34/1***

ਪੂਰੇ ਸਤਿਗੁਰੂ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਇਹ ਕਿਰਿਆ ਉਸ ਦੀ ਗੰਮਤਾਂ ਤੋਂ ਪਰ੍ਹੇ ਹੁੰਦੀ ਹੈ। ਸੋ ਐਸਾ ਸਤਿਗੁਰੂ ਜੇ ਮਿਲ ਜਾਵੇ ਕਿਉਂਕਿ ਕੱਚੇ ਗੁਰੂ ਵੀ ਹੁੰਦੇ ਨੇ, ਪਖੰਡੀ ਵੀ ਹੁੰਦੇ ਨੇ, ਵਿਦਵਾਨ ਗੁਰੂ ਵੀ ਹੁੰਦੇ ਨੇ, ਅਵਧੂਤ ਗੁਰੂ ਵੀ ਹੁੰਦੇ ਨੇ। ਦੂਜੇ ਮਾਇਨਿਆਂ ਵਿਚ ਗੱਡਾ ਗੁਰੂ ਵੀ ਹੁੰਦੇ ਨੇ, ਸ਼ਤੀਰ ਵੀ ਤੇ ਜਹਾਜ਼ ਗੁਰੂ ਵੀ ਹੁੰਦੇ ਨੇ। ਉਨ੍ਹਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ। ਸੋ ਪੂਰਾ ਗੁਰੂ ਮਿਲ ਜਾਵੇ।

ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ ਜੀ ਸਾਬੋ ਕੀ ਤਲਵੰਡੀ ਨਿਵਾਸ ਰੱਖਦੇ ਨੇ। ਬਹੁਤ ਸੰਗਤਾਂ ਆਉਂਦੀਆਂ ਨੇ। ਉਥੇ ਡੱਲਾ ਜੋ ਉਸ ਇਲਾਕੇ ਦਾ ਸਰਦਾਰ ਸੀ ਉਹ ਬਹੁਤ ਸੇਵਾ ਕਰਦਾ ਹੈ। ਇਕ ਵਾਰ ਸਾਰੀ ਰਾਤ ਪਹਿਰਾ ਦੇਈ ਗਿਆ। ਮਹਾਰਾਜ ਜੀ ਜਦੋਂ ਬੁਲਾਉਣ ਕਿ ਕੌਣ ਹੈ ਪਹਿਰੇ

ਤੇ? ਤਾਂ ਕਹਿੰਦਾ, 'ਜੀ ਮੈਂ ਡੱਲਾ।' ਬਾਰ ਬਾਰ ਪੁੱਛਿਆ ਤਾਂ ਇਕੋ ਉੱਤਰ ਆਇਆ। ਸਵੇਰੇ ਮਹਾਰਾਜ ਜੀ ਜਦੋਂ ਦੀਵਾਨ ਵਿਚ ਆ ਗਏ ਤੇ ਦੀਵਾਨ ਦੀ ਸਮਾਪਤੀ ਹੋਈ ਤਾਂ ਕਹਿਣ ਲੱਗੇ, "ਭਾਈ ਡੱਲਾ! ਤੇਰੀ ਸੇਵਾ ਤੋਂ ਅਸੀਂ ਬਹੁਤ ਪ੍ਰਸੰਨ ਹਾਂ, ਮੰਗ ਕੀ ਮੰਗਦਾ ਹੈ ਤੂੰ, ਤੈਨੂੰ ਗੁਰੂ ਨਾਨਕ ਸਾਹਿਬ ਤੋਂ ਦਵਾਈਏ।"

ਡੱਲਾ ਸੋਚੀ ਪੈ ਗਿਆ ਕਿ ਕੀ ਮੰਗਾ? ਸੋਚਦਾ ਹੈ ਕਿ ਜ਼ਮੀਨ ਤਾਂ ਮੇਰੇ ਕੋਲ ਬਹੁਤ ਹੈ, ਬਾਲ ਬੱਚੇ ਵੀ ਹਨ, ਪਸ਼ੂ ਵੀ ਬੇਅੰਤ ਨੇ, ਸਰੀਰ ਵੀ ਮੇਰਾ ਤੰਦਰੁਸਤ ਹੈ, ਪੈਸਾ ਟਕਾ ਵੀ ਮੇਰੇ ਕੋਲ ਬਹੁਤ ਹੈ।

ਸੋਚ ਸੋਚ ਕੇ ਕਹਿਣ ਲੱਗਿਆ, "ਪਾਤਿਸ਼ਾਹ! ਜੇ ਮੈਨੂੰ ਤੁਸੀਂ ਕੁਝ ਦੇਣਾ ਹੈ ਤਾਂ ਆਪਣੀ ਦਰਗਾਹ ਦੇ ਵਿਚ ਇਕ ਪੀੜ੍ਹੀ ਜੋਗਾ ਥਾਂ ਦੇ ਦਿਓ।"

ਮਹਾਰਾਜ ਜੀ ਚੁੱਪ ਕਰ ਗਏ, ਗੰਭੀਰ ਹੋ ਗਏ।

ਕਹਿੰਦਾ, "ਮਹਾਰਾਜ! ਮੈਂ ਲਾਲਚ ਨਹੀਂ ਕਰਿਆ ਸਿਰਫ ਇਕ ਪੀੜ੍ਹੀ ਜੋਗਾ ਥਾਂ ਆਪ ਦੀ ਦਰਗਾਹ ਵਿਚ ਮੰਗਿਆ ਹੈ।"

ਮਹਾਰਾਜ ਜੀ ਕਹਿੰਦੇ, "ਡੱਲਿਆ! ਦੁਨੀਆਂ ਮੰਗ ਲੈ ਤੈਨੂੰ ਬਾਦਸ਼ਾਹੀ ਦੁਆ ਦਿੰਦੇ ਹਾਂ, ਇਹ ਕੋਈ ਗੱਲ ਨਹੀਂ ਮਾਮੂਲੀ ਬਾਤ ਹੈ ਸਾਡੇ ਵਾਸਤੇ ਦਿੱਲੀ ਦਾ ਤਖਤ ਤੈਨੂੰ ਦੁਆਉਣਾ, ਰਿਧੀਆਂ ਸਿਧੀਆਂ ਦੇ ਭੰਡਾਰੇ ਮੰਗ ਲੈ, ਪੁੱਤਰ ਧੀਆਂ, ਪੁਸ਼ਤਾਂ ਤੱਕ ਸੁਖ ਮੰਗ ਲੈ ਜੋ ਮੰਗੇ ਸਭ ਦੇ ਦਿੰਦੇ ਹਾਂ ਪਰ ਪਿਆਰਿਆ! ਦਰਗਾਹ ਦੇ ਵਿਚ ਥਾਂ ਪੀੜ੍ਹੀ ਜੋਗਾ ਮੰਗਦਾ ਹੈ? ਜੇ ਤੂੰ ਸੂਈ ਦੇ ਨੱਕੇ ਜਿੰਨਾ ਥਾਂ ਵੀ ਮੰਗਦਾ ਤਾਂ ਐਨਾ ਵੀ ਅਸੀਂ ਤੈਨੂੰ ਦਰਗਾਹ ਵਿਚ ਨਹੀਂ ਦੇ ਸਕਦੇ।"

ਹੈਰਾਨ ਹੋ ਗਿਆ। ਕਹਿਣ ਲੱਗਿਆ, "ਪਾਤਿਸ਼ਾਹ! ਇਕ ਪਾਸੇ ਤੁਸੀਂ ਦੁਨੀਆਂ ਦਾ ਰਾਜ ਦਿੰਦੇ ਹੋ, ਹੋਰ ਰਿਧੀਆਂ ਸਿਧੀਆਂ ਸ਼ਕਤੀਆਂ ਦਿੰਦੇ ਹੋ ਤੇ ਕਿ ਪਾਸੇ ਤੁਸੀਂ ਕਹਿੰਦੇ ਹੋ ਕਿ ਦਰਗਾਹ ਵਿਚ ਥਾਂ ਨਹੀਂ ਮਿਲ ਸਕਦਾ।"

ਮਹਾਰਾਜ ਜੀ ਕਹਿੰਦੇ, "ਡੱਲਿਆ! ਤੇਰਾ ਤੇ ਸਾਡਾ ਸੰਬੰਧ ਅਜੇ ਜੁੜਿਆ ਨਹੀਂ ਹੈ। ਜਾਹ! ਕਿਸੇ ਗੁਰਸਿਖ ਤੋਂ ਪੁੱਛ ਲੈ ਇਹ ਗੱਲ।"

ਬਾਹਰ ਆ ਗਿਆ, ਚਿਹਰਾ ਉਦਾਸ ਹੈ।

ਗੁਰਸਿਖ ਨੇ ਪੁਛਿਆ, "ਭਾਈ! ਡੱਲਾ ਕੀ ਗੱਲ ਉਦਾਸੀ ਹੈ?"

ਸਾਰੀ ਵਾਰਤਾ ਦੱਸੀ ਕਿ ਗੁਰਸਿਖਾ! ਅੱਜ ਗੁਰੂ ਮੇਰੇ ਤੇ ਪ੍ਰਸੰਨ ਹੋਏ

ਸੀ ਤੇ ਉਨ੍ਹਾਂ ਦੇ ਮੁੱਖ ਤੋਂ ਨਿਕਲਿਆ ਕਿ ਜੋ ਮੰਗੇਂ ਤੈਨੂੰ ਦੁਆ ਦਿੰਦੇ ਹਾਂ ਤੇ ਮੈਂ ਮੰਗਿਆ ਕਿ ਇਕ ਪੀੜ੍ਹੀ ਜੋਗਾ ਥਾਂ ਮੈਨੂੰ ਦਰਗਾਹ ਵਿਚ ਦੇ ਦਿਓ। ਮਹਾਰਾਜ ਜੀ ਨੇ ਜਵਾਬ ਦੇ ਦਿੱਤਾ ਤੇ ਨਾਲ ਇਹ ਕਹਿ ਦਿੱਤਾ ਕਿ ਡੱਲਿਆ! ਪੀੜ੍ਹੀ ਦਾ ਥਾਂ ਤਾਂ ਬਹੁਤਾ ਹੈ ਜੇ ਸੂਈ ਦੇ ਨੱਕੇ ਜਿੰਨਾ ਥਾਂ ਵੀ ਮੰਗਦਾ ਤਾਂ ਉਹ ਵੀ ਅਸੀਂ ਤੈਨੂੰ ਨਹੀਂ ਦੇ ਸਕਦੇ।

ਕਾਰਨ ਇਹ ਹੈ ਕਿ ਤੂੰ ਗੁਰੂ ਦਸਮੇਸ਼ ਪਿਤਾ ਨੂੰ ਆਪਣਾ ਗੁਰੂ ਧਾਰਨ ਨਹੀਂ ਕਰਿਆ, ਮੰਤਰ ਨਹੀਂ ਲਿਆ, ਜਦੋਂ ਤੱਕ ਮੰਤਰ ਨਹੀਂ ਲੈਂਦੇ ਤੁਸੀਂ ਕਿਸੇ ਦੇ ਚੇਲੇ ਨਹੀਂ ਬਣ ਸਕਦੇ। ਲੱਖ ਵਾਰੀ ਬਿਆਸਾ ਚਲੇ ਜਾਓ, ਰਾਧਾ ਸੁਆਮੀਆਂ ਦੇ ਚਲੇ ਜਾਓ ਜਦੋਂ ਤੱਕ ਉਨ੍ਹਾਂ ਦਾ ਨਾਮ ਨਹੀਂ ਲੈਂਦੇ ਉਦੋਂ ਤੱਕ ਰਾਧਾ ਸੁਆਮੀ ਤੁਹਾਨੂੰ ਕੋਈ ਨਹੀਂ ਕਹਿੰਦਾ। ਕਿਸੇ ਸੰਤ ਕੋਲ ਚਲੇ ਜਾਓ ਜਦੋਂ ਤੱਕ ਉਸ ਦਾ ਨਾਮ ਨਹੀਂ ਲੈਂਦੇ ਓਨੀ ਦੇਰ ਤੱਕ ਤੁਹਾਡਾ ਉਨ੍ਹਾਂ ਨਾਲ ਸੰਬੰਧ ਨਹੀਂ ਜੁੜਦਾ।

ਸੋ ਗੁਰੂ ਘਰ ਦੇ ਅੰਦਰ ਜੋ ਮਰਿਆਦਾ ਹੈ ਜਦੋਂ ਤੱਕ ਉਹ ਪੂਰੀ ਨਹੀਂ ਕਰਦੇ ਉਦੋਂ ਤੱਕ ਗੁਰੂ ਨਾਲ ਜੁੜ ਨਹੀਂ ਸਕਦੇ, ਗੁਰੂ ਗ੍ਰੰਥ ਸਾਹਿਬ ਨਾਲ, ਮਤਾਂ ਕਿਸੇ ਦੇ ਮਨ ਵਿਚ ਸ਼ੱਕ ਹੋਵੇ। ਇਹ ਸ਼ੱਕ ਕੱਢ ਦਿਓ ਦਿਲ ਦੇ ਵਿਚੋਂ ਕਿਉਂਕਿ ਗੁਰਬਾਣੀ ਨਹੀਂ ਇਹ ਬਾਤ ਕਹਿੰਦੀ, ਉਸ ਦੇ ਮਨ ਦੀ ਮਨੌਤ ਇਹ ਬਾਤ ਕਹਿੰਦੀ ਹੈ।

ਸੋ ਉਸ ਵੇਲੇ ਜਦੋਂ ਉਸ ਨੇ ਇਹ ਪੁਛਿਆ ਕਿ ਕੀ ਗੱਲ? ਕਹਿੰਦੇ ਕਿ ਤੈਨੂੰ ਨਾਮ ਨਹੀਂ ਮਿਲਿਆ। ਕਹਿੰਦਾ, "ਨਾਮ ਤਾਂ ਮੈਂ ਜਾਣਦਾ ਹਾਂ। ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਹੋ, ਮੈਂ ਵੀ ਕਰੀ ਜਾਂਦਾ ਹਾਂ ਵਾਹਿਗੁਰੂ ਵਾਹਿਗੁਰੂ। ਮਾਲਾ ਵੀ ਫੇਰਦਾ ਹਾਂ ਮੈਂ ਬੈਠ ਕੇ, ਜੀਭ ਨਾਲ ਵੀ ਮੈਂ ਜਪਦਾ ਹਾਂ।"

ਕਹਿੰਦੇ, "ਡੱਲਿਆ! ਤੂੰ ਸੌ ਸਾਲ ਜਪੀਂ ਜਾਵੇ, ਗੁਰੂ ਵਾਲਾ ਇਕ ਘੜੀ ਜਪ ਲਏ ਇਸ ਦਾ ਮਹਾਤਮ ਬਹੁਤਾ ਹੁੰਦਾ ਹੈ। ਤੇਰੀ ਸੌ ਸਾਲ ਦੀ ਮਿਹਨਤ ਬਿਰਥਾ ਚਲੀ ਜਾਏਗੀ।"

ਕਹਿੰਦਾ, "ਮੈਂ ਗੁਰੂ ਮੰਨਦਾ ਹਾਂ ਇਨ੍ਹਾਂ ਨੂੰ।"

ਕਹਿੰਦੇ, "ਮੰਨਣ ਦਾ ਨਹੀਂ ਸੁਆਲ ਹੁੰਦਾ।"

ਕਹਿਣ ਲੱਗਿਆ, "ਮੇਰੇ ਬਜ਼ੁਰਗ ਵੀ ਗੁਰੂ ਮੰਨਦੇ ਸਨ, ਅਸੀਂ ਤਾਂ ਹਾਂ ਹੀ ਗੁਰੂਆਂ ਦੇ ਤੇ ਮਸੰਦਾਂ ਦੇ ਰਾਹੀਂ ਵੱਡੀਆਂ ਵੱਡੀਆਂ ਭੇਟਾਵਾਂ ਘੋੜੇ ਆਦਿ ਭੇਜਦੇ ਰਹੇ। ਕੀ ਅਸੀਂ ਅਜੇ ਗੁਰੂ ਦੇ ਹੀ ਨਹੀਂ ਬਣੇ?"

ਗੁਰਸਿਖ ਕਹਿੰਦਾ, "ਡੱਲਿਆ! ਤੇਰਾ ਦੁਨੀਆਂ ਦਾ ਸੰਬੰਧ ਹੈ, ਰੂਹਾਨੀ ਸੰਬੰਧ ਨਹੀਂ ਹੈ। ਰੂਹਾਨੀ ਸੰਬੰਧ ਓਨਾ ਚਿਰ ਗੁਰੂ ਨਹੀਂ ਪਾਉਂਦਾ ਜਿੰਨਾ ਚਿਰ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਨਾ ਹੋਵੇ। ਜਦੋਂ ਗੁਰੂ ਨਾਮ ਦੇਵੇਗਾ ਤਾਂ ਇਥੇ ਵੀ ਸਹਾਈ ਹੋਏਗਾ ਤੇ ਦਰਗਾਹ ਵਿਚ ਵੀ ਸਹਾਇਤਾ ਕਰੇਗਾ। ਇਸ ਗੱਲ ਨੂੰ ਸਮਝਣ ਦਾ ਯਤਨ ਕਰ ਤੇ ਜਦੋਂ ਤੱਕ ਤੂੰ ਗੁਰੂ ਦੇ ਨਾਲ ਨਹੀਂ ਜੁੜਦਾ ਓਨੀ ਦੇਰ ਤੱਕ ਇਹ ਵਸਤ ਨਹੀਂ ਮਿਲਦੀ।"

ਉਸ ਨੇ ਬੜੇ ਸੁਖਾਲੇ ਢੰਗ ਦੇ ਨਾਲ ਇਸ ਭਾਵ ਨੂੰ ਪ੍ਰਗਟ ਕੀਤਾ –

***ਧਾਰਨਾ – ਜੇ ਮਿਲਣੈ ਕਲਗੀਆਂ ਵਾਲੇ ਨੂੰ,***
***ਜੇ ਮਿਲਣੈ ਵਾਜਾਂ ਵਾਲੇ ਨੂੰ, ਖੰਡੇ ਦਾ ਅੰਮ੍ਰਿਤ ਛਕ ਲੈ।***

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰੁ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***

***ਭਾਈ ਗੁਰਦਾਸ ਸਿੰਘ ਵਾਰ 41/1***

ਕਹਿਣ ਲੱਗੇ, "ਡੱਲਿਆ! ਅੰਮ੍ਰਿਤ ਛੱਕਣ ਵਿਚ ਤੈਨੂੰ ਕੀ ਹਿੱਜ ਹੈ। ਇਹ ਤਾਂ ਗੁਰੂ ਮਹਾਰਾਜ ਗੁਰੂ ਦਸਮੇਸ਼ ਪਿਤਾ ਜੀ ਨੇ ਜਿਨ੍ਹਾਂ ਨੂੰ ਗੁਰੂ ਕਹਿੰਦਾ ਹੈਂ ਸਤਿਗੁਰੂ ਕਹਿੰਦਾ ਹੈਂ ਇਨ੍ਹਾਂ ਨੇ ਆਪ ਪੰਜ ਪਿਆਰਿਆਂ ਤੋਂ ਮੰਗ ਕੇ ਅੰਮ੍ਰਿਤ ਛਕਿਆ ਹੈ। ਜਦੋਂ ਗੁਰੂ ਸਾਹਿਬ ਆਪ ਛੱਕ ਸਕਦੇ ਨੇ ਤਾਂ ਅਸੀਂ ਕੀ ਹੁੱਜਤਾਂ ਕਰ ਸਕਦੇ ਹਾਂ। ਜਾਹ! ਅੰਮ੍ਰਿਤ ਛੱਕ ਲੈ, ਗੁਰੂ ਤੋਂ ਨਾਮ ਲੈ ਲੈ, ਫੇਰ ਪੀੜ੍ਹੀ ਜੋਗਾ ਥਾਂ ਕਿਉਂ ਮੰਗਦਾ ਹੈ ਮੁਰੱਬੇ ਰੋਕ ਲਈ ਦਰਗਾਹ ਦੇ ਵਿਚ ਕੋਈ ਤੋੜਾ ਹੈ।"

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਤੱਕ ਗੁਰੂ ਧਾਰਨ ਨਹੀਂ ਕੀਤਾ ਜਾਂਦਾ ਪੂਰੀ ਵਿਧੀ ਦੇ ਨਾਲ। ਗੁਰੂ ਘਰ ਦੇ ਅੰਦਰ ਨੌਂ ਪਾਤਿਸਾਹੀਆਂ 'ਚਰਨ ਅੰਮ੍ਰਿਤ' ਦੇ ਕੇ ਨਾਮ ਦਿਆ ਕਰਦੇ ਸਨ ਗੁਰੂ ਦਸ਼ਮੇਸ਼ ਪਿਤਾ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ, ਸ਼ਬਦ ਗੁਰੂ ਓਅੰਕਾਰ ਦਾ ਸਾਕਾਰ ਸਰੂਪ ਗੁਰੂ ਗ੍ਰੰਥ ਸਾਹਿਬ ਦੱਸਿਆ ਹੈ। ਹੈ ਤਾਂ ਸਾਰਾ ਹੀ ਪਸਾਰਾ ਓਅੰਕਾਰ ਦਾ, ਧੁਨ ਦਾ, ਸ਼ਬਦ ਦਾ, ਸ਼ਬਦ ਬ੍ਰਹਮ ਦਾ ਜੇ ਸ਼ੁਧ ਰੂਪ ਕੋਈ ਹੈ ਤਾਂ ਗੁਰੂ ਗ੍ਰੰਥ ਸਾਹਿਬ ਹੈ ਬਾਕੀਆਂ ਦੇ ਵਿਚ ਮਾਇਆ ਦੀ ਮਿਲਾਵਟ ਪਈ ਹੋਈ ਹੈ। ਸਾਡੇ ਸਰੀਰ ਤਾਂ ਹੈ ਹੀ ਸਭ ਮਾਇਆ ਦੇ। ਹਾਂ ਤਾਂ ਅਸੀਂ ਵੀ

ਉਸੇ ਦਾ ਸਰੂਪ ਪਰ ਬਿਲਕੁਲ ਮੈਲ ਸਰੂਪ ਹਾਂ। ਇਹ ਸ਼ੁਧ ਸਰੂਪ ਹੈ -

***ਧੁਰ ਕੀ ਬਾਣੀ ਆਈ॥*** ***ਅੰਗ - 628***

ਧੁਰ ਦਰਗਾਹ ਤੋਂ -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥*** ***ਅੰਗ - 722***

ਪ੍ਰਮੇਸ਼ਰ ਦਾ ਸਾਕਾਰ ਸਰੂਪ ਗੁਰੂ ਗ੍ਰੰਥ ਸਾਹਿਬ ਹੈ ਜਦੋਂ ਇਨ੍ਹਾਂ ਨੂੰ ਗੁਰੂ ਮੰਨੋਗੇ ਉਸ ਵੇਲੇ ਨਾਮ ਦੀ ਦਾਤ ਪੰਜ ਪਿਆਰੇ ਇਕੱਠੇ ਹੋ ਕੇ ਇਕ ਜ਼ੁਬਾਨ ਹੋ ਕੇ ਦਿੰਦੇ ਨੇ। ਅੰਮ੍ਰਿਤ ਕੋਈ ਐਵੇਂ ਹੀ ਚੀਜ਼ ਨਹੀਂ ਹੋਇਆ ਕਰਦੀ ਕਿ ਮਿੱਠਾ ਪਾਣੀ ਪੀ ਲੈਣਾ, ਇਸ ਦੇ ਵਿਚ ਸ਼ਕਤੀ ਹੈ ਸਾਧ ਸੰਗਤ ਜੀ! ਪ੍ਰਤਿਆ ਪ੍ਰਤਿਆ ਕੇ ਦੇਖੀਆਂ ਹੋਈਆਂ ਨੇ ਹੁਣ ਸਮਾਂ ਨਹੀਂ ਹੈ, ਮੈਂ ਕਹਿ ਨਹੀਂ ਸਕਦਾ। ਜੇ ਹੋਇਆ ਤਾਂ ਕੱਲ੍ਹ ਨੂੰ ਵਿਚਾਰ ਕਰਾਂਗੇ।

ਸੋ ਗੁਰੂ ਦਸਮੇਸ਼ ਪਿਤਾ ਨੇ ਖੰਡੇ ਬਾਟੇ ਦਾ ਅੰਮ੍ਰਿਤ ਦੇ ਕੇ ਸੰਤ ਨੂੰ ਸਿਪਾਹੀ ਦਾ ਵੀ ਕੰਮ ਨਾਲ ਹੀ ਸੌਂਪ ਦਿੱਤਾ ਤੇ ਨਾਲ ਖਾਲਸੇ ਦੀ ਪਦਵੀ ਦੇ ਦਿੱਤੀ -

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌ ਕਰੌਂ ਨਿਵਾਸ॥*** ***(ਸਰਬ ਲੋਹ ਗ੍ਰੰਥ 'ਚੋਂ)***

ਖਾਲਸਾ ਕੌਣ ਹੈ?

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***(ਸਰਬ ਲੋਹ 'ਚੋਂ)***

***ਪੂਰਨ ਜੋਤ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ॥*** ***(ਖਾਲਸਾ)***

ਨਹੀਂ ਤਾਂ ਸੰਸਾਰ ਨਿਖਾਲਸਾ ਦਾ ਤੁਰਿਆ ਫਿਰਦਾ ਹੈ। ਖਾਲਸਾ ਤਾਂ ਹੈ ਜੇ ਪੂਰਨ ਬ੍ਰਹਮ ਗਿਆਨ ਦੀ ਜੋਤ ਜਗ ਪਵੇ, ਪੰਜੇ ਭਰਮਾਂ ਦਾ ਨਾਸ਼ ਹੋ ਜਾਵੇ। ਉਹ ਖਾਲਸਾ ਬਣਾ ਦਿੱਤਾ ਤੇ ਨਾਲ ਉਸ ਨੂੰ ਸੇਵਾ ਦੇ ਦਿੱਤੀ -

***ਖਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*** ***(ਸਰਬ ਲੋਹ***

***ਗ੍ਰੰਥ 'ਚੋਂ)***

ਉਹ ਆਦਰਸ਼ ਅਕਾਲ ਪੁਰਖ ਦਾ ਇਸ ਮਨੁੱਖ ਦੇ ਅੰਦਰ ਭਰਪੂਰ ਕਰ ਦਿੱਤਾ।

ਧਰਤੀ ਵਿਚ ਪਾਣੀ ਹੈ ਪਰ ਪਾਣੀ ਪੀਤਾ ਨਹੀਂ ਜਾ ਸਕਦਾ, ਕੱਢਿਆ ਨਹੀਂ ਜਾ ਸਕਦਾ ਜਦੋਂ ਤੱਕ ਬੋਰ ਨਾ ਕਰੋ। ਪਹਿਲਾਂ ਬੋਰ ਕਰਦੇ ਹਾਂ ਫੇਰ ਹੇਠਾਂ ਫਿਲਟਰ ਪਾਉਂਦੇ ਹਾਂ, ਫੇਰ ਨਾਲਾਂ (ਪਾਈਪਾਂ) ਪਾਉਂਦੇ ਹਾਂ ਫੇਰ reflex volve ਲਾਉਂਦੇ ਹਾਂ ਫੇਰ ਉਪਰ ਆ ਕੇ ਪੱਖਾ ਲਾਉਂਦੇ ਹਾਂ ਫੇਰ ਉਸ ਤੋਂ ਬਾਅਦ ਮੋਟਰ ਵਗੈਰਾ ਲਾ ਕੇ ਬਿਜਲੀ ਛੱਡਦੇ ਹਾਂ। ਜਦੋਂ ਬਟਨ ਦਬਦੇ ਹਾਂ ਉਸ ਵੇਲੇ ਪਾਣੀ ਨਹੀਂ ਆਉਂਦਾ ਚਾਹੇ ਸੌ ਸਾਲ ਬਟਨ ਦਬੀ ਰੱਖੋ ਪਾਣੀ ਨਹੀਂ ਆਏਗਾ। ਪਾਣੀ ਸਾਨੂੰ ਬਾਹਰੋਂ ਪਾਉਣਾ ਪੈਂਦਾ ਹੈ ਅੰਦਰ। ਜਦੋਂ ਬਾਹਰੋਂ ਪਾਵਾਂਗੇ ਤਾਂ reflex volve ਤੱਕ ਨਾਲ ਭਰ ਜਾਏਗੀ, ਉਨਾ ਹੀ ਪਾਣੀ ਉੱਚਾ ਆ ਜਾਏਗਾ। ਫੇਰ ਦੂਜੀ ਵਾਰ ਪਾਵਾਂਗੇ ਤਾਂ ਹੋਰ ਉੱਚਾ ਆ ਜਾਏਗਾ। ਫੇਰ ਪਾਵਾਂਗੇ ਪਾਣੀ ਤਾਂ ਹੇਠਲਾ ਪਾਣੀ ਹੋਰ ਉੱਚੀ ਆ ਜਾਏਗਾ ਜਦੋਂ reflex ਤੱਕ ਭਰ ਗਿਆ ਫੇਰ ਪਾਣੀ ਦੀ ਲਗਾਤਾਰ ਰੌ ਤੁਰ ਪੈਂਦੀ ਹੈ। ਫੇਰ ਹਰ ਵਾਰ ਪਾਣੀ ਪਾਉਣ ਦੀ ਲੋੜ ਨਹੀਂ ਪਾਣੀ ਆਪਣੇ ਆਪ ਆਉਂਦਾ ਰਹੇਗਾ। ਇਸੇ ਤਰ੍ਹਾਂ ਮਹਾਰਾਜ ਜੀ ਕਹਿੰਦੇ –

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥***
***ਅੰਗ – 644***

ਅੰਮ੍ਰਿਤ ਅੰਦਰ ਸੀ ਸਾਡੇ ਸਾਰਿਆਂ ਦੇ ਪਰ ਉਹ ਖੋਜਦੇ ਬਾਹਰ ਸੀ –

***ਸੁਰਿ ਨਰ ਸੁਰਿ ਨਰ ਮੁਨਿ ਜਨ ਸਹਜਿ ਵਖਾਣੀ ਰਾਮ ॥***
***ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲ ਰੰਗੁ ਲਾਇਆ ॥***
***ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ ਮਨ ਚਿੰਦਿਆ ਫਲੁ ਪਾਇਆ ॥ ਅੰਗ – 453***

ਉਹ ਗੁਰੂ ਨੇ ਅੰਦਰੋਂ ਅੰਮ੍ਰਿਤ ਪ੍ਰਗਟ ਕਰ ਦਿੱਤਾ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***

***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** ***ਅੰਗ - 293***

ਹੋਰ ਸਪਸ਼ਟ ਕਰਦੇ ਨੇ ਮਹਾਰਾਜ -

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥*** ***ਅੰਗ - 538***

ਗੁਰੂ ਦੀ ਮੱਤ ਧਾਰਨ ਕਰਨ ਨਾਲ ਸਾਨੂੰ ਇਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ।

***ਭਾਵ ਅਰਥ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ।***

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥*** ***ਅੰਗ - 538***

ਜਦੋਂ ਗੁਰੂ ਗ੍ਰੰਥ ਸਾਹਿਬ ਦੀ ਮਤ ਨੂੰ ਧਾਰਨ ਕਰਾਂਗੇ ਫੇਰ ਇਸ ਅੰਮ੍ਰਿਤ ਦਾ ਪ੍ਰਵਾਹ ਅੰਦਰੋਂ ਲਗਾਤਾਰ ਚਲਦਾ ਰਹਿੰਦਾ ਹੈ।

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***.............॥***
***ਅੰਗ - 538***

ਹਉਮੈ ਮਾਇਆ, ਭੁੱਲ, ਅਵਿਦਿਆ ਇਹ ਸਭ ਜ਼ਹਿਰ ਹੈ, ਬਿਖ ਹੈ। ਆਦਮੀ ਮੂਰਛਤ ਹੋ ਗਿਆ। ਇਸ ਨੂੰ ਪਤਾ ਨਹੀਂ ਲਗਦਾ ਆਪਣੇ ਆਪ ਦਾ। ਇਹ ਸੁਰਤ ਵਿਚ ਕਿਵੇਂ ਆਏਗਾ ਫੇਰ, ਕਹਿੰਦੇ -

***............ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥***
***ਅੰਗ - 538***

ਜਦੋਂ ਬਾਹਰੋਂ ਅੰਮ੍ਰਿਤ ਪਾ ਕੇ ਅੰਦਰ ਪ੍ਰਗਟ ਕਰ ਲਿਆ ਉਸ ਵੇਲੇ ਫੇਰ ਇਹ ਵਿਹੁ ਲਹਿ ਜਾਏਗੀ। ਸੋ ਗੁਰੂ ਘਰ ਦੇ ਵਿਚ ਗੁਰੂ ਧਾਰਨ ਦੀ ਜੋ ਰੀਤੀ ਹੈ, ਉਹ ਤਾਂ ਸਾਧ ਸੰਗਤ ਜੀ! ਅੰਮ੍ਰਿਤ ਛੱਕਣ ਤੇ ਹੀ ਪੂਰੀ ਹੁੰਦੀ ਹੈ। ਜੇ ਕੋਈ ਕਹੇ ਕਿ ਮੈਂ ਸਹਿਜਧਾਰੀ ਸਿੱਖ ਰਹਿ ਜਾਵਾਂਗਾ। ਸਹਿਜਧਾਰੀ ਸਿੱਖਾਂ ਦਾ ਤਬਕਾ ਹੈ ਉਹ ਹੌਲੀ ਹੌਲੀ ਏਧਰ ਨੂੰ ਆ ਜਾਣਗੇ। ਜਿਹੜੇ ਬਾਕੀ ਨੇ ਕਹਿੰਦੇ -

***ਧਰੇ ਕੇਸ ਪਾਹੁਲ ਬਿਨ ਮੂਰਖ ਭੇਖੀ ਸਿਖ॥***

ਕਹਿੰਦੇ ਉਹ ਤਾਂ ਮੂਰਖ ਹੈ ਤੇ ਨਾਲੇ ਭੇਖੀ ਹੈ, ਸਿੱਖ ਬਣ ਕੇ ਦਿਖਾਉਂਦਾ ਹੈ। ਤੂੰ ਤਾਂ ਸਿੱਖ ਹੈ ਹੀ ਨਹੀਂ, ਤੇਰਾ ਸਿਖੀ ਨਾਲ ਕੀ ਵਾਸਤਾ, ਮੱਥਾ ਟੇਕੀ ਜਾਂਦਾ ਹੈ, ਟੇਕੀ ਜਾਹ। ਪਾਠ ਕਰੀ ਜਾਂਦਾ ਹੈ, ਕਰੀ ਜਾਹ, ਦਾਨ ਕਰੀ ਜਾਹ ਤੇਰਾ ਵਾਸਤਾ ਨਹੀਂ ਗੁਰੂ ਨਾਲ, ਤੂੰ ਗੁਰੂ ਦਾ ਤਾਂ ਬਣਿਆ ਨਹੀਂ ਅਜੇ। ਨਾ ਹਠ ਕਰੋ ਇਨ੍ਹਾਂ ਗੱਲਾਂ ਦੇ ਅੰਦਰ। ਗੁਰੂ ਦੀ ਸ਼ਰਨ ਜਿੰਨੀ ਛੇਤੀ ਪੈ ਜਾਈਏ ਓਨਾ ਹੀ ਚੰਗਾ ਹੈ ਪਤਾ ਨਹੀਂ ਮੌਤ ਕਿਹੜੇ ਵੇਲੇ ਆ ਜਾਵੇ।

ਆਹ ਬਡਹੇੜੀ ਅਸੀਂ ਅੰਮ੍ਰਿਤ ਛਕਾਇਆ ਕਈ ਸਾਲ ਦੀ ਗੱਲ ਹੈ। ਉਥੇ ਇਕ ਪ੍ਰੇਮੀ ਸਰਵਣ ਦਾਸ ਦੇ ਮਕਾਨ ਵਿਚ ਰਿਹਾ ਕਰਦਾ ਸੀ। ਉਹ ਅੰਮ੍ਰਿਤ ਛੱਕਣ ਤੋਂ ਇਕ ਹਫਤਾ ਬਾਅਦ ਚੜ੍ਹਾਈ ਕਰ ਗਿਆ। ਸੁੱਤਾ ਇਸ ਨੂੰ ਸੁਪਨੇ ਵਿਚ ਆ ਕੇ ਮਿਲਿਆ, ਸ਼ਾਇਦ ਉਸ ਦਾ ਨਾਂ ਇਕਬਾਲ ਸਿੰਘ ਸੀ। ਕਹਿੰਦਾ ਮੈਂ ਤਾਂ ਜਾ ਰਿਹਾ ਹਾਂ। ਇਸ ਦੀ ਸੁਰਤ ਉਥੇ ਪਹੁੰਚ ਗਈ ਜਿਥੇ ਬਡਹੇੜੀ ਦੇ ਚੌਂਕ ਵਿਚ ਦੁਰਘਟਨਾ ਹੋਈ ਸੀ। ਚਾਰ ਵਜੇ ਦਾ ਸਮਾਂ ਤੇ ਦੇਖਿਆ ਕਿ ਸਰੀਰ ਦੇ ਵਿਚੋਂ ਉਠ ਰਿਹਾ ਹੈ ਤੇ ਕਹਿੰਦਾ ਮੈਂ ਤਾਂ ਜਾ ਰਿਹਾ ਹਾਂ। ਉਸ ਨੇ ਪੁੱਛਿਆ, "ਇਹ ਕੌਣ ਨੇ?"

ਕਹਿੰਦਾ, "ਇਹ ਮੇਰੇ ਸਤਿਗੁਰੂ ਮੈਨੂੰ ਲੈਣ ਆਏ ਨੇ।"

ਇਹ ਉਠ ਕੇ ਬੈਠ ਗਿਆ। ਸੁਪਨਾ ਟੁੱਟ ਗਿਆ ਤੇ ਜਦੋਂ ਥੋੜ੍ਹਾ ਜਿਹਾ ਦਿਨ ਚੜ੍ਹਿਆ ਉਨ੍ਹਾਂ ਦੇ ਘਰ ਆਵਾਜ਼ ਮਾਰੀ, ਉਹ ਨਾਲ ਹੀ ਰਹਿੰਦੇ ਸਨ। ਬੀਬੀ ਨੇ ਜਵਾਬ ਦਿੱਤਾ ਕਿ ਉਹ ਤਾਂ ਰਾਤ ਦੇ ਆਏ ਹੀ ਨਹੀਂ। ਕਹਿੰਦੇ, "ਬੀਬੀ! ਮੈਨੂੰ ਦ੍ਰਿਸ਼ਟਾਂਤ ਦਿਖਾਈ ਦਿੱਤਾ ਹੈ ਕਿ ਉਸ ਦਾ ਹਾਦਸਾ ਹੋ ਗਿਆ ਹੈ। ਉਸੇ ਵੇਲੇ ਜਦੋਂ ਉਥੇ ਚਲ ਕੇ ਗਏ ਤਾਂ ਹਾਦਸਾ ਹੋਇਆ ਪਿਆ ਸੀ। ਅਜੇ ਗੁਰੂ ਦਾ ਬਣਿਆ ਹੀ ਹੈ ਗੁਰੂ ਨੇ ਉਸੇ ਵੇਲੇ ਸੰਭਾਲ ਲਿਆ। ਸੋ ਇਸ ਤਰ੍ਹਾਂ ਦੇ ਨਾਲ ਪਤਾ ਨਹੀਂ ਹੁੰਦਾ ਸਾਧ ਸੰਗਤ ਜੀ! ਜਿੰਨੀ ਛੇਤੀ ਗੁਰੂ ਦੇ ਲੜ ਲੱਗ ਜਾਈਏ ਜਿਹੜੇ ਰਹਿੰਦੇ ਨੇ। ਵੈਸੇ ਇਥੇ ਸਾਢੇ ਚਾਰ ਹਜ਼ਾਰ ਨੂੰ ਅਸੀਂ ਇਥੇ ਅੰਮ੍ਰਿਤ ਛਕਾ ਚੁੱਕੇ ਹਾਂ ਚੰਡੀਗੜ੍ਹ ਵਿਚ, ਬਾਹਰ ਪੰਜਾਹ ਹਜ਼ਾਰ ਦੇ ਕਰੀਬ ਛਕਾ ਦਿੱਤਾ ਹੋਏਗਾ। ਸੋ ਫੇਰ ਵੀ ਬਹੁਤ ਸਾਰੇ ਰਹਿ ਜਾਂਦੇ ਨੇ, ਸੋਚਦੇ ਰਹਿ ਜਾਂਦੇ ਨੇ, ਗੁਰੂ ਧਾਰਨ ਕਰੋ।

ਸੋ ਇਸ ਗੁਰੂ ਧਾਰਨ ਦੀ ਗੱਲ ਜਦੋਂ ਬਾਬਾ ਅਮਰਦਾਸ ਜੀ ਨਾਲ ਉਸ ਬ੍ਰਹਮਚਾਰੀ ਨੇ ਕਰੀ ਜੋ ਦਰਦ ਉਨ੍ਹਾਂ ਦੇ ਮਨ ਵਿਚ ਹੋਇਆ, ਜੋ ਉਸ ਦੇ ਬੋਲ ਸੀ ਉਹ ਉਨ੍ਹਾਂ ਦੇ ਕੰਨਾਂ ਵਿਚ ਬੋਲਦੇ ਰਹੇ। ਉਸ ਦਾ ਕੱਲ੍ਹ

ਨੂੰ ਵਿਚਾਰ ਕਰਾਂਗੇ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਜਿਹੜੇ ਅਜੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

-ਅਨੰਦ ਸਾਹਿਬ-

-ਗੁਰ ਸਤੋਤਰ-

ਸ਼ਾਨ ....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਆਪ ਮੁਕਤ ਮੋਹਿ ਤਾਰੇ ਜੀ,*
*ਐਸੇ ਗੁਰ ਕਉ ਬਲਿ ਬਲਿ ਜਾਈਐ।*

*ਨਾਰਾਇਨ ਨਰਪਤਿ ਨਮਸਕਾਰੈ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ॥*
*ਕਵਨ ਕਵਨ ਕਵਨ ਗੁਨ ਕਹੀਐ*
*ਅੰਤੁ ਨਹੀ ਕਛੁ ਪਾਰੈ॥*
*ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥*
*ਬਿਸਮ ਬਿਸਮ ਬਿਸਮ ਹੀ ਭਈ ਹੈ*

ਲਾਲ ਗੁਲਾਲ ਰੰਗਾਰੈ॥
ਕਹੁ ਨਾਨਕ ਸੰਤਨ ਰਸੁ ਆਈ ਹੈ
ਜਿਉ ਚਾਖਿ ਗੂੰਗਾ ਮੁਸਕਾਰੈ॥ ਅੰਗ - 1301

ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ
ਸੇਵਾ ਕਰਕੇ ਮਾਣ ਪਾਈਦੈ।

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥

## *ਕਹੁ ਨਾਨਕ ਬਾਹ ਲੁਡਾਈਐ॥* 3 *ਅੰਗ – 26*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਪਿਛਲੇ ਦੋ ਦਿਨਾਂ ਤੋਂ ਆਪ ਸਾਰੇ ਸੇਵਾ ਤੇ ਸਿਮਰਨ ਬਾਰੇ ਸੁਣ ਰਹੇ ਹੋ, ਜੋ ਦੋ ਬਹੁਤ ਹੀ ਜ਼ਰੂਰੀ ਚੀਜ਼ਾਂ ਨੇ ਗੁਰਮਤਿ ਦੇ ਅੰਦਰ, ਜਿਸ ਨੂੰ ਧਾਰਨ ਕਰਨਾ ਹੈ, ਪੂਰੀ ਤਰ੍ਹਾਂ ਸਮਝ ਕੇ ਕਿ ਸੇਵਾ ਕਿਵੇਂ ਕੀਤੀ ਜਾਂਦੀ ਹੈ, ਸਿਮਰਨ ਕਿਵੇਂ ਕੀਤਾ ਜਾਂਦਾ ਹੈ। ਜਦੋਂ ਤੱਕ ਸਾਨੂੰ ਇਹ ਦੋ ਗੱਲਾਂ ਸਮਝ ਨਹੀਂ ਆਉਂਦੀਆਂ ਉਦੋਂ ਤੱਕ ਖਪ-ਖਪ ਮਰਨਾ ਹੋਇਆ ਕਰਦਾ ਹੈ ਕਿਉਂਕਿ ਹਰ ਚੀਜ਼ ਦਾ ਸੂਤਰ ਹੁੰਦਾ ਹੈ। ਮਸ਼ੀਨਰੀ ਹੈ ਜੇ ਇਕ ਬਟਨ ਦੱਬਣਾ ਰਹਿ ਜਾਵੇ, ਲੱਖਾਂ ਰੁਪਏ ਦੀ ਮਸ਼ੀਨ ਤੁਹਾਡੇ ਕੋਲ ਹੈ ਫਿਲਮ ਬਣਾਉਣੀ ਚਾਹੁੰਦੇ ਹੋ ਨਹੀਂ ਬਣ ਸਕੇਗੀ। ਚੰਗੀ ਤਰ੍ਹਾਂ ਇਸ ਵਿਸ਼ੇ ਨੂੰ ਅਸੀਂ ਨਾ ਜਾਣਨ ਕਰਕੇ ਐਵੇਂ ਧੱਕੇ ਨਾਲ ਲੈਣਾ ਚਾਹੁੰਦੇ ਹਾਂ, ਨਹੀਂ ਲੈ ਸਕਦੇ ਕਿਉਂਕਿ ਪਤਾ ਨਹੀਂ ਹੈ। ਭਾਵੇਂ ਫਿਲਮ ਵਾਲਾ ਫਿਲਮ ਬਣਾਈ ਜਾਵੇ, ਮਿਹਨਤ ਕਰੀ ਜਾਵੇ ਪਰ ਜੇ ਇਕ ਨੁਕਸ ਰਹਿ ਗਿਆ ਤਾਂ ਸਾਰੀ ਫਿਲਮ ਖਰਾਬ ਹੋ ਜਾਏਗੀ, ਰੰਗ ਕਾਲੇ ਪੀਲੇ ਹੋ ਜਾਣਗੇ। ਨਾ ਕੈਮਰੇ ਵਿਚ ਨੁਕਸ ਹੈ ਨਾ ਬੈਠਣ ਵਾਲੇ ਬੰਦੇ ਵਿਚ ਨੁਕਸ ਹੈ, ਨੁਕਸ ਹੈ ਤਾਂ ਕੇਵਲ ਚਲਾਉਣ ਵਾਲੇ ਵਿਚ ਹੈ। ਇਸੇ ਤਰ੍ਹਾਂ ਦੇ ਨਾਲ ਨਾ ਤਾਂ ਸਿਮਰਨ ਦੇ ਵਿਚ ਕੋਈ ਫਰਕ ਹੈ, ਨਾ ਸੇਵਾ ਕਰਨ ਵਾਲਿਆਂ ਵਿਚ ਫਰਕ ਹੈ। ਜਦੋਂ ਤੱਕ ਅਸੀਂ ਗੱਲ ਸਮਝ ਨਹੀਂ ਲੈਂਦੇ ਜੋ ਗੁਰਮਤਿ ਦਾ ਮੁਢਲਾ ਅਸੂਲ ਹੈ ਓਨੀ ਦੇਰ ਤੱਕ ਚੰਗੇ ਨਤੀਜੇ ਸਾਨੂੰ ਪ੍ਰਾਪਤ ਨਹੀਂ ਹੋ ਸਕਦੇ। ਸਾਡੇ ਚਿੱਤ ਵਿਚ ਸ਼ੰਕਾ ਆਏਗਾ ਕਿ ਮੈਂ ਸਿਮਰਨ ਵੀ ਕਰਦਾ ਹਾਂ, ਸੇਵਾ ਵੀ ਕਰਦਾ ਹਾਂ ਫੇਰ ਕੀ ਗੱਲ ਹੈ ਕਿ ਮੇਰੀ ਸੇਵਾ ਵੀ ਥਾਂ ਨਹੀਂ ਪੈਂਦੀ ਤੇ ਮੇਰਾ ਸਿਮਰਨ ਵੀ ਮੈਨੂੰ ਕਿਸੇ ਰਸਤੇ ਤੇ ਲੈ ਕੇ ਨਹੀਂ ਜਾਂਦਾ। ਸੋ ਇਸ ਦੇ ਵਾਸਤੇ ਦੋ ਦਿਨ ਪਿਛਲੇ, ਪਹਿਲੇ ਦਿਨ ਇਹ ਬੇਨਤੀ ਕੀਤੀ ਗਈ ਸੀ ਕਿ ਸਾਰਿਆਂ ਦੁਖਾਂ ਦਾ ਇਲਾਜ ਜੇ ਕੋਈ ਹੈ ਤਾਂ ਪ੍ਰਮੇਸ਼ਰ ਦਾ ਨਾਮ ਹੈ, ਇਹ ਕੋਈ ਐਵੇਂ ਹੀ ਬਾਤ ਨਹੀਂ ਹੈ ਕਿ ਕਥਾ ਕਰਨ ਵਾਸਤੇ ਹੀ ਇਕ ਗੱਲ ਹੈ। ਇਹ ਤਾਂ ਅਮਲੀ ਤੌਰ ਤੇ ਪਰਖ ਕੇ, ਸਭ ਕੁਝ ਦੇਖ ਕੇ ਫੇਰ ਬੇਨਤੀ ਕੀਤੀ ਗਈ ਹੈ।

ਇਕ ਭਈਆ ਉੱਤਰ ਪ੍ਰਦੇਸ਼ ਦਾ ਮੇਰੇ ਪਾਸ ਆ ਗਿਆ। ਭਰਾ ਲੈ ਕੇ ਆਇਆ ਉਸ ਦਾ। ਕਹਿੰਦਾ, "ਜੀ ਬਿਮਾਰ ਹੈ ਇਹ।" ਮੈਂ ਕਿਹਾ ਕਿ ਸਾਡੇ ਕੋਲ ਤਾਂ ਗੁਰੂ ਦੀ ਬਾਣੀ ਹੈ, ਹੋਰ ਕੋਈ ਦਵਾਈ ਨਹੀਂ ਹੈ। ਕੌਣ ਪੜ੍ਹ ਸਕਦਾ ਹੈ ਤੁਹਾਡੇ ਵਿਚੋਂ। ਉਹ ਕਹਿੰਦਾ ਕਿ ਮੈਨੂੰ ਹਿੰਦੀ ਵਿਚ ਲਿਖਾ ਦਿਓ ਮੈਂ ਪੜ੍ਹ ਲਵਾਂਗਾ। ਮੈਂ ਕਿਹਾ ਕਿ ਫੇਰ ਚਾਰ ਚੀਜ਼ਾਂ ਘਰ ਵਿਚ ਨਹੀਂ ਆਉਣੀਆਂ ਚਾਹੀਦੀਆਂ। ਇਕ ਤਾਂ ਮਾਸ ਨਾ ਆਵੇ, ਸ਼ਰਾਬ ਨਾ ਆਵੇ,

ਅੰਡੇ ਨਾ ਆਉਣ ਤੇ ਇਕ ਤੰਬਾਕੂ ਨਾ ਆਵੈ। ਰਹਿਤ ਰੱਖ ਲਓਗੇ ਤੁਸੀਂ?

ਕਹਿਣ ਲੱਗਿਆ ਕਿ ਹਾਂ ਜੀ! ਰਹਿਤ ਰੱਖ ਲਵਾਂਗੇ ਅਸੀਂ।

ਫੇਰ ਮੈਂ ਕਿਹਾ, "ਗੁਰਦੁਆਰਾ ਕੋਈ ਨੇੜੇ ਹੈ?"

ਕਹਿੰਦਾ, "ਪੰਦਰਾਂ ਮੀਲ ਤੇ ਹੈ ਸਾਡੇ ਘਰ ਤੋਂ, ਮੈਨਪੁਰੀ ਜਿਲ੍ਹਾ ਹੈ ਸਾਡਾ।"

ਮੈਂ ਕਿਹਾ,"ਚੰਗਾ! ਆਹ ਸ਼ਬਦ ਪੜ੍ਹੀ ਜਾਣਾ ਹੈ ਮੂਲਮੰਤਰ ਦੇ ਨਾਲ ਤੇ ਘਰੋਂ ਜਦੋਂ ਤੁਰਨਾ ਹੈ ਸਿਰਫ ਐਨਾ ਹੀ ਕਹਿਣਾ ਹੈ ਕਿ ਧੰਨ ਗੁਰੂ ਨਾਨਕ ਦੇਵ! ਧੰਨ ਗੁਰੂ ਨਾਨਕ ਦੇਵ!! ਜਦੋਂ ਕੋਈ ਬੰਦਾ ਆਵੇ ਫੇਰ ਐਨਾ ਕਹਿ ਦੇਣਾ ਹੈ ਬੋਲ ਗੁਰੂ ਨਾਨਕ ਦੇਵ ਕੀ ਜੈ! ਤਾਂ ਕਿ ਉਸ ਦੇ ਕੰਨਾਂ ਵਿਚ ਵੀ ਗੁਰੂ ਨਾਨਕ ਸਾਹਿਬ ਦਾ ਨਾਂ ਪੈ ਜਾਵੇ। ਗੁਰਦੁਆਰੇ ਜਾ ਕੇ ਝਾੜੂ ਦੇਣਾ ਹੈ, ਜੋ ਉਥੇ ਦੀ ਚਰਨ ਧੂੜ ਹੈ ਉਹ ਚੁੱਕ ਲਿਆਉਣੀ ਹੈ, ਜਿਥੇ ਬਿਮਾਰੀ ਹੈ ਉਥੇ ਮਲ ਲਿਓ।"

ਗੱਲ ਸਿੱਧੀ ਹੈ, ਕੋਈ ਦਵਾਈ ਨਹੀਂ ਹੈ ਸਧਾਰਨ ਵਿਸ਼ਵਾਸ ਦੀ ਬਾਤ ਹੈ। ਬਾਣੀ ਦਾ ਜੋ ਚਮਤਕਾਰੀ ਪਾਸਾ ਹੈ ਉਸ ਨੂੰ ਪ੍ਰਗਟ ਕਰਨ ਦੀ ਬਾਤ ਹੈ। ਇਸੇ ਤਰ੍ਹਾਂ ਦੇ ਨਾਲ ਕੀਤਾ ਉਸ ਨੇ, ਉਥੇ ਤਾਂ ਗਿਆ ਨਾ, ਇਥੇ ਹੀ ਕਰਦਾ ਰਿਹਾ। ਸਵਰਾਜ ਫੈਕਟਰੀ ਦੇ ਅੰਦਰ ਲੱਗਿਆ ਹੋਇਆ ਸੀ ਉਹ। ਰਾਜ਼ੀ ਹੋ ਕੇ ਆ ਗਿਆ, ਚਾਲੀ ਬਿਆਲੀ ਦਿਨਾਂ ਤੋਂ ਬਾਅਦ ਜਦੋਂ ਆਇਆ ਤਾਂ ਬੜੀ ਸਿਹਤ ਬਣੀ ਹੋਈ।

ਮੈਂ ਕਿਹਾ, "ਕੀ ਗੱਲ ਹੈ?" ਯਾਦਵ ਸੀ ਉਸ ਦਾ ਨਾਂ।

ਕਹਿਣ ਲੱਗਿਆ, "ਜੀ! ਭਰਾ ਮੇਰਾ ਠੀਕ ਹੋ ਗਿਆ।"

ਮੈਂ ਕਿਹਾ, "ਇਸ ਨੂੰ ਬਿਮਾਰੀ ਕੀ ਸੀ?"

ਕਹਿੰਦਾ, "ਬਿਮਾਰੀ ਤਾਂ ਦੱਸਣ ਵਾਲੀ ਨਹੀਂ ਹੈ।"

ਮੈਂ ਕਿਹਾ, "ਦੱਸ ਤਾਂ ਸਹੀ।"

ਕਹਿੰਦਾ, "ਟੀ.ਬੀ. (ਤਪਦਿਕ) ਸੀ ਏਸ ਨੂੰ। ਪਹਿਲਾਂ ਤਾਂ ਅਸੀਂ ਕਾਂਸ਼ੀ ਇਲਾਜ ਕਰਵਾਇਆ। ਫੇਰ ਦਿੱਲੀ ਇਲਾਜ ਕਰਵਾਉਂਦੇ ਰਹੇ। ਫੇਰ ਪੀ.ਜੀ.ਆਈ ਇਲਾਜ ਕਰਵਾ ਰਹੇ ਸੀ। ਉਥੇ ਕੋਈ ਸਿੰਘ ਖੜ੍ਹਾ ਸੀ। ਉਹ ਕਹਿੰਦਾ ਤੁਸੀਂ ਗੁਰੂ ਦੀ ਬਾਣੀ ਦਾ ਆਸਰਾ ਲੈ ਕੇ ਦੇਖ ਲਓ। ਮੈਂ ਤਾਂ ਹੈਰਾਨ ਹੋ ਗਿਆ ਕਿ ਬਾਣੀ ਦੇ ਅੰਦਰ ਐਨਾ ਤੇਜ ਤੇ ਐਨੀ ਸ਼ਕਤੀ ਹੈ ਕਿ ਸਾਡੇ ਵਰਗਾ ਬੰਦਾ ਵੀ ਜਿਹੜਾ ਦੂਰ ਦਰਾਜ ਰਹਿੰਦਾ ਹੈ ਤੇ ਸਿਰਫ ਗੁਰੂ ਨਾਨਕ ਦੇਵ ਦਾ ਨਾਉਂ ਲੈਣ ਨਾਲ ਤੇ ਸ਼ਬਦ ਦਾ ਪਾਠ ਕਰਨ ਨਾਲ

ਰਾਜ਼ੀ ਹੋ ਗਿਆ ਫੇਰ ਤਾਂ ਬਹੁਤ ਵੱਡੀ ਚੀਜ਼ ਹੈ।"

ਇਹ ਬੇਨਤੀ ਮੈਂ ਇਸ ਵਾਸਤੇ ਕਰਦਾ ਹਾਂ ਕਿ ਸਾਡੇ ਸਿੰਘਾਂ ਵਾਸਤੇ ਹੀ ਨਹੀਂ ਹੈ ਬਾਣੀ। ਇਹ ਤਾਂ ਭੂਤ ਪ੍ਰੇਤ, ਪਸ਼ੂ ਜਿਸ ਦੇ ਵੀ ਕੰਨ ਵਿਚ ਪੈ ਜਾਏਗੀ ਉਸ ਦੇ ਦੁਖ ਦਲਿੱਦਰ ਦੂਰ ਹੋ ਜਾਣਗੇ। ਫੇਰ ਅਸੀਂ ਕਹਿੰਦੇ ਹਾਂ ਕਿ ਜਿਹੜੇ ਬਾਣੀ ਪੜ੍ਹਦੇ ਨੇ ਉਹ ਤਾਂ ਆਪ ਹੀ ਬਿਮਾਰ ਨੇ, ਜਿਹੜੇ ਸੁਣਦੇ ਨੇ ਉਹ ਆਪ ਬਿਮਾਰ ਨੇ। ਉਨ੍ਹਾਂ ਸੁਣਨ ਤੇ ਪੜ੍ਹਨ ਵਿਚ ਫਰਕ ਹੈ। ਜਦੋਂ ਤੱਕ ਇਹ ਬਾਤ ਸਾਡੀ ਸਮਝ ਵਿਚ ਨਹੀਂ ਆਉਂਦੀ ਉਦੋਂ ਤੱਕ ਕੋਈ ਨਤੀਜਾ ਨਹੀਂ ਨਿਕਲ ਸਕਦਾ। ਸੋ ਇਸ ਦੀ ਬਹੁਤ ਵਿਸਥਾਰ ਨਾਲ ਵਿਆਖਿਆ ਕੀਤੀ ਸੀ ਦੂਸਰੇ ਦੀਵਾਨ ਵਿਚ। ਸੋ ਅੱਜ ਵੀ ਆਪ ਧਿਆਨ ਦੇ ਨਾਲ ਸਰਵਣ ਕਰਨਾ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬਚਨਾਂ ਨੂੰ ਸਰਵਣ ਕਰੋ ਜੋ ਵਿਚਾਰ ਹੋ ਰਹੀ ਹੈ ਉਸ ਨੂੰ ਆਪਣੀ ਬੁੱਧੀ ਤੇ ਪਰਖ ਕੇ ਹਿਰਦੇ ਵਿਚ ਧਾਰਨ ਕਰੋ। ਉਸ ਤੋਂ ਬਾਅਦ ਜਦੋਂ ਵਾਰੀ ਆਉਂਦੀ ਹੈ ਤਾਂ ਗੱਜ ਵੱਜ ਕੇ ਸਾਰੇ ਬੋਲੋ। ਸਿਧੀਆਂ ਧਾਰਨਾਂ ਨੇ, ਹਰ ਬੰਦਾ ਬੋਲ ਸਕਦਾ ਹੈ। ਸ਼ਬਦ ਦਾ ਜੋ ਆਸ਼ਾ ਹੈ ਉਹ ਸੁਖਾਲੀ ਬੋਲੀ ਦੇ ਅੰਦਰ ਆਪਾਂ ਗਾ ਲੈਂਦੇ ਹਾਂ ਤਾਂ ਕਿ ਮਨ ਉਚਾਟ ਨਾ ਹੋਵੇ। ਦੂਸਰਾ ਬਹੁਤ ਸਾਰੇ ਪ੍ਰੇਮੀ ਨਵੇਂ ਹੋਣ ਕਰਕੇ ਜਾਂ ਆਵਾਜ਼ ਦੇ ਵਿਚ ਕੋਈ ਨੁਕਸ ਹੋਣ ਕਰਕੇ ਸੌਂ ਜਾਂਦੇ ਨੇ। ਬਿਲਕੁਲ ਸਾਵਧਾਨ ਰਹੋ ਸਾਧ ਸੰਗਤ ਜੀ! ਬਹੁਤ ਵੱਡਾ ਫਲ ਹਾਸਲ ਕਰਨ ਆਏ ਹੋ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ – 546***

ਸੋ ਮਹਾਰਾਜ ਜੀ ਦਾ ਇਸ ਤਰ੍ਹਾਂ ਨਾਲ ਫੁਰਮਾਨ ਹੈ ਇਸ ਤਰ੍ਹਾਂ ਨਾਲ ਪੜ੍ਹੋ –

***ਧਾਰਨਾ – ਕੰਨੀਂ ਸੁਣੀਏ ਗੁਰਾਂ ਦੀ ਬਾਣੀ***
***ਜਿਹਬਾ ਨਾਲ ਨਾਮ ਜਪੀਏ।***

***ਰੇ ਮਨ ਰਾਮ ਸਿਉ ਕਰਿ ਪ੍ਰੀਤਿ॥***
***ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥***
***ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥***
***ਅੰਗ – 631***

ਕਰੋੜਾਂ ਜਨਮਾਂ ਦੇ ਪਾਪਾਂ ਦਾ ਨਾਸ਼ ਹੋ ਜਾਏਗਾ ਸੰਗਤ ਵਿਚ ਆ ਕੇ। ਸੋ ਕੱਲ੍ਹ ਆਪ ਸਾਰੇ ਜੋ ਹਾਜਰ ਸਨ ਵਿਚਾਰ ਸ੍ਰਵਣ ਕੀਤੇ ਸਨ ਕਿ ਗੁਰੂ ਤੋਂ ਬਗੈਰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਨਿਗੁਰੇ ਪੁਰਸ਼ ਦਾ ਤਾਂ ਨਾਉਂ ਲੈਣਾ ਹੀ ਬੁਰਾ ਹੁੰਦਾ ਹੈ –

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥* *ਅੰਗ – 59*

ਪੁੱਛ ਲਓ ਵੱਡਿਆਂ-ਵੱਡਿਆਂ ਨੂੰ ਜਾ ਕੇ ਕਿ ਕਿੰਨਾ ਬੁਰਾ ਮੰਨਿਆ ਜਾਂਦਾ ਹੈ। ਸੋ ਦੂਸਰੀ ਬੇਨਤੀ ਸੀ ਕਿ ਗੁਰੂ ਕਿਹੋ ਜਿਹਾ ਹੋਣਾ ਚਾਹੀਦਾ ਹੈ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥* *ਅੰਗ – 1291*

ਜਿਹੜਾ ਇਸ ਸਰੀਰ ਦੇ ਵਿਚ ਮੇਰੇ ਘਰ ਨੂੰ ਤੇ ਵਾਹਿਗੁਰੂ ਦੇ ਘਰ ਨੂੰ ਦਿਖਾ ਦੇਵੇ, ਕਿਉਂਕਿ ਆਦਮੀ ਦੇ ਕੋਲ ਤਿੰਨ ਘਰ ਹੁੰਦੇ ਨੇ। ਇਕ ਤਾਂ ਜਿਹੜਾ ਇੱਟਾਂ-ਵੱਟਿਆਂ ਨਾਲ ਬਣਾਇਆ ਜਾਂਦਾ ਹੈ ਇਸ ਨੂੰ ਅਸੀਂ ਆਪਣਾ ਘਰ ਕਹਿੰਦੇ ਹਾਂ। ਇਹ ਘਰ ਸਾਡਾ ਨਹੀਂ ਹੈ ਇਹ ਸਾਡੇ ਸਰੀਰ ਵਾਸਤੇ ਘਰ ਹੈ। ਜੋ 'ਮੈਂ' ਹਾਂ ਮੈਨੂੰ ਕਿਸੇ ਘਰ ਦੀ ਲੋੜ ਨਹੀਂ ਹੈ ਕਿਉਂਕਿ ਚਾਰ-ਦਿਵਾਰੀ ਵਿਚ ਕੈਦ ਹੋਣ ਵਾਲੀ ਚੀਜ਼ 'ਮੈਂ' ਨਹੀਂ ਹਾਂ, ਮੇਰਾ ਸਰੂਪ ਆਤਮਾ ਹੈ –

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥* *ਅੰਗ – 441*

ਉਸ ਦੇ ਵਾਸਤੇ ਇਹ ਘਰ ਹੈ ਸਰੀਰ ਦਾ, ਇਸ ਘਰ ਦੇ ਅੰਦਰ ਇਕ ਹੋਰ ਘਰ ਹੈ ਜਿਸ ਥਾਂ ਤੇ ਪ੍ਰਮੇਸ਼ਰ ਦਾ ਵਾਸਾ ਹੈ, ਜਿਸ ਨੂੰ 'ਸੋ ਘਰੁ' ਕਹਿੰਦੇ ਨੇ, 'ਨਿਜ ਘਰੁ' ਕਹਿੰਦੇ ਨੇ, 'ਥਿਰੁ ਘਰ' ਕਹਿੰਦੇ ਨੇ। ਸੋ ਜੋ ਉਸ ਘਰ ਦੀ ਪਹਿਚਾਨ ਕਰਾ ਦੇਵੇ ਤੇ ਉਸ ਘਰ ਨੂੰ ਦਿਖਾ ਦੇਵੇ, ਉਥੇ ਵਜਦੇ ਨਾਦਾਂ ਦਾ ਅਨੁਭਵ ਕਰਾ ਦੇਵੇ ਉਹ ਸਤਿਗੁਰੂ ਹੋਇਆ ਕਰਦਾ ਹੈ, ਬਾਕੀ ਤਾਂ ਕੱਚੇ ਹੁੰਦੇ ਨੇ। ਚਾਰ ਕਿਸਮ ਦੇ ਗੁਰੂ ਮਹਾਂਪੁਰਸ਼ਾਂ ਨੇ ਲਿਖੇ ਨੇ। ਪਹਿਲਾ ਹੋਇਆ ਕਰਦਾ ਹੈ ਕੱਚਾ ਗੁਰੂ – ਮਹਾਰਾਜ ਜੀ ਕਹਿੰਦੇ –

*ਕਾਚੇ ਗੁਰ ਤੇ ਮੁਕਤਿ ਨ ਹੂਆ॥* *ਅੰਗ – 932*

ਉਥੇ ਤਾਂ ਮੁਕਤੀ ਦਾ ਨਾਂ ਲੈਣਾ ਹੀ ਔਖਾ ਹੈ, ਮੁਕਤ ਨਹੀਂ ਹੋ ਸਕਦਾ।

ਦੂਸਰਾ ਹੋਇਆ ਕਰਦਾ ਹੈ ਪਖੰਡੀ ਗੁਰੂ, ਪਖੰਡ ਬਣਾ ਲਿਆ ਏਜੰਟ ਰੱਖ ਲਏ, ਉਪਮਾ ਹੋ ਰਹੀ ਹੈ ਦਿਨ ਰਾਤ, ਉਨ੍ਹਾਂ ਨੂੰ ਰਿਆਇਤ ਦੇ ਰਿਹਾ ਹੈ, ਪੈਸੇ ਦੇ ਰਿਹਾ ਹੈ ਤੇ ਉਹ ਲੋਕਾਂ ਨੂੰ ਪ੍ਰੇਰ-ਪ੍ਰੇਰ ਕੇ ਲਿਆਉਂਦਾ ਹੈ ਕਿ ਇਹ ਗੁਰੂ ਬੜਾ ਕਰਨੀ ਵਾਲਾ ਹੈ, ਇਸ ਦੇ ਬਚਨ ਸਿੱਧ ਹੁੰਦੇ ਨੇ, ਇਹ ਅੰਤਰਜਾਮੀ ਹੈ ਪਰ ਉਹ ਕੁਝ ਵੀ ਨਹੀਂ ਕਰ ਸਕਿਆ ਕਰਦਾ, ਪਿੱਛੇ

ਲਗਿਆਂ ਦਾ ਉਧਾਰ ਨਹੀਂ ਕਰ ਸਕਦਾ।

ਇਕ ਵਾਰੀ ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ ਫਿਰੋਜ਼ਪੁਰ ਦੇ ਅੰਦਰ ਇਕ ਪਿੰਡ ਲਧਾਈਕੇ ਗਏ ਹੋਏ ਨੇ। ਉਥੇ ਬਾਹਰ ਖੜ੍ਹੇ ਨੇ, ਇਕ ਪਾਸੇ ਸਰਕੜਾ ਹੈ ਤੇ ਵਿਚੋਂ ਕੋਈ ਆ ਰਿਹਾ ਹੈ, ਬਹੁਤ ਖੜਕਾ ਹੋ ਰਿਹਾ ਹੈ।

ਗੁਰਸਿਖ ਕਹਿੰਦੇ, "ਪਾਤਿਸ਼ਾਹ! ਇੱਧਰ ਕੁਝ ਖੜਕਾ ਹੋ ਰਿਹਾ ਹੈ ਦੇਖੀਏ ਕੀ ਹੈ।"

ਮਹਾਰਾਜ ਜੀ ਕਹਿੰਦੇ, "ਆ ਜਾਣ ਦਿਓ, ਕੁਝ ਨਹੀਂ ਹੈ।"

ਇਕ ਬਹੁਤ ਵੱਡੀ ਸਰਾਲ (ਅਜਗਰ) ਸਿੱਧੀ ਮਹਾਰਾਜ ਵੱਲ ਨੂੰ ਵਧੀ ਆ ਰਹੀ ਹੈ। ਗੁਰਸਿਖ ਕਹਿੰਦੇ ਕਿ ਮਹਾਰਾਜ! ਸਰਾਲ ਤੁਹਾਡੇ ਵੱਲ ਨੂੰ ਵਧੀ ਆ ਰਹੀ ਹੈ।

ਮਹਾਰਾਜ ਜੀ ਕਹਿੰਦੇ, "ਬਹੁਤ ਦੁਖੀ ਹੈ, ਆ ਜਾਣ ਦਿਓ ਸਾਡੇ ਕੋਲ।"

ਸੋ ਨੇੜੇ ਆ ਗਿਆ। ਮਹਾਰਾਜ ਜੀ ਨੇ ਚਰਨ ਛੁਆ ਦਿੱਤਾ। ਉਹ ਉਥੇ ਹੀ ਗਿਰ ਗਿਆ। ਗਿਰਦੀਸਾਰ ਇਕ ਧੂੰਆਂ ਜਿਹਾ ਨਿਕਲਿਆ। ਦੇਖਦੇ ਦੇਖਦੇ ਪ੍ਰਕਾਸ਼ ਰੂਪ ਹੋ ਕੇ ਮਨੁੱਖ ਦਾ ਰੂਪ ਧਾਰਨ ਕਰ ਲਿਆ ਤੇ ਮਹਾਰਾਜ ਜੀ ਦੀ ਉਸਤਤਿ ਕਰਨ ਲੱਗ ਪਿਆ ਕਿ ਮਹਾਰਾਜ! ਆਪ ਧੰਨ ਹੋ, ਦੀਨ ਦਇਆਲ ਆਪ ਨੇ ਮੈਨੂੰ ਬਖਸ਼ ਦਿੱਤਾ, ਮੈਂ ਬਹੁਤ ਵੱਡਾ ਪਾਪੀ ਹਾਂ।

ਗੁਰਸਿਖ ਕਹਿੰਦੇ, "ਪਾਤਿਸ਼ਾਹ! ਕੌਣ ਹੈ ਇਹ?"

ਕਹਿੰਦਾ, "ਮੈਂ ਹਾਂ ਜੀ! ਪਖੰਡੀ ਗੁਰੂ, ਮੈਂ ਲੋਕਾਂ ਦਾ ਦਸਵੰਧ ਕਢਾਉਂਦਾ ਸੀ, ਅਨੇਕਾਂ ਤਰੀਕੇ ਵਰਤਦਾ ਸੀ, ਝੂਠ ਤੁਫਾਨ ਮਾਰ ਕੇ ਪਾਰ ਕੋਈ ਨਹੀਂ ਸੀ ਲੰਘਦਾ। ਜੇ ਕੋਈ ਭਜਨ ਬੰਦਗੀ ਪੁਛਦਾ ਸੀ ਉਸ ਨੂੰ ਮੈਂ ਇਹ ਕਹਿੰਦਾ ਸੀ ਕਿ ਮੇਰਾ ਧਿਆਨ ਧਰਿਆ ਕਰ। ਤੇਰਾ ਸਾਰਾ ਭਜਨ ਇਸ ਦੇ ਵਿਚ ਹੀ ਆ ਜਾਏਗਾ। ਸੋ ਮਹਾਰਾਜ! ਮੇਰੀ ਬਿਰਤੀ ਪੈਸੇ ਵਿਚ ਰਹਿਣ ਕਰਕੇ, ਮਰਨ ਵੇਲੇ ਵੀ ਮੇਰੀ ਸੁਰਤ ਪੈਸੇ ਵਿਚ ਸੀ ਤੇ ਮੈਂ ਸੱਪ ਬਣ ਗਿਆ।

ਪਾਤਿਸ਼ਾਹ! ਜਿਥੇ ਤੁਸੀਂ ਮੇਰੇ ਤੇ ਇਹ ਕਿਰਪਾ ਕਰੀ ਹੈ ਉਥੇ ਜਿਹੜੇ ਮੇਰੇ ਪਿਛੇ ਲਗੇ ਸਨ ਉਨ੍ਹਾਂ ਤੇ ਵੀ ਕਿਰਪਾ ਕਰ ਦਿਓ।"

ਮਹਾਰਾਜ ਜੀ ਕਹਿੰਦੇ, "ਉਹ ਕਿਥੇ ਨੇ?"

ਕਹਿੰਦਾ, "ਉਹ ਵੀ ਇਸੇ ਸਰੀਰ ਵਿਚ ਨੇ ਮਹਾਰਾਜ।"

ਵਾਹਿਗੁਰੂ ਆਖ ਕੇ ਪਾਣੀ ਦਾ ਛਿੱਟਾ ਦੁਆ ਦਿੱਤਾ। ਜਿਵੇਂ ਕਕੜੀ ਪਾਟੀ ਹੁੰਦੀ ਹੈ ਆਏਂ ਫਟ ਗਿਆ। ਕੀ ਦੇਖਦੇ ਨੇ? ਵਿਚ ਕੁਰਬੁਲ-ਕੁਰਬੁਲ ਕਰਦੇ ਸੁੰਡ ਫਿਰਦੇ ਸਨ।

ਮਹਾਰਾਜ ਜੀ ਕਹਿੰਦੇ, "ਦੇਖਿਆ ਭਾਈ! ਇਹ ਧੋਖੇ ਦੇ ਕੇ ਇਨ੍ਹਾਂ ਦਾ ਪੈਸਾ ਖਾਂਦਾ ਰਿਹਾ, ਇਨ੍ਹਾਂ ਨੂੰ ਕਹਿੰਦਾ ਰਿਹਾ ਕਿ ਤੁਸੀਂ ਮੇਰਾ ਧਿਆਨ ਧਰੋ। ਹੁਣ ਜਿਸ ਦਾ ਧਿਆਨ ਧਰਨਾ ਹੈ ਉਸ ਦੇ ਲੋਕ ਵਿਚ ਪਹੁੰਚਣਾ ਹੈ। ਹੁਣ ਇਹ ਸੱਪ ਬਣਿਆ ਹੋਇਆ ਹੈ। ਇਸ ਦੇ ਸਾਰੇ ਹੀ ਚੇਲੇ ਸੁੰਡ ਬਣ ਕੇ ਇਸ ਦੇ ਸਰੀਰ ਵਿਚ ਆ ਗਏ। ਇਸ ਨੇ ਇਨ੍ਹਾਂ ਦਾ ਧਨ ਖਾਧਾ ਹੈ, ਇਹ ਇਸ ਦਾ ਮਾਸ ਤੋੜ-ਤੋੜ ਕੇ ਖਾਂਦੇ ਨੇ।"

ਸੋ ਐਸਾ ਪਖੰਡੀ ਗੁਰੂ ਹੋਇਆ ਕਰਦਾ ਹੈ। ਤੀਸਰਾ ਹੋਇਆ ਕਰਦਾ ਹੈ ਪੰਡਤ ਗੁਰੂ। ਉਹ ਜਾਣਦਾ ਸਭ ਕੁਝ ਹੈ, ਵੇਦ ਸਾਸਤ੍ਰ ਪੜ੍ਹੇ ਹੋਏ ਨੇ, ਹੋਰ ਬੇਅੰਤ ਕਿਤਾਬਾਂ ਪੜ੍ਹੀਆਂ ਹੋਈਆਂ ਨੇ। ਉਪਦੇਸ਼ ਦੇਣ ਲਈ ਸਮਰੱਥ ਹੈ ਪਰ ਡਰਾਮਾ ਕਰ ਸਕਦਾ ਹੈ ਪਰ ਇਖਤਿਆਰ ਨਹੀਂ ਹੈ ਉਸ ਦੇ ਹੱਥ ਵਿਚ।

ਆਹ ਫਿਲਮਾਂ ਦੇਖਦੇ ਹੋ ਤੁਸੀਂ ਸਿਨੇਮੇ ਵਗੈਰਾ ਵਿਚ ਕਿ ਜੱਜ ਬਣਿਆ ਹੁੰਦਾ ਹੈ ਬਨਾਉਟੀ ਤੇ ਹੁਕਮ ਦੇ ਦਿੰਦਾ ਹੈ ਕਿ ਇਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਦੋਸ਼ੀ ਨੂੰ ਫਾਂਸੀ ਤੇ ਟੰਗਿਆ ਹੋਇਆ ਦਿਖਾ ਦਿੰਦੇ ਨੇ। ਪਰ ਇਹ ਸਾਰਾ ਡਰਾਮਾ ਹੁੰਦਾ ਹੈ।

ਬੱਚੇ ਖੇਡਦੇ ਨੇ। ਇਕ ਚੋਰ ਬਣ ਜਾਂਦਾ ਹੈ ਇਕ ਸਿਪਾਹੀ, ਇਕ ਰਾਜਾ ਬਣ ਜਾਂਦਾ ਹੈ। ਬੱਚੇ ਨੂੰ ਫੜ ਕੇ ਰਾਜੇ ਦੇ ਪੇਸ਼ ਕਰਦੇ ਨੇ। ਰਾਜਾ ਕਹਿੰਦਾ ਹੈ ਕਿ ਇਸ ਨੂੰ ਸਜਾ-ਏ-ਮੌਤ ਦਿੰਦੇ ਹਾਂ। ਉਹ ਡਰਾਮਾ ਕਰਕੇ ਹਟ ਜਾਂਦੇ ਨੇ। ਸੋ ਇਹ ਵਿਦਵਾਨ ਗੁਰੂ ਦਾ ਕੰਮ ਦਿੰਦਾ ਹੈ। ਸੋ ਉਸ ਦੇ ਕੋਲ authority ਕੋਈ ਨਹੀਂ ਹੁੰਦੀ, ਗੱਲਾਂ ਸਾਰੀਆਂ ਜਾਣਦਾ ਹੈ। ਉਹ ਖਾਲੀ ਭੜਾਕਾ ਤਾਂ ਹੁੰਦਾ ਹੈ ਰਾਈਫਲ ਦਾ, ਗੋਲੀ ਨਹੀਂ ਉਸ ਦੇ ਵਿਚ ਹੁੰਦੀ, ਵਿੰਨ ਨਹੀਂ ਸਕਦਾ ਕਿਸੇ ਦੇ ਹਿਰਦੇ ਨੂੰ।

ਸੋ ਚੌਥਾ ਗੁਰੂ ਹੁੰਦਾ ਹੈ ਅਵਧੂਤ ਗੁਰੂ, ਉਹ ਆਪ ਤਾਂ ਪਹੁੰਚਿਆ ਹੁੰਦਾ ਹੈ ਪਰ ਉਸ ਦੇ ਕੋਲ ਇਹ ਸ਼ਕਤੀ ਨਹੀਂ ਹੁੰਦੀ ਕਿ ਜੀਅ ਦਾਨ ਦੇ ਸਕੇ -

***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥***
***ਅੰਗ - 749***

ਸੋ ਨਾ ਸ਼ਕਤੀ ਹੋਣ ਕਰਕੇ ਇਹ ਗੁਰੂ ਨਹੀਂ ਕੁਹਾ ਸਕਦਾ। ਸੋ ਸਮਰੱਥ ਗੁਰੂ ਜੋ ਹੁੰਦਾ ਹੈ। ਜਿਸ ਦਾ ਖਾਸ ਰੂਪ ਅਕਾਲ ਪੁਰਖ ਹੁੰਦਾ ਹੈ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***

***ਅੰਗ - 442***

ਵਾਹਿਗੁਰੂ ਵਿਚ ਤੇ ਉਸ ਦੇ ਵਿਚ ਕੋਈ ਫਰਕ ਨਹੀਂ ਹੋਇਆ ਕਰਦੀ। ਵਾਹਿਗੁਰੂ ਦਾ ਸਾਕਾਰ ਰੂਪ ਉਹ ਸਤਿਗੁਰੂ ਹੋਇਆ ਕਰਦਾ ਹੈ। ਸੋ ਉਸ ਦੀਆਂ ਨਿਸ਼ਾਨੀਆਂ ਦਸਦੇ ਹੋਏ ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੂੰਜੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ ਗੁਰੂ ਪੰਜਵੇਂ ਪਾਤਿਸ਼ਾਹ ਵਲੋਂ, ਆਪ ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮ੍ਹਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥***

***ਭਾਈ ਗੁਰਦਾਸ ਜੀ ਦੀ ਵਾਰ 34/1***

ਸਤਿਗੁਰੂ ਜੋ ਹੋਇਆ ਕਰਦਾ ਹੈ ਉਹ ਜਿਸ ਦੀ ਮਨ, ਬੁੱਧੀ, ਦਿਮਾਗ ਦੇ ਕਿਸੇ ਵੀ ਹਿੱਸੇ ਨਾਲ ਉਸ ਦੀ ਕਿਰਿਆ ਸਮਝ ਨਹੀਂ ਆ ਸਕਦੀ, ਉਹ ਸੰਮਤਾ ਤੋਂ ਬਾਹਰ ਹੋਇਆ ਕਰਦਾ ਹੈ। ਫੇਰ ਉਹ ਨਿਰਵੈਰ ਹੁੰਦਾ ਹੈ ਤੇ ਉਸ ਦੀ ਸਾਰੀ ਕਿਰਿਆ ਨਿਰਾਲੀ ਹੁੰਦੀ ਹੈ। ਸੰਸਾਰ ਵਾਸਤੇ ਹਰ ਕਿਰਿਆ, ਹਰ ਕੌਤਕ ਉਸ ਦਾ ਚਾਨਣ-ਮੁਨਾਰਾ ਹੋਇਆ ਕਰਦਾ ਹੈ ਤੇ ਧਰਤੀ ਧਰਮ ਦੀ ਹੋਇਆ ਕਰਦੀ ਹੈ। ਸਤਿਗੁਰੂ ਕੋਲ ਵੈਰ ਨਹੀਂ ਹੋਇਆ ਕਰਦਾ। ਜਿਹੋ ਜਿਹਾ ਬੀਜ ਦਿੱਤਾ ਉਸ ਦਾ ਫਲ ਮਿਲਦਾ ਹੈ ਧਰਮ ਦੀ ਧਰਤੀ ਵਿਚ। ਸ਼ੀਸ਼ੇ ਵਰਗਾ ਹੁੰਦਾ ਹੈ। ਜੇ ਕੋਈ ਸ਼ਰਧਾ ਦੇ ਨਾਲ ਆਉਂਦਾ ਹੈ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਨੇ, ਜੇ ਤਰਕ ਦੇ ਨਾਲ ਆਉਂਦਾ

ਹੈ ਤਾਂ ਖਾਲੀ ਜਾਂਦਾ ਹੈ। ਸੋ ਇਸ ਤਰ੍ਹਾਂ ਦੀਆਂ ਨਿਸ਼ਾਨੀਆਂ ਭਾਈ ਗੁਰਦਾਸ ਜੀ ਦਸਦੇ ਨੇ। ਗੁਰੂ ਦਸਵੇਂ ਪਾਤਿਸ਼ਾਹ ਵੱਲ ਧਿਆਨ ਲਿਆਓ। ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਹੈ। ਦਸ ਲੱਖ ਫੌਜ ਨੇ ਘੇਰਾ ਪਾਇਆ ਹੋਇਆ ਹੈ। ਸਾਰੇ ਭਾਰਤ ਵਰਸ਼ ਤੋਂ ਕੋਈ ਵੀ ਬੰਦਾ ਅਨੰਦਪੁਰ ਸਾਹਿਬ ਵੱਲ ਨੂੰ ਤੁਰ ਨਹੀਂ ਸਕਦਾ। ਜੋ ਸਿੰਘ ਉਥੇ ਇਕੱਠੇ ਸਨ, ਬਾਹਰੋਂ ਕੋਈ ਨਹੀਂ ਆ ਸਕਦਾ, ਥਾਂ ਥਾਂ ਪਿੰਡਾਂ ਦੇ ਅੰਦਰ, ਰਸਤਿਆਂ ਤੇ ਪਹਿਰੇ ਲੱਗੇ ਹੋਏ ਨੇ। ਮਹਾਰਾਜ ਜੀ ਲਿਖਦੇ ਨੇ ਕਿ ਦਸ ਲੱਖ ਫੌਜ ਸੀ ਸਾਰੀ ਥੋੜੇ ਜਿਹੇ ਸਿੰਘਾਂ ਨੂੰ ਫੜਨ ਵਾਸਤੇ, ਮਾਰਨ ਵਾਸਤੇ, ਯੁੱਧ ਲੰਮਾਂ ਹੋ ਗਿਆ, ਪੰਜ ਛੇ ਮਹੀਨੇ ਲੰਘ ਗਏ। ਉਸ ਵੇਲੇ ਮੁਗਲ ਫੌਜ ਪਰੇਸ਼ਾਨ ਹੋ ਰਹੀ ਹੈ ਤੇ ਵਿਉਂਤਾ ਬਣਾਈਆਂ ਜਾ ਰਹੀਆਂ ਨੇ। ਰੋਪੜ ਦੇ ਰਹਿਣ ਵਾਲਾ ਜਰਨੈਲ ਜਿਸ ਦਾ ਨਾਂ ਮੁਗਲਖਾਨ ਸੀ ਉਸ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ ਕਿ ਅਸੀਂ ਏਨੇ ਬੰਦੇ ਹਾਂ, ਐਡੀ ਵੱਡੀ ਫੌਜ ਹੈ ਤੇ ਉਹ ਚੰਦ ਹਜ਼ਾਰ ਬੰਦੇ ਤੇ ਸਾਡੀ ਗਿਣਤੀ ਦੇ ਹਿਸਾਬ ਨਾਲ ਦਸ ਹਜ਼ਾਰ ਜਾਂ ਪੰਜ ਹਜ਼ਾਰ, ਪੰਜ ਹਜ਼ਾਰ ਤੇ ਦਸ ਹਜ਼ਾਰ ਦੇ ਦਰਮਿਆਨ ਸਿੰਘ ਸਨ ਤੇ ਏਧਰ ਦਸ ਲੱਖ ਹੈ। ਕਿੰਨੇ ਕੁ ਮਰ ਜਾਣਗੇ? ਹੁਣ ਤਾਂ ਲੜਾਈਆਂ ਲੜਦੇ-ਲੜਦੇ ਰਹਿ ਵੀ ਬਹੁਤ ਥੋੜ੍ਹੇ ਗਏ ਨੇ ਤੇ ਉਸ ਵੇਲੇ ਅੰਦਾਜ਼ਾ ਹੈ ਕਿ ਢਾਈ ਤਿੰਨ ਹਜ਼ਾਰ ਦੇ ਦਰਮਿਆਨ ਸਨ ਤੇ ਮੈਂ ਅੱਜ ਜਾਂ ਤਾਂ ਸ਼ਹੀਦ ਹੋ ਕੇ ਮਰਾਂਗਾ ਜਾਂ ਮੈਂ ਗੁਰੂ (ਸਾਹਿਬ) ਨੂੰ ਫੜ ਲਿਆਵਾਂਗਾ। ਇਹ ਤਹੱਈਆ ਕਰਕੇ ਬਹੁਤ ਜਬਰਦਸਤ ਹਮਲਾ ਕਰਵਾ ਦਿੱਤਾ ਫੌਜ ਤੋਂ। ਮੁਗਲ ਫੌਜ ਸਿੰਘਾਂ ਦੀਆਂ ਸੁਰਖਿਆ ਕਤਾਰਾਂ ਤੋੜ ਕੇ ਅਨੰਦਪੁਰ ਸਾਹਿਬ ਦੇ ਅੰਦਰ ਦਾਖਲ ਹੋ ਗਈ। ਸਾਹਿਬਜਾਦਾ ਅਜੀਤ ਸਿੰਘ ਨੇ ਫੇਰ ਜੋਰ ਲਾਇਆ ਤੇ ਸਾਰੀ ਫੌਜ ਨੂੰ ਫੇਰ ਧੱਕ ਕੇ ਬਾਹਰ ਕੱਢ ਦਿੱਤਾ। ਮੁੜ ਕੇ ਉਹ ਫੇਰ ਆਪਣੀ ਪੁਰਾਣੀ ਥਾਂ ਤੇ ਚਲੇ ਗਏ। ਉਨ੍ਹਾਂ ਦਿਨਾਂ ਵਿਚ ਦਿਨ ਭਰ ਯੁੱਧ ਹੁੰਦਾ, ਰਾਤ ਨੂੰ ਜ਼ਖਮੀਆਂ ਨੂੰ ਸੰਭਾਲਿਆ ਜਾਂਦਾ, ਮਿਸਾਲਾਂ ਲੈ ਕੇ ਫਿਰਦੇ ਰਹਿੰਦੇ ਸੀ ਨਾਲ ਪਾਲਕੀਆਂ ਲੈ ਕੇ। ਜ਼ਖਮੀਆਂ ਨੂੰ ਚੁੱਕਦੇ ਸੀ। ਸਿੰਘ ਵੀ ਕੋਲੋਂ ਹੀ ਚੁਕਦੇ ਸੀ ਉਹ ਵੀ ਕੋਲੋਂ ਚੁਕਦੇ ਸੀ। ਉਹ ਫੇਰ ਆਪਸ ਵਿਚ ਨਹੀਂ ਲੜਿਆ ਕਰਦੇ।

ਸੋ ਜਦੋਂ ਯੁੱਧ ਦੀ ਸਮਾਪਤੀ ਹੋਈ। ਸ਼ਾਮ ਦਾ ਬਿਗਲ ਵੱਜਿਆ। ਉਸ ਵੇਲੇ ਗੁਰੂ ਮਹਾਰਾਜ ਜੀ ਦੇ ਦੁਆਲੇ ਸਿੰਘ ਬੈਠੇ ਨੇ।

ਮਹਾਰਾਜ ਜੀ ਕਹਿੰਦੇ, "ਸੁਣਾਓ! ਕਿਵੇਂ ਰਿਹਾ ਅੱਜ ਦਾ ਯੁੱਧ?"

ਕਹਿੰਦੇ, "ਸੱਚੇ ਪਾਤਿਸ਼ਾਹ! ਤੇਰੇ ਖਾਲਸੇ ਨੇ ਵਧ-ਵਧ ਕੇ ਜਾਨਾਂ ਵਾਰੀਆਂ ਤੇ ਅਣਗਿਣਤ ਮੁਲਖਈਏ ਨੂੰ ਪਿਛੇ ਧੱਕ ਦਿੱਤਾ ਪਰ ਸੱਚੇ ਪਾਤਿਸ਼ਾਹ! ਸਾਨੂੰ ਇਕ ਰੋਸ ਹੈ।"

ਕਹਿੰਦੇ, "ਦੱਸੋ ਰੋਸ ਕਾਹਦਾ ਹੋ ਗਿਆ ਖਾਲਸੇ ਨੂੰ?"

ਕਹਿਣ ਲੱਗੇ, "ਸੱਚੇ ਪਾਤਿਸ਼ਾਹ! ਆਪਣੀ ਫੌਜ ਦੇ ਅੰਦਰ ਇਕ ਕਨ੍ਹਈਆ ਨਾਂ ਦਾ ਸਾਧ ਹੈ। ਉਹ ਪਾਣੀ ਪਿਲਾਉਂਦਾ ਸੀ ਖੂਹ ਤੇ। ਜਦੋਂ ਅਸੀਂ ਲੜ ਰਹੇ ਸੀ ਉਹ ਉਥੇ ਹੀ ਪਿਲਾਉਂਦਾ ਰਿਹਾ। ਅਸੀਂ ਪਿੱਛੇ ਹੱਟ ਆਏ, ਉਹ ਫੇਰ ਵੀ ਪਾਣੀ ਉਥੇ ਹੀ ਪਿਲਾਉਂਦਾ ਰਿਹਾ। ਫੇਰ ਅਸੀਂ ਦੁਬਾਰਾ ਗਏ ਤਾਂ ਵੀ ਉਥੇ ਹੀ ਪਿਲਾ ਰਿਹਾ ਸੀ। ਅਸੀਂ ਆਵਾਜ਼ਾਂ ਦਿੰਦੇ ਸੀ ਕਿ ਕਨ੍ਹਈਆ! ਛੇਤੀ ਪਾਣੀ ਲਿਆ ਸਿੰਘ ਜ਼ਖਮੀ ਹੋ ਗਿਆ ਪਰ ਉਹ ਉਸੇ ਨੂੰ ਪਾਣੀ ਪਿਲਾਉਂਦਾ ਸੀ ਜਿਹੜਾ ਰਸਤੇ ਵਿਚ ਆਉਂਦਾ ਸੀ। ਅਸੀਂ ਦੇਖਿਆ ਹੈ ਮਹਾਰਾਜ ਕਿ ਮੁਗਲ ਫੌਜ ਦੇ ਸਿਪਾਹੀਆਂ ਨੂੰ, ਪਹਾੜੀ ਫੌਜ ਦੇ ਸਿਪਾਹੀਆਂ ਨੂੰ ਪਾਣੀ ਪਿਲਾ ਰਿਹਾ ਸੀ।"

ਮਹਾਰਾਜ ਕਹਿੰਦੇ, "ਕਿਥੇ ਹੈ? ਕਨ੍ਹਈਆ ਨੂੰ ਬੁਲਾਓ।"

ਸੇਵਾਦਾਰ ਗਿਆ ਤੇ ਵਾਪਸ ਆ ਕੇ ਕਹਿੰਦਾ ਕਿ ਸੱਚੇ ਪਾਤਿਸ਼ਾਹ! ਉਹ ਤਾਂ ਅਜੇ ਮੈਦਾਨ-ਏ-ਜੰਗ 'ਚੋਂ ਨਹੀਂ ਆਇਆ। ਉਹ ਅਜੇ ਵੀ ਪਾਣੀ ਪਿਲਾ ਰਿਹਾ ਹੈ ਹਨ੍ਹੇਰੇ ਵਿਚ। ਜਿਥੋਂ ਹਾਏ! ਦੀ ਆਵਾਜ਼ ਆਉਂਦੀ ਹੈ, ਕੁਰਲਾਉਣ ਦੀ ਆਵਾਜ਼ ਆਉਂਦੀ ਹੈ ਉਥੇ ਜਾ ਕੇ ਹੀ ਉਹ ਪਾਣੀ ਪਿਲਾ ਰਿਹਾ ਹੈ ਤੇ ਨਾਲ ਦੇ ਸਿੰਘਾਂ ਨੇ ਦੱਸਿਆ ਹੈ ਕਿ ਉਹ ਤਾਂ ਅਜੇ ਆਇਆ ਨਹੀਂ, ਹੁਕਮ -

ਮਹਾਰਾਜ ਜੀ ਕਹਿੰਦੇ, "ਜਿਥੇ ਹੈ ਉਥੋਂ ਲੈ ਆਓ।"

ਉਸ ਵੇਲੇ ਹਨ੍ਹੇਰਾ ਹੋਇਆ ਹੋਇਆ ਹੈ ਤੇ ਦੋ ਸਿੰਘ ਭਾਈ ਕਨ੍ਹਈਆ ਦੀ ਤਲਾਸ਼ ਵਿਚ ਚੱਲ ਪਏ। ਕਹਿਣ ਲੱਗੇ ਕਿ ਉਥੇ ਹੀ ਪਾਣੀ ਪਿਲਾਉਂਦਾ ਸੀ ਤੇ ਨੇੜੇ-ਤੇੜੇ ਹੀ ਹੋਏਗਾ। ਉਥੇ ਜਦੋਂ ਹਨ੍ਹੇਰੇ ਵਿਚ ਗਏ ਤਾਂ ਇਕ ਲਗਾਤਾਰ ਆਵਾਜ਼ ਆ ਰਹੀ ਹੈ ਏਸ ਤਰ੍ਹਾਂ ਨਾਲ ਪੜ੍ਹੋ ਪਿਆਰ ਨਾਲ -

***ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ।***
***ਗੁਰਹਿ ਦਿਖਾਇਓ ਲੋਇਨਾ॥***

***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥ ਅੰਗ - 407***

ਤੂੰ ਹੀ ਦੀ ਆਵਾਜ਼ ਆ ਰਹੀ ਹੈ ਉਸ ਦੀ ਸੇਧ ਵਿਚ ਚਲੇ ਗਏ। ਅੱਗੇ ਜਾ ਕੇ ਦੇਖਿਆ ਕਿ ਭਾਈ ਕਨ੍ਹਈਆ ਕਿਸੇ ਬੇਹੋਸ਼ ਦਾ ਸਿਰ ਆਪਣੇ ਪੱਟ ਤੇ ਰੱਖ ਕੇ ਦੰਦਲ ਖੋਲ੍ਹ ਕੇ ਉਸ ਦੇ ਮੂੰਹ ਵਿਚ ਪਾਣੀ ਪਾ ਰਹੇ ਨੇ। ਜਦੋਂ ਪਾਣੀ ਅੰਦਰ ਗਿਆ ਤਾਂ ਹੋਸ਼ ਆਈ ਤਾਂ ਕਹਿਣ ਲੱਗਿਆ ਕਿ ਤੂੰ ਕੌਣ ਹੈ?

ਕਹਿੰਦੇ, "ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਅਦਨਾ ਜਿਹਾ ਸਿੱਖ ਹਾਂ।"

ਕਹਿੰਦਾ, "ਕੀ ਨਾਂ ਹੈ?"

ਕਹਿੰਦੇ, "ਮੈਨੂੰ ਕਨ੍ਹਈਆ ਕਹਿੰਦੇ ਨੇ।"

ਕਹਿੰਦਾ, "ਕਨ੍ਹਈਆ! ਤੈਨੂੰ ਪਤਾ ਹੈ ਕਿ ਤੂੰ ਕਿਸ ਨੂੰ ਪਾਣੀ ਪਿਲਾ ਰਿਹਾ ਹੈਂ? ਤੇਰਾ ਪਾਣੀ ਮੇਰੇ ਅੰਦਰ ਨਹੀਂ ਗਿਆ, ਤੇਰੇ ਰਾਹੀਂ ਮੇਰੇ ਅੰਦਰ ਕੋਈ ਆਬ-ਏ-ਹਿਆਤ ਚਲਿਆ ਗਿਆ ਤੇ ਮੇਰੇ ਨੇਤਰ ਖੋਲ੍ਹ ਦਿੱਤੇ ਤੇ ਮੇਰੇ ਅੰਦਰੋਂ ਵੈਰ-ਭਾਵ ਖਤਮ ਕਰ ਦਿੱਤਾ ਤੇ ਮੈਨੂੰ ਹੋਸ਼ ਆਈ ਹੈ, ਹੋਸ਼ ਆਉਂਦਾ ਹੀ ਮੈਂ ਪਛਤਾ ਰਿਹਾ ਹਾਂ। ਕਨ੍ਹਈਆ! ਤੈਨੂੰ ਦੇਖ ਕੇ ਪਛਤਾ ਰਿਹਾ ਹੈ ਕਿ ਮੈਂ ਉਹ ਬੰਦਾ ਹਾਂ ਜਿਸ ਨੇ ਅੱਜ ਪ੍ਰਣ ਕੀਤਾ ਸੀ ਕਿ ਗੁਰੂ ਗੋਬਿੰਦ ਜੀ ਨੂੰ ਪਕੜ ਕੇ ਦਿੱਲੀ ਦਰਬਾਰ ਵਿਚ ਹਾਜ਼ਰ ਕਰਾਂਗਾ ਤੇ ਮੈਂ ਮੁਗਲ ਖਾਨ ਜਰਨੈਲ ਹਾਂ। ਤੇਰਾ ਗੁਰੂ ਨਹੀਂ ਨਰਾਜ਼ ਹੋਇਆ?"

ਕਹਿੰਦੇ, "ਨਾਂਹ! ਮੇਰੇ ਗੁਰੂ ਤਾਂ ਸਾਰਿਆਂ ਦੇ ਅੰਦਰ ਇਕ ਪ੍ਰਮੇਸ਼ਰ ਦੇਖਣ ਦੀ ਤਾਕੀਦ ਕਰਦੇ ਨੇ। ਉਹ ਨਾਰਾਜ਼ ਨਹੀਂ ਹੁੰਦੇ। ਸਾਡੇ ਅੰਦਰ ਦ੍ਵੈਤ ਨਹੀਂ ਹੈ।"

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥*** ***ਅੰਗ - 1299***

ਐਨੀ ਬਾਤ ਅਜੇ ਹੋ ਰਹੀ ਸੀ ਕਿ ਸਿੰਘ ਆ ਗਏ ਉਨ੍ਹਾਂ ਨੇ ਆ ਕੇ ਇਕਦਮ ਮਸ਼ਕ ਖੋਹ ਲਈ ਤੇ ਭਾਈ ਕਨ੍ਹਈਏ ਨੂੰ ਫੜ ਕੇ ਲੈ ਗਏ।

ਮਹਾਰਾਜ ਜੀ ਕੋਲ ਜਾ ਕੇ ਬੇਨਤੀ ਕਰੀ ਕਿ ਪਾਤਿਸ਼ਾਹ! ਦੇਖੋ ਕਿੰਨਾ ਗਲਤ ਕੰਮ ਕਰ ਰਿਹਾ ਸੀ। ਜੋ ਜਰਨੈਲ ਅੱਜ ਇਹ ਪ੍ਰਣ ਕਰਕੇ ਆਇਆ ਸੀ ਕਿ ਆਪ ਨੂੰ ਫੜ ਕੇ ਲਿਆਉਣਾ ਹੈ, ਕਿਸੇ ਤਰ੍ਹਾਂ ਆਵੇ ਤੇ ਅੱਜ ਦੋ ਟੁੱਕ ਫੈਸਲਾ ਕਰ ਦੇਣਾ ਹੈ ਤੇ ਇਹ ਉਸ ਦੇ ਮੂੰਹ ਵਿਚ ਪਾਣੀ ਪਾ ਰਿਹਾ ਸੀ।

ਕਹਿੰਦਾ, "ਨਾਂਹ! ਸੱਚੇ ਪਾਤਿਸ਼ਾਹ!"

ਕਹਿੰਦੇ, "ਫੇਰ ਪਹਾੜੀਆਂ ਨੂੰ ਪਾਣੀ ਪਿਲਾਇਆ ਹੈ?"

ਕਹਿੰਦਾ, "ਨਾਂਹ! ਸੱਚੇ ਪਾਤਿਸ਼ਾਹ!"

ਕਹਿਣ ਲੱਗੇ, "ਫੇਰ ਤੂੰ ਖਾਲਸੇ ਨੂੰ ਪਾਣੀ ਪਿਲਾਉਂਦਾ ਹੈਂ?"

ਕਹਿੰਦਾ, "ਨਹੀਂ, ਸੱਚੇ ਪਾਤਿਸ਼ਾਹ!"

ਮਹਾਰਾਜ ਜੀ ਕਹਿੰਦੇ, "ਫੇਰ ਕਿਸ ਨੂੰ ਪਾਣੀ ਪਿਲਾਉਂਦਾ ਰਿਹਾ?"

ਕਹਿੰਦਾ, "ਪਾਤਿਸ਼ਾਹ! ਮੈਂ ਨਹੀਂ ਜਾਣਦਾ ਕੁਝ ਵੀ, ਮੈਨੂੰ ਨਹੀਂ ਪਤਾ ਕਿ ਤੂੰ ਕਿਹੜੇ ਕਿਹੜੇ ਰੰਗ ਵਿਚ ਖੇਡਦਾ ਹੈ। ਮੈਂ ਤਾਂ ਜਿਧਰ ਦੇਖਦਾ ਹਾਂ, ਓਧਰ ਹੀ ਮੈਨੂੰ ਤੇਰੇ ਤੋਂ ਬਗੈਰ ਹੋਰ ਕੋਈ ਨਜ਼ਰ ਨਹੀਂ ਆਉਂਦਾ। ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ,***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ।***

***ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥***

***ਤ੍ਵਪ੍ਰਸਾਦਿ ਕਬਿੱਤ***

ਕਹਿਣ ਲੱਗੇ, "ਪਾਤਿਸ਼ਾਹ! ਮੈਂ ਕਿਸੇ ਮੁਗਲ ਨੂੰ ਪਾਣੀ ਨਹੀਂ ਪਿਲਾਇਆ, ਕਿਸੇ ਪਹਾੜੀ ਨੂੰ ਨਹੀਂ ਪਿਲਾਇਆ ਨਾ ਆਪ ਦੇ ਖਾਲਸੇ ਨੂੰ ਪਾਣੀ ਪਿਲਾਇਆ ਜੇ ਮੈਂ ਪਾਣੀ ਪਿਲਾਇਆ ਹੈ ਤਾਂ ਸਿਰਫ ਆਪ ਨੂੰ ਪਿਲਾਇਆ ਹੈ। ਮੈਂ ਜਿਸ ਨੂੰ ਪਾਣੀ ਪਿਲਾਉਂਦਾ ਸੀ ਮੈਨੂੰ ਆਪਦਾ ਨੂਰੀ ਚਿਹਰਾ ਹੀ ਨਜ਼ਰ ਆਉਂਦਾ ਸੀ। ਸਾਰੀਆਂ ਘਟਾਂ ਦੇ ਵਿਚ ਆਪ ਹੀ ਖੇਡ ਰਹੇ ਹੋ। ਕੋਈ ਸਮਾਂ ਸੀ ਜਦੋਂ ਮੈਂ ਅੰਨ੍ਹਾ ਸੀ। ਮੈਨੂੰ ਆਪਣੇ ਵੀ ਨਜ਼ਰ ਆਉਂਦੇ ਸੀ, ਬਿਗਾਨੇ ਵੀ ਨਜ਼ਰ ਆਉਂਦੇ ਸਨ, ਮਿੱਤਰ ਵੀ ਨਜ਼ਰ ਆਉਂਦੇ ਸਨ, ਵੈਰੀ ਵੀ ਨਜ਼ਰ ਆਉਂਦੇ ਸਨ। ਜਦੋਂ ਤੁਸੀਂ ਕਿਰਪਾ ਕਰਕੇ ਮੇਰੀਆਂ ਅੰਨ੍ਹੀਆਂ ਅੱਖਾਂ ਵਿਚ ਗਿਆਨ ਦਾ ਸੁਰਮਾ ਪਾ ਦਿੱਤਾ ਤੇ ਮੇਰੇ ਪੰਜੇ ਭਰਮਾਂ ਦਾ ਨਾਸ਼ ਹੋਇਆ ਤੇ ਅਗਿਆਨ ਦਾ ਨਾਸ਼ ਹੋਇਆ ਤੇ ਜਦੋਂ ਤੋਂ ਪ੍ਰਕਾਸ਼ ਹੋ ਗਿਆ ਫੇਰ ਪਾਤਿਸ਼ਾਹ ਆਪ ਤੋਂ ਬਗੈਰ ਕੋਈ ਦਿਸਿਆ ਨਹੀਂ। ਆਪ ਨੇ ਬੰਦ ਪਏ ਮੇਰੇ ਨੇਤਰ ਖੋਲ੍ਹ ਦਿੱਤੇ।"

***ਧਾਰਨਾ – ਗੁਰਾਂ ਨੇ ਮੇਰੇ ਓ, ਨੈਣ ਖੋਲ੍ਹ ਤੇ,***

***ਮੈਨੂੰ ਸਾਰੀਆਂ ਘਟਾਂ ਦੇ ਵਿਚ ਓਹੀ ਦਿਸਿਆ।***

ਕਹਿਣ ਲੱਗੇ, "ਪਾਤਿਸ਼ਾਹ! ਜਦੋਂ ਤੁਸੀਂ ਕਿਰਪਾ ਕਰਕੇ ਮੈਨੂੰ ਅੰਦਰਲੀ ਅੱਖ ਬਖਸ਼ ਦਿੱਤੀ ਉਸ ਤੋਂ ਬਾਅਦ ਮੈਨੂੰ ਆਪ ਤੋਂ ਬਗੈਰ ਕੋਈ ਹੋਰ ਦਿਸਣ ਤੋਂ ਹੀ ਹਟ ਗਿਆ।"

***ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥***
***ਤ੍ਵਪ੍ਰਸਾਦਿ ਕਬਿੱਤ***

ਪਾਤਿਸ਼ਾਹ! ਸਾਰੀਆਂ ਘਟਾਂ ਦੇ ਅੰਦਰ, ਹਰ ਥਾਂ ਤੇ ਤੂੰ ਆਪ ਹੀ ਹੈ।

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥***
***ਰਾਮ ਬਿਨਾ ਕੋ ਬੋਲੈ ਰੇ॥*** ***ਅੰਗ – 988***

ਸੋ ਪਾਤਿਸ਼ਾਹ! ਮੈਂ ਤਾਂ ਪਾਣੀ ਆਪ ਨੂੰ ਹੀ ਪਿਲਾਇਆ ਹੈ ਹੋਰ ਕਿਸੇ ਨੂੰ ਨਹੀਂ ਪਿਲਾਇਆ।

ਮਹਾਰਾਜ ਜੀ ਕਹਿਣ ਲੱਗੇ, "ਖਾਲਸਾ ਜੀ! ਇਸ ਨੂੰ ਖਾਲਸਾ ਪਦ ਪ੍ਰਾਪਤ ਹੋ ਗਿਆ। ਜੋ ਗੁਰਮਤਿ ਦੀ ਪੀ-ਐਚ.ਡੀ. ਹੈ। ਜਦੋਂ ਖਾਲਸਾ ਪਦ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦੀ ਦ੍ਰਿਸ਼ਟੀ ਦੇ ਵਿਚੋਂ ਦ੍ਵੈਤ ਖਤਮ ਹੋ ਜਾਂਦੀ ਹੈ, ਪਰੀਪੂਰਨ ਬ੍ਰਹਮ ਦੇ ਦਰਸ਼ਨ ਉਸ ਨੂੰ ਹਰ ਘਟ ਦੇ ਵਿਚੋਂ ਹੋਣੇ ਸ਼ੁਰੂ ਹੋ ਜਾਂਦੇ ਨੇ ਤੇ ਉਹ ਆਤਮ ਰਸੀਆ ਕਹਾਉਂਦਾ ਹੈ –

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਮਹਾਰਾਜ ਜੀ ਉਠ ਕੇ ਖੜ੍ਹੇ ਹੋ ਗਏ ਤੇ ਕਹਿਣ ਲੱਗੇ, "ਭਾਈ ਕਨ੍ਹਈਆ! ਨਿਹਾਲ, ਨਿਹਾਲ, ਨਿਹਾਲ!" ਬੁਕੱਲ ਵਿਚ ਲੈ ਲਿਆ। ਅਗਮ ਨਿਗਮ ਦੀ ਸੋਝੀ ਆਈ, ਸਾਰੀਆਂ ਸ਼ਕਤੀਆਂ ਬਖਸ਼ ਦਿੱਤੀਆਂ।

ਕਹਿੰਦੇ, "ਲੈ ਹੁਣ ਇੰਜ ਕਰੀਂ। ਮੈਨੂੰ ਇਕੱਲਾ ਪਾਣੀ ਨਾ ਪਿਲਾਇਆ ਕਰੀਂ। ਮੇਰੇ ਜ਼ਖਮ ਦੇਖ ਕੇ ਪਹਿਲਾਂ ਉਨ੍ਹਾਂ ਨੂੰ ਧੋਈਂ, ਫੇਰ ਉਸ ਦੇ ਮਲ੍ਹਮ

ਲਾਈਂ, ਫੇਰ ਪੱਟੀ ਬੰਨ੍ਹੀ। ਆਹ ਮਲ੍ਹਮ ਤੇ ਪੱਟੀਆਂ ਵੀ ਲੈ ਲੈ।"

ਐਸੇ ਘੋਰ ਜੰਗ ਦੇ ਅੰਦਰ, ਜੇ ਕੋਈ ਹੋਰ ਹੁੰਦਾ ਤਾਂ ਕਿੱਡੀ ਸਖਤ ਸਜ਼ਾ ਦਿੰਦਾ ਪਰ ਪੂਰਾ ਸਤਿਗੁਰੂ ਹੈ –

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥***
***ਭਾਈ ਗੁਰਦਾਸ ਜੀ ਦੀ ਵਾਰ 34/1***

ਗਿਆ ਤਾਂ ਨਹੀਂ ਹੈ ਕਿਤੇ ਸਾਧ ਸੰਗਤ ਜੀ! ਜੇ ਇਹ ਭੁਲੇਖਾ ਪੈ ਜਾਵੇ ਸਾਡੇ ਵਿਚ, ਅਸੀਂ ਸਮਝ ਨਹੀਂ ਸਕਦੇ। ਜੋ ਸਰੀਰ ਹੈ ਗੁਰੂ ਦਾ, ਉਸ ਨੂੰ ਅਕਾਰ ਦੇ ਵਿਚ ਸਮਝਦੇ ਹਾਂ। ਗੁਰੂ ਕਦੇ ਵੀ ਅਕਾਰ ਵਿਚ ਨਹੀਂ ਆਇਆ। ਅਕਾਰ ਵਿਚ ਹੋ ਕੇ ਬੋਲਦਾ ਤਾਂ ਰਿਹਾ ਹੈ ਪਰ ਗੁਰੂ ਅਕਾਰ ਰਹਿਤ ਹੈ, ਨਿਰਾਕਾਰ ਹੈ ਤੇ ਉਹ ਸ਼ਬਦ ਸਰੂਪ ਦੇ ਅੰਦਰ, ਜਿਸ ਨੂੰ ਓਅੰਕਾਰ ਦਾ ਸ਼ਬਦ ਕਹਿੰਦੇ ਨੇ, ਉਸ ਦਾ ਪਸਾਰਾ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵਿਦਮਾਨ ਹੈ। ਏਸ ਵੇਲੇ, ਨਿਹਚੇ ਵਾਲਿਆਂ ਨੂੰ, ਭਰੋਸੇ ਵਾਲਿਆਂ ਨੂੰ ਨਜ਼ਰ ਆਉਂਦਾ ਹੈ, ਅੰਨ੍ਹਿਆਂ ਨੂੰ ਕੋਈ ਪਤਾ ਨਹੀਂ ਲਗਦਾ। ਉਹ ਗੁਰੂ ਗ੍ਰੰਥ ਸਾਹਿਬ ਦੇ ਕੋਲ ਹੀ ਖਰੂਦ ਪਾਉਣਾ ਸ਼ੁਰੂ ਕਰ ਦਿੰਦੇ ਨੇ ਕਿਉਂਕਿ ਬੇ-ਵਿਸ਼ਵਾਸੇ ਨਾਸਤਕ ਲੋਕ ਨੇ। ਪਤਾ ਨਹੀਂ ਕਿ ਮਹਾਰਾਜ ਕੀ ਨੇ? ਗੁਰੂ ਸਾਡਾ ਕੀ ਹੈ? ਜਦੋਂ ਗੁਰੂ ਦਾ ਆਦਰ ਸਤਿਕਾਰ ਨਹੀਂ ਹੈ ਫੇਰ ਗੁਰੂ ਨਾਲ ਸੰਬੰਧ ਕਿਵੇਂ ਜੁੜੇ। ਸੋ ਇਹ ਫਰਕ ਪੈ ਗਿਆ ਸਾਡੇ ਵਿਚ। ਇਥੇ ਅਸੀਂ ਡਾਵਾਂ ਡੋਲ ਹੋਏ ਫਿਰਦੇ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਤੱਕ ਪੂਰਾ ਸਤਿਗੁਰੂ ਨਹੀਂ ਮਿਲਦਾ ਓਨੀ ਦੇਰ ਤੱਕ ਬਾਤ ਨਹੀਂ ਬਣਿਆ ਕਰਦੀ ਪਰ ਪੂਰਾ ਸਤਿਗੁਰੂ ਤਾਂ ਮਿਲਦਾ ਹੈ ਜੇ ਦਰਗਾਹ ਦੇ ਲੇਖ ਮੱਥੇ ਤੇ ਲਿਖੇ ਹੋਣ। ਨਹੀਂ ਤਾਂ ਸਤਿਗੁਰ ਨਹੀਂ ਮਿਲਿਆ ਕਰਦਾ, ਸੰਧ ਨਹੀਂ ਜੁੜਿਆ ਕਰਦੀ ਗੁਰੂ ਦੇ ਨਾਲ। ਐਸਾ ਮਹਾਰਾਜ ਜੀ ਦਾ ਫੁਰਮਾਨ ਹੈ। ਪੜ੍ਹੋ ਪਿਆਰ ਨਾਲ –

***ਧਾਰਨਾ – ਮੱਥੇ ਲੇਖ ਜਿਨ੍ਹਾਂ ਦੇ ਲਿਖੇ ਹੁੰਦੇ ਨੇ,***
***ਪੂਰੇ ਸਤਿਗੁਰ ਆਣ ਮਿਲਦੇ।***

ਜਦੋਂ ਤੱਕ ਮੱਥੇ ਵਿਚ ਦਰਗਾਹ ਤੋਂ ਲੇਖ ਨਹੀਂ ਲਿਖਿਆ ਜਾਂਦਾ, ਓਨਾ ਚਿਰ ਪੂਰੇ ਸਤਿਗੁਰੂ ਨਾਲ ਮਿਲਾਪ ਨਹੀਂ ਹੋਇਆ ਕਰਦਾ, ਇਹ ਰੂਹਾਨੀ ਅਸੂਲ ਹੈ।

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ................॥***
***ਅੰਗ – 649***

ਜੇ ਮਿਲ ਗਿਆ ਫੇਰ ਕੀ ਹੋਏਗਾ?

*.............. ਸੁਖੁ ਪਾਏ ਜੁਗ ਚਾਰਿ॥ ਅੰਗ - 649*

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥ ਅੰਗ - 450*

ਜਦੋਂ ਮਿਲ ਗਿਆ ਫੇਰ ਕੀ ਹੋਏਗਾ?

*ਅਗਿਆਨੁ ਅੰਧੇਰਾ ਕਟਿਆ*
*ਗੁਰ ਗਿਆਨੁ ਘਟਿ ਬਲਿਆ॥ ਅੰਗ - 450*

ਅਗਿਆਨ ਦਾ ਹਨ੍ਹੇਰਾ ਭੁੱਲ ਦਾ, ਮਾਇਆ ਦਾ, ਹਉਮੈ ਦਾ ਹਨ੍ਹੇਰਾ ਪੈਣ ਨਾਲ ਇਸ ਨੂੰ ਆਪਣੇ ਸਰੂਪ ਦੀ ਪਛਾਣ ਨਹੀਂ ਹੈ, ਮੇਰਾ ਤੇ ਤੇਰਾ ਧਾਰਦਾ ਹੈ ਇਹ, ਇਹ ਹਨ੍ਹੇਰਾ ਮਿਟ ਜਾਂਦਾ ਹੈ। ਇਹ ਪੂਰੇ ਗੁਰੂ ਦੀ ਨਿਸ਼ਾਨੀ ਹੋਇਆ ਕਰਦੀ ਹੈ -

*ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥*
*ਅੰਗ - 1374*

ਮੋਹ ਵੀ ਮਿਟ ਜਾਵੇ ਤੇ ਤਿੰਨੇ ਤਾਪਾਂ ਦਾ ਨਾਸ਼ ਹੋ ਜਾਵੇ ਫੇਰ ਸਮਝ ਲਓ ਕਿ ਗੁਰੂ ਮਿਲ ਗਿਆ ਏਸ ਨੂੰ, ਗੁਰੂ ਲੱਗ ਗਿਆ। ਗੁਰੂ ਤਾਂ ਪੂਰਾ ਹੈ ਕਈ ਵਾਰੀ ਮੁਰੀਦ, ਸਿੱਖ ਪੂਰਾ ਨਹੀਂ ਹੁੰਦਾ। ਉਸ ਦੇ ਵਿਚ ਫਰਕ ਪੈ ਜਾਇਆ ਕਰਦਾ ਹੈ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥*
*ਅੰਗ - 1372*

ਜੇ ਰਸੀਵਰ ਹੀ ਖਰਾਬ ਹੈ ਤਾਂ ਟੈਲੀਫੋਨ ਦਾ ਕੀ ਦੋਸ਼ ਹੈ, ਸਨੇਹਾ ਭੇਜਣ ਵਾਲੇ ਦਾ ਤਾਂ ਕੋਈ ਕਸੂਰ ਨਹੀਂ ਹੈ, ਰਸੀਵਰ ਵਿਚ ਕਸੂਰ ਹੈ। ਇਸੇ ਤਰ੍ਹਾਂ ਗੁਰੂ ਤਾਂ ਪੂਰਾ ਪਰ ਜਿਹੜਾ ਸਿੱਖ ਹੈ ਉਹ ਅਧੂਰਾ ਹੈ, ਉਸ ਦੇ ਅੰਦਰ ਵਿਸ਼ਵਾਸ ਨਹੀਂ, ਬਹੁਤ ਚੀਜ਼ਾਂ ਨਹੀਂ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਪੂਰਾ ਸਤਿਗੁਰੂ ਮਿਲਦਾ ਹੈ ਤਾਂ ਅਗਿਆਨ ਦਾ ਪੜਦਾ ਕੱਟ ਹੋ ਜਾਂਦਾ ਹੈ। ਇਹ ਨਿਸ਼ਾਨੀ ਹੋਇਆ ਕਰਦੀ ਹੈ।

ਸੋ ਆਪ ਸਾਰਿਆਂ ਨੇ ਸਰਵਣ ਕੀਤਾ ਸੀ ਕੱਲ੍ਹ ਕਿ ਬਾਬਾ ਅਮਰਦਾਸ ਜੀ ਜਦੋਂ ਇਸ਼ਨਾਨ ਕਰਕੇ ਇੱਕੀਵੀਂ ਵਾਰ ਵਾਪਸ ਆ ਰਹੇ ਨੇ ਤੇ ਉਨ੍ਹਾਂ ਦੇ ਨਾਲ ਇਕ ਬ੍ਰਹਮਚਾਰੀ ਸੀ ਜਿਸ ਦਾ ਇਹ ਪ੍ਰਣ ਸੀ ਕਿ ਮੈਂ ਨਿਗੁਰੇ

ਸਿੱਖਾਂ ਦੇ ਹੱਥੋਂ ਰੋਟੀ ਨਹੀਂ ਖਾਣੀ। ਕਈ ਪ੍ਰੇਮੀਆਂ ਦਾ ਇਹ ਖਿਆਲ ਹੈ ਕਿ ਰੋਟੀ ਤਾਂ ਓਹੀ ਹੁੰਦੀ ਹੈ ਹੱਥ ਲੱਗਣ ਨਾਲ ਕੀ ਹੋ ਜਾਂਦਾ ਹੈ? ਓਹੀ ਅੰਨ ਹੈ, ਦੂਸਰੇ ਨੇ ਬਣਾਇਆ ਤੇ ਓਹੀ ਪਹਿਲੇ ਨੇ ਤੇ ਰਹਿਤਨਾਮੇ ਵਿਚ ਇਹ ਕਿਉਂ ਲਿਖ ਦਿੱਤਾ ਕਿ –

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਗੀਤ॥***
***ਤਿਸ ਦੇ ਹਥੋਂ ਖਾਧਿਆ ਵਿਸਰੇ ਹਰਿ ਕੀ ਪ੍ਰੀਤ॥***

ਭਾਈ ਸੰਤੋਖ ਸਿੰਘ ਜੀ ਨੇ ਲਿਖੀ ਹੈ ਇਹ ਬਾਤ। ਇਹ ਪ੍ਰਤੱਖ ਵੀ ਆਉਂਦੀ ਹੈ ਧਾਰਮਿਕ ਇਤਿਹਾਸ ਦੇ ਅੰਦਰ। ਆਹ! ਦੇਖਦੇ ਨੇ ਸਾਰੇ ਕਿ ਭੀਸ਼ਮ ਪਿਤਾਮਾ ਉਪਦੇਸ਼ ਦੇ ਰਿਹਾ ਹੈ ਤੀਰਾਂ ਦੀ ਸੇਜਾਂ ਤੇ ਪਿਆ, ਯੁੱਧ ਖਤਮ ਹੋ ਚੁੱਕਿਆ ਹੈ ਤੇ ਇਕ ਦਿਨ ਐਸਾ ਉਪਦੇਸ਼ ਦੇ ਰਿਹਾ ਹੈ ਕਿ ਅਨਿਆਈ ਰਾਜਾ ਜੇ ਹੋਵੇ ਤੇ ਜੋ ਕਰਮ ਧਰਮ ਵਾਲਾ ਬੰਦਾ ਹੈ ਉਸ ਦਾ ਐਸੇ ਰਾਜ ਵਿਚੋਂ ਚਲੇ ਜਾਣਾ ਚਾਹੀਦਾ ਹੈ। ਦ੍ਰੋਪਦੀ ਹੱਸ ਪਈ। ਉਸ ਨੇ ਫੌਰਨ ਤਾੜ ਲਈ, ਕਹਿੰਦਾ, ਕਿ ਬੇਟਾ! ਤੂੰ ਸਹੀ ਹੱਸੀ ਹੈਂ, ਜਿਸ ਵਕਤ ਤੇਰੇ ਕੱਪੜੇ ਲਾਹੇ ਜਾ ਰਹੇ ਸੀ, ਚੀਰ-ਹਰਣ ਕੀਤੇ ਜਾ ਰਹੇ ਸੀ ਉਸ ਵੇਲੇ ਮੇਰੇ ਸਰੀਰ ਦੇ ਅੰਦਰ ਰਾਜ ਅੰਸ਼ ਪਿਆ ਹੋਇਆ ਸੀ। ਰਾਜ ਅੰਸ਼ ਹਮੇਸ਼ਾ ਹੀ ਮਾੜਾ ਹੁੰਦਾ ਹੈ ਕਿਉਂਕਿ ਇਹ ਜ਼ੋਰ ਜ਼ੁਲਮ ਤੇ ਜਬਰ ਦੇ ਨਾਲ ਇਕੱਠਾ ਕੀਤਾ ਜਾਂਦਾ ਹੈ। ਇਹ ਧਨ ਸ਼ੁਧ ਨਹੀਂ ਹੋਇਆ ਕਰਦਾ। ਰਾਜਾ ਚਾਹੇ ਸਵਰਗ ਲੋਕ ਤੋਂ, ਬੈਕੁੰਠ ਧਾਮ ਤੋਂ ਲਿਆ ਕੇ ਰਾਜ ਤਖਤ ਤੇ ਬਿਠਾ ਦਿਓ ਉਹ ਵੀ ਦੈਂਤ ਬਣ ਜਾਇਆ ਕਰਦਾ ਹੈ ਕਿਉਂਕਿ ਰਾਜ ਅੰਨ ਖਾਂਦਾ ਹੈ। ਕਈ ਅੰਨ ਮਾੜੇ ਨੇ, ਪੂਜਾ ਦਾ ਧਾਨ ਬਹੁਤ ਮਾੜਾ ਹੈ –

***ਧਰਮ ਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ।***
***ਮਤਿ ਮਾਰਨ ਹਡ ਗਾਲਣ ਭਜਨ ਕਰਨ ਨ ਦੇਣ।***

ਨਾਸਤਕ ਹੋ ਜਾਂਦਾ ਹੈ ਬੰਦਾ, ਉਤੋਂ-ਉਤੋਂ ਰਹਿ ਜਾਏਗਾ, ਅੰਦਰੋਂ ਘੁਣ ਲੱਗ ਜਾਂਦੀ ਹੈ ਕਿਉਂਕਿ ਅੰਨ ਮਾੜਾ ਖਾ ਰਿਹਾ ਹੈ। ਭਾਈ ਗੁਰਦਾਸ ਜੀ ਨੇ ਤਾਂ ਬਹੁਤ ਲਿਖਿਆ ਹੈ –

***ਤਿਉ ਧਰਮਸਾਲਾ ਦੀ ਝਾਕ ਹੈ, ਵਿਹੁ ਖੰਡੂ ਪਾਜੁ॥***

***ਭਾਈ ਗੁਰਦਾਸ ਜੀ ਦੀ ਵਾਰ 35/12***

ਵਿਹੁ (ਜ਼ਹਿਰ) ਨੂੰ ਖੰਡ ਦੇ ਕੈਪਸੂਲਾਂ ਵਿਚ ਪਾ ਕੇ ਜੇ ਕਿਸੇ ਨੂੰ ਦੇ ਦਿੱਤਾ ਜਾਵੇ ਤਾਂ ਅਸਰ ਖੰਡ ਨੇ ਨਹੀਂ ਕਰਨਾ, ਵਿਹੁ ਨੇ ਕਰਨਾ ਹੈ। ਸੋ ਅੰਨ ਮਾੜਾ ਹੋਣ ਕਰਕੇ ਬੁੱਧੀ ਵੀ ਮਾੜੀ ਹੋ ਜਾਂਦੀ ਹੈ –

***ਜੈਸਾ ਅੰਨ ਤੈਸਾ ਮਨ॥***

ਇਕ ਵਾਰ ਇਕ ਮਹਾਤਮਾ ਤੇ ਇਕ ਰਾਜਾ ਸ਼ਰਧਾਵਾਨ ਹੋਇਆ ਤੇ ਉਸ ਨੂੰ ਆਪਣੇ ਮਹਿਲਾਂ ਵਿਚ ਲੈ ਗਿਆ। ਬੜੀ ਸੇਵਾ ਕਰੀ, ਸਤਿਸੰਗ ਕਰਵਾਉਂਦਾ ਰਿਹਾ ਪਰ ਰਾਜ ਅੰਨ ਖਾਣ ਦੇ ਨਾਲ ਉਸ ਦੀ ਬੁੱਧੀ ਮਲੀਨ ਹੋਣੀ ਸ਼ੁਰੂ ਹੋ ਗਈ। ਇਕ ਦਿਨ ਰਾਣੀ ਗੁਸਲਖਾਨੇ 'ਚੋਂ ਇਸ਼ਨਾਨ ਕਰਕੇ ਨਿਕਲੀ, ਇਸ਼ਨਾਨ ਘਰ ਸਾਝਾ ਸੀ। ਐਨਾ ਸੰਤਾਂ ਤੇ ਭਰੋਸਾ ਸੀ ਕਿ ਆਪਣੇ ਇਸ਼ਨਾਨ ਘਰ ਵਿਚ ਇਸ਼ਨਾਨ ਕਰਨ ਵਾਸਤੇ ਉਸ ਨੂੰ ਥਾਂ ਦਿੰਦਾ ਸੀ ਤੇ ਜਦੋਂ ਸੰਤ ਇਸ਼ਨਾਨ ਕਰਨ ਲੱਗੇ ਤਾਂ ਰਾਣੀ ਦਾ ਨੌਂ-ਲੱਖਾ ਹਾਰ ਕਿੱਲੀ ਨਾਲ ਟੰਗਿਆ ਹੋਇਆ ਦੇਖਿਆ। ਦੇਖ ਕੇ ਮਨ ਲਲਚਾ ਗਿਆ। ਹਾਰ ਚੁੱਕ ਲਿਆ ਤੇ ਬਿਨਾਂ ਇਸ਼ਨਾਨ ਕਰੇ ਹੀ ਰਾਤ ਨੂੰ ਦੋ ਵਜੇ ਮਹਿਲਾਂ 'ਚੋਂ ਨਿਕਲ ਗਿਆ। ਦਿਨ ਚੜ੍ਹਿਆ ਤੇ ਰਾਣੀ ਨੂੰ ਪਤਾ ਲੱਗਿਆ ਕਿ ਮੇਰਾ ਹਾਰ ਨਹੀਂ ਲੱਭਦਾ। ਉਸ ਨੇ ਬਹੁਤ ਭਾਲ ਕੀਤੀ। ਅਖੀਰ ਖਿਆਲ ਆਇਆ ਕਿ ਮੈਂ ਤਾਂ ਇਸ਼ਨਾਨ ਘਰ ਵਿਚ ਲਾਹ ਆਈ ਸੀ। ਰਾਜੇ ਨੂੰ ਪੁੱਛਿਆ ਤਾਂ ਉਹ ਕਹਿੰਦਾ ਕਿ ਮੈਂ ਤਾਂ ਦੇਖਿਆ ਹੀ ਨਹੀਂ। ਤੇਰੇ ਮਗਰੋਂ ਕਿਸ ਨੇ ਇਸ਼ਨਾਨ ਕਰਿਆ। ਕਹਿੰਦੀ ਕਿ ਸੰਤਾਂ ਨੇ ਇਸ਼ਨਾਨ ਕਰਿਆ ਸੀ।

ਕਹਿੰਦਾ, "ਸੰਤਾਂ ਤੋਂ ਪੁੱਛ ਲੈਂਦੇ ਹਾਂ ਕਿਤੇ ਸਾਂਭ ਕੇ ਰੱਖ ਦਿੱਤਾ ਹੋਏਗਾ।"

ਪਹਿਰੇਦਾਰਾਂ ਨੂੰ ਪੁੱਛਿਆ ਕਿ ਸੰਤ ਕਿਥੇ ਨੇ। ਕਹਿੰਦੇ ਉਹ ਤਾਂ ਮਹਾਰਾਜ! ਦੋ ਵਜੇ ਹੀ ਚਲੇ ਗਏ ਰਾਤ ਦੇ। ਕਿਥੇ ਗਏ ਨੇ ਸਾਨੂੰ ਕੋਈ ਪਤਾ ਨਹੀਂ। ਤਲਾਸ਼ ਹੋਣੀ ਸ਼ੁਰੂ ਹੋ ਗਈ। ਰਾਜੇ ਨੂੰ ਸ਼ੱਕ ਪੈ ਗਿਆ ਕਿ ਮੇਰੀ ਰਾਣੀ ਦਾ ਹਾਰ ਤਾਂ ਸੰਤ ਲੈ ਗਏ। ਸਾਰੇ ਨਾਕੇ ਬੰਦ ਕਰ ਦਿੱਤੇ ਪਰ ਉਹ ਜੰਗਲਾਂ ਵਿਚੀ ਹੋ ਕੇ ਨਿਕਲ ਗਿਆ। ਜਾ ਕੇ ਇਕ ਮੰਦਰ ਦੇ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਉਥੇ ਉਸ ਨੂੰ ਅਤਿਸਾਰ, ਮਰੋੜੇ ਲੱਗ ਗਏ। ਢਾਈ ਮਹੀਨੇ ਹੋ ਗਏ, ਸੁੱਕ ਕੇ ਪਿੰਜਰ ਹੋ ਗਿਆ। ਉਸ ਵੇਲੇ ਜਿਹੜਾ ਹਾਰ ਸਾਂਭ-ਸਾਂਭ ਕੇ ਰਖਦਾ ਹੈ ਉਹ ਉਸ ਨੂੰ ਹੁਣ ਜ਼ਹਿਰ ਲੱਗਣ ਲੱਗ ਗਿਆ ਕਿ ਮੈਂ ਕਿੱਡੀ ਗਲਤੀ ਕਰੀ, ਆਤਮ ਗਿਆਨ ਮੇਰਾ ਨਸ਼ਟ ਹੋ ਗਿਆ, ਰਾਜ ਅੰਨ ਖਾ ਕੇ ਮੇਰੀ ਬੁੱਧੀ ਮਲੀਨ ਹੋ ਗਈ। ਉਸੇ ਵੇਲੇ ਸੋਚਿਆ ਕਿ ਦੰਡ ਭੁਗਤ ਲਈਏ। ਆਪ ਜਾ ਕੇ ਰਾਜੇ ਦੇ ਸਾਹਮਣੇ ਪੇਸ਼ ਹੋ ਗਿਆ।

ਰਾਜਾ ਕਹਿੰਦਾ, "ਸੰਤ ਜੀ! ਕਿਵੇਂ ਹੋ?"

ਕਹਿੰਦਾ, "ਮੈਂ ਚੋਰ ਹਾਂ, ਮੈਂ ਸੰਤ ਨਹੀਂ ਹਾਂ।"

ਰਾਜਾ ਕਹਿੰਦਾ, "ਐਡੀ ਵੱਡੀ ਬਾਤ?"

ਕਹਿੰਦਾ, "ਹਾਂ! ਪਹਿਲਾਂ ਮੈਨੂੰ ਇਹ ਦੱਸੋ ਜਿਨ੍ਹਾਂ ਦਿਨਾਂ ਵਿਚ ਮੈਂ ਇਥੇ ਸੀ

ਤਾਂ ਕਿਸ ਦਾ ਅੰਨ ਖਾਧਾ ਜਾ ਰਿਹਾ ਸੀ।"

ਪਤਾ ਕਰਿਆ ਤਾਂ ਕਹਿਣ ਲੱਗੇ ਕਿ ਉਹ ਕਿਸੇ ਬੁਰੇ ਆਦਮੀ ਦਾ ਅੰਨ ਸੀ, ਸਮਗਲਰ ਦਾ। ਉਸ ਦੀ ਜਾਇਦਾਦ ਜਬਤ ਹੋਈ ਸੀ। ਉਸ ਦੇ ਵਿਚੋਂ ਜੋ ਅੰਨ ਆਇਆ ਉਹ ਰਾਜੇ ਦੇ ਮਹਿਲ ਵਿਚ ਪਕਾਇਆ ਗਿਆ।

ਕਹਿੰਦਾ, "ਰਾਜਨ! ਤੇਰੇ ਰਾਜ ਅੰਸ਼ ਦਾ ਤੇ ਉਸ ਅੰਨ ਦਾ ਮੇਰੇ ਤੇ ਇਹ ਅਸਰ ਹੋਇਆ ਕਿ ਮੈਂ ਆਪਣੇ ਗਿਆਨ ਦੀ ਸਥਿਤੀ ਤੋਂ ਗਿਰ ਗਿਆ ਤੇ ਐਨਾ ਨੀਵਾਂ ਚਲਿਆ ਗਿਆ ਕਿ ਤੇਰਾ ਹਾਰ ਚੋਰੀ ਕਰ ਲਿਆ ਤੇ ਚੋਰ ਬਣ ਗਿਆ।"

ਕਹਿੰਦਾ, "ਫੇਰ ਹੁਣ ਕਿਉਂ ਆਇਆ?"

ਕਹਿੰਦੇ, "ਉਸ ਅੰਨ ਦਾ ਅੰਸ ਵਿਚੋਂ ਨਿਕਲ ਗਿਆ, ਢਾਈ ਮਹੀਨੇ ਬਿਮਾਰ ਰਹਿ ਕੇ ਪਿੰਜਰ ਬਣ ਗਿਆ। ਸੋ ਇਸ ਤਰ੍ਹਾਂ ਦੇ ਨਾਲ ਮੈਨੂੰ ਸੋਝੀ ਹੋ ਆਈ ਤੇ ਮੈਂ ਤੇਰਾ ਹਾਰ ਮੋੜਨ ਆਇਆ ਹਾਂ।"

ਸੋ ਇਸ ਤਰ੍ਹਾਂ ਦੇ ਨਾਲ ਮੈਨੂੰ ਸੋਝੀ ਹੋ ਆਈ ਤੇ ਮੈਂ ਤੇਰਾ ਹਾਰ ਮੋੜਨ ਆਇਆ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਬ੍ਰਹਮਚਾਰੀ ਨੇ ਪ੍ਰਣ ਕੀਤਾ ਹੋਇਆ ਸੀ ਕਿ ਜਿਸ ਨੇ ਗੁਰੂ ਨਾ ਧਾਰਿਆ ਹੋਇਆ ਹੋਵੇ ਉਸ ਦੇ ਹੱਥ ਤੋਂ ਮੈਂ ਖਾਣਾ ਨਹੀਂ ਹੈ। ਬਾਬਾ ਅਮਰਦਾਸ ਜੀ ਦੇ ਨਾਲ ਏਸ ਵਿਸ਼ਵਾਸ਼ ਤੇ ਚਲਿਆ ਆਇਆ ਕਿ ਇਹ ਤਾਂ ਰੋਜ਼ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਨੇ, ਫੇਰ ਅਠੋਤਰੀ ਮਾਲਾ ਫੇਰਦੇ ਨੇ, ਇਨ੍ਹਾਂ ਨੇ ਜ਼ਰੂਰ ਮੰਤਰ ਲਿਆ ਹੋਏਗਾ ਤੇ ਚਲਦੇ ਚਲਦੇ ਜਦੋਂ ਬਾਸਰਕੇ ਆ ਗਏ ਤਾਂ ਅੱਜ ਖੂਹ ਤੇ ਬੈਠੇ ਨੇ। ਉਸ ਵੇਲੇ ਗੱਲਬਾਤ ਚੱਲ ਪਈ ਤੇ ਬ੍ਰਹਮਚਾਰੀ ਨੇ ਪੁੱਛਿਆ ਕਿ ਬਾਬਾ ਜੀ! ਤੁਸੀਂ 'ਕਿਹੜਾ ਸਾਧਨ ਕਰਦੇ ਹੋ ਕਿਉਂਕਿ ਅਸ਼ਟਾਂਗ ਯੋਗ ਦੇ ਸਾਧਨ ਤਾਂ ਮੈਂ ਵੀ ਕਰਦਾ ਹਾਂ ਤੇ ਮੈਂ ਦੇਖਦਾ ਹਾਂ ਕਿ ਤੁਸੀਂ ਬੜੀ ਦੇਰ ਤੱਕ ਇਕਾਗਰ ਹੋ ਕੇ ਬੈਠਦੇ ਹੋ ਪਰ ਤੁਸੀਂ ਆਪਣੇ ਗੁਰੂ ਬਾਰੇ ਮੈਨੂੰ ਅਜੇ ਤੱਕ ਪਰੀਚਾ (ਜਾਣ-ਪਛਾਣ) ਨਹੀਂ ਕਰਾਇਆ। ਐਨਾ ਸੁਣਦੀਸਾਰ ਬਾਬਾ ਜੀ ਦੇ ਨੇਤਰਾਂ ਵਿਚੋਂ ਜਲ ਜਾਣ ਲਗ ਗਿਆ ਕਿਉਂਕਿ ਆਪ ਦੀ ਬਹੱਤਰ ਸਾਲ ਦੀ ਉਮਰ ਹੋ ਗਈ ਸੀ ਤੇ ਅਜੇ ਤੱਕ ਆਪ ਗੁਰੂ ਦੀ ਤਲਾਸ਼ ਵਿਚ ਫਿਰਦੇ ਸਨ ਪਰ ਪੂਰਾ ਨਹੀਂ ਸੀ ਮਿਲਿਆ। ਆਸ ਨਹੀਂ ਸੀ ਛੱਡੀ ਭਰੋਸਾ ਸੀ ਕਿ ਜ਼ਰੂਰ ਮਿਲੇਗਾ ਪਰ ਅਜੇ ਮੇਰੇ ਭਾਗ ਉਦੈ ਨਹੀਂ ਹੋਏ ਕਿਉਂਕਿ ਜਿੰਨੀ ਦੇਰ ਤਕ ਭਾਗ ਉਦੈ ਨਾ ਹੋਣ ਓਨੀ ਦੇਰ ਤੱਕ ਗੁਰੂ ਦਾ ਮਿਲਾਪ ਨਹੀਂ ਹੋਇਆ ਕਰਦਾ -

***ਧਾਰਨਾ - ਸਾਧੂ ਮਿਲ ਜਾਂਦੇ ਨੇ,***

*ਸੁੱਤੇ ਜਦ ਭਾਗ ਜਾਗਦੇ – 2, 2.*
*ਸੁੱਤੇ ਜਦ ਭਾਗ ਜਾਗਦੇ – 2, 2.*
*ਸਾਧੂ ਮਿਲ ਜਾਂਦੇ ਨੇ, ਸੁੱਤੇ ਜਦ ਭਾਗ ਜਾਗਦੇ –2, 2.*

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥ ਅੰਗ – 204***

ਫੇਰ ਕੀ ਹੁੰਦਾ ਹੈ ਜਦੋਂ ਕੋਈ ਕਰਮਾਂ ਦਾ ਅੰਕੁਰ ਪ੍ਰਗਟ ਹੋ ਜਾਵੇ, ਸ਼ੁਭ ਕਰਮਾਂ ਦਾ; ਗੱਲਾਂ ਵਾਲਾ ਨਹੀਂ, ਖੁਸ਼ਕ ਫਿਲਾਸਫੀ ਵਾਲਾ ਨਹੀਂ ਕਰਨੀ-ਕਮਾਈ ਵਾਲਾ ਤੇ ਪਿਆਰ ਵਿਚ ਲਬਾਲਬ ਭਰਿਆ ਹੋਇਆ ਰਸਿਕ ਤੇ ਨਾਲ ਬੈਰਾਗੀ ਦਾ ਮੇਲ ਹੋ ਜਾਂਦਾ ਹੈ। ਹੁੰਦਾ ਕੀ ਹੈ ਫੇਰ?

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਅੰਗ – 204***

ਜਿਹੜਾ ਸਾਡੇ ਮਨ ਦੇ ਅੰਦਰ ਅਗਿਆਨ ਦਾ ਅੰਧੇਰਾ ਹੋਇਆ ਹੋਇਆ ਹੈ ਉਸ ਦਾ ਖਾਤਮਾ ਹੋ ਜਾਂਦਾ ਹੈ।

ਆਹ ਜਿਹੜੀ ਸਾਡੀ ਸੁਰਤ ਸੁੱਤੀ ਪਈ ਹੈ ਇਹ ਜਾਗ ਪੈਂਦੀ ਹੈ। ਬਹੁਤ ਸਾਰੇ ਪ੍ਰੇਮੀ ਕਹਿੰਦੇ ਨੇ ਕਿ ਸਾਡੀ ਸੁਰਤ ਸੁੱਤੀ ਪਈ ਹੈ? ਅਸੀਂ ਤਾਂ ਪੜ੍ਹਦੇ ਹਾਂ, ਲਿਖਦੇ ਹਾਂ, ਪੀ-ਐਚ.ਡੀ ਕਰੀ ਹੈ, ਸਾਇੰਸਦਾਨ ਬਣੇ ਹਾਂ, ਦਫ਼ਤਰਾਂ ਵਿਚ ਕੰਮ ਕਰਦੇ ਹਾਂ, ਅਸੀਂ ਸੁੱਤੇ ਹੀ ਪਏ ਹਂ? ਮਹਾਰਾਜ ਜੀ ਕਹਿੰਦੇ ਤੁਹਾਨੂੰ ਤਾਂ ਜਾਗ ਕਿਸੇ ਨੂੰ ਨਹੀਂ ਹੈ, ਸਾਰਾ ਸੰਸਾਰ ਸੁੱਤਾ ਪਿਆ ਹੈ –

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ।।***
***ਗੁਰ ਕਿਰਪਾ ਤੇ ਸੇ ਜਨ ਜਾਗੇ***
***ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥***
***ਅੰਗ – 920***

ਮਹਾਰਾਜ ਜੀ ਤਾਕੀਦ ਕਰਦੇ ਨੇ ਕਿ ਪ੍ਰੇਮੀਆਂ! ਤੂੰ ਤਾਂ ਸੁੱਤਾ ਪਿਆ ਹੈਂ ਤੇ ਇਸ ਨੀਂਦ ਦੇ ਵਿਚੋਂ ਉਠ ਜਾਹ, ਜਾਗੇ ਹੋਏ ਨੂੰ ਮਿਲ ਲੈ ਉਹ ਤੈਨੂੰ ਜਗਾ ਦਏਗਾ। ਇਸ ਨੀਂਦ ਵਿਚ ਨਾ ਜ਼ਿੰਦਗੀ ਗੁਜ਼ਾਰ। ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਮਨ ਭੋਲਿਆ, ਹਉਮੈ ਸੁਰਤ ਵਿਸਾਰ।***

ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਸੁਰਤ ਵਾਲੇ ਹਾਂ। ਮਹਾਰਾਜ ਜੀ

ਕਹਿੰਦੇ ਤੂੰ ਹਉਮੈਂ ਦੀ ਸੁਰਤ ਵਿਚ ਹੈਂ। ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਤਿੰਨ ਲਹਿਰਾਂ ਨੇ ਮਾਇਆ ਦੀਆਂ, ਇਸ ਦੇ ਵਿਚ ਤੂੰ ਇਕੱਲਾ ਹੀ ਨਹੀਂ ਸਾਰਾ ਹੀ ਸੰਸਾਰ ਸੁੱਤਾ ਪਿਆ ਹੈ। ਜੇ ਕੋਈ ਜਾਗਦਾ ਹੈ ਤਾਂ ਕੇਵਲ ਸਤਿਗੁਰ ਜਾਗਦਾ ਹੈ ਜਾਂ ਉਹ ਪੁਰਸ਼ ਜਾਗਦੇ ਨੇ ਜਿਹੜੇ ਬ੍ਰਹਮ ਦੇ ਵਿਚ ਨਿਵਾਸ ਕਰਦੇ ਨੇ - ਬ੍ਰਹਮ ਵਕਤਾ, ਬ੍ਰਹਮ ਸਤੋਤਰੀ, ਬ੍ਰਹਮ ਨੇਸ਼ਟੀ ਬਾਕੀ ਤਾਂ ਸਾਰਾ ਸੰਸਾਰ ਸੁੱਤਾ ਪਿਆ ਹੈ। ਮਹਾਰਾਜ ਜੀ ਕਹਿੰਦੇ ਜਦੋਂ ਐਸਾ ਸਤਿਗੁਰੂ ਮਿਲ ਜਾਂਦਾ ਹੈ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥*** ***ਅੰਗ - 204***

ਨਿਸ਼ਾਨੀ ਇਹ ਹੈ ਕਿ ਉਸ ਨੂੰ ਮਿਲ ਕੇ ਹਨ੍ਹੇਰਾ ਮਿਟ ਜਾਂਦਾ ਹੈ। ਹਨ੍ਹੇਰਾ ਪਿਆ ਹੋਇਆ ਹੈ ਸਾਰਿਆਂ ਦੇ ਮਨਾਂ ਵਿਚ, ਦੂਜਾ ਨਜ਼ਰ ਆਉਂਦਾ ਹੈ, ਆਪਣਾ ਸਰੂਪ ਨਹੀਂ ਸਾਰੇ ਨਜ਼ਰ ਆਉਂਦਾ। ਆਪਣੇ ਸਰੂਪ ਤੋਂ ਗਿਰਕੇ ਆਪਣੇ-ਆਪ ਨੂੰ ਸਰੀਰ ਮੰਨ ਰਿਹਾ ਹੈ। ਕਿੰਨੀ ਮਾੜੀ ਗੱਲ ਹੋ ਗਈ।

***ਬਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥***
***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥*** ***ਅੰਗ - 374***

ਇਸ ਗੰਦ-ਮੂਤਰ ਦੇ ਥੈਲੇ ਨੂੰ ਕਹਿੰਦਾ 'ਮੈਂ' ਹੈ ਇਹ। ਐਨਾ ਸੌਂ ਗਿਆ ਹੈਰਾਨੀ ਦੀ ਗੱਲ ਹੈ, ਮਕਾਨ ਵਿਚ ਰਹਿਣ ਵਾਲੇ ਨੂੰ ਜੇ ਪੁੱਛੋ ਕਿ ਤੂੰ ਕੌਣ ਹੈਂ? ਤਾਂ ਆਪਣਾ ਨੰਬਰ ਦਸਦਾ ਹੈ ਕਿ ਮੈਂ ਫਲਾਣਾ। ਉਹ ਕਹਿੰਦੇ ਇਹ ਤਾਂ ਤੇਰੇ ਮਕਾਨ ਦਾ ਨੰਬਰ ਹੈ। ਉਹ ਕਹਿੰਦਾ ਤੈਨੂੰ ਪਤਾ ਨਹੀਂ ਮੈਂ ਹੀ ਹਾਂ ਉਹ। ਸਾਰੇ ਆਪਾਂ ਹੱਸ ਪਵਾਂਗੇ ਕਿ ਇਸ ਬੰਦੇ ਨੇ ਨਸ਼ਾ ਪੀਤਾ ਹੋਇਆ ਹੈ। ਫੇਰ ਪੁੱਛਦੇ ਨੇ ਕਿ ਤੂੰ ਆਪਣਾ ਨਾਉਂ ਦੱਸ? ਉਹ ਫੇਰ ਮਕਾਨ ਦਾ ਨੰਬਰ ਦੱਸ ਦਿੰਦਾ ਹੈ। ਉਹ ਕਹਿੰਦੇ ਤੂੰ ਤਾਂ ਭਾਈ ਮਕੀਂ ਹੈਂ ਮਕਾਨ ਨਹੀਂ, ਦੋਹਾਂ ਵਿਚ ਫਰਕ ਹੈ। ਇਸੇ ਤਰ੍ਹਾਂ ਨਾਲ ਜਿਹੜਾ ਸੁੱਤਾ ਪਿਆ ਹੈ ਬੰਦਾ, ਉਹ ਆਪਣੀ ਦੇਹ ਨੂੰ ਕਹਿੰਦਾ ਹੈ ਕਿ I am this thing. My Name is such and such. ਆਤਮਾ ਦਾ ਤਾਂ ਕੋਈ ਨਾ ਹੀ ਨਹੀਂ ਹੈ। ਸੋ ਆਪਣੇ ਆਤਮ-ਸਰੂਪ ਨੂੰ ਭੁੱਲ ਕੇ ਸੰਸਾਰ ਤਿੰਨਾਂ ਗੁਣਾਂ ਦੇ ਵਿਚ ਸੁੱਤਾ ਪਿਆ ਹੈ। 'ਤੁਰੀਆ' ਅਵਸਥਾ ਦੇ ਅੰਦਰ ਗੁਰਮੁਖ ਜਾਗਿਆ ਕਰਦੇ

ਨੇ। ਸੋ ਮਹਾਰਾਜ ਜੀ ਕਹਿੰਦੇ -

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਅੰਗ - 204***

ਪਹਿਲਾਂ ਤਾਂ ਹਨ੍ਹੇਰਾ ਹਟਦਾ ਹੈ, ਦੂਜਾ ਨਜ਼ਰ ਆਉਣ ਤੇ ਹਟਦਾ ਹੈ, ਫੇਰ ਅਰਬਾਂ ਖਰਬਾਂ ਜਨਮਾਂ ਤੋਂ ਸੁੱਤੀ ਪਈ ਸੁਰਤ ਜਾਗ ਵਿਚ ਆ ਜਾਂਦੀ ਹੈ। ਸਿਆਣਿਆਂ ਤੇ ਮਨੋ-ਵਿਗਿਆਨੀਆਂ ਦਾ ਮਤ ਹੈ ਕਿ ਦਰਖਤ 1 ਤੋਂ 25 ਦਰਜੇ ਤੱਕ ਜਾਗਦੇ ਨੇ। ਪੰਛੀ-ਪਸ਼ੂ 25 ਤੋਂ 50 ਦਰਜੇ ਤੱਕ ਜਾਗਦੇ ਨੇ। ਮਨੁੱਖ ਦੀ ਜਾਗ 50 ਤੋਂ ਲੈ ਕੇ 75 ਤੱਕ ਹੁੰਦੀ ਹੈ ਪਰ ਮਨੁੱਖ 50 ਦਰਜੇ ਵਿਚ ਨਹੀਂ ਜਾਗਦਾ, ਹੇਠਾਂ ਜਾਗਦਾ ਹੈ ਪਸ਼ੂਆਂ ਵਾਲੀ ਬਿਰਤੀ ਵਿਚ ਜਾਗਦਾ ਹੈ ਜੇ ਉਪਰ ਜਾਗਦਾ ਹੋਵੇ ਤਾਂ ਕਿਉਂ ਕਿਸੇ ਤੋਂ ਰਿਸ਼ਵਤਾਂ ਲਵੇ? ਕਿਉਂ ਧੋਖੇ ਦੇਵੇ? ਕਿਉਂ ਮਾੜੇ ਕੰਮ ਕਰੇ? ਇਸ ਨੂੰ ਪਤਾ ਨਹੀਂ ਹੈ ਕਿ ਮੇਰੇ ਨਾਲ ਕੀ ਬਣਨਾ ਹੈ ਦਰਗਾਹ ਵਿਚ ਜਾ ਕੇ ਮੈਂ ਲੇਖੇ ਦੇਣੇ ਨੇ -

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ ਅੰਗ - 953***

ਫੇਰ ਦੁਸ਼ਮਣੀ ਕਿਹੜੀ ਗੱਲ ਦੀ? ਬੇਇਮਾਨੀਆਂ, ਮਿਲਾਵਟਾਂ ਕਿਹੜੀ ਗੱਲ ਦੀਆਂ? ਘੱਟ ਕਿਉਂ ਤੋਲਦਾ ਹੈਂ? ਧੋਖੇ ਕਿਉਂ ਦਿੰਦਾ ਹੈਂ ਦੁਨੀਆਂ ਨੂੰ? ਪੈਸੇ ਜੋੜ ਜੋੜ ਰੱਖਦਾ ਹੈਂ ਇਹ ਤੇਰੇ ਨਾਲ ਜਾਣਗੇ?

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***
***ਨਸੀਹਤਨਾਮਾ***

ਇਹ ਤਾਂ ਵੰਡ ਕੇ ਖਾਣ ਵਾਸਤੇ ਸੀ। ਤੂੰ ਇਸ ਨੂੰ ਜੋੜ-ਜੋੜ ਕੇ ਰਖਦਾ ਹੈਂ, ਲੱਖ ਰੁਪਿਆ, ਦੱਸ ਲੱਖ, ਪੰਦਰਾਂ ਲੱਖ, ਪੰਜਾਹ ਲੱਖ ਕਰ ਲਿਆ, ਜਾਂਦਾ ਹੋਇਆ ਤੂੰ ਕਹਿ ਦੇਵੇਂਗਾ ਕਿ ਆਹ! ਬੈਂਕ ਦੇ ਕਾਗਜ਼ ਮੇਰੇ ਨਾਲ ਬੰਨ੍ਹ ਦਿਓ, ਉਹ ਚਲੇ ਜਾਣਗੇ ਤੇਰੇ ਨਾਲ? ਸੁੱਤਾ ਪਿਆ ਹੈਂ ਜੇ ਨਾਲ ਲਿਜਾਣਾ ਹੈ ਤਾਂ ਕਰਦੇ ਰੱਬ ਦੇ ਨਾਂ ਤੇ, ਦੇ ਦੇ ਸਭ ਨੂੰ। ਸੋ

ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਸਾਰਾ ਹੀ ਸੰਸਾਰ ਸੁੱਤਾ ਪਿਆ ਹੈ ਜਾਗਦਾ ਨਹੀਂ। 75 ਦਰਜੇ ਤੋਂ ਬਾਅਦ ਜਾਗ ਸ਼ੁਰੂ ਹੁੰਦੀ ਹੈ। ਗੁਰਮੁਖ 75 ਤੋਂ 100 ਦਰਜੇ ਤੱਕ ਜਾਗਦਾ ਹੈ। ਸੱਤ ਭੂਮਿਕਾਂ ਹੋਇਆ ਕਰਦੀਆਂ ਨੇ ਬੰਦਗੀ ਕਰਨ ਵਾਲਿਆਂ ਦੀਆਂ, ਜੋ ਰੂਹਾਨੀ ਰਸਤੇ ਤੇ ਪੈਂਦਾ ਹੈ। ਪਹਿਲੇ ਦਰਜੇ ਦਾ ਉਹ ਸਤਿਸੰਗ ਹੋਇਆ ਕਰਦਾ ਹੈ। ਦੂਸਰੇ ਦਾ ਸਿੱਖ ਹੋਇਆ ਕਰਦਾ ਹੈ। ਤੀਸਰੇ ਦਰਜੇ ਦਾ ਗੁਰਮੁਖ ਹੋਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਭੂਮਿਕਾ ਚੜ੍ਹਦੀ ਹੈ। ਚੜ੍ਹਦੇ-ਚੜ੍ਹਦੇ ਜਦੋਂ ਪੰਜਵੀਂ ਭੂਮਿਕਾ ਵਿਚ ਚਲਿਆ ਜਾਂਦਾ ਹੈ ਤਾਂ ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ ਹੋ ਜਾਇਆ ਕਰਦਾ ਹੈ। ਭਰਮ ਹਟ ਜਾਂਦਾ ਹੈ ਤੇ ਪੂਰੀ ਜਾਗ ਆ ਜਾਇਆ ਕਰਦੀ ਹੈ।

ਸੋ ਇਸ ਤਰ੍ਹਾਂ ਸੰਸਾਰ ਸਾਰਾ ਹੀ ਸੁੱਤਾ ਪਿਆ ਹੈ ਜਦੋਂ ਪੂਰਾ ਮਿਲ ਜਾਵੇ ਤਾਂ ਜਾਗ ਖੁਲ੍ਹ ਜਾਂਦੀ ਹੈ। ਸੋ ਬਾਬਾ ਅਮਰਦਾਸ ਜੀ ਏਸ ਗੱਲ ਤੇ ਵੈਰਾਗ ਕਰ ਰਹੇ ਸੀ ਕਿ ਮੈਨੂੰ ਅਜੇ ਤਕ ਪੂਰਾ ਨਹੀਂ ਮਿਲਿਆ ਜਿਹੜਾ ਮੈਨੂੰ ਸੁੱਤੇ ਨੂੰ ਜਗਾ ਦੇਵੇ।

ਸਾਧੂ ਮੈਂ ਬਹੁਤ ਵੱਡੇ-ਵੱਡੇ ਦੇਖੇ, ਵੱਡੇ-ਵੱਡੇ ਮੱਠਾਂ ਵਾਲੇ ਦੇਖੇ ਬ੍ਰਹਮਚਾਰੀ ਜੀ! ਪਰ ਮੇਰੀ ਕਿਸਮਤ ਮਾੜੀ ਕਿ ਮੈਨੂੰ ਅਜੇ ਤਕ ਕੋਈ ਪੂਰਾ ਨਹੀਂ ਮਿਲਿਆ।

ਐਨੀ ਗੱਲ ਸੁਣਨ ਦੀ ਦੇਰ ਸੀ ਉਹ ਬ੍ਰਹਮਚਾਰੀ ਉਠ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਿਆ ਕਿ ਬਾਬਾ ਅਮਰਦਾਸ ਮੈਂ ਛਲਿਆ ਗਿਆ, ਧੋਖੇ ਵਿਚ ਆ ਗਿਆ। ਮੈਂ ਨਿਗੁਰੇ ਦਾ ਸੰਗ ਕਰਦਾ ਰਿਹਾ ਤੇ ਤੇਰੇ ਹੱਥੋਂ ਰੋਟੀ ਖਾਂਦਾ ਰਿਹਾ। ਓ ਮੇਰੀ ਕਿਸਮਤ, ਮੈਂ ਮਾਰਿਆ ਗਿਆ, ਮੇਰਾ ਪ੍ਰਣ ਟੁੱਟ ਲਿਆ। ਹੁਣ ਮੇਰੀ ਕੀ ਗਤੀ ਹੋਏਗੀ? ਕੋਸਦਾ ਹੋਇਆ ਜਾਣ ਲਗਦਾ ਹੈ ਤਾਂ ਬਾਬਾ ਜੀ ਰੋਕਦੇ ਨੇ।

ਉਹ ਕਹਿੰਦਾ, "ਹੁਣ ਨਾ ਮੇਰੇ ਨਾਲ ਗੱਲ ਕਰੀਂ। ਬਾਬਾ ਅਮਰਦਾਸ! ਬਚਪਨ ਨੂੰ ਜਵਾਨੀ ਨੇ ਖਾ ਲਿਆ, ਜਵਾਨੀ ਨੂੰ ਬੁਢੇਪੇ ਨੇ ਖਾ ਲਿਆ ਹੁਣ ਦੱਸ ਬਹੱਤਰ ਸਾਲ ਦੀ ਤੇਰੀ ਉਮਰ ਹੋ ਗਈ ਤੇ ਤੈਨੂੰ ਅਜੇ ਤਕ ਗੁਰੂ ਨਹੀਂ ਮਿਲਿਆ ਫੇਰ ਕਦੋਂ ਤੱਕ ਗੁਰੂ ਮਿਲੇਗਾ। ਆਪਣਾ ਜਨਮ ਤਾਂ ਜੂਏ ਵਿਚ ਹਾਰ ਹੀ ਦਿਤਾ ਤੂੰ, ਮੇਰਾ ਵੀ ਜੀ ਜਨਮ ਖਰਾਬ ਕਰ ਦਿਤਾ ਤੂੰ।

ਇਹੋ ਜਿਹੀਆਂ ਸਖਤ ਗੱਲਾਂ ਕਹਿ ਕੇ ਤੁਰ ਗਿਆ। ਬਾਬਾ ਜੀ ਰੋਕਦੇ ਰਹੇ, ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਉਹ ਗੱਲਾਂ ਨਹੀਂ ਸਨ ਸਾਧ ਸੰਗਤ

ਜੀ! ਉਹ ਤਾਂ ਇਕ ਇਕ ਗੱਲ ਬਾਣ ਬਣ ਕੇ ਹਿਰਦੇ ਨੂੰ ਵਿੰਨ੍ਹ ਗਈ। ਬ੍ਰਹਮਚਾਰੀ ਕਈ ਮਹੀਨੇ ਨਾਲ ਰਹਿਣ ਵਾਲਾ, ਪਿਆਰ ਵਾਲਾ ਦੇਖਦੇ ਦੇਖਦੇ ਇਕੋ ਗੱਲ ਤੇ ਛੱਡ ਕੇ ਪਾਸੇ ਹਟ ਗਿਆ। ਉਸ ਵੇਲੇ ਬਾਬਾ ਜੀ ਨੇ ਮਨ ਵਿਚ ਬਹੁਤ ਵੈਰਾਗ ਆ ਗਿਆ। ਉਥੇ ਹੀ ਬੈਠੇ ਰਹੇ ਸ਼ਾਮ ਪੈ ਗਈ, ਘਰ ਆ ਗਏ ਕੁਛ ਨਹੀਂ ਖਾਧਾ, ਕੁਝ ਨਹੀਂ ਪੀਤਾ। ਕੋਠੇ ਤੇ ਚੜ੍ਹ ਕੇ ਬੈਠ ਕੇ ਸਾਰੀ ਰਾਤ ਜਾਗਦਿਆਂ ਹੀ ਲੰਘਾ ਲਈ। ਦੂਸਰਾ ਦਿਨ ਆਇਆ ਆਪ ਬਾਹਰ ਚਲੇ ਗਏ। ਫੇਰ ਕੁਝ ਨਹੀਂ ਖਾਧਾ ਘਰ ਆ ਕੇ। ਲਿਆਉਂਦੇ ਨੇ ਪਰ ਜਵਾਬ ਦੇ ਦਿਤਾ। ਸਾਰੇ ਹੈਰਾਨ ਨੇ ਕਿ ਕੀ ਗੱਲ ਹੋ ਗਈ। ਇਨ੍ਹਾਂ ਦੇ ਨਾਲ ਜੋ ਪ੍ਰੇਮੀ ਰਹਿੰਦਾ ਸੀ ਉਸ ਦੇ ਜਾਣ ਦਾ ਵਿਯੋਗ ਹੋ ਗਿਆ ਜਾਂ ਕੋਈ ਹੋਰ ਬਾਤ ਹੋ ਗਈ। ਪੁੱਛਣ ਦਾ ਹੌਂਸਲਾ ਨਹੀਂ, ਨਾ ਆਪ ਦਸਦੇ ਨੇ।

ਸਾਧਸੰਗਤ ਜੀ! ਆਹ ਗੱਲਾਂ ਜਿਹੜੀਆਂ ਨੇ ਹਰ ਬੰਦੇ ਨੂੰ ਨਹੀਂ ਇਨ੍ਹਾਂ ਗੱਲਾਂ ਦਾ ਪਤਾ ਹੋਇਆ ਕਰਦਾ ਕਿ ਐਡੀ ਕਿਹੜੀ ਗੱਲ ਹੈ ਕਿਉਂਕਿ ਉਨ੍ਹਾਂ ਦਾ ਮਨ ਮਨੂਰ ਹੋਇਆ ਹੋਇਆ ਹੈ, ਮਾਇਆ ਨਾਲ ਜਲ ਕੇ। ਜਿਸ ਦੇ ਮਨ ਦੇ ਅੰਦਰ ਕੁਝ ਸੋਝੀ ਹੈ ਉਸ ਨੂੰ ਗੁਰੂ ਦੀ ਬਾਣੀ ਬਾਣਾਂ ਵਾਂਗ ਲਗਦੀ ਹੈ ਜੋ ਵਿੰਨ੍ਹ ਕੇ ਰੱਖ ਦਿੰਦੀ ਹੈ –

***ਰਾਮ ਭਗਤਿ ਅਨੀਆਲੇ ਤੀਰ॥ ਅੰਗ – 327***

ਕਹਿੰਦੇ ਅਣੀਆਂ ਵਾਲੇ ਤੀਰ ਹੋਇਆ ਕਰਦੇ ਨੇ, ਏਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ –

***ਧਾਰਨਾ – ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦੈ।***
***ਲਾਗੀ ਹੋਇ ਸੁ ਜਾਨੈ ਪੀਰ॥***
***ਰਾਮ ਭਗਤਿ ਅਨੀਆਲੇ ਤੀਰ॥ ਅੰਗ – 327***

ਸੋ ਲੱਗ ਗਈ ਗੱਲ, ਐਨੀ ਸੱਟ ਖਾਧੀ ਕਿ ਦੋ ਦਿਨ ਲੰਘ ਗਏ। ਅੱਜ ਤੀਸਰਾ ਦਿਨ ਸ਼ੁਰੂ ਹੋਇਆ ਬਾਰ-ਬਾਰ ਹੱਥ ਬੰਨ੍ਹਦੇ ਨੇ ਕਿ ਹੇ ਪ੍ਰਭੂ! ਜ਼ਰੂਰ ਮੈਨੂੰ ਵਿਸ਼ਵਾਸ਼ ਹੈ ਕਿ ਮੇਰਾ ਗੁਰੂ ਸੰਸਾਰ ਵਿਚ ਹੈ ਪਰ ਮੈਨੂੰ ਪਤਾ ਨਹੀਂ ਕ੍ਰਿਪਾ ਕਰ। ਫੇਰ ਖਿਆਲ ਆਉਂਦਾ ਹੈ ਕਿ ਗੁਰੂ ਤਾਂ ਮੇਰਾ ਸਮਰੱਥ ਹੈ ਜੋ ਮੈਨੂੰ ਮਿਲ ਨਹੀਂ ਸਕਿਆ ਤਾਂ ਵੀ ਕੋਈ ਗੱਲ ਨਹੀਂ ਹੈ ਤੂੰ ਤਾਂ –

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥ ਕਬਜੋ ਬਾਚ ਬੇਨਤੀ ਚੌਪਈ***

ਸਭ ਦੇ ਹਿਰਦੇ ਦੀ ਜਾਨਣ ਵਾਲਾ ਸਮਰੱਥ ਗੁਰੂ ਉਹ ਤਾਂ ਜਾਣਦਾ ਹੈ, ਬੇਨਤੀਆਂ ਕਰਦੇ ਨੇ। ਸੋ ਖਿੱਚ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਸੋ ਗੱਲ ਚੱਲ ਪਈ ਕਿ ਬਾਬਾ ਅਮਰਦਾਸ ਜੀ ਨੂੰ ਕੋਈ ਗਹਿਰੀ ਸੱਟ ਲੱਗੀ ਹੈ ਨਾ ਦਸਦੇ ਨੇ ਤੇ ਨਾ ਕੁਝ ਖਾਂਦੇ-ਪੀਂਦੇ ਨੇ, ਬਾਰ ਬਾਰ ਏਸ ਤਰ੍ਹਾਂ ਦੇ ਨਾਲ ਬੇਨਤੀਆਂ ਉਠਦੀਆਂ ਨੇ ਮਨ ਵਿਚੋਂ –

*ਧਾਰਨਾ – ਕਦੋਂ ਹੋਣਗੇ ਦੀਦਾਰੇ ਤੇਰੇ,*
*ਅੱਖੀਆਂ ਤਰਸਦੀਆਂ ਸਾਹਿਬਾ।*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ ਅੰਗ – 1094*

ਬਾਰ-ਬਾਰ ਏਸ ਤਰ੍ਹਾਂ ਦੀਆਂ ਅਨੇਕਾਂ ਬੇਨਤੀਆਂ ਕਰਦੇ ਨੇ। ਫੇਰ ਖਿਆਲ ਆਉਂਦਾ ਹੈ ਕਿ ਜੋ ਮੇਰਾ ਗੁਰੂ ਹੈ ਉਹ ਸਭ ਕੁਝ ਜਾਣਦਾ ਹੈ ਉਸ ਦੇ ਤਕ ਤਾਂ ਮੇਰੀ ਅਰਦਾਸ ਜ਼ਰੂਰ ਪਹੁੰਚਦੀ ਹੈ। ਪਾਤਸ਼ਾਹ! ਭੇਜ ਕੋਈ ਆਪਣਾ ਪਿਆਰਾ ਮੈਂ ਵੱਡੀ ਤੋਂ ਵੱਡੀ ਫੀਸ ਦੇਣ ਨੂੰ ਤਿਆਰ ਹਾਂ ਕੋਈ ਮੈਨੂੰ ਆ ਕੇ ਤੇਰੀ ਗੱਲ ਤਾਂ ਸੁਣਾ ਦੇਵੇ, ਕੋਈ ਬਚਨ ਤਾਂ ਸੁਣਾ ਦੇਵੇ, ਦੱਸ ਤਾਂ ਦੇਵੇ ਕਿ ਸਮਰੱਥ ਗੁਰੂ ਏਸ ਵੇਲੇ ਕਿਥੇ ਰਹਿੰਦਾ ਹੈ? ਗੁਰੂ ਨਾਨਕ ਪਾਤਸ਼ਾਹ ਦਾ ਫੁਰਮਾਨ ਹੈ ਕਿ ਜੇ ਕੋਈ ਆਪਣੇ ਪਿਆਰੇ ਦੀ ਗੱਲ ਸੁਣਾਵੇ, ਉਸ ਨੂੰ ਕੀ ਦੇਵੇ? ਪੈਸੇ ਦੇਵੇ? ਜ਼ਮੀਨ ਜਾਇਦਾਦ ਦੇ ਦੇਵੇ? ਕਹਿੰਦੇ ਨਹੀਂ ਵੱਡੀ ਭਾਰੀ ਕੁਰਬਾਨੀ ਕਰਨ ਨੂੰ ਤਿਆਰ ਰਹੇ –

*ਧਾਰਨਾ – ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ।*

*ਤੈ ਸਾਹਿਬ ਕੀ ਬਾਤ ਜਿ ਆਖੈ*

***ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***

***ਅੰਗ - 558***

ਵੱਡੀ ਤੋਂ ਵੱਡੀ ਕੀਮਤ, ਆਪਣੇ ਪਿਆਰੇ ਦੀ ਇਕ ਗੱਲ ਸੁਣਨ ਵਾਸਤੇ ਦੇਣ ਨੂੰ ਪਿਆਰਾ ਤਿਆਰ ਹੋ ਜਾਂਦਾ ਹੈ। ਦੁਨਿਆਵੀ ਪਿਆਰ ਜੋ ਹੈ ਉਸ ਦੀਆਂ ਵੀ ਬੜੀਆਂ ਮਿਸਾਲਾਂ ਨੇ। ਮਜਨੂੰ ਈਰਾਨ ਦੇ ਨਗਰ ਸ਼ਹਿਰਾਜ਼ ਦੇ ਵਿਚੋਂ ਭਾਰਤ ਆਇਆ ਹੋਇਆ ਹੈ। ਫਿਰਦਾ-ਫਿਰਦਾ ਕੋਈ ਕਾਫਲਾ ਜਿਥੇ ਉਹ ਬੈਠਾ ਸੀ ਉਥੋਂ ਦੀ ਲੰਘਿਆ। ਪਤਾ ਲੱਗ ਗਿਆ ਕਿ ਸ਼ਹਿਰਾਜ਼ ਤੋਂ ਆਏ ਨੇ ਲੋਕ। ਗੱਲਾਂ ਪੁੱਛਣ ਲੱਗ ਪਿਆ ਤੇ ਇਕੱਲੇ-ਇਕੱਲੇ ਤੋਂ ਗੱਲਾਂ ਪੁਛਦਾ ਹੈ ਲੈਲਾ ਦੇ ਬਾਰੇ। ਚਲਦਾ-ਚਲਦਾ ਦਿੱਲੀ ਪਹੁੰਚ ਗਿਆ, ਕਾਫਲੇ ਦੇ ਨਾਲ। ਲਗਨ ਹੋਇਆ ਕਰਦੀ ਹੈ ਇਸੇ ਤਰ੍ਹਾਂ ਆਪਣੇ ਪਿਆਰੇ ਦੀ ਬਾਤ, ਆਪਣੇ ਸਤਿਗੁਰੂ ਦੀ ਬਾਤ ਬਾਰ-ਬਾਰ ਪੁਛਦਾ ਹੈ। ਕੋਈ ਪਿਆਰਾ ਆ ਜਾਵੇ ਪਰਦੇਸ ਤੋਂ, ਬੱਚੇ ਉਥੇ ਰਹਿੰਦੇ ਹੋਣ, ਉਹ ਘਰ ਮਿਲਣ ਵਾਸਤੇ ਆ ਜਾਵੇ। ਪਹਿਲਾਂ ਪੁਛਣਗੇ ਕਿ ਕੀ ਹਾਲ ਹੈ, ਹੋਰ ਕੀ ਕਹਿੰਦੇ ਸੀ? ਉਹ ਗੱਲ ਸਾਰੀ ਦੱਸ ਦਏਗਾ। ਫੇਰ ਪੁੱਛ ਲੈਂਦੇ ਹਾਂ ਕਿ ਹੋਰ ਕੀ ਕਹਿੰਦੇ ਸੀ। ਓਹੀ ਗੱਲ ਬਾਰ-ਬਾਰ ਸੁਣ ਕੇ ਅਨੰਦ ਆਉਂਦਾ ਹੈ। ਸੋ ਏਸ ਤਰ੍ਹਾਂ ਦੀ ਬਿਰਤੀ ਦੇ ਨਾਲ ਆਪ ਦੇ ਮਨੋਂ ਅਰਦਾਸਾਂ ਨਿਕਲਦੀਆਂ ਨੇ ਕਿ ਪਾਤਸ਼ਾਹ! ਕੋਈ ਭੇਜ ਜਿਹੜਾ ਤੇਰੀ ਖਬਰ ਦੇ ਦੇਵੇ। ਬਾਬਾ ਜੀ ਦੀ ਅਰਦਾਸ ਦਰਗਾਹ ਵਿਚ ਪਹੁੰਚਦੀ ਹੈ, ਗੁਰੂ ਦੇ ਦਰ ਤੇ ਪਹੁੰਚਦੀ ਹੈ; ਕੌਤਕ ਵਰਤਦਾ ਹੈ। ਤੀਸਰੀ ਰਾਤ ਵੀ ਆਪ ਨੂੰ ਬੈਠਿਆਂ ਹੀ ਬੀਤ ਗਈ। ਤਾਰੇ ਹੌਲੀ ਹੌਲੀ ਚਲਦੇ ਚਲਦੇ ਛਿਪਦੇ ਤੁਰੇ ਜਾ ਰਹੇ ਨੇ ਤੇ ਦੋ ਵਜੇ ਆਪ ਨੂੰ ਆਵਾਜ਼ ਸੁਣੀ ਕਿ ਕਿਸੇ ਨੇ ਦਰਵਾਜ਼ਾ ਖੋਲ੍ਹਿਆ ਹੈ। ਥੋੜ੍ਹੇ ਸਾਵਧਾਨ ਹੋ ਗਏ ਧਿਆਨ ਦੇਣਾ ਸ਼ੁਰੂ ਕਰ ਦਿਤਾ। ਸੋਚਦੇ ਨੇ ਕਿ ਕੌਣ ਹੋ ਸਕਦਾ ਹੈ। ਘਰ ਵਿਚ ਖੂਹੀ ਲੱਗੀ ਹੋਈ ਸੀ, ਥੋੜ੍ਹੀ ਦੇਰ ਤੋਂ ਬਾਅਦ ਡੋਲ ਭੌਣੀ ਤੋਂ ਫਿਰਾ ਕੇ ਉਸ ਦੇ ਵਿਚੋਂ ਪਾਣੀ ਭਰਨ ਦੀ ਆਵਾਜ਼ ਆਈ। ਡੋਲ ਕੱਢਿਆ ਕਿਸੇ ਬਰਤਨ ਵਿਚ ਪਾਇਆ, ਦੋ ਤਿੰਨ ਵਾਰ ਐਸਾ ਕਰਿਆ। ਪਤਾ ਲੱਗਿਆ ਕਿ ਸਾਡੇ ਹੀ ਘਰ ਦੇ ਅੰਦਰ ਕੋਈ ਇਸ਼ਨਾਨ ਕਰ ਰਿਹਾ ਹੈ। ਵਿਚਾਰ ਕੀਤੀ ਕਿ ਭਰਾ ਜੀ ਤਾਂ ਐਨੇ ਸਾਝਰੇ ਉਠਦੇ ਨਹੀਂ ਫੇਰ ਇਹ ਕੌਣ ਹੋ ਸਕਦਾ ਹੈ। ਅੰਮ੍ਰਿਤ ਵੇਲੇ ਜਾਗਣ ਵਾਲਾ ਸਾਡੇ ਘਰ ਕੌਣ ਆ ਗਿਆ। ਕੌਣ ਜਾਗਦਾ ਹੈ ਸਾਧਸੰਗਤ ਜੀ! ਅੰਮ੍ਰਿਤ ਵੇਲੇ? ਦੁਨੀਆਂ ਸੌਂਦੀ ਹੈ ਅੰਮ੍ਰਿਤ ਵੇਲੇ ਪਹਿਲੀ ਰਾਤ ਜਾਗਦੀ ਅੰਮ੍ਰਿਤ ਵੇਲੇ, ਪਹਿਲੀ ਰਾਤ ਉਹ ਜਾਗਦੇ ਨੇ ਜਿਨ੍ਹਾਂ ਨੇ ਆਪਣੇ ਮਾਨਸ ਜਨਮ ਦਾ ਲਾਹਾ ਪ੍ਰਾਪਤ ਕਰਨਾ ਹੁੰਦਾ ਹੈ, ਪ੍ਰਮੇਸ਼ਰ ਦੇ ਪਿਆਰੇ ਜਾਗਦੇ ਨੇ ਏਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ – ਅੰਮ੍ਰਿਤ ਵੇਲੇ ਓ ਕੌਣ ਜਾਗਦੇ।***
***ਕੋਈ ਜਾਗਦੇ ਨੇ ਰਾਮ ਪਿਆਰੇ।***

ਇਕ ਖਿਨ ਵਾਸਤੇ ਵੀ ਵਾਹਿਗੁਰੂ ਨੂੰ ਭੁੱਲਣਾ ਨਹੀਂ ਚਾਹੁੰਦੇ ਤੇ ਉਸ ਦੇ ਚਰਨਾਂ-ਕਮਲਾਂ ਦਾ, ਸ਼ਬਦ ਦਾ ਧਿਆਨ ਹਿਰਦੇ ਵਿਚ ਕਾਇਮ ਕੀਤਾ ਹੋਇਆ ਹੈ।

***ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ॥***
***ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ॥ ਅੰਗ – 1312***

ਸੋ ਅੰਮ੍ਰਿਤ ਵੇਲੇ ਜਾਗ ਆਈ। ਗੁਰੂ ਘਰ ਦੇ ਅੰਦਰ ਅੰਮ੍ਰਿਤ ਵੇਲੇ ਦੀ ਬਹੁਤ ਮਹੱਤਤਾ ਹੈ।

ਕਹਿੰਦੇ ਤੂੰ ਤਾਂ ਜਿਉਂਦਾ ਹੀ ਮਰ ਗਿਆ ਜਿਹੜਾ ਪਿਛਲੀ ਰਾਤ ਜਾਗਦਾ ਨਹੀਂ-

***ਬੁਰੇ ਕਾਮ ਕਉ ਊਠਿ ਖਲੋਇਆ॥***
***ਨਾਮ ਕੀ ਬੇਲਾ ਪੈ ਪੈ ਸੋਇਆ॥ ਅੰਗ – 738***
***ਚੰਗਿਆਈ ਆਲਕੁ ਕਰੇ ਬੁਰਿਆਂਈ ਹੋਇ ਸੇਰ॥ ਅੰਗ – 518***

ਨਾਮ ਜਪਣ ਵੇਲੇ ਆਲਸ ਪੈ ਜਾਂਦੀ ਹੈ, ਜਾਗ ਨਹੀਂ ਆਉਂਦੀ, ਜਦੋਂ ਬੁਰਿਆਈ ਕਰਨੀ ਹੁੰਦੀ ਹੈ ਤਾਂ ਉਸ ਵੇਲੇ ਸ਼ੇਰ ਵਰਗਾ ਦਿਲ ਬਣ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜਾ ਰਹੇ ਨੇ ਇਕ ਥਾਂ ਤੇ ਅੰਮ੍ਰਿਤ ਵੇਲਾ ਹੋਇਆ। ਆਸਾ ਜੀ ਦੀ ਵਾਰ ਦਾ ਭੋਗ ਪਾਇਆ ਮਰਦਾਨਾ ਜੀ ਨੇ ਤਾਂ ਕੀ ਦੇਖਦੇ ਨੇ ਇਕ ਬਹੁਤ ਵੱਡੇ ਕੱਦ ਵਾਲਾ ਬੰਦਾ ਇਕ ਬਹੁਤ ਵੱਡਾ ਜੁਲੜ ਚੁੱਕੀਂ ਜਾ ਰਿਹਾ ਹੈ ਓਧਰ ਦੇਖਣਾ ਸ਼ੁਰੂ ਕਰ ਦਿਤਾ। ਕਹਿੰਦੇ, "ਸੱਚੇ ਪਾਤਸ਼ਾਹ! ਆਹ ਕੌਣ ਹੋ ਸਕਦਾ ਹੈ?"

ਮਹਾਰਾਜ ਜੀ ਕਹਿੰਦੇ, "ਮਰਦਾਨਿਆਂ! ਇਹ ਆਪਾਂ ਨੂੰ ਪਹਿਲਾਂ ਵੀ ਮਿਲਿਆ ਸੀ। ਜਦੋਂ ਇਹ ਮੋਤੀਆਂ ਦੇ ਮੰਦਰ ਆਪਾਂ ਨੂੰ ਦਿੰਦਾ ਸੀ। ਇਹ ਕਲਜੁਗ ਹੈ ਹੋਰ ਕੌਣ ਹੈ?

ਕਹਿੰਦੇ, "ਮਹਾਰਾਜ! ਕੀ ਚੁੱਕੀ ਜਾਂਦਾ ਹੈ?"

ਮਹਾਰਾਜ ਜੀ ਕਹਿੰਦੇ, "ਤੂੰ ਬੁਲਾ ਕੇ ਹੀ ਪੁੱਛ ਲੈ।"

ਉਸ ਵੇਲੇ ਆਵਾਜ਼ ਦਿਤੀ ਕਲਜੁਗ ਕੋਲ ਆ ਗਿਆ। ਜੁਲੜ ਰੱਖ ਦਿਤਾ ਕੋਲ।

ਮਹਾਰਾਜ ਜੀ ਕਹਿੰਦੇ, "ਭਾਈ! ਆਹ ਕੀ ਚੁੱਕੀ ਜਾਂਦਾ ਹੈਂ ਤੂੰ?"

ਕਹਿੰਦਾ, "ਆਲਸ ਦਾ ਜੁਲੜ ਹੈ।"

ਕਹਿੰਦੇ, "ਕਾਹਦੇ ਵਾਸਤੇ ਹੈ?"

ਕਹਿਣ ਲੱਗਿਆ, "ਪਹਿਲੀ ਰਾਤ ਮੈਂ ਲੋਕਾਂ ਨੂੰ ਸੌਣ ਨਹੀਂ ਦਿੰਦਾ, ਸ਼ਰਾਬਾਂ-ਕਬਾਬਾਂ ਬੇਅੰਤ ਚੀਜ਼ਾਂ ਦੇ ਵਿਚ ਪਰਚਾ ਕੇ ਰਖਦਾ ਹਾਂ। ਉਸ ਵੇਲੇ ਸੌਂਦਾ ਨਹੀਂ ਹੈ ਸੰਸਾਰ ਤੇ ਮੈਂ ਛੁਰੀਆਂ ਮਾਰਦਾ ਰਹਿੰਦਾ ਹਾਂ ਤੇ ਫੇਰ ਮੈਂ ਆਲਸ ਦਾ ਜੁੱਲੜ ਸਾਰਿਆਂ ਤੇ ਦੇ ਦਿੰਦਾ ਹਾਂ। ਪਹਿਲੀ ਰਾਤ ਜਗਾਉਂਦਾ ਹਾਂ, ਪਿਛਲੀ ਰਾਤ ਨਹੀਂ ਮੈਂ ਕਿਸੇ ਨੂੰ ਉਠਣ ਦਿੰਦਾ।"

ਕਹਿੰਦੇ, "ਇਸ ਦੇ ਵਿਚ ਆਹ ਗਲੀਆਂ ਕਿਉਂ ਹੋਈਆਂ ਨੇ?"

ਕਹਿੰਦਾ, "ਮੈਂ ਕੀ ਦੱਸਾਂ ਗੁਰੂ ਨਾਨਕ ਪਾਤਸ਼ਾਹ ਦੇ ਜੋ ਗੁਰਸਿੱਖ ਨੇ ਉਨ੍ਹਾਂ ਤੇ ਮੇਰਾ ਬਲ ਨਹੀਂ ਚਲਦਾ ਉਹ ਮੇਰੇ ਆਲਸ ਦੇ ਜੁਲੜ ਵਿਚੋਂ ਗਲੀਆਂ ਕੱਢ ਕੇ ਬਾਹਰ ਨਿਕਲ ਆਉਂਦੇ ਨੇ।"

ਇਕ ਵਾਰ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਕਿ ਮਹਾਰਾਜ! ਕੇਵਲ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦਾ ਕੋਈ ਪੁੰਨ ਹੈ?

ਮਹਾਰਾਜ ਜੀ ਕਹਿੰਦੇ, "ਹਰ ਚੀਜ਼ ਵਿਧੀ ਨਾਲ ਹੋਇਆ ਕਰਦੀ ਹੈ, ਇਸ਼ਨਾਨ ਵੀ ਵਿਧੀ ਪੂਰਬਕ ਹੋਇਆ ਕਰਦਾ ਹੈ। ਉਸ ਵਿਧੀ ਨਾਲ ਜੇ ਇਸ਼ਨਾਨ ਕੀਤਾ ਜਾਵੇ ਪਹਿਰ ਰਾਤ ਰਹਿੰਦੀ ਤਾਂ ਸਵਾ ਮਣ ਸੋਨਾ ਦਾਨ ਕਰਨ ਦਾ ਫਲ ਸਹਿਜ-ਸੁਭਾਅ ਉਸ ਪ੍ਰੇਮੀ ਨੂੰ ਮਿਲ ਜਾਂਦਾ ਹੈ। ਜੇ ਉਸ ਤੋਂ ਦੋ ਘੜੀ ਬਾਅਦ ਉਠਦਾ ਹੈ ਤਾਂ ਸਵਾ ਮਣ ਚਾਂਦੀ ਦਾਨ ਕਰਨ ਦਾ ਫਲ ਮਿਲਦਾ ਹੈ। ਜੇ ਉਸ ਤੋਂ ਦੋ ਘੜੀ ਬਾਅਦ ਉਠਦਾ ਹੈ ਤਾਂ ਸਵਾ ਮਣ ਤਾਂਬਾ ਦਾਨ ਕਰਨ ਦਾ ਫਲ ਮਿਲਦਾ ਹੈ। ਜੇ ਉਸ ਤੋਂ ਇਕ ਘੜੀ ਬਾਅਦ ਉਠਦਾ ਹੈ ਤਾਂ ਸਵਾ ਮਣ ਅਨਾਜ ਪੁੰਨ ਕਰਨ ਦਾ ਫਲ ਮਿਲਦਾ ਹੈ। ਜੇ ਦਿਨ-ਚੜ੍ਹੇ ਉਠਦਾ ਹੈ ਤਾਂ ਉਸ ਨੂੰ ਨਾ ਪੁੰਨ ਹੈ, ਨਾ ਪਾਪ ਹੈ ਕੇਵਲ ਸਰੀਰ ਦੀ ਸਫਾਈ ਵਾਸਤੇ ਉਠਿਆ ਕਰਦਾ ਹੈ।

ਸੋ ਇਸ ਤਰ੍ਹਾਂ ਅੰਮ੍ਰਿਤ ਵੇਲੇ ਉਠੀ, ਖੜਕਾ ਹੋਇਆ, ਅੰਦਾਜ਼ਾ ਲਾਇਆ ਕਿ ਕੌਣ ਹੋ ਸਕਦਾ ਹੈ। ਸਾਰੇ ਟੱਬਰ ਨੂੰ ਤੋਲਿਆ ਕਿ ਸਾਡੇ ਟੱਬਰ ਵਿਚ ਤੜਕੇ ਉਠਣ ਵਾਲਾ ਤਾਂ ਕੋਈ ਹੈ ਨਹੀਂ। ਇਹ ਦਿਨ ਭਰ ਕੰਮ ਕਰਦੇ ਨੇ ਤੇ ਰਾਤ ਨੂੰ ਸੌਂਦੇ ਨੇ। ਹੋਵੇ ਨਾ ਤਾਂ ਜਿਹੜੀ ਨਵੀਂ ਵਿਆਹੀ ਬੀਬੀ

ਆਈ ਹੈ, ਬੀਬੀ ਅਮਰੋ, ਕਿਤੇ ਉਹ ਤਾਂ ਨਹੀਂ ਉਠੀ ਹੋਈ। ਪਹਿਲਾਂ ਕਦੇ ਧਿਆਨ ਵਿਚ ਨਹੀਂ ਆਈ ਉਹ ਤਾਂ ਰੋਜ਼ ਉਠਦੀ ਸੀ। ਉਸ ਤੋਂ ਬਾਅਦ ਫੇਰ ਪਾਣੀ ਡੁੱਲ੍ਹਣ ਦੀ ਆਵਾਜ਼ ਆਈ। ਪਤਾ ਲੱਗ ਗਿਆ ਕਿ ਇਸ਼ਨਾਨ ਕੀਤਾ ਹੈ। ਧਿਆਨ ਹੋਰ ਉਪਰ ਕਰ ਲਿਆ ਕਿ ਹੁਣ ਕੀ ਕਰੇਗੀ ਇਹ। ਉਹ ਚੁੱਪ ਹੋ ਗਈ। ਦੋ ਘੰਟੇ ਨਿਰੰਤਰ ਸਿਮਰਨ ਕੀਤਾ। ਸ੍ਵੈ-ਸਰੂਪ ਦੇ ਵਿਚ ਲੀਨ ਹੋ ਕੇ ਬੀਬੀ ਭਜਨ-ਬੰਦਗੀ ਕਰਦੀ ਰਹੀ। ਚਾਰ ਵਜ ਗਏ ਤੇ ਦਿਨ ਚੜ੍ਹਨ ਦੀਆਂ ਨਿਸ਼ਾਨੀਆਂ ਹੋ ਗਈਆਂ ਤੇ ਉਸ ਵੇਲੇ ਆਪ ਦੇ ਮੁੱਖ ਤੋਂ ਕੁਝ ਗੁਣ ਗਣਾਉਣ ਦੀ ਅਵਾਜ਼ ਸੁਣਾਈ ਦੇਣ ਲੱਗੀ। ਆਪ ਉਠ ਕੇ ਬਨੇਰੇ ਕੋਲ ਆ ਗਏ ਕਿ ਅਵਾਜ਼ ਸੁਣੀਏ ਕਿ ਕਾਹਦੀ ਅਵਾਜ਼ ਆਉਂਦੀ ਹੈ ਤੇ ਉਸ ਵੇਲੇ ਜੋ ਕੰਨ ਵਿਚ ਅਵਾਜ਼ ਪਈ ਉਹ ਏਸ ਤਰ੍ਹਾਂ ਸਮਝੀ ਆਪ ਨੇ -

***ਧਾਰਨਾ - ਜਾਵਾਂ ਬਲਿਹਾਰ ਜੀ ਮੈਂ ਆਪਣੇ ਗੁਰਾਂ ਤੋਂ।***

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਅੰਗ - 462***

ਅਵਾਜ਼ ਸਮਝੀ ਕਿ ਬਲਿਹਾਰ ਜਾ ਰਹੀ ਹੈ ਆਪਣੇ ਗੁਰ ਤੋਂ ਤੇ ਬਲਿਹਾਰ ਵੀ ਸੌ ਵਾਰੀ, ਸੈਂਕੜੇ ਵਾਰੀ, ਕਿਹੜੇ ਗੁਰੂ ਤੋਂ? ਜਿਨ੍ਹਾਂ ਨੇ ਮਨੁੱਖਾਂ ਨੂੰ ਦੇਵਤੇ ਬਣਾ ਦਿਤਾ। ਵਿਚਾਰ ਵਿਚ ਪੈ ਗਏ -

***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ਅੰਗ - 463***

***ਧਾਰਨਾ - ਜਿਹੜਾ ਮਾਣਸਾਂ ਤੋਂ ਦੇਵਤੇ ਬਣਾਵੇ,***
***ਜਾਵਾਂ ਬਲਿਹਾਰ ਗੁਰਾਂ ਤੋਂ।***

ਸਮਝਿਆ ਕਿ ਹੈ ਐਸਾ ਗੁਰੂ ਕੋਈ ਸੰਸਾਰ ਦੇ ਅੰਦਰ ਜਿਹੜਾ ਮਨੁੱਖ ਤੋਂ ਦੇਵਤੇ ਬਣਾ ਦੇਵੇ।

ਸਾਧ-ਸੰਗਤ ਜੀ! ਇਹ ਕੋਈ ਬਹੁਤੀ ਵੱਡੀ ਬਾਤ ਨਹੀਂ ਹੈ ਗੁਰੂ ਨਾਨਕ ਪਾਤਸ਼ਾਹ ਨੇ ਤਾਂ ਰਾਖਸ਼ਾਂ ਨੂੰ ਵੀ ਦੇਵਤੇ ਬਣਾ ਦਿਤਾ। ਆਪ ਭਾਈ ਬਾਲਾ ਤੇ ਭਾਈ ਮਰਦਾਨਾ ਸਮੇਤ ਸੱਜਣ ਠੱਗ ਦੇ ਪਾਸ ਚਲੇ ਜਾਂਦੇ ਨੇ। ਸਾਰੀ ਰਾਤ ਉਸਦੀ ਗੁਰੂ ਨਾਨਕ ਨੂੰ ਮਾਰਨ ਦੀਆਂ ਵਿਉਂਤਾਂ ਵਿਚ ਲੰਘ ਗਈ। ਅੰਮ੍ਰਿਤ ਵੇਲਾ ਹੋ ਆਇਆ। ਜਾਗਦਾ ਬੈਠਾ ਹੈ ਕਿ ਜਦੋਂ ਸੌਣਗੇ ਉਸੇ ਵੇਲੇ ਦੱਬ ਲੈਣੇ ਨੇ। ਬਰਛੇ ਤਿਆਰ ਕਰੇ ਹੋਏ ਨੇ, ਛਵੀਆਂ, ਰੱਸੇ ਸਭ ਤਿਆਰ ਕੀਤੇ ਹੋਏ ਨੇ। ਗੁਰੂ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਇਕੋ ਹੀ ਸ਼ਬਦ ਉਚਾਰਨ ਹੋਇਆ -

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥***
***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ ਅੰਗ - 729***

ਸਾਰਾ ਸ਼ਬਦ ਸੁਣ ਕੇ ਸਮਝਿਆ। ਕਹਿਣ ਲੱਗਿਆ ਓ ਸੱਜਣਾ! ਤੂੰ ਤਾਂ ਸਾਰਿਆਂ ਨੂੰ ਪਾਖੰਡੀ ਸਮਝਦਾ ਹੈਂ, ਸਾਰਿਆਂ ਨੂੰ ਧੋਖੇਬਾਜ਼ ਸਮਝਦਾ ਹੈਂ ਤੇ ਤੇਰੀ ਨਿਗ੍ਹਾ ਵਿਚ ਤਾਂ ਕੋਈ ਵੀ ਸੰਸਾਰ ਦੇ ਅੰਦਰ ਸੱਚਾ ਪੁਰਸ਼ ਨਹੀਂ ਸੀ ਇਸ ਨੇ ਤਾਂ ਮੇਰੀਆਂ ਸਾਰੀਆਂ ਕਰਤੂਤਾਂ ਖੋਲ੍ਹ ਕੇ ਰੱਖ ਦਿਤੀਆਂ। ਸ਼ਬਦ ਦਾ ਬਾਣ ਲੱਗਿਆ, ਰੋ ਪਿਆ ਉਸ ਵੇਲੇ ਚਰਨਾਂ ਤੇ ਢਹਿ ਕੇ। ਮਾਰਨ ਵਾਲੇ ਆ ਗਏ। ਉਹ ਕਹਿੰਦਾ ਹਟ ਜਾਓ ਪਿਛੇ ਅੱਜ ਪੂਰਾ ਮਿਲ ਗਿਆ, ਰੋਈ ਜਾਂਦਾ ਹੈ ਤੇ ਬਾਰ-ਬਾਰ ਕਹਿੰਦਾ ਹੈ ਫਜ਼ਲ! ਫਜ਼ਲ!! ਫਜ਼ਲ!!!, ਬਖਸ਼ਿਸ਼! ਬਖਸ਼ਿਸ਼!! ਬਖਸ਼ਿਸ਼!!! ਪਾਤਸ਼ਾਹ! ਜੋ ਤੁਸੀਂ ਉਚਾਰਨ ਕਰਦੇ ਹੋ ਉਹ ਮੇਰੇ ਅੰਦਰਲੇ ਦੀ ਤਸਵੀਰ ਹੈ। ਮੈਂ ਬਾਹਰੋਂ ਆਪਣਾ ਭੇਖ ਬਣਾਇਆ ਹੋਇਆ ਹੈ, ਮੁਸਲਮਾਨਾਂ ਵਾਸਤੇ ਮੈਂ ਸ਼ੇਖ ਸੱਜਣ ਹਾਂ, ਹਿੰਦੂਆਂ ਲਈ ਮੈਂ ਸੱਜਣ ਸ਼ਾਹ ਹਾਂ। ਇਕ ਪਾਸੇ ਦੇਹੁਰਾ ਬਣਾਇਆ ਹੋਇਆ ਹੈ ਦੂਜੇ ਪਾਸੇ ਮਸਜਿਦ ਬਣਾਈ ਹੋਈ ਹੈ। ਪਾਤਸ਼ਾਹ! ਇਹ ਤਾਂ ਤੁਸੀਂ ਮੇਰੀ ਤਸਵੀਰ ਖਿੱਚ ਦਿਤੀ। ਬਾਣ ਮਾਰਿਆ ਹਿਰਦਾ ਹਿਲਾ ਕੇ ਰੱਖ ਦਿਤਾ, ਕ੍ਰਿਪਾ ਕਰੋ। ਮੇਰੇ ਨਾਲ ਚੱਲੋ, ਮੈਂ ਦਿਖਾਵਾਂ ਕਿ ਮੈਂ ਕੀ ਹਾਂ? ਧਾਹਾਂ ਮਾਰਦਾ ਹੈ, ਮਿਸਾਲਾਂ ਲੈ ਲਈਆਂ ਭੋਰੇ ਦਾ ਦਰਵਾਜ਼ਾ ਖੋਲ੍ਹ ਲਿਆ।

ਮਰਦਾਨਾ ਕਹਿੰਦਾ, "ਪਾਤਸ਼ਾਹ! ਥੱਲੇ ਲੈ ਜਾਏਗਾ।"

ਮਹਾਰਾਜ ਜੀ ਕਹਿੰਦੇ, "ਉਹ ਰੂਹ ਉਡ ਗਈ ਇਸ ਦੇ ਵਿਚੋਂ ਦੈਂਤ ਦੀ, ਹੁਣ ਇਸ ਦੇ ਵਿਚ ਸੰਤ ਦੀ ਰੂਹ ਪ੍ਰਵੇਸ਼ ਕਰ ਰਹੀ ਹੈ ਮਰਦਾਨਿਆ! ਬੇਫਿਕਰ ਹੋ ਕੇ ਚੱਲ।"

ਅੱਗੇ ਚੱਲ ਕੇ ਦਿਖਾਉਂਦਾ ਹੈ ਕਿ ਪਾਤਸ਼ਾਹ! ਇਹੋ ਜਿਹੇ ਕਈ ਭੋਰੇ ਮੈਂ ਮਾਰ-ਮਾਰ ਕੇ ਬੰਦਿਆਂ ਦੇ ਭਰੇ ਪਏ ਨੇ, ਪਿੰਜਰਾਂ ਦੇ ਨਾਲ। ਆਹ ਮੇਰਾ ਰੂਪ ਹੈ ਜੋ ਆਪ ਨੇ ਉਚਾਰਿਆ ਹੈ।

ਮਹਾਰਾਜ ਬਾਹਰ ਆ ਗਏ ਕਹਿੰਦੇ, "ਸੱਜਣਾ! ਜੇ ਸੱਚਮੁੱਚ ਤੂੰ ਸੱਜਣ ਬਣਨਾ ਹੈ ਤਾਂ ਸੱਜਣ ਬਣ ਜਾਹ ਕਿਉਂਕਿ ਸੱਜਣ ਉਹ ਹੁੰਦੇ ਨੇ ਜਿਹੜੇ ਲੋੜ ਵੇਲੇ ਕੰਮ ਆਉਣ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਭੀੜਾਂ ਪਈਆਂ ਤੇ ਸੱਜਣ ਕੰਮ ਆਉਂਦੇ,***
***ਦਰਗਹ 'ਚ ਨਾਲ ਚਲਦੇ।***
***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥***

***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ਅੰਗ - 729***

ਕਹਿੰਦੇ ਉਹ ਸੱਜਣ ਨੇ। ਸੱਜਣਾ! ਤੇਰਾ ਨਾਂ ਸੁਣ ਕੇ, ਪਿਆਰ ਉਠਦਾ ਹੈ ਹਿਰਦੇ ਦੇ ਅੰਦਰੋਂ ਕਿ ਸੱਜਣ ਮਿਲ ਗਿਆ ਪਰ ਸੱਜਣਾ! ਤੈਨੂੰ ਪਤਾ ਹੈ ਜਿੰਨਾ ਤੇਰਾ ਨਾਂ ਸੋਹਣਾ ਹੈ ਓਨਾਂ ਤੂੰ ਆਪ ਸੋਹਣਾ ਨਹੀਂ (ਭਾਵ ਸੋਹਣੇ ਕੰਮ ਨਹੀਂ ਕਰਦਾ) ਨਾਂ ਤਾਂ ਤੇਰਾ ਬਹੁਤ ਸੋਚ ਕੇ ਕਿਸੇ ਨੇ ਰੱਖਿਆ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤੇਰਾ ਨਾਮ ਸੱਜਣ ਹੈ ਸੋਹਣਾ,***
***ਕੰਮ ਕਰੇਂ ਵੈਰੀਆਂ ਦੇ, ਸੱਜਣਾ।***

ਨਾਮ ਤਾਂ ਤੇਰਾ ਸੋਹਣਾ ਹੈ ਪਰ ਕਰਤੂਤ ਤੇਰੀ ਵੈਰੀਆਂ ਵਾਲੀ ਹੈ। ਬੰਦਿਆਂ ਨੂੰ ਘੇਰ-ਘੇਰ ਕੇ, ਧੋਖਾ ਦੇ ਕੇ ਮਾਰਨਾ ਤੇ ਫੇਰ ਰੂਪ ਇਹੋ ਜਿਹਾ ਧਾਰਿਆ ਹੋਇਆ ਹੈ ਕਿ ਦੇਖਣ ਨੂੰ ਸਾਧੂ ਪ੍ਰਤੀਤ ਦਿੰਦਾ ਹੈਂ, ਸਮ-ਦ੍ਰਿਸ਼ਟੀ ਵਾਲਾ ਦਿਸਦਾ ਹੈਂ। ਮਾਲਾ ਵੀ ਪਾਈ ਹੋਈ ਹੈ, ਤਸਬੀ ਹੱਥ ਵਿਚ ਲਈ ਹੋਈ ਹੈ। ਮਸਜਿਦ ਵਿਚ ਜਾ ਕੇ ਤੂੰ ਨਮਾਜ਼ ਪੜ੍ਹਦਾ ਹੈਂ, ਦੇਹੁਰੇ ਵਿਚ ਜਾ ਕੇ ਤੂੰ ਟੱਲੀਆਂ ਖੜ੍ਹਕਾਉਂਦਾ ਹੈਂ, ਉਪਾਸਨਾ ਕਰਦਾ ਹੈਂ।

***ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥***
***ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥***
***ਅੰਗ - 729***

ਬਾਣ ਲੱਗਿਆ, ਚਰਨਾਂ ਤੇ ਢਹਿ ਪਿਆ, ਬੇਨਤੀਆਂ ਕਰਦਾ ਹੈ ਕਿ ਪਾਤਸ਼ਾਹ! ਆਪ ਨੇ ਮੇਰੀ ਕਰਤੂਤ ਅੱਖਾਂ ਨਾਲ ਦੇਖੀ ਹੈ। ਬਾਹਰ ਆ ਜਾਂਦੇ ਨੇ ਭੋਰੇ ਤੋਂ।

ਮਹਾਰਾਜ ਜੀ ਕਹਿੰਦੇ, "ਸੱਜਣਾਂ! ਸੱਚਮੁੱਚ ਸੱਜਣ ਬਣਨਾ ਚਾਹੁੰਦਾ ਹੈਂ?"

ਕਹਿਣ ਲੱਗਿਆ, "ਪਾਤਸ਼ਾਹ! ਕੁਝ ਵੀ ਬਣਾ ਦਿਓ।"

ਮਹਾਰਾਜ ਜੀ ਕਹਿੰਦੇ, "ਫੇਰ ਢਾਹ ਦੇ ਆਹ। ਮਹੱਲ-ਮਾੜੀਆਂ, ਪਾਪ ਦੀ ਕਮਾਈ ਨੂੰ ਵੰਡ ਦੇਹ ਉਨ੍ਹਾਂ ਨੂੰ ਜਿੰਨੇ ਤੇਰੇ ਯਾਦ ਨੇ। ਨਹੀਂ ਯਾਦ ਤਾਂ ਗਰੀਬਾਂ ਨੂੰ ਵੰਡ ਦੇ।

ਤਿੰਨ ਦਿਨ ਲੱਗਿਆ ਰਿਹਾ। ਆ ਗਿਆ ਤੇ ਕਹਿਣ ਲੱਗਿਆ ਕਿ ਪਾਤਸ਼ਾਹ! ਢਾਹ ਦਿਤਾ ਸਭ ਕੁਝ, ਵੰਡ ਦਿਤਾ। ਮੇਰੇ ਕੋਲ ਹੁਣ ਕੁਝ ਨਹੀਂ ਹੈ ਪਾਪ ਦੀ ਕਮਾਈ ਦਾ, ਇਕ ਟਕਾ ਵੀ ਨਹੀਂ ਮੈਂ ਰੱਖਿਆ।

ਮਹਾਰਾਜ ਜੀ ਕਹਿੰਦੇ, "ਸੱਜਣਾ! ਫੇਰ ਬਹਿ ਸਾਮ੍ਹਣੇ ਕਹੁ -

'ਵਾਹਿਗੁਰੂ।'

ਵਾਹਿਗੁਰੂ ਕਹਾਉਣ ਦੀ ਦੇਰ ਸੀ ਪੈਰ ਦੇ ਅਗੂੰਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਸਾਰੇ ਸਰੀਰ ਦੇ ਰੋਮ-ਰੋਮ ਵਿਚੋਂ ਵਾਹਿਗੁਰੂ ਦੀ ਧੁਨੀ ਉਠਣੀ ਸ਼ੁਰੂ ਹੋ ਗਈ। ਸੱਜਣ ਬਦਲ ਗਿਆ, ਭਾਈ ਸੱਜਣ ਬਣ ਗਿਆ, ਸੰਤ ਸੱਜਣ ਬਣ ਗਿਆ।

ਮਹਾਰਾਜ ਜੀ ਕਹਿੰਦੇ, "ਸੱਜਣਾ! ਏਹ ਮੰਜੀ ਤੇ ਬਹਿ ਜਾਹ! ਤੇਰੇ ਕੋਲ ਜਗਿਆਸੂ ਆਉਣਗੇ, ਆਹ ਜਿਹੜਾ ਅਨੰਦ ਤੈਨੂੰ ਪ੍ਰਾਪਤ ਹੋਇਆ ਹੈ ਇਸ ਨੂੰ ਵੰਡੀ ਜਾਈਂ ਇਹ ਥੁੜਨਾ ਨਹੀਂ ਹੈ।

ਸੋ ਉਨ੍ਹਾਂ ਨੇ ਤਾਂ ਰਾਖਸ਼ਾਂ ਨੂੰ ਵੀ ਦੇਵਤੇ ਬਣਾ ਦਿਤਾ। ਸੋ ਸੁਣ ਲਿਆ ਕਿ ਮਨੁੱਖਾਂ ਨੂੰ ਦੇਵਤੇ ਬਣਾਉਂਦੇ ਨੇ -

***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥***

***ਅੰਗ - 462***

ਧਿਆਨ ਆਇਆ ਕਿ ਐਸਾ ਗੁਰੂ? ਸੱਚਮੁਚ ਜੋ ਐਸਾ ਗੁਰੂ ਹੈ ਉਸ ਤੇ ਤਾਂ ਬਲਿਹਾਰ ਸੌ ਵਾਰੀ ਜਾਣਾ ਚਾਹੀਦਾ ਹੈ। ਉਸ ਤੋਂ ਅੱਗੇ ਫੇਰ ਤੁਕ ਲਈ ਬੀਬੀ ਨੇ ਜੋ ਏਸ ਤਰ੍ਹਾਂ ਨਾਲ ਸਮਝ ਆਈ -

***ਧਾਰਨਾ - ਪਿਆਰੇ ਗੁਰ ਬਿਨ ਘੋਰ ਅੰਧੇਰਾ,***
***ਚੰਦ ਭਾਵੇਂ ਸੌ ਚੜ੍ਹ ਜਾਏ।***

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ ਅੰਗ - 463***

ਇਕੱਲੀ-ਇਕੱਲੀ ਤੁੱਕ ਧਿਆਨ ਨਾਲ ਸੁਣੀ ਕਿ ਗੁਰੂ ਤੋਂ ਬਗੈਰ ਹਨ੍ਹੇਰਾ ਨਹੀਂ ਹਟ ਸਕਦਾ ਭਾਵੇਂ ਲੱਖਾਂ ਸੂਰਜ ਚੜ੍ਹ ਜਾਣ, ਚੰਦਰਮਾ ਚੜ੍ਹ ਜਾਣ ਕਿਉਂਕਿ ਮਨ ਦਾ ਹਨ੍ਹੇਰਾ ਗੁਰੂ ਤੋਂ ਬਗੈਰ ਹੋਰ ਕੋਈ ਦੂਰ ਕਰਨ ਨੂੰ ਸਮਰੱਥ ਨਹੀਂ ਹੈ ਤੇ ਗੁਰੂ ਤੋਂ ਬਗੈਰ ਆਦਮੀ ਇਹੋ ਜਿਹਾ ਹੈ ਜਿਵੇਂ ਛੁੱਟੜ ਤਿਲ ਹੋਇਆ ਕਰਦੇ ਨੇ। ਤਿਲਾਂ ਵਿਚ ਕਾਲਸ ਹੁੰਦੀ ਹੈ। ਹਰੇ ਹੁੰਦੇ ਨੇ, ਵਧਦੇ ਨੇ, ਫੁਲਦੇ ਨੇ, ਪਰ ਡੋਡੀ ਦੇ ਅੰਦਰ ਸੁਆਹ ਹੁੰਦੀ ਹੈ। ਉਨ੍ਹਾਂ ਨੂੰ ਕਿਸਾਨ ਵੱਢਦਾ ਨਹੀਂ ਹੈ ਕਿ ਉਹ ਕਾਲਸ ਮੇਰੇ ਮੂੰਹ ਤੇ ਕੱਪੜਿਆਂ ਤੇ ਪੈ ਜਾਏਗੀ ਉਹ ਛੱਡ ਦਿੰਦਾ ਹੈ। ਬੱਚੇ ਪਸ਼ੂ ਚਾਰਨ ਵਾਲੇ ਸੋਟੀਆਂ ਮਾਰ-ਮਾਰ ਕੇ ਤੋੜ ਦਿੰਦੇ ਨੇ। ਸੋ ਜੋ ਨਿਗੁਰਾ ਪੁਰਸ਼ ਹੈ ਉਸ ਦੀ ਇਹ ਹਾਲਤ ਹੋਇਆ ਕਰਦੀ ਹੈ। ਸੋ ਇਸ ਤਰ੍ਹਾਂ ਆਪ ਬਾਣੀ ਸੁਣਦੇ ਰਹੇ ਤੇ ਬੀਬੀ ਪੜ੍ਹਦੀ

ਚਲੀ ਗਈ। ਉਸ ਤੋਂ ਬਾਅਦ ਜਦੋਂ ਬੀਬੀ ਨੇ ਤੇਰ੍ਹਵਾਂ ਸਲੋਕ ਪੜ੍ਹਿਆ ਤਾਂ ਆਪ ਨੇ ਫੇਰ ਧਿਆਨ ਨਾਲ ਵਾਕ ਸੁਣਿਆ –

***ਧਾਰਨਾ – ਗੁਰ ਬਿਨ ਗਿਆਨ ਨਾ ਹੋਵੇ,***
***ਪਿਆਰੇ ਗੁਰ ਬਿਨ ਗਿਆਨ ਨ ਹੋਵੇ।***

***ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥***
***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।। ਅੰਗ – 463***

ਵਿਸ਼ਵਾਸ਼ ਆ ਗਿਆ, ਹੌਲੀ-ਹੌਲੀ ਦਿਨ ਚੜ੍ਹ ਗਿਆ, ਰੌਲਾ-ਰੱਪਾ ਬਾਹਰ ਪੈਣ ਲਗ ਪਿਆ ਤੇ ਆਪਣੇ ਕੋਠੇ ਤੋਂ ਉਤਰ ਕੇ, ਓਟੇ ਦੇ ਓਹਲੇ ਹੋ ਕੇ ਬਾਕੀ ਦੀ ਬਾਣੀ ਸਰਵਣ ਕਰੀ। ਵਿਚੋਂ-ਵਿਚੋਂ ਸ਼ਬਦ ਲਾ ਲੈਂਦੇ ਸਨ ਤੇ ਇਕ ਸ਼ਬਦ ਵਿਚ ਏਸ ਤਰ੍ਹਾਂ ਨਾਲ ਸੁਣਿਆ –

***ਧਾਰਨਾ – ਗੁਰ ਬਿਨ ਡੁਬਦੀ ਜਾਵੇ ਦੁਨੀਆਂ,***
***ਗੋਤੇ ਵਿਚ ਚੌਰਾਸੀ ਖਾਵੇ।***
***ਨਾਨਕ ਮਨਮੁਖਿ ਅੰਧੁ ਪਿਆਰੁ॥***
***ਬਾਝੁ ਗੁਰੂ ਡੁਬਾ ਸੰਸਾਰੁ॥ ਅੰਗ – 138***

ਬਹੁਤ ਧਿਆਨ ਦੇ ਨਾਲ ਸੁਣਿਆ। ਆਸਾ ਜੀ ਦੀ ਵਾਰ ਦਾ ਭੋਗ ਪਿਆ। ਬੀਬੀ ਨੇ ਦੇਖਿਆ ਤਾਂ ਵੱਡੇ ਪਿਤਾ ਜੀ ਨੇ ਕਿਉਂਕਿ ਵੱਡੇ ਭ੍ਰਾਤਾ ਸੀ ਆਪ। ਆਪਦੇ ਚਿਹਰੇ-ਮੋਹਰੇ ਵਲ ਦੇਖਿਆ ਕਿ ਬਹੁਤ ਵੈਰਾਗੀ ਨੇ।

ਕਹਿਣ ਲੱਗੀ, "ਪਿਤਾ ਜੀ! ਹੁਕਮ ਕਰੋ ਕੀ ਕੰਮ ਹੈ?"

ਕਹਿੰਦੇ, "ਬੇਟਾ! ਬਹੁਤ ਦਿਨਾਂ ਦਾ ਮੈਂ ਪਰੇਸ਼ਾਨ ਸੀ ਤੇ ਅੱਜ ਮੈਨੂੰ ਰੋਸ਼ਨੀ ਦੀ ਇਕ ਕਿਰਨ ਨਜ਼ਰ ਆਈ ਹੈ।"

ਪਹਿਲਾਂ ਮੈਨੂੰ ਇਹ ਦੱਸ ਕਿ ਇਹ ਕਿਸਦੀ ਬਾਣੀ ਹੈ ਜਿਹੜੀ ਤੂੰ ਹੁਣ ਪੜ੍ਹੀ ਹੈ?

ਕਹਿੰਦੀ, "ਪਿਤਾ ਜੀ! ਇਹ ਸਤਿਗੁਰੂ ਨਾਨਕ ਸਾਹਿਬ ਦੀ ਬਾਣੀ ਹੈ ਤੇ ਨਾਲ ਮੇਰੇ ਪਿਤਾ ਜੀ ਦੀ ਵੀ ਕਿਤੇ-ਕਿਤੇ ਬਾਣੀ ਆਉਂਦੀ ਹੈ।"

ਕਹਿੰਦੇ, "ਬੀਬਾ! ਗੁਰੂ ਨਾਨਕ ਸਾਹਿਬ ਕਿੱਥੇ ਰਹਿੰਦੇ ਨੇ? ਮੈਨੂੰ ਦੱਸ ਜਲਦੀ। ਮੈਂ ਬਹੁਤ ਪਿਆਸਾ ਹਾਂ, ਮੇਰੇ ਮਨ ਦੇ ਅੰਦਰ ਦਰਸ਼ਨਾਂ ਦੀ ਬਹੁਤ ਲੋਚਾ ਹੈ।"

ਕਹਿਣ ਲੱਗੀ, "ਬੀਬਾ! ਗੁਰੂ ਨਾਨਕ ਸਾਹਿਬ ਕਿਥੇ ਰਹਿੰਦੇ ਨੇ? ਮੈਨੂੰ ਦੱਸ

ਜਲਦੀ। ਮੈਂ ਬਹੁਤ ਪਿਆਸਾ ਹਾਂ, ਮੇਰੇ ਮਨ ਦੇ ਅੰਦਰ ਦਰਸ਼ਨਾਂ ਦੀ ਬਹੁਤ ਲੋਚਾ ਹੈ।"

ਕਹਿਣ ਲੱਗੀ, "ਪਿਤਾ ਜੀ! ਗੁਰੂ ਨਾਨਕ ਪਾਤਸ਼ਾਹ ਤਾਂ ਏਸ ਵੇਲੇ ਸੰਸਾਰ ਤੋਂ ਚਲੇ ਗਏ ਨੇ ਸਰੀਰਕ ਰੂਪ ਤੋਂ।"

ਕਹਿਣ ਲੱਗੇ, "ਫੇਰ ਮੇਰੇ ਤਾਂ ਭਾਗ ਮਾੜੇ ਹੋਏ। ਕਿਸੇ ਨੂੰ ਥਾਪ ਕੇ ਵੀ ਗਏ ਨੇ ਆਪਣੀ ਥਾਂ?"

ਕਹਿੰਦੀ, "ਥਾਪ ਕੇ ਹੀ ਨਹੀਂ ਗਏ ਸਗੋਂ ਆਪ ਗੁਰੂ ਨਾਨਕ ਸਾਹਿਬ ਮੇਰੇ ਪਿਤਾ ਜੀ ਦੇ ਸਰੀਰ ਵਿਚ ਬਿਰਾਜਮਾਨ ਹੋ ਗਏ, ਦੂਸਰਾ ਰੂਪ ਬਣਾ ਲਿਆ।"

ਕਹਿਣ ਲੱਗੇ, "ਹੈਂ! ਤੇਰੇ ਪਿਤਾ ਜੀ! ਬੇਟਾ ਮੈਨੂੰ ਛੇਤੀ ਲੈ ਚੱਲ। ਹੁਣ ਮੈਨੂੰ ਵਿਸ਼ਵਾਸ਼ ਨਹੀਂ ਹੈ ਕਿ ਸ਼ਾਇਦ ਮੇਰਾ ਜਾਂਦੇ-ਜਾਂਦੇ ਦਾ ਹੀ ਅੰਤਲਾ ਸਾਹ ਆ ਜਾਵੇ ਉਸ ਤੋਂ ਪਹਿਲਾਂ ਮੈਂ ਦਰਸ਼ਨ ਕਰ ਲਵਾਂ।"

ਕਹਿਣ ਲੱਗੀ, "ਪਿਤਾ ਜੀ! ਮੈਂ ਜਿੱਥੇ ਆਪਣੇ ਪਿਤਾ ਜੀ ਨੂੰ ਪਿਤਾ ਮੰਨਦੀ ਹਾਂ ਉਥੇ ਨਾਲ ਮੈਂ ਪ੍ਰਮੇਸ਼ਰ ਸਰੂਪ ਵੀ ਮੰਨਦੀ ਹਾਂ। ਉਨ੍ਹਾਂ ਦਾ ਹੁਕਮ ਹੈ ਕਿ ਬੇਟਾ! ਦੁੱਖ ਹੋਵੇ ਸੁਖ ਹੋਵੇ ਤੂੰ ਆਪਣੇ ਸਹੁਰੇ ਘਰ ਆਪਣੇ ਮਾਤਾ-ਪਿਤਾ ਦੀ ਆਗਿਆ ਵਿਚ ਹੋ ਕੇ ਚਲਣਾ ਹੈ। ਬਿਨਾਂ ਬੁਲਾਏ ਨਹੀਂ ਤੂੰ ਇਥੇ ਆਉਣਾ। ਸੋ ਮੈਂ ਉਨ੍ਹਾਂ ਦਾ ਹੁਕਮ ਨਹੀਂ ਬਦਲਾ ਸਕਦੀ। ਇਸ ਕਰਕੇ ਮੈਨੂੰ ਮਾਫ ਕਰੋ ਮੈਂ ਜਾ ਨਹੀਂ ਸਕਦੀ।" ਏਨੇ ਨੂੰ ਉਨ੍ਹਾਂ ਦੀ ਸੱਸ-ਮਾਤਾ ਨਿਕਲ ਆਈ।

ਕਹਿਣ ਲੱਗੀ, "ਬੀਬਾ! ਇਹ ਦੋ ਤਿੰਨ ਦਿਨਾਂ ਦੇ ਪਰੇਸ਼ਾਨ ਨੇ। ਪਤਾ ਨਹੀਂ ਕੀ ਗੱਲ ਹੈ? ਤੂੰ ਦਰਸ਼ਨ ਕਰਾ ਦੇ।

ਬਾਬਾ ਜੀ ਕਹਿਣ ਲੱਗੇ, "ਬੇਟਾ! ਤੂੰ ਵੀ ਮੇਰੀ ਪੁੱਤਰ ਹੈ। ਮੈਂ ਜਾ ਕੇ ਮਾਫੀ ਮੰਗ ਲਵਾਂਗਾ ਛੇਤੀ ਕਰ।"

ਸੋ ਏਸ ਤਰ੍ਹਾਂ ਦੇ ਬਚਨ ਸੁਣ ਕੇ ਆਪ ਨੇ ਤਿਆਰੀ ਕੀਤੀ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਖਡੂਰ ਸਾਹਿਬ ਵਲ ਚਲ ਪੈਂਦੇ ਨੇ। ਸਨੇ-ਸਨੇ ਰਸਤਾ ਮੁਕਦਾ ਗਿਆ ਤੇ ਜਦੋਂ ਖਡੂਰ ਸਾਹਿਬ ਆਇਆ ਤਾਂ ਉਸ ਵੇਲੇ ਬੀਬੀ ਅਮਰੋ ਕਹਿਣ ਲੱਗੀ, "ਪਿਤਾ ਜੀ! ਤੁਸੀਂ ਇਥੇ ਬੈਠ ਜਾਇਓ।" ਮੈਂ ਪਿਤਾ ਜੀ ਕੋਲ ਜਾਵਾਂਗੀ, ਉਨ੍ਹਾਂ ਨੂੰ ਬੇਨਤੀ ਕਰਾਂਗੀ ਤੇ ਜੇ ਉਨ੍ਹਾਂ ਦੀ ਖੁਸ਼ੀ ਹੋਈ ਤਾਂ ਤੁਹਾਨੂੰ ਬੁਲਾ ਲੈਣਗੇ।"

ਸੋ ਬਿਨਾਂ ਦੱਸੇ, ਉਨ੍ਹਾਂ ਦੇ ਮਨ ਵਿਚ ਵੀ ਇਹੀ ਗੱਲ ਸੀ ਕਿ ਜੇ ਮੈਨੂੰ ਆਪ ਬੁਲਾਉਣ ਤਾਂ ਫੇਰ ਮੈਂ ਜਾਣਾ। ਬੀਬੀ ਚਲੀ ਗਈ ਤੇ ਜਾ ਕੇ ਪਿਤਾ ਜੀ ਨੂੰ ਨਮਸਕਾਰ ਕੀਤੀ, ਅਸੀਸ ਲਈ।

ਹੁਕਮ ਹੋਇਆ ਕਿ ਬੇਟਾ! ਤੈਨੂੰ ਤਾਂ ਕਿਹਾ ਸੀ ਕਿ ਬਿਨਾਂ ਬੁਲਾਏ ਤੂੰ ਆਉਣਾ ਨਹੀਂ। ਕੋਈ ਖਾਸ ਕੰਮ ਹੋ ਗਿਆ। ਫੇਰ ਬੀਬਾ! ਜਿਨ੍ਹਾਂ ਨੂੰ ਨਾਲ ਲੈ ਕੇ ਆਈਦਾ ਹੈ ਉਨ੍ਹਾਂ ਨੂੰ ਬਾਹਰ ਛੱਡ ਕੇ ਨਹੀਂ ਆਈਦਾ। ਜਾਹ! ਜਾ ਕੇ ਬੁਲਾ ਕੇ ਲਿਆ। ਖੁਸ਼ੀ ਆ ਗਈ ਮਨ ਦੇ ਅੰਦਰ ਕਿ ਪਿਤਾ ਜੀ ਨੇ ਆਪ ਬੁਲਾ ਲਿਆ। ਬਾਬਾ ਅਮਰਦਾਸ ਜੀ ਕੋਲ ਆ ਕੇ ਬੀਬੀ ਨੇ ਸਾਰੀ ਗੱਲ ਦੱਸੀ ਕਿ ਉਨ੍ਹਾਂ ਨੇ ਆਪ ਹੀ ਕਹਿ ਦਿਤਾ। ਉਹ ਤਾਂ ਸਭ ਕੁਝ ਜਾਣੀ ਜਾਣ ਨੇ। ਜਦੋਂ ਦਰਸ਼ਨ ਕਰਨ ਵਾਸਤੇ ਬਾਬਾ ਅਮਰਦਾਸ ਜੀ ਪਹੁੰਚਦੇ ਨੇ ਤਾਂ ਉਨ੍ਹਾਂ ਨੇ ਕੁੜਮਾਚਾਰੀ ਜਾਣ ਕੇ ਆਪਣੀ ਚਾਦਰ ਵਿਚੋਂ ਜੋ ਬੁੱਕਲ ਮਾਰੀ ਹੋਈ ਸੀ, ਦੋਹੇਂ ਹੱਥ ਬਾਹਰ ਕੀਤੇ ਏਸ ਆਸ਼ੇ ਨਾਲ ਕਿ ਗੱਲਵਕੜੀ ਪਾ ਕੇ ਮਿਲਿਆ ਜਾਵੇ। ਇਨ੍ਹਾਂ ਨੇ ਵੀ ਦੇਖ ਲਿਆ ਕਿ ਰਿਸ਼ਤੇਦਾਰੀ ਨਾਲ ਮਿਲਣਾ ਚਾਹੁੰਦੇ ਨੇ। ਉਨ੍ਹਾਂ ਤੋਂ ਪਹਿਲਾਂ ਆਪ ਨੇ ਚਰਨਾਂ ਤੇ ਸੀਸ ਰੱਖ ਕੇ ਉਚੀ-ਉਚੀ ਰੋਣਾ ਸ਼ੁਰੂ ਕਰ ਦਿਤਾ। ਮਹਾਰਾਜ ਜੀ ਨੇ ਉਠਾਇਆ।

ਕਹਿਣ ਲੱਗੇ, "ਕਿਸ ਤਰ੍ਹਾਂ ਆਏ? ਤੁਸੀਂ ਐਨਾ ਵੈਰਾਗ ਕਿਉਂ ਕਰਦੇ ਹੋ?" ਉਸ ਵੇਲੇ ਆਪ ਨੇ ਬਹੁਤ ਹੀ ਹਿਰਦੇ ਵਿਚੋਂ ਏਸ ਤਰ੍ਹਾਂ ਦੀ ਪ੍ਰਾਰਥਨਾ ਕੀਤੀ -

***ਧਾਰਨਾ - ਇਹੋ ਮੇਰੀ ਓ, ਬੇਨਤੀ ਗੁਰਾ***
***ਮੈਨੂੰ ਮਿਲ ਜਾਵੇ ਨਾਮ ਅਧਾਰਾ।***

***ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥***
***ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥ ਅੰਗ - 746***

ਕਹਿਣ ਲੱਗੇ, "ਪਾਤਸ਼ਾਹ! ਮੈਂ ਕੁੜਮ ਬਣ ਕੇ ਨਹੀਂ ਆਇਆ, ਮੈਂ ਤਾਂ ਦਾਸ ਬਣ ਕੇ ਆਇਆ ਹਾਂ। ਆਪਣਾ ਆਪ ਵੇਚਣ ਵਾਸਤੇ ਆਇਆ ਹਾਂ। ਕ੍ਰਿਪਾ ਕਰੋ ਮੈਨੂੰ ਨਾਮ ਦੀ ਦਾਤ ਬਖਸ਼ੋ। ਮੈਂ ਨਿਗੁਰਾ ਤੁਰਿਆ ਫਿਰਦਾ ਹਾਂ, ਬਹੱਤਰ ਸਾਲ ਦੀ ਉਮਰ ਹੋ ਗਈ, ਆਪ ਕ੍ਰਿਪਾ ਕਰੋ।"

ਬੇਨਤੀ ਸੁਣੀ ਪਰ ਨਾਮ ਕੋਈ ਐਨੀ ਸਸਤੀ ਚੀਜ਼ ਨਹੀਂ ਸਾਧਸੰਗਤ ਜੀ! ਬੇਨਤੀਆਂ ਕਰਦੇ ਹਾਂ ਅਸੀਂ ਕਿ ਅੰਮ੍ਰਿਤ ਛਕ ਕੇ ਗੁਰੂ ਧਾਰਨ ਕਰ ਲਓ ਪਰ ਆਏਂ ਵੀ ਨਹੀਂ ਕਹਿੰਦੇ ਕਿ ਜ਼ਰੂਰ ਕਰ ਲਓ ਭਾਈ! ਅੰਮ੍ਰਿਤ

ਸਿਰਫ ਉਹ ਛਕਿਓ ਜਿਨ੍ਹਾਂ ਦੇ ਮਨ ਦੇ ਅੰਦਰ ਨਾਮ ਜਪਣ ਦੀ ਖਾਹਿਸ਼ ਹੈ, ਬੰਦਗੀ ਕਰਨ ਦੀ ਖਾਹਿਸ਼ ਹੈ ਕਿਉਂਕਿ ਕਦਰਦਾਨ ਜਿੰਨੀ ਦੇਰ ਤੱਕ ਨਹੀਂ ਹੁੰਦਾ ਓਨਾ ਚਿਰ ਕੀਮਤੀ ਚੀਜ਼ ਉਸ ਦੇ ਹਵਾਲੇ ਨਹੀਂ ਕੀਤੀ ਜਾ ਸਕਦੀ। ਇਹ ਕੋਈ ਰਸਮ ਨਹੀਂ ਹੈ ਅੰਮ੍ਰਿਤ ਛਕਾਉਣਾ। ਇਹ ਗੁਰੂ ਧਾਰਨ ਕਰਵਾਉਣਾ ਹੈ ਤੇ ਉਸ ਤੋਂ ਬਾਅਦ ਪੰਜ ਪਿਆਰਿਆਂ ਨੇ ਨਾਮ ਦੇਣਾ ਹੈ। ਉਸ ਨਾਮ ਨੇ ਜੜ੍ਹ ਫੜਨੀ ਹੈ ਹਿਰਦੇ ਦੇ ਅੰਦਰ ਫੇਰ ਉਸ ਦੇ ਵਿਚੋਂ ਨਾਮ ਦਾ ਬੂਟਾ, ਦਰਖਤ ਪੈਦਾ ਹੋਣਾ ਹੈ ਜਿਸ ਦੇ ਵਿਚ ਸਾਰੀਆਂ ਬਰਕਤਾਂ ਆਉਣੀਆਂ ਹਨ। ਜਿਸ ਨੇ ਜਨਮ-ਮਰਨ ਨੂੰ ਕੱਟਣਾ ਹੈ। ਸੋ ਐਨੀ ਸਸਤੀ ਚੀਜ਼ ਤਾਂ ਦਿਤੀ ਨਹੀਂ ਜਾ ਸਕਦੀ ਐਨੀ ਕੀਮਤੀ ਚੀਜ਼। ਮਹਾਰਾਜ ਜੀ ਦਾ ਏਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਜਿਥੇ ਮਿਲੇ ਨਾ ਸੌਦਾਗਰ ਪੂਰਾ,***
***ਗੱਠੜੀ ਨ ਖੋਲ੍ਹੀਂ ਨਾਮ ਦੀ।***
***ਰਾਮ ਪਦਾਰਥ ਪਾਇ ਕੈ ਕਬੀਰਾ ਗਾਂਠਿ ਨ ਖੋਲ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਅੰਗ - 1365***

ਸੰਸਾਰ ਤਾਂ ਆਪਣੀਆਂ ਗਰਜਾਂ ਵਾਸਤੇ ਤੁਰਿਆ ਫਿਰਦਾ ਹੈ, ਨਾਮ ਵਾਸਤੇ ਤਾਂ ਕੋਈ ਵਿਰਲਾ-ਵਿਰਲਾ ਹੈ। ਨਾਮ ਦੀ ਕੀਮਤ ਦੇਣੀ, ਨਾਮ ਦੇ ਵਾਸਤੇ ਸੌਦਾਗਰ ਬਣਨਾ। ਕਿੰਨੇ ਗੁਣ ਚਾਹੀਦੇ ਨੇ ਸਾਧ ਸੰਗਤ ਜੀ! ਇਸ ਵਾਸਤੇ ਹੁਣ ਸਮਾਂ ਨਹੀਂ ਹੈ ਇਥੇ ਹੀ ਮੈਂ ਸਮਾਪਤ ਕਰਦਾ ਹਾਂ। ਕੱਲ੍ਹ ਨੂੰ ਇਸ ਤੋਂ ਅੱਗੇ ਕਿ ਉਹ ਕਿਹੜੇ ਗੁਣ ਨੇ ਜਿਹੜੇ ਸਾਨੂੰ ਗੁਰੂ ਧਾਰਨ ਵਾਸਤੇ ਜ਼ਰੂਰੀ ਹੁੰਦੇ ਹਨ। ਕੀ ਵਜ੍ਹਾ ਹੈ ਕਿ ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਕਰ ਲੈਂਦੇ ਹਾਂ ਫੇਰ ਇਥੇ ਗੁਰੂ ਦੇ ਸਾਮ੍ਹਣੇ ਹੀ ਕਿਉਂ ਲੜਦੇ ਹਾਂ? ਕ੍ਰਿਪਾਨਾਂ ਵੀ ਪਾਈਆਂ ਹੋਈਆਂ ਨੇ, ਨਾਮ ਵੀ ਲਿਆ ਹੋਇਆ ਹੈ, ਬਾਣੀ ਵੀ ਪੜ੍ਹਦੇ ਹਾਂ, ਅੰਮ੍ਰਿਤ ਵੇਲੇ ਵੀ ਉਠਦੇ ਹਾਂ ਫੇਰ ਸਾਡੇ ਤੇ ਅਸਰ ਕਿਉਂ ਨਹੀਂ ਹੁੰਦਾ? ਸਾਡੀ ਬਿਰਤੀ ਉਸੇ ਤਰ੍ਹਾਂ ਅਸ਼ਾਂਤ ਕਿਉਂ ਰਹਿੰਦੀ ਹੈ? ਉਹ ਕੇਵਲ ਏਸ ਕਰਕੇ ਕਿ ਸਾਡੇ ਅੰਦਰ ਗੁਣ ਨਹੀਂ ਹਨ।

***ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਅੰਗ - 4***

ਉਹ ਕਿਹੜੇ ਗੁਣ ਨੇ? ਅਗਲੇ ਦੀਵਾਨ ਵਿਚ ਏਸ ਦਾ ਮਹਾਰਾਜ ਜੀ ਨੇ ਚਾਹਿਆ ਤਾਂ ਵਿਚਾਰ ਕਰਾਂਗੇ। ਹੁਣ ਸਾਰੇ ਪ੍ਰੇਮੀ 'ਅਨੰਦ ਸਾਹਿਬ' ਵਿਚ ਬੋਲੋ, ਜਿਹੜੇ ਅਜੇ ਤਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

ਸ਼ਾਨ ....................................।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਅੰਗ - 256

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - 289

ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥
(ਰਹਿਰਾਸ ਸਾਹਿਬ)

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥
ਅੰਗ - 792

ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,
ਮੇਰਾ ਨਾਉ ਸੁਭਾਗਾ ਜੀ - 2, 2.
ਮੇਰਾ ਨਾਉ ਸੁਭਾਗਾ ਜੀ - 2, 2.
ਮੁੱਲ ਖਰੀਦੀ ਲਾਲਾ ਗੋਲਾ,... - 2

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ
ਜਿਤੁ ਲਾਇਆ ਤਿਤੁ ਲਾਗਾ॥
ਤੇਰੇ ਲਾਲੇ ਕਿਆ ਚਤੁਰਾਈ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ
ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ
ਰਾਇਆ॥

*ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥*
*ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥*
*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥*
*ਆਦਿ ਜੁਗਾਦਿ ਦਇਆਪਤਿ ਦਾਤਾ*
*ਤੁਧੁ ਵਿਣੁ ਮੁਕਤਿ ਨ ਪਾਈ ॥* *ਅੰਗ - 991*

*ਧਾਰਨਾ - ਲਾਲਾ ਗੋਲਾ, ਲਾਲਾ ਗੋਲਾ,*
*ਲਾਲਾ ਗੋਲਾ ਜੀ,*
*ਆਪਣੇ ਸਾਹਿਬ ਦਾ ਮੈਂ ਲਾਲਾ-ਗੋਲਾ ਜੀ।*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ - 2, 2.*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ- 2.*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,.......।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਗੁਰੂ ਮਹਾਰਾਜ ਜੀ ਦੀ ਪ੍ਰੇਰਨਾ ਦੇ ਸਦਕੇ ਅੱਜ ਆਪ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਸ਼ਸੋਭਿਤ ਹੋ। ਪਿਛਲੇ ਕਈ ਦਿਨਾਂ ਤੋਂ ਵਿਚਾਰ ਚਲ ਰਹੀ ਹੈ ਕਿ ਨਾਮ ਜਪਣ ਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਦੁੱਖਾਂ ਦੀ ਗਿਣਤੀ ਬੇਅੰਤ ਹੈ, ਕੋਈ ਹਿਸਾਬ-ਕਿਤਾਬ ਨਹੀਂ ਹੈ ਕਿ ਦੁੱਖ ਆਦਮੀ ਨੂੰ ਕਿੰਨੇ ਲੱਗੇ ਹੋਏ ਨੇ ਪਰ ਸਾਰਿਆਂ ਤੋਂ ਵੱਡਾ ਦੁੱਖ ਅਗਿਆਨਤਾ, ਅਵਿਦਿਆ, ਭੁੱਲ ਦਾ ਲੱਗਿਆ ਹੋਇਆ ਹੈ ਕਿਉਂਕਿ ਜਿੰਨਾਂ ਚਿਰ ਇਹ ਦੁੱਖ ਦੂਰ ਨਹੀਂ ਹੁੰਦਾ ਓਨੀ ਦੇਰ ਤਕ ਇਸ ਦਾ ਜੰਮਣਾ ਮਰਨਾ ਖਤਮ ਨਹੀਂ ਹੁੰਦਾ। ਸਾਰੇ ਦੁਖਾਂ ਦਾ ਇਲਾਜ ਜੇ ਕੋਈ ਹੈ ਤਾਂ ਉਹ ਪ੍ਰਮੇਸ਼ਰ ਦੀ ਯਾਦ ਹੀ ਹੈ। ਸਾਰੇ ਕਲਾ-ਕਲੇਸ਼ ਪ੍ਰਭੂ ਨੂੰ ਯਾਦ ਕਰਕੇ ਖਤਮ ਹੋ ਜਾਂਦੇ ਨੇ। ਏਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਸਿਮਰ ਪਿਆਰੇ ਨੂੰ,*
*ਸਿਮਰਉ ਸਿਮਰ ਸਿਮਰ ਸੁੱਖ ਪਾਵੋ - 2, 2.*
*ਸਿਮਰਉ ਸਿਮਰ ਸਿਮਰ ਸੁੱਖ ਪਾਵੋ - 2, 2.*
*ਸਿਮਰ ਪਿਆਰੇ ਨੂੰ,........ -2 , 2.*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥* *ਅੰਗ -*

ਤਾਕੀਦ ਕੀਤੀ ਗਈ ਹੈ ਕਿ ਵਾਹਿਗੁਰੂ ਨੂੰ ਯਾਦ ਕਰੋ, ਯਾਦ ਰੱਖੋ। ਕੀ ਹੋਏਗਾ? ਸੁੱਖ ਦੀ ਪ੍ਰਾਪਤੀ ਹੋਏਗੀ।

***ਕਲਿ ਕਲੇਸ ਤਨ ਮਾਹਿ ਮਿਟਾਵਉ॥ ਅੰਗ - 262***

ਕਲ੍ਹਾ ਤੇ ਕਲੇਸ਼ ਜੋ ਸਾਰੇ ਸੰਸਾਰ ਵਿਚ ਪਈ ਹੋਈ ਹੈ, ਏਸ ਤਨ ਵਿਚ ਵੀ ਪਈ ਹੋਈ ਹੈ, ਮਿਟ ਜਾਏਗੀ। ਸੇਵਾ ਕਰਨ ਦੇ ਨਾਲ ਇਥੇ ਵੀ ਮਾਣ ਪ੍ਰਾਪਤ ਹੁੰਦਾ ਹੈ ਦਰਗਾਹ ਵਿਚ ਵੀ ਮਾਣ ਮਿਲਦਾ ਹੈ।

ਪਿਛਲੇ ਕਈ ਦਿਨਾਂ ਤੋਂ ਇਸੇ ਵਿਸ਼ੇ ਦੇ ਉਤੇ ਵਿਚਾਰ ਹੋ ਰਹੀ ਹੈ। ਪਹਿਲੇ ਦਿਨ ਆਪਾਂ ਨੇ ਵਿਚਾਰ ਕਰੀ ਸੀ ਕਿ ਨਾਮ ਜਪਣ ਦੇ ਨਾਲ ਸਰੀਰਕ ਦੁੱਖਾਂ ਦਾ, ਮਾਨਸਕ ਦੁੱਖਾਂ ਦਾ, ਆਧੀ-ਬਿਆਧੀ-ਉਪਾਧੀ ਆਦਿ ਸਾਰੇ ਕਿਸਮ ਦੇ ਦੁਖਾਂ ਦਾ ਇਲਾਜ ਹੋ ਜਾਇਆ ਕਰਦਾ ਹੈ। ਫੇਰ ਵਿਚਾਰ ਕਰੀ ਸੀ ਕਿ ਨਾਮ ਪੂਰੇ ਸਤਿਗੁਰੂ ਤੋਂ ਮਿਲਦਾ ਹੈ। ਪੂਰਾ ਸਤਿਗੁਰੂ ਕਿਹੋ ਜਿਹਾ ਹੁੰਦਾ ਹੈ? ਉਸ ਦੀ ਵਿਸਥਾਰ ਪੂਰਵਕ ਵਿਚਾਰ ਕੀਤੀ ਜਾ ਚੁੱਕੀ ਹੈ। ਤੀਸਰੇ ਦਿਨ ਵਿਚਾਰ ਕਰੀ ਸੀ ਕਿ ਗੁਰੂ ਕਿਹੋ-ਜਿਹਾ ਹੁੰਦਾ ਹੈ ਤੇ ਗੁਰੂ ਦੀ ਪ੍ਰਾਪਤੀ ਵਾਸਤੇ ਕਿੰਨੀ ਲਗਨ ਹੋਣੀ ਚਾਹੀਦੀ ਹੈ।

ਬਾਬਾ ਅਮਰਦਾਸ ਜੀ ਮਹਾਰਾਜ, ਆਪ ਤੀਰਥ ਯਾਤਰਾ ਜਾਂਦੇ ਹੋਏ ਇਕ ਬ੍ਰਹਮਚਾਰੀ ਨੂੰ ਮਿਲਦੇ ਨੇ। ਕਾਫੀ ਸਮਾਂ ਇਕੱਠੇ ਰਹਿਣ ਤੋਂ ਬਾਅਦ ਬ੍ਰਹਮਚਾਰੀ ਨੂੰ ਇਹ ਪਤਾ ਲਗਦਾ ਹੈ ਕਿ ਬਾਬਾ ਅਮਰਦਾਸ ਜੀ 71 ਸਾਲ ਦੀ ਉਮਰ ਤੱਕ ਨਿਗੁਰੇ ਨੇ। ਉਸ ਨੇ ਬਹੁਤ ਤਰਕ ਖਾਧੀ। ਇਕ ਦਮ ਉਠ ਕੇ ਕੋਸਦਾ ਹੋਇਆ ਚਲਿਆ ਗਿਆ। ਉਸ ਦੇ ਕਹੇ ਹੋਏ ਬਚਨ ਬਾਬਾ ਜੀ ਦੇ ਹਿਰਦੇ ਨੂੰ ਵਿੰਨ੍ਹ ਕੇ ਰੱਖ ਗਏ। ਨਾ ਦਿਨੇ ਨੀਂਦ ਆਉਂਦੀ ਹੈ ਨਾ ਰਾਤ ਨੂੰ ਚੈਨ ਆਉਂਦੀ ਹੈ। ਨਾ ਕੁਝ ਖਾਧਾ, ਨਾ ਕੁਝ ਪੀਤਾ ਤਿੰਨ ਦਿਨ, ਤਿੰਨ ਰਾਤਾਂ ਲੰਘ ਗਈਆਂ। ਚੌਥੇ ਦਿਨ ਅਰਦਾਸਾਂ ਕੀਤੀਆਂ ਤੇ ਅਰਦਾਸ ਸੁਣੀ ਗਈ ਦਰਗਾਹ ਦੇ ਅੰਦਰ ਤੇ ਗੁਪਤ ਰੂਪ ਵਿਚ ਵਰਤ ਰਹੇ ਸਤਿਗੁਰੂ ਨੇ ਪ੍ਰੇਰਨਾ ਕੀਤੀ ਤੇ ਬੀਬੀ ਅਮਰੋ ਦੇ ਰਾਹੀਂ ਪੂਰੇ ਸਤਿਗੁਰੂ ਦਾ ਪਤਾ ਲੱਗਿਆ। ਬੀਬੀ ਅਮਰੋ ਜੀ ਨੂੰ ਲੈ ਕੇ ਬਾਬਾ ਜੀ ਖਡੂਰ ਸਾਹਿਬ ਪਹੁੰਚਦੇ ਨੇ ਤੇ ਉਥੇ ਚਰਨ ਸ਼ਰਨ ਪ੍ਰਾਪਤ ਕਰਕੇ ਆਪ ਬੇਨਤੀ ਕਰਦੇ ਨੇ ਕਿ ਮਹਾਰਾਜ! ਮੈਂ ਰਿਸ਼ਤੇਦਾਰ ਬਣ ਕੇ ਨਹੀਂ ਆਪ ਦੇ ਪਾਸ ਆਇਆ, ਮੈਂ ਤਾਂ ਪਿਆਸਾ, ਮੰਗਤਾ ਝੋਲੀ ਅੱਡ ਕੇ ਤੇਰੇ ਦਰ ਤੇ ਆਇਆ ਹਾਂ। ਕ੍ਰਿਪਾ ਕਰੋ ਮੇਰੇ ਉਤੇ। ਮੈਨੂੰ ਆਪਣੇ ਚਰਨਾਂ ਦਾ ਦਾਸ ਬਣਾ ਲਓ ਤੇ ਮੈਨੂੰ ਨਾਮ ਦੀ ਖੈਰ ਪਾ ਦਿਓ -

***ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥***
***ਅੰਗ - 746***

ਸੋ ਉਸ ਵੇਲੇ ਨਾਮ ਦੇਣ ਤੋਂ ਪਹਿਲਾਂ ਇਹ ਵੇਖ ਲੈਂਦੇ ਸੀ ਕਿ ਨਾਮ ਫਲੀਭੂਤ ਹੋ ਜਾਏ। ਜਿਸ ਜ਼ਮੀਨ ਵਿਚ ਨਾਮ ਬੀਜਿਆ ਜਾਂਦਾ ਹੈ ਉਸ ਨੂੰ ਸਾਧਣਾ ਬੜਾ ਜ਼ਰੂਰੀ ਹੈ। ਪੂਰੇ ਸਤਿਗੁਰੂ ਤੋਂ ਬਗੈਰ ਨਾਮ ਫਲੀਭੂਤ ਨਹੀਂ ਹੋਇਆ ਕਰਦਾ, ਨਾਮ ਦੀ ਜੜ੍ਹ ਹਿਰਦੇ ਵਿਚ ਬਿਲਕੁਲ ਨਹੀਂ ਲੱਗਿਆ ਕਰਦੀ। ਦੁਨੀਆਂ ਦੇ ਅੰਦਰ ਮਿਸਾਲਾਂ ਨੇ ਬਹੁਤ ਸਾਰੀਆਂ। ਬਰੋਟੇ (ਬੋਹੜ) ਦਾ ਦਰਖਤ ਹੈ। ਇਸ ਨੂੰ ਗੋਹਲਾਂ ਲੱਗਦੀਆਂ ਹਨ, ਪਿੱਪਲ ਦੇ ਦਰਖਤ ਨੂੰ ਗੋਹਲਾਂ ਲਗਦੀਆਂ ਨੇ, ਗੂਲਰ ਦਾ ਦਰਖਤ ਹੈ ਇਸ ਨੂੰ ਗੋਹਲਾਂ ਲਗਦੀਆਂ ਨੇ ਪਰ ਇਹ ਬੀਜ ਨਾਲ ਆਮ ਹਾਲਤ ਵਿਚ ਹਰੀਆਂ ਨਹੀਂ ਹੁੰਦੀਆਂ। ਇਸ ਨੂੰ ਜਾਨਵਰ ਖਾਂਦਾ ਹੈ, ਪੰਛੀ ਖਾਂਦਾ ਹੈ। ਪੰਛੀ ਦੇ ਮਿਹਦੇ ਦੇ ਅੰਦਰ ਰਹਿ ਕੇ ਐਨੀ ਗਰਮੀ ਇਸ ਨੂੰ ਮਿਲਦੀ ਹੈ ਕਿ ਇਹ ਦਾਣਾ ਫੁੱਟ ਜਾਂਦਾ ਹੈ। ਉਸ ਤੋਂ ਬਾਅਦ ਜਦੋਂ ਕਿਸੇ ਗਿੱਲੇ ਥਾਂ ਤੇ ਉਹ ਬਿੱਠ ਕਰਦਾ ਹੈ ਤਾਂ ਗਿੱਲ ਲੱਗਣ ਕਰਕੇ ਇਹ ਉਥੇ ਜੰਮ ਆਉਂਦਾ ਹੈ - ਆਮ ਤੌਰ ਤੇ ਖੂਹਾਂ ਦੀਆਂ ਮੌਣਾਂ ਤੇ, ਘਰਾਂ ਦੀਆਂ ਜੜ੍ਹਾਂ ਵਿਚ। ਇਸੇ ਤਰ੍ਹਾਂ ਜਦੋਂ ਤੱਕ ਨਾਮ ਕਮਾਏ ਹੋਏ ਹਿਰਦੇ ਦੇ ਵਿਚੋਂ ਆ ਕੇ ਕੰਨਾਂ ਦੇ ਰਾਹੀਂ ਹਿਰਦੇ ਵਿਚ ਪ੍ਰਵੇਸ਼ ਨਹੀਂ ਕਰਦਾ ਓਨੀ ਦੇਰ ਤੱਕ ਨਾਮ ਦਾ ਬੂਟਾ ਹਰਾ ਨਹੀਂ ਹੋਇਆ ਕਰਦਾ। ਪੂਰਾ ਸਤਿਗੁਰੂ ਹੋਵੇ ਪਰ ਸਿੱਖ ਦੇ ਵਿਚ ਗਲਤੀਆਂ ਹੋਣ ਤਾਂ ਤਾਰ ਜੁੜਦੀ ਹੀ ਨਹੀਂ। ਸਿੱਖ ਦੀ ਤੇ ਗੁਰੂ ਦੀ ਸੰਧ ਨਹੀਂ ਮਿਲਦੀ, ਜਿੰਨਾਂ ਚਿਰ ਸੰਧ ਨਾ ਮਿਲੇ ਓਨੀਂ ਦੇਰ ਤਕ ਸਬੰਧ ਨਹੀਂ ਬਣਦਾ।

ਸੋ ਗੁਰੂ ਘਰ ਦੇ ਵਿਚ ਪੰਜ-ਪਿਆਰਿਆਂ ਦੇ ਰਾਹੀਂ ਅੰਮ੍ਰਿਤ ਦੀ ਦਾਤ ਦੇਣ ਤੋਂ ਬਾਅਦ ਨਾਮ ਦਿਤਾ ਜਾਂਦਾ ਹੈ, ਪੰਜ ਪਿਆਰੇ ਇਕੱਠੇ ਹੋ ਕੇ ਨਾਮ ਦਿੰਦੇ ਨੇ। ਇਸ ਦਾ ਅਸਰ ਹਿਰਦੇ ਦੇ ਵਿਚ ਪੈਂਦਾ ਹੈ। ਸੋ ਇਹ ਗੁਰੂ-ਘਰ ਦੀ ਰੀਤ ਹੈ। ਕਈ ਪ੍ਰੇਮੀਆਂ ਦੇ ਮਨਾਂ ਵਿਚ ਹੁੰਦਾ ਹੈ ਕਿ ਅੰਮ੍ਰਿਤ ਤਾਂ ਅਸੀਂ ਛਕਦੇ ਹਾਂ ਨਾਮ ਸਾਡੇ ਅੰਦਰ ਫਲੀਭੂਤ ਕਿਉਂ ਨਹੀਂ ਹੁੰਦਾ? ਕਿਉਂ ਨਹੀਂ ਲਗਨ ਲਗਦੀ? ਦੋਹੀਂ ਪਾਸੀਂ ਥੋੜ੍ਹਾ-ਥੋੜ੍ਹਾ ਨੁਕਸ ਹੁੰਦਾ ਹੈ। ਓਧਰ ਜੋ ਅੰਮ੍ਰਿਤ ਛਕਾ ਰਹੇ ਹੁੰਦੇ ਨੇ ਉਹ ਗੁਰੂ ਦਾ ਰੂਪ ਹੁੰਦੇ ਨੇ ਉਸ ਵੇਲੇ ਉਨ੍ਹਾਂ ਦੇ ਨਿੱਜ ਤੇ ਕੋਈ ਤਰਕ ਹੋ ਜਾਵੇ, ਮਨ ਦੇ ਅੰਦਰ ਤਾਂ ਫੇਰ ਸ਼ਕਤੀ ਨਹੀਂ ਵਰਤਦੀ। ਨਹੀਂ ਤਾਂ ਕੋਈ ਕਮੀ ਨਹੀਂ ਹੋਇਆ ਕਰਦੀ। ਐਸੀਆਂ ਮਿਸਾਲਾਂ ਗੁਰੂ ਘਰ ਵਿਚ ਬੇਅੰਤ ਆਉਂਦੀਆਂ ਨੇ ਜਦੋਂ ਨਾਮ ਦੀ ਦਾਤ ਦਿਤੀ ਉਸੇ ਵੇਲੇ ਮਸਤੀ ਛਾ ਗਈ, ਉਸੇ ਵੇਲੇ ਜੀਵਨ ਬਦਲ ਗਿਆ। ਸੰਸਾਰੀ ਜੀਵਨ ਛੁੱਟ ਗਿਆ ਤੇ ਰੂਹਾਨੀ ਜੀਵਨ ਵਿਚ ਪ੍ਰਵੇਸ਼ ਕਰ ਗਿਆ ਪਰ ਉਸ ਦੇ ਵਾਸਤੇ ਕੁਝ ਕੀਮਤਾਂ ਨੇ, ਪਰਖ ਹੈ। ਜਦੋਂ ਤੱਕ ਪਰਖ

ਨਹੀਂ ਹੁੰਦੀ ਓਨਾਂ ਚਿਰ ਨਾਮ ਦੇ ਖਜ਼ਾਨੇ ਦੇ ਅੰਦਰ ਰਲਾਇਆ ਨਹੀਂ ਜਾਂਦਾ ਜੀਵ। ਸੋ ਉਸ ਦੇ ਬਾਰੇ ਕੱਲ੍ਹ, ਏਸ ਤਰ੍ਹਾਂ ਵਿਚਾਰ ਕਰਦੇ ਸੀ। ਸਾਰੇ ਬੋਲੋ –

*ਧਾਰਨਾ – ਜਿੱਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀਂ ਨਾਮ ਦੀ – 2, 2.*
*ਮੇਰੇ ਪਿਆਰੇ, ਗੱਠੜੀ ਨਾ ਖੋਲ੍ਹੀ ਨਾਮ ਦੀ – 2, 2.*
*ਜਿਥੇ ਮਿਲੇ ਨਾ ਸੌਦਾਗਰ ਪੂਰਾ,.....।*

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥*
*ਨਹੀ ਪਟਣੁ ਨਹੀ ਪਾਰਖੂ ਨਹੀਂ ਗਾਹਕੁ ਨਹੀ ਮੋਲੁ॥*
*ਅੰਗ – 1365*

*ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥*
*ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥ ਅੰਗ – 1372*

ਜਦੋਂ ਤੱਕ ਪੂਰਾ ਗਾਹਕ ਨਹੀਂ ਆਉਂਦਾ ਓਨੀ ਦੇਰ ਤੱਕ ਗੱਲ ਹੀ ਨਹੀਂ ਬਣਿਆ ਕਰਦੀ। ਹੀਰਿਆਂ ਦਾ ਵਪਾਰੀ ਹੋਵੇ ਤੇ ਉਹ ਹੀਰੇ ਅਣਜਾਣ ਬੰਦਿਆਂ ਕੋਲ ਲੈ ਕੇ ਚਲਿਆ ਜਾਵੇ ਤੇ ਉਥੇ ਕਹੇ ਕਿ ਇਹ ਹੀਰਾ ਦਸ ਹਜ਼ਾਰ ਦਾ ਮੁੱਲ ਐਨਾ ਹੈ ਕਿਤੇ? ਐਵੇਂ ਕਰਦਾ ਹੈ ਇਹ ਕਿਉਂਕਿ ਅੱਗੇ ਪਰਖ ਵਾਲੇ ਨਹੀਂ ਹਨ, ਖਰੀਦਦਾਰ ਨਹੀਂ ਹਨ। ਇਹੀ ਮੁਸ਼ਕਲ ਨਾਮ ਦੇ ਵਿਚ ਹੈ। ਅੰਮ੍ਰਿਤ ਅਸੀਂ ਛਕਾ ਦਿੰਦੇ ਹਾਂ ਕਿ ਨਿਗੁਰੇ ਨਾ ਰਹੋ। ਉਸ ਦੇ ਬੜੇ ਭਿਆਨਕ ਨਤੀਜੇ ਦੱਸ ਕੇ ਤਿਆਰ ਕਰ ਲੈਂਦੇ ਹਾਂ ਕਿ ਅੰਮ੍ਰਿਤ ਛਕ ਲਓ, ਹੁਣ ਜਿਹੜਾ ਕੋਰਸ ਅੱਗੇ ਹੈ, ਜਦੋਂ ਤੱਕ ਉਸ ਦੀ ਪੜ੍ਹਾਈ ਨਹੀਂ ਕਰਦਾ ਓਨੀਂ ਦੇਰ ਤੱਕ ਕਿਸ ਤਰ੍ਹਾਂ ਜਮਾਤਾਂ ਪਾਸ ਕਰ ਲਏਗਾ? ਪੀ-ਐਚ.ਡੀ ਤੱਕ ਕਿਵੇਂ ਪਹੁੰਚ ਜਾਏਗਾ? ਕੇਵਲ ਕਿਸੇ ਸਕੂਲ ਵਿਚ ਦਾਖਲਾ ਲੈਣ ਨਾਲ ਪੀ-ਐਚ.ਡੀ ਨਹੀਂ ਹੋਇਆ ਕਰਦਾ। ਸਾਰੇ ਧਰਮਾਂ ਦਾ ਆਪਣਾ-ਆਪਣਾ ਤਰੀਕਾ ਹੈ। ਈਸਾਈ ਬਤਿਸਮਾ ਦਿੰਦੇ ਕਰਦੇ ਨੇ, ਇਸੇ ਤਰ੍ਹਾਂ ਦੇ ਨਾਲ ਅੰਮ੍ਰਿਤ ਛਕਾਉਂਦੇ ਨੇ ਜਿਵੇਂ ਆਪਾਂ ਅੰਮ੍ਰਿਤ ਛਕਾਉਂਦੇ ਹਾਂ। ਫਰਕ ਇਹ ਹੈ ਕਿ ਅਸੀਂ ਬਾਣੀ ਪੜ੍ਹਦੇ ਹਾਂ ਤੇ ਖੰਡਾ ਵਿਚ ਫੇਰਦੇ ਹਾਂ। ਥੋੜ੍ਹਾ ਜਿਹਾ ਤਰੀਕੇ ਵਿਚ ਫਰਕ ਹੈ ਇਸਾਈਆਂ ਦਾ ਤੇ ਸਿੰਘਾਂ ਦਾ। ਉਹ baptige ਕਹਿੰਦੇ ਨੇ, ਜਦੋਂ baptize ਹੋ ਜਾਂਦਾ ਹੈ। ਉਸ ਦਿਨ ਕਹਿੰਦੇ ਨੇ ਕਿ ਅੱਜ ਤੂੰ ਇਸਾਈਅਤ ਦੇ ਅੰਦਰ ਪ੍ਰਵੇਸ਼ ਕਰ ਗਿਆ। ਸਾਡਾ ਵੀ ਤਰੀਕਾ ਇਹੀ ਹੈ ਕਿ ਅਸੀਂ ਪੰਜ ਪਿਆਰਿਆਂ ਦੇ ਰਾਹੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਅੰਮ੍ਰਿਤ ਦੀ ਦਾਤ ਦਿੰਦੇ ਹਾਂ, ਨਾਲ ਦੀ ਨਾਲ ਨਾਮ ਦੀ ਦਾਤ ਦਿੰਦੇ

ਹਾਂ - ਮੂਲਮੰਤਰ ਦੀ ਸੋਝੀ ਦਿੰਦੇ ਹਾਂ, ਬਾਣੀਆਂ ਦੇ ਪਾਠ ਲਈ ਹੁਕਮ ਦਿੰਦੇ ਹਾਂ। ਰਹਿਤਾਂ, ਜੀਵਨ ਦੇ ਅੰਦਰ ਸਮ ਤੇ ਦਮ ਦੋ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਜੀਵਨ ਰਹਿਤ ਕਹਿੰਦੇ ਨੇ। ਉਹ ਰਹਿਤਾਂ ਅਸੀਂ ਦਸਦੇ ਹਾਂ। ਅੰਦਰਲੀਆਂ ਰਹਿਤਾਂ ਵੀ ਦਸਦੇ ਨੇ ਜਿਹੜੇ ਪੰਜ-ਪਿਆਰੇ ਸੁਚੇਤ ਹੁੰਦੇ ਨੇ। ਸੁਣਨ ਵਾਲੇ ਕਿਸ ਤਰ੍ਹਾਂ ਉਸ ਨੂੰ ਪਕੜਦੇ ਨੇ ਇਹ ਉਨ੍ਹਾਂ ਦੀ ਲੋਚਾ ਤੇ ਲਗਨ ਦੇ ਅਧਾਰ ਤੇ ਗੱਲ ਹੈ। ਜੇ ਗਾਹਕ ਨੇ ਫੇਰ ਤਾਂ ਉਹ ਇਕੱਲੀ-ਇਕੱਲੀ ਗੱਲ ਗ੍ਰਹਿਣ ਕਰਨਗੇ। ਫੇਰ ਮਿਹਨਤ ਕਰਨਗੇ। ਜੇ ਗਾਹਕ ਨਹੀਂ ਹਨ ਤੇ ਕੇਵਲ ਏਸ ਕਰਕੇ ਆਏ ਨੇ ਕਿ ਅਸੀਂ ਸਿੱਖੀ ਧਾਰਨ ਕਰ ਲਈਏ ਫੇਰ ਉਹ ਗੱਲ ਨਹੀਂ ਹੋਇਆ ਕਰਦੀ ਸਾਧ ਸੰਗਤ ਜੀ!

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਜੀ ਦੇ ਦਰਬਾਰ ਦੇ ਅੰਦਰ ਇਹ ਸਵਾਲ ਹੋਇਆ ਕਿ ਸੱਚੇ ਪਾਤਸ਼ਾਹ! ਆਪ ਦੇ ਪ੍ਰਵਚਨ ਸਾਰੇ ਗੁਰਸਿੱਖ ਸੁਣਦੇ ਨੇ। ਇਕ ਤਾਂ ਉਹ ਨੇ ਜਿਹੜੇ ਛੇਤੀ ਹੀ ਚੜ੍ਹਾਈ ਚੜ੍ਹ ਜਾਂਦੇ ਨੇ, ਉਚੀਆਂ ਅਵਸਥਾਵਾਂ ਵਿਚ ਚਲੇ ਜਾਂਦੇ ਨੇ ਤੇ ਦੂਜੇ ਉਹ ਨੇ ਜਿਹੜੇ ਸੋਹਣਾ ਕੀਰਤਨ ਸੁਣ ਕੇ, ਵਖਿਆਨ ਸੁਣ ਕੇ ਨੇਤਰਾਂ ਵਿਚ ਜਲ ਵੀ ਗਿਰਾਉਂਦੇ ਨੇ ਪਰ ਬਾਹਰ ਜਾ ਕੇ ਉਨ੍ਹਾਂ ਤੇ ਅਸਰ ਥੋੜ੍ਹਾ ਰਹਿ ਜਾਂਦਾ ਹੈ। ਇਕ ਉਹ ਨੇ ਜਿਨ੍ਹਾਂ ਤੇ ਆਪ ਦੇ ਬਚਨਾਂ ਦਾ ਨਾ ਹੁਣ ਅਸਰ ਹੁੰਦਾ ਹੈ ਤੇ ਨਾ ਫੇਰ ਹੁੰਦਾ ਹੈ। ਇਸ ਦਾ ਕਾਰਨ ਕੀ ਹੈ?

ਮਹਾਰਾਜ ਜੀ ਕਹਿਣ ਲੱਗੇ, "ਪ੍ਰੇਮੀਓ! ਤੁਹਾਨੂੰ ਅਮਲੀ ਤੌਰ ਤੇ ਦਿਖਾਉਂਦੇ ਹਾਂ, ਤਿੰਨ ਬਾਟੇ ਲੈ ਕੇ ਆਓ ਪਾਣੀ ਦੇ ਭਰ ਕੇ।

ਪਾਣੀ ਦੇ ਭਰਾ ਕੇ ਬਾਟੇ ਰੱਖ ਲਏ। ਇਕ ਨੂੰ ਕਿਹਾ ਕਿ ਉਹ ਪੱਥਰ ਇਕ ਬਾਟੇ ਵਿਚ ਪਾ ਦੇ। ਦੂਸਰੇ ਨੂੰ ਕਿਹਾ ਕਿ ਉਹ ਮਿੱਟੀ ਦਾ ਡਲਾ ਚੁੱਕ ਲਿਆ ਤੇ ਦੂਸਰੇ ਬਾਟੇ ਵਿਚ ਪਾ ਦੇ। ਤੀਸਰੇ ਨੂੰ ਕਿਹਾ ਕਿ ਸਾਡੇ ਸਾਮ੍ਹਣਿਓਂ ਪਤਾਸਿਆਂ ਦਾ ਉਂਜਲ ਭਰ ਤੇ ਤੀਸਰੇ ਬਾਟੇ ਵਿਚ ਪਾ ਦੇ। ਮਹਾਰਾਜ ਜੀ ਹੋਰ ਬਚਨ ਕਰਨ ਲੱਗ ਗਏ। ਬਚਨ ਕਰਦੇ-ਕਰਦੇ ਜਦੋਂ ਸਮਾਂ ਲੰਘ ਗਿਆ ਤਾਂ ਗੁਰਸਿੱਖਾਂ ਨੇ ਕਿਹਾ ਕਿ ਪਾਤਸ਼ਾਹ! ਆਪ ਇਕ ਪ੍ਰਸ਼ਨ ਦਾ ਉਤਰ ਦਿੰਦੇ ਸੀ, ਸ਼ੰਕਾ ਨਵਿਰਤ ਕਰਦੇ ਸੀ ਪਰ ਉਹ ਗੱਲ ਕੋਈ ਨਹੀਂ ਚੜ੍ਹੀ। ਆਪ ਕਹਿ ਰਹੇ ਸੀ ਕਿ ਅਸੀਂ ਤੁਹਾਨੂੰ ਅਮਲੀ ਤੌਰ ਤੇ ਸਮਝਾਵਾਂਗੇ ਗੱਲ ਸਾਰੀ।

ਮਹਾਰਾਜ ਜੀ ਕਹਿੰਦੇ, "ਅੱਛਾ! ਲਓ ਸਮਝ ਲਓ। ਲਿਆਓ ਤਿੰਨੇ ਬਾਟੇ ਚੁੱਕ ਕੇ। ਪਤਾਸ਼ਿਆਂ ਵਾਲੇ ਬਾਟੇ ਵਿਚੋਂ ਪਤਾਸੇ ਕੱਢੋ।

ਕਹਿੰਦਾ, "ਸੱਚੇ ਪਾਤਸ਼ਾਹ! ਪਤਾਸ਼ਾ ਤਾਂ ਕੋਈ ਨਜ਼ਰ ਨਹੀਂ ਆਉਂਦਾ ਉਹ

ਤਾਂ ਪਾਣੀ ਦਾ ਰੂਪ ਬਣ ਗਏ, ਉਨ੍ਹਾਂ ਦੀ ਮਿਠਾਸ ਪਾਣੀ ਵਿਚ ਘੁਲ ਗਈ ਤੇ ਪਤਾਸਾ ਤਾਂ ਕੱਢਿਆ ਨਹੀਂ ਜਾ ਸਕਦਾ। ਦੂਸਰਾ ਨੂੰ ਕਿਹਾ ਕਿ ਮਿੱਟੀ ਦਾ ਡਲ੍ਹਾ ਕੱਢ।

ਉਹ ਕਹਿੰਦਾ, "ਸੱਚੇ ਪਾਤਸ਼ਾਹ! ਡਲਾ ਵੀ ਨਹੀਂ ਕੱਢ ਹੁੰਦਾ ਉਹ ਤਾਂ ਗਾਰਾ ਬਣ ਗਿਆ। ਤੀਸਰੇ ਨੂੰ ਕਿਹਾ ਕਿ ਪੱਥਰ ਕੱਢ।"

ਪੱਥਰ ਕੱਢਿਆ, ਗਰਮੀ ਦਾ ਮਹੀਨਾ ਹੈ।

ਮਹਾਰਾਜ ਜੀ ਕਹਿੰਦੇ, "ਭਿੱਜਿਆ ਹੋਇਆ ਜਾਂ ਸੁੱਕਾ?"

ਗਰਮ ਹਵਾ ਦਾ ਝੌਂਕਾ (ਬੁਲ੍ਹਾ) ਆਇਆ।

ਕਹਿੰਦਾ, "ਪਾਤਸ਼ਾਹ! ਜਦੋਂ ਪਾਣੀ ਵਿਚੋਂ ਕੱਢਿਆ ਸੀ ਉਦੋਂ ਹੱਥ ਨੂੰ ਗਿੱਲਾ ਲੱਗਿਆ ਸੀ ਪਰ ਆਹ ਹਵਾ ਲਗਦੀ ਸਾਰ ਇਕ ਦਮ ਸੁੱਕ ਗਿਆ।

ਮਹਾਰਾਜ ਜੀ ਕਹਿੰਦੇ, "ਦੇਖੋ ਪ੍ਰੇਮੀਓ! ਇਸੇ ਤਰ੍ਹਾਂ ਤਿੰਨ ਕਿਸਮ ਦੇ ਬੰਦੇ ਗੁਰੂ ਕੋਲ ਆਇਆ ਕਰਦੇ ਨੇ। ਇਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਨੇ ਆਪਣਾ-ਆਪਾ ਵੇਚ ਦਿਤਾ ਗੁਰੂ ਨੂੰ। ਜਦੋਂ ਸੌਦਾ ਕਰ ਲਿਆ ਤਾਂ ਆਪਣਾ-ਆਪ ਗੁਰੂ ਦੇ ਹਵਾਲੇ ਕਰ ਦਿਤਾ।

***ਮਨੁ ਬੇਚੈ ਸਤਿਗੁਰ ਕੈ ਪਾਸਿ॥***
***ਤਿਸੁ ਸੇਵਕ ਕੇ ਕਾਰਜ ਰਾਸਿ॥*** ***ਅੰਗ – 286***

ਇਕ ਉਹ ਹੁੰਦੇ ਨੇ ਜਿਨ੍ਹਾਂ ਤੇ ਵਕਤੀ ਅਸਰ ਹੁੰਦਾ ਹੈ, ਡਲੇ ਵਾਲੇ ਬਾਟੇ ਨੂੰ ਬਾਹਰ ਧੁੱਪ ਵਿਚ ਜਾ ਕੇ ਰੱਖ ਦਿਓ।

ਥੋੜ੍ਹੀ ਦੇਰ ਤੋਂ ਬਾਅਦ ਚੁਕਾਇਆ ਕਹਿੰਦੇ, "ਦੇਖ ਤਾਂ ਕਿਵੇਂ ਹੈ?"

ਕਹਿੰਦਾ, "ਮਹਾਰਾਜ! ਇਹ ਹੁਣ ਆਫਰ ਗਿਆ, ਇਹ ਤਾਂ ਫੇਰ ਡਲ੍ਹਾ ਬਣ ਗਿਆ ਦੁਬਾਰਾ।"

ਮਹਾਰਾਜ ਜੀ ਕਹਿੰਦੇ, "ਇਕ ਐਸੇ ਹੁੰਦੇ ਨੇ ਜੇ ਤਾਂ ਉਨ੍ਹਾਂ ਨੂੰ ਸੰਗਤ ਮਿਲੀ ਜਾਵੇ ਫੇਰ ਤਾਂ ਉਹ ਭਿੱਜੇ ਰਹਿੰਦੇ ਨੇ, ਜਦੋਂ ਸੰਗਤ ਨਾ ਮਿਲੇ ਤੇ ਕਲਜੁਗ ਦਾ ਗਰਮ ਝੋਲਾ ਉਨ੍ਹਾਂ ਦੇ ਕੋਲ ਦੀ ਲੰਘ ਜਾਵੇ ਉਹ ਮੁੜ ਕੇ ਫੇਰ ਅਸਲੀ ਹਾਲਤ ਵਿਚ ਆ ਜਾਇਆ ਕਰਦੇ ਨੇ। ਉਨ੍ਹਾਂ ਤੇ ਅਸਰ ਨਹੀਂ ਰਹਿੰਦਾ।

ਤੀਸਰੇ ਉਹ ਨੇ ਜਿਹੜੇ ਸਤਿਸੰਗ ਵਿਚ ਬੈਠੇ ਨੇ, ਮਾਮੂਲੀ ਅਸਰ ਉਨ੍ਹਾਂ ਤੇ ਹੁੰਦਾ ਹੈ।

ਕਹਿੰਦੇ, "ਮਹਾਰਾਜ! ਉਨ੍ਹਾਂ ਤੇ ਅਸਰ ਕਿਉਂ ਨਹੀਂ ਹੁੰਦਾ?"

ਮਹਾਰਾਜ ਜੀ ਕਹਿੰਦੇ, "ਇਸ ਦੀ ਰੁਚੀ ਵਿਚ ਫਰਕ ਹੈ। ਜਿਹੜਾ ਪੱਥਰ ਦੀ ਕਿਸਮ ਦਾ ਬੰਦਾ ਹੈ ਉਹ ਬਾਂਸ ਵਾਂਗ ਹੋਇਆ ਕਰਦੀ ਹੈ।"

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥ ਅੰਗ - 1365***

ਬਾਂਸ ਵਿਚ ਸੁਗੰਧੀ ਨਹੀਂ ਆਉਂਦੀ ਕਿਉਂਕਿ ਉਸ ਦੇ ਵਿਚ ਅਭਿਮਾਨ ਹੈ।

ਪੰਜ ਕਿਸਮ ਦੇ ਅਭਿਮਾਨ ਨੇ ਜਿਹੜੇ ਹਰ ਬੰਦੇ ਦੇ ਅੰਦਰ ਨੇ। ਕੋਈ ਵਿਰਲਾ ਬੰਦਾ ਹੈ ਜਿਹੜਾ ਇਨ੍ਹਾਂ ਤੋਂ ਰਹਿਤ ਹੈ। ਸੋ ਅਭਿਮਾਨ ਕਰਕੇ ਭਰੇ-ਭਰਾਏ ਗੁਰੂ ਘਰ ਵਿਚ ਆਉਂਦੇ ਨੇ, ਸ਼ਰਧਾ ਲੈ ਕੇ ਨਹੀਂ ਆਉਂਦੇ। ਸੋ ਸ਼ਰਧਾ ਨਾ ਹੋਣ ਕਰਕੇ ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ। ਸੋ ਜਿਹੋ ਜਿਹੇ ਆਏ ਓਹੋ ਜਿਹੇ ਵਾਪਸ ਜਾਂਦੇ ਨੇ।

ਇਕ ਉਹ ਨੇ ਜਿਨ੍ਹਾਂ ਨੂੰ ਕਦੇ-ਕਦੇ ਸੰਗਤ ਮਿਲਦੀ ਹੈ ਤੇ ਉਹ ਸੰਗਤ ਪ੍ਰਾਪਤ ਕਰਕੇ ਪੂਰੀ ਤਰ੍ਹਾਂ ਨਹੀਂ ਭਿੱਜਦੇ। ਉਸ ਵੇਲੇ ਤਾਂ ਉਨ੍ਹਾਂ ਤੇ ਅਸਰ ਹੋ ਜਾਂਦਾ ਹੈ ਪਰ ਜਦੋਂ ਬਾਹਰ ਜਾਂਦੇ ਨੇ, ਸੰਸਾਰ ਵਿਚ ਰਚਦੇ ਨੇ, ਥੋੜ੍ਹੇ ਦਿਨਾਂ ਵਿਚ ਹੀ ਭੁੱਲ ਕੇ ਪਿਛਲੀ ਹਾਲਤ ਤੇ ਫੇਰ ਆ ਜਾਂਦੇ ਨੇ।

ਤੀਸਰੇ ਪ੍ਰੇਮੀ ਉਹ ਨੇ ਜਿਹੜੇ ਲਗਨ ਦੇ ਨਾਲ ਆਏ ਨੇ। ਗੁਰੂ ਦੇ ਨਾਲ ਇਨ੍ਹਾਂ ਦੀ ਸੰਧੀ ਜੁੜਿਆ ਕਰਦੀ ਹੈ ਬਾਕੀਆਂ ਦੀ ਨਹੀਂ ਜੁੜਦੀ। ਪੰਜ ਕਿਸਮ ਦੀ ਸਿੱਖੀ ਹੋਇਆ ਕਰਦੀ ਹੈ। ਇਕ ਤਾਂ ਸਿੱਖੀ ਉਹ ਹੈ ਜਿਸ ਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ। ਸੁਣ ਲਿਆ ਕਿ ਮੇਰੇ ਰਿਸ਼ਤੇਦਾਰ ਸਾਰੇ ਗੁਰੂ ਵਾਲੇ ਬਣ ਗਏ ਨੇ ਜਦੋਂ ਮੈਂ ਉਨ੍ਹਾਂ ਕੋਲ ਜਾਂਦਾ ਹਾਂ ਤਾਂ ਬੱਚੇ ਵੀ ਇਹ ਕਹਿੰਦੇ ਨੇ ਕਿ ਨਿਗੁਰਾ ਪੁਰਸ਼ ਸਾਡੇ ਘਰ ਆ ਗਿਆ। ਚਲੋ ਔਖੇ ਸੌਖੇ ਅੰਮ੍ਰਿਤ ਛਕ ਲੈਂਦੇ ਹਾਂ ਤਾਂ ਕਿ ਮੇਰਾ ਨਿਗੁਰਾਪੁਣ ਦੂਰ ਹੋ ਜਾਵੇ ਤੇ ਇਨ੍ਹਾਂ ਵਿਚ ਮੈਂ ਇਨ੍ਹਾਂ ਵਰਗਾ ਹੋ ਕੇ ਰਹਿ ਜਾਵਾਂ। ਇਸ ਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ। ਅੰਦਰ ਨਹੀਂ ਹੋਇਆ ਕਰਦੀ ਸਿੱਖੀ ਉਤੋਂ ਉਤੋਂ ਹੀ ਹੋਇਆ ਕਰਦੀ ਹੈ। ਅੰਦਰੋਂ ਬਿਲਕੁਲ ਓਹੋ ਜਿਹਾ ਹੀ ਹੁੰਦਾ ਹੈ ਜਿਹੋ ਜਿਹਾ ਪਹਿਲਾਂ ਸੀ ਗੁਰੂ ਲੱਗਿਆ ਨਹੀਂ ਕਰਦਾ। ਗੁਰੂ ਵਲੋਂ ਤਾਂ ਬਰਕਤਾਂ ਆ ਰਹੀਆਂ ਨੇ ਪਰ ਇਨ੍ਹਾਂ ਦੇ ਹਿਰਦੇ ਦੇ ਅੰਦਰ ਮੈਲ ਹੋਣ ਕਰਕੇ ਸਬੰਧ ਜੁੜਿਆ ਨਹੀਂ ਕਰਦਾ। ਬਾਹਰੋਂ ਭੇਖ ਬਣਾ ਲਿਆ ਕ੍ਰਿਪਾਨ ਵੀ ਪਾ ਲਈ, ਕਛਹਿਰਾ ਵੀ ਪਾ ਲਿਆ, ਦਾਹੜਾ ਵੀ ਖੋਲ੍ਹ ਲਿਆ ਸਭ ਕੁਝ ਕਰ ਲਿਆ ਪਰ ਸਿੱਖੀ ਤੋਂ ਬਿਲਕੁਲ ਕੋਰੇ ਪੱਥਰ ਵਾਂਗ ਰਹਿ ਜਾਂਦੇ ਨੇ। ਓਹੀ ਨਿੰਦਿਆ, ਓਹੀ ਈਰਖਾ, ਓਹੀ ਝਗੜੇ ਰਹਿੰਦੇ ਨੇ।

ਦੂਸਰੀ ਸਿੱਖੀ ਹੁੰਦੀ ਹੈ ਭੇਖ ਦੀ ਸਿੱਖੀ। ਭੇਖ ਦੇਖਿਆ ਕਿ ਸੋਹਣਾ ਲਗਦਾ ਹੈ ਤੇ ਮੈਂ ਇਕੱਲਾ ਜਿਹਾ ਲਗਦਾ ਹਾਂ ਤੇ ਜੇ ਮੈਂ ਵੀ ਇਹੋ ਜਿਹਾ ਭੇਖ ਧਾਰਨ ਕਰ ਲਵਾਂ ਤਾਂ ਮੈਂ ਸਾਥੀਆਂ ਵਿਚ ਰਲ ਜਾਵਾਂਗਾ। ਉਹ ਫੇਰ ਭੇਖ ਤੱਕ ਹੀ ਪਹੁੰਚਦਾ ਹੈ ਇਸ ਤੋਂ ਅੱਗੇ ਉਸ ਦਾ ਮਨ ਨਹੀਂ ਹੁੰਦਾ ਨਾ ਨਾਮ ਜਪੇ, ਨਾ ਬਾਣੀ ਪੜ੍ਹੇ, ਨਾ ਨਿਤਨੇਮ, ਨਾ ਕੋਈ ਬਾਣੀ ਯਾਦ ਕਰੇ। ਇਹ ਭੇਖ ਸਿੱਖ ਹੋਇਆ ਕਰਦਾ ਹੈ।

ਤੀਸਰਾ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ। ਇਹ ਆਪਣੇ ਲੋਭ ਵਾਸਤੇ ਸਿੱਖੀ ਧਾਰਨ ਕਰ ਲੈਣ ਕਿ ਜੇ ਮੈਂ ਗੁਰੂ ਦਾ ਬਣ ਗਿਆ ਤਾਂ ਮੇਰੀਆਂ ਆਸਾਂ ਪੂਰੀਆਂ ਹੋਣਗੀਆਂ, ਮੇਰੀ ਬਿਮਾਰੀ ਦੂਰ ਹੋ ਜਾਏਗੀ, ਮੇਰੇ ਅਫਸਰ ਗੁਰਸਿੱਖ ਨੇ ਮੈਨੂੰ ਦੇਖ ਕੇ ਉਹ ਮੇਰੇ ਨਾਲ ਰਿਆਇਤ ਕਰਨਗੇ ਜਾਂ ਦੁਕਾਨਦਾਰ ਹੈ ਕਿ ਗੁਰਸਿੱਖਾਂ ਦਾ ਇਲਾਕਾ ਹੈ ਜੇ ਮੈਂ ਸਿੱਖੀ ਧਾਰਨ ਕਰ ਲਈ ਤਾਂ ਬਾਕੀਆਂ ਨੂੰ ਛੱਡ ਕੇ ਮੇਰੇ ਕੋਲ ਆਉਣਗੇ। ਇਸ ਨੂੰ ਹਿਰਸ ਦੀ ਸਿੱਖੀ ਕਹਿੰਦੇ ਨੇ ਇਸ ਦਾ ਰੂਹਾਨੀਅਤ ਨਾਲ ਕੋਈ ਸਬੰਧ ਨਹੀਂ ਹੋਇਆ ਕਰਦਾ।

ਚੌਥੀ ਸਿੱਖੀ ਨੂੰ ਸਿਦਕ ਦੀ ਸਿੱਖੀ ਕਹਿੰਦੇ ਨੇ। ਸਿਦਕ ਦੀ ਸਿੱਖੀ ਵਿਚ ਸੌਦਾ ਕੀਤਾ ਹੁੰਦਾ ਹੈ ਗੁਰੂ ਨਾਲ। ਉਹ ਸਿਰ ਦੇ ਕੇ ਲਈ ਹੁੰਦੀ ਹੈ ਆਪਣਾ ਸਭ ਕੁਝ ਵਾਰ ਕੇ ਸਿੱਖੀ ਲਈ ਹੁੰਦੀ ਹੈ। ਉਸ ਸਿੱਖੀ ਦਾ ਸਬੰਧ ਗੁਰੂ ਨਾਨਕ ਨਾਲ ਜੁੜਿਆ ਕਰਦਾ ਹੈ। ਉਸ ਦੇ ਵਿਚਾਰ ਏਸ ਤਰ੍ਹਾਂ ਦੇ ਹੋਇਆ ਕਰਦੇ ਨੇ-

***ਧਾਰਨਾ - ਸਿਰ ਜਾਵੇ ਤਾਂ ਜਾਵੇ,***
***ਮੇਰਾ ਸਿੱਖੀ ਸਿਦਕ ਨਾ ਜਾਵੇ - 2, 2.***

ਸੋ ਸਿਦਕੀ ਸਿੱਖ ਸਿਰ ਦੇ ਵੱਟੇ ਸਿੱਖੀ ਲਿਆ ਕਰਦੇ ਨੇ। ਸੁਖ ਆ ਜਾਵੇ, ਦੁੱਖ ਆ ਜਾਵੇ, ਹਾਨ ਆਵੇ, ਲਾਭ ਆ ਜਾਵੇ ਪਰ ਸਿਦਕ ਨਹੀਂ ਉਹ ਹਾਰਿਆ ਕਰਦੇ। ਗੁਰੂ ਦੇ ਨਾਲ ਉਹ ਅੰਦਰੋਂ ਜੁੜੇ ਰਹਿੰਦੇ ਨੇ।

ਪੰਜਵੀਂ ਹੋਇਆ ਕਰਦੀ ਹੈ ਭਾਵਨੀ ਦੀ ਸਿੱਖੀ। ਗੁਰੂ ਨੂੰ ਸਾਖਸ਼ਾਤ ਪ੍ਰਮੇਸ਼ਰ ਜਾਣ ਕੇ, ਉਸ ਦੀ ਸੇਵਾ ਕਰਨੀ। ਪਹਿਲੀ ਤਿੰਨ ਕਿਸਮ ਦੀ ਸਿੱਖੀ ਵਿਚ ਦੇਖਣ ਨੂੰ ਤਾਂ ਸਿੱਖ ਨਜ਼ਰ ਆਉਂਦੇ ਨੇ ਪਰ ਉਹ ਸਿੱਖ ਨਹੀਂ ਹੁੰਦੇ, ਉਨ੍ਹਾਂ ਨੂੰ ਗੁਰੂ ਤੇ ਵਿਸ਼ਵਾਸ਼ ਨਹੀਂ ਹੁੰਦਾ। ਆਪਣੇ ਲੋਭ ਵਾਸਤੇ, ਗਰਜ਼ ਵਾਸਤੇ ਸਿੱਖ ਬਣੇ ਹੋਏ ਹੁੰਦੇ ਨੇ।

ਕਹਿੰਦੇ ਮਹਾਰਾਜ ਜੀ! ਪਤਾ ਕਿਵੇਂ ਲੱਗੇ? ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਸੀ। ਮਹਾਰਾਜ ਜੀ ਕਹਿੰਦੇ, "ਐਤਕੀਂ ਭਾਈ! ਸੱਤ ਦਿਨ ਦੀਵਾਨ ਰੱਖਣਾ ਹੈ। ਜਿੰਨੇ ਆ ਗਏ ਕਿਸੇ ਨੂੰ ਵੀ ਵਾਪਸ ਨਹੀਂ ਜਾਣ

ਦੇਣਾ।

ਪਹਿਰੇ ਲਾ ਦਿਤੇ ਗਏ ਨਾ ਰਾਤ ਨੂੰ ਕੋਈ ਨਿਕਲ ਸਕਦਾ ਹੈ ਨਾ ਕੋਈ ਦਿਨ ਨੂੰ ਜਾ ਸਕਦਾ ਹੈ, ਸਾਰੇ ਰਸਤੇ ਰੋਕ ਦਿਤੇ। ਵਿਚਾਰਾਂ ਹੋਣ ਲਗ ਗਈਆਂ। ਪੰਜਵੇਂ-ਸੱਤਵੇਂ ਦਿਨ ਕਹਿਣ ਕਿ ਗੁਰੂ ਮਹਾਰਾਜ ਜੀ ਨੇ ਜੇ ਫੇਰ ਕਹਿ ਦਿਤਾ ਕਿ ਦੱਸ ਦਿਨ ਹੋਰ ਰਹੋ, ਫੇਰ ਕੀ ਕਰਾਂਗੇ, ਸਾਡੀਆਂ ਤਾਂ ਕਣਕਾਂ ਵੱਢਣ ਵਾਲੀਆਂ ਨੇ.........

ਕੁਝ ਬੰਦੇ ਅਨੰਦਪੁਰ ਸਾਹਿਬ ਦੇ ਪਰਲੇ ਪਾਸੇ ਜਾ ਕੇ ਬੈਠ ਗਏ ਉਨ੍ਹਾਂ ਵਿਚੋਂ ਇਕ ਉਠਿਆ ਤੇ ਕਹਿਣ ਲੱਗਿਆ ਕਿ ਜੇ ਤੁਸੀਂ ਮੈਨੂੰ ਭਰੋਸਾ ਦੇਵੋਂ ਤਾਂ ਮੈਂ ਇਕ ਰਸਤਾ ਕੱਢ ਸਕਦਾ ਹਾਂ ਕਿ ਕਿਵੇਂ ਗੁਰੂ ਕੋਲੋਂ ਨਿਕਲੀਏ। ਉਹ ਕਹਿੰਦੇ ਕਿਵੇਂ?

ਕਹਿੰਦਾ, "ਮੈਨੂੰ ਸਾਹ ਖਿੱਚਣਾ ਆਉਂਦਾ ਹੈ। ਮੈਂ ਸਾਹ ਐਨਾ ਹੌਲੀ ਲੈਂਦਾ ਹਾਂ ਕਿ ਜੇ ਨੱਕ ਦੇ ਨਾਲ ਰੂੰ ਵੀ ਲਾ ਦੇਵੇ ਤਾਂ ਵੀ ਪਤਾ ਨਹੀਂ ਲਗਦਾ ਕਿ ਇਹ ਜੀਉਂਦਾ ਹੈ ਜਾਂ ਮਰਿਆ ਹੋਇਆ ਹੈ। ਮੈਂ ਬਣ ਜਾਂਦਾ ਹਾਂ ਮੁਰਦਾ। ਅਰਥੀ ਤੇ ਮੈਨੂੰ ਪਾ ਲਓ ਤੇ ਸ਼ਬਦ ਪੜ੍ਹਦੇ ਚਲੇ ਚੱਲੋ।"

ਇਸੇ ਤਰ੍ਹਾਂ ਹੀ ਕੀਤਾ। ਦੀਵਾਨ ਲੱਗਿਆ ਹੋਇਆ ਹੈ ਤੇ ਇਨ੍ਹਾਂ ਨੇ ਅਰਥੀ ਚੁੱਕੀ ਹੋਇਆ ਹੈ ਡੇਢ-ਦੋ ਸੌ ਬੰਦਾ ਪਿਛੇ ਹੋਇਆ ਹੋਇਆ ਹੈ ਤੇ ਸ਼ਬਦ ਪੜ੍ਹਦੇ ਜਾਂਦੇ ਨੇ -

***ਗੁਰਮੁਖ ਜਨਮ ਸਵਾਰ ਦਰਗਹ ਚਲਿਆ।***

ਮਹਾਰਾਜ ਜੀ ਦੇ ਕੋਲੋਂ ਦੀ ਜਦੋਂ ਲੰਘਣ ਲੱਗੇ।

ਮਹਾਰਾਜ ਜੀ ਕਹਿੰਦੇ, "ਕੀ ਗੱਲ ਹੈ? ਪ੍ਰੇਮੀਓ!"

ਕਹਿੰਦੇ, "ਸੱਚੇ ਪਾਤਸ਼ਾਹ! ਦੂਰ ਦੇਸ਼ ਤੋਂ ਆਇਆ ਹੋਇਆ ਇਕ ਪ੍ਰੇਮੀ ਚੜ੍ਹਾਈ ਕਰ ਗਿਆ ਤੇ ਉਸ ਦੇ ਰਿਸ਼ਤੇਦਾਰ-ਸਬੰਧੀ, ਆਪ ਦੇ ਗੁਰਸਿੱਖ ਇਸ ਦਾ ਸਸਕਾਰ ਕਰਨ ਵਾਸਤੇ ਲਿਜਾ ਰਹੇ ਨੇ ਸਮਸ਼ਾਨ ਭੂਮੀ ਵੱਲ।

ਮਹਾਰਾਜ ਜੀ ਕਹਿੰਦੇ, "ਐਡੀ ਦੂਰ ਲਿਜਾਣ ਦੀ ਕੀ ਲੋੜ ਹੈ?"

ਕਹਿੰਦੇ, "ਪਾਤਸ਼ਾਹ! ਹੁਕਮ ਕਰੋ ਫੇਰ।"

ਮਹਾਰਾਜ ਜੀ ਕਹਿੰਦੇ, "ਘਾਹ ਲਿਆਓ! ਘਾਹ ਦੇ ਪੂਰਲੇ ਰੱਖੋ। ਲਾਂਗਰੀ ਸਿੰਘ ਨੂੰ ਕਹੋ ਕਿ ਇਕ ਜਲਦੀ ਜਲਦੀ ਲੱਕੜੀ ਲੈ ਕੇ ਆਵੇ। ਅਰਥੀ ਰੱਖ ਦਿਓ ਘਾਹ ਦੇ ਉਤੇ।

ਉਸ ਬਨਾਉਟੀ ਮੁਰਦੇ ਨੇ ਸੁਣ ਲਿਆ। ਅਰਥੀ ਰਖਾ ਦਿਤੀ, ਏਨੇ

ਨੂੰ ਲੱਕੜੀ ਆ ਗਈ ਜਲਦੀ ਜਲਦੀ ਮਹਾਰਾਜ ਜੀ ਨੇ ਇਕ ਸਿੰਘ ਨੂੰ ਕਹਿ ਦਿਤਾ ਕਹਿੰਦੇ, "ਲੈ ਭਾਈ! ਅਗਨ ਦੇ ਦੇ ਏਸ ਨੂੰ।"

ਜਦੋਂ ਘਾਹ ਨੂੰ ਲੱਗੀ ਅੱਗ, ਚਿੜ-ਚਿੜ ਕਰਨ ਲੱਗਿਆ। ਨਕਲੀ ਮੁਰਦੇ ਨੇ ਸੋਚਿਆ ਕਿ ਹੁਣ ਤਾਂ ਕੋਈ ਇਲਾਜ ਨਹੀਂ ਹੈ। ਉਸ ਨੇ ਅਰਥੀ ਤੋਂ ਛਾਲ ਮਾਰੀ ਤੇ ਪੂਰੇ ਜ਼ੋਰ ਨਾਲ ਨੱਠ ਲਿਆ।

ਮਹਾਰਾਜ ਜੀ ਤਾੜੀ ਮਾਰ ਕੇ ਹੱਸ ਪਏ, ਕਹਿੰਦੇ, "ਲਓ ਭਾਈ ਗੁਰਮੁਖੋ! ਤੁਹਾਡੇ ਭਜਨ ਦਾ ਪ੍ਰਤਾਪ ਦੇਖੋ ਤੁਹਾਡਾ ਮੁਰਦਾ ਹੁਣ ਸਣਦੇਹੀ ਸਚਖੰਡ ਜਾ ਰਿਹਾ ਹੈ।

ਉਨ੍ਹਾਂ ਨੇ ਗੁਰੂ ਨੂੰ ਅੰਤਰਜਾਮੀ ਨਾ ਜਾਣਿਆ ਇਕ ਮਨੁੱਖ ਜਾਣਿਆ। ਇਹ ਫਰਕ ਹੋਇਆ ਕਰਦਾ ਹੈ ਸਿੱਖੀ ਦੇ ਅੰਦਰ। ਆਹ ਤਿੰਨ ਕਿਸਮ ਦੀ ਸਿੱਖੀ ਵਾਲੇ ਸਿਦਕ ਤੋਂ ਹੀਣੇ ਪੁਰਸ਼ ਨੇ। ਇਨ੍ਹਾਂ ਨੂੰ ਨਹੀਂ ਪਤਾ ਕਿ ਗੁਰੂ ਸਭ ਦੇ ਅੰਦਰ ਦੀ ਗੱਲ ਜਾਣਦਾ ਹੈ ਤੇ ਕਿੱਡਾ ਵੱਡਾ ਡਰਾਮਾ ਕਰਿਆ ਗੁਰੂ ਨੂੰ ਧੋਖਾ ਦੇਣ ਵਾਸਤੇ। ਸੋ ਇਸ ਤਰ੍ਹਾਂ ਸਿੱਖਾਂ ਦੇ ਵਿਚ ਫਰਕ ਹੋਇਆ ਕਰਦਾ ਹੈ ਤੇ ਸਭ ਤੋਂ ਪਹਿਲੀ ਗੱਲ ਜਿਹੜੀ ਨਾਮ ਦੇ ਵਾਸਤੇ ਜ਼ਰੂਰੀ ਹੈ ਕਿਉਂਕਿ ਆਪਾਂ ਏਸ ਗੱਲ ਦੀ ਵਿਚਾਰ ਕਰ ਰਹੇ ਹਾਂ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***
***ਅੰਗ - 1365***

ਚਾਰ ਚੀਜ਼ਾਂ ਕਹਿ ਦਿਤੀਆਂ, ਨਾ ਬਜ਼ਾਰ ਹੈ, ਨਾ ਦੁਕਾਨ ਹੈ, ਨਾ ਗਾਹਕ ਹੈ ਤੇ ਨਾ ਮੁੱਲ ਦੇਣ ਵਾਲਾ ਹੈ। ਇਨ੍ਹਾਂ ਚਾਰ ਚੀਜ਼ਾਂ ਦਾ ਸੰਜੋਗ ਬਣੇ ਤਾਂ ਅਸੀਂ ਨਾਮ ਦੀ ਦਾਤ ਪ੍ਰਾਪਤ ਕਰੀਏ। ਕਿਉਂ ਨਹੀਂ ਨਾਮ ਚਲਦਾ? ਧਿਆਨ ਨਾਲ ਸਰਵਣ ਕਰਿਓ। ਜਿਹੜਾ ਜੁੜ ਨਹੀਂ ਸਕਿਆ ਪੂਰੇ ਧਿਆਨ ਦੇ ਨਾਲ। ਆਪਾਂ ਜੇ ਇਸ ਵਿਚਾਰ ਨੂੰ ਸਰਵਣ ਕਰਾਂਗੇ ਤਾਂ ਮਹਾਰਾਜ ਜੀ ਕ੍ਰਿਪਾ ਕਰਨਗੇ, ਟੁੱਟੀਆਂ ਫੇਰ ਗੰਢ ਲੈਣਗੇ। ਨੁਕਸ ਦੇਖ ਲਓ ਕਿੱਥੇ-ਕਿੱਥੇ ਹੈ। ਪਹਿਲੇ ਗੁਣ ਨੂੰ ਪ੍ਰਤੀਤ ਕਹਿੰਦੇ ਨੇ, ਭਰੋਸਾ ਕਹਿੰਦੇ ਨੇ। ਜੇ ਪ੍ਰਤੀਤ ਨਹੀਂ ਹੈ -

***ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ***
***ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ਅੰਗ - 734***

ਐਵੇਂ ਹੀ ਅੱਖਾਂ ਮੀਚ ਕੇ ਬਹਿ ਜਾਂਦੇ ਨੇ। ਅੱਖਾਂ ਮੀਚਣ ਬਾਰੇ ਮੇਰੀ ਬੇਨਤੀ ਹੈ ਸਾਧ ਸੰਗਤ ਜੀ! ਹਰ ਬੰਦਾ ਨਹੀਂ ਅਧਿਕਾਰੀ ਹੋਇਆ ਕਰਦਾ

ਅੱਖਾਂ ਮੀਚਣ ਦਾ, ਕੋਈ ਵਿਰਲਾ ਹੁੰਦਾ ਹੈ। ਬਹੁਤੇ ਤਾਂ ਸੌਂ ਜਾਂਦੇ ਨੇ ਅੱਖਾਂ ਮੀਚਦੀ ਸਾਰ। ਗੁਰੂ ਦੀ ਹਜ਼ੂਰੀ ਵਿਚ ਬੈਠੇ ਹੋ। ਗੁਰੂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ, ਖੁੱਲ੍ਹੀਆਂ ਅੱਖਾਂ ਨਾਲ ਦਰਸ਼ਨ ਕਰੋ। ਅੱਖਾਂ ਬੰਦ ਕਰੋਗੇ ਤਾਂ ਮਨ ਦੌੜੇਗਾ, ਕੋਈ ਵਿਰਲਾ ਹੈ ਜਿਸ ਦਾ ਮਨ ਟਿਕ ਜਾਵੇ। ਸੋ ਅੱਖਾਂ ਖੋਲ੍ਹ ਕੇ ਬੈਠੋ। ਮਹਾਰਾਜ ਜੀ ਕਹਿੰਦੇ ਜੇ ਪ੍ਰਤੀਤ ਨਹੀਂ ਹੈ ਐਵੇਂ ਅੱਖਾਂ ਮੀਚਦਾ ਹੈ ਤਾਂ ਉਸ ਦਾ ਗੁਮਾਨ ਉਤਰ ਜਾਏਗਾ। ਸਭ ਤੋਂ ਪਹਿਲਾਂ ਪ੍ਰਤੀਤ ਹੈ। ਜਦੋਂ ਪ੍ਰਤੀਤ ਹੋਏਗੀ ਉਸੇ ਵੇਲੇ ਪ੍ਰਭੂ ਦੇ ਨਾਲ ਮਨ ਜੁੜ ਜਾਏਗਾ। ਏਸ ਤਰ੍ਹਾਂ ਫੁਰਮਾਨ ਹੈ–

***ਧਾਰਨਾ – ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ – 2, 2.***
***ਜਿਸ ਦੇ ਮਨ ਵਿਚ ਹੈ ਭਾਈ – 2, 2.***
***ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ – 2, 2.***

***ਜਾ ਕੈ ਮਨਿ ਗੁਰ ਕੀ ਪਰਤੀਤਿ॥ ਅੰਗ – 283***

ਜੇ ਪ੍ਰਤੀਤ ਹੈ ਤਾਂ ਕੀ ਹੁੰਦਾ ਹੈ?

***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ – 283***

ਜੇ ਪ੍ਰਤੀਤ, ਭਰੋਸਾ ਨਹੀਂ ਹੈ ਤਾਂ ਵਾਹਿਗੁਰੂ ਨਹੀਂ ਚਿੱਤ ਆਉਂਦਾ ਕਦੇ ਵੀ ਕਿਉਂਕਿ ਅੰਦਰ ਨਾਸਤਿਕਤਾ ਹੈ, ਅੰਦਰ ਭਰੋਸਾ ਨਹੀਂ ਹੈ। ਜੇ ਸ਼ਰਧਾ ਹੀ ਨਹੀਂ ਹੈ ਤਾਂ ਪ੍ਰਾਪਤੀ ਕਿਵੇਂ ਹੋ ਜਾਏਗੀ? ਸੋ ਇਸ ਵਾਸਤੇ ਪ੍ਰਤੀਤ ਜ਼ਰੂਰੀ ਚੀਜ਼ ਹੈ।

ਇਕ ਵਾਰੀ ਇਕ ਰਾਜਾ ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਤੁਸੀਂ ਅਧਿਆਤਮਵਾਦ ਬਾਰੇ ਕਾਫੀ ਕੁਝ ਜਾਣਦੇ ਹੋ, ਤੁਸੀਂ ਮੈਨੂੰ ਇਹ ਦੱਸੋ ਕਿ ਯਕੀਨ ਵੱਡਾ ਹੁੰਦਾ ਹੈ ਜਾਂ ਪੀਰ?

ਉਹ ਕਹਿੰਦਾ, "ਮਹਾਰਾਜ! ਦੋਵੇਂ ਚੀਜ਼ਾਂ ਵੱਡੀਆਂ ਨੇ ਯਕੀਨ ਵੀ ਹੋਣਾ ਚਾਹੀਦਾ ਹੈ ਤੇ ਪੀਰ ਵੀ ਪੂਰਾ ਹੋਣਾ ਚਾਹੀਦਾ ਹੈ।

ਬਾਦਸ਼ਾਹ ਕਹਿੰਦੇ, "ਨਹੀਂ, ਇਕ ਚੀਜ਼ ਦੱਸ।"

ਉਸ ਨੇ ਪੰਜ ਚਾਰ ਵਾਰ ਜਦੋਂ ਕਿਹਾ ਤਾਂ ਰਾਜਾ ਕਹਿੰਦਾ ਕਿ ਨਹੀਂ–ਨਹੀਂ ਮੈਂ ਦੋ ਬਾਤਾਂ ਨਹੀਂ ਸੁਣਨੀਆਂ, ਇਕੋ ਚੀਜ਼ ਦੱਸੋ ਪੀਰ ਵੱਡਾ ਹੈ ਜਾਂ ਯਕੀਨ?

ਉਹ ਕਹਿੰਦਾ, "ਮਹਾਰਾਜ! ਯਕੀਨ ਵੱਡਾ ਹੈ। ਗੁਰੂ ਚਾਹੇ ਰੱਬ ਹੋਵੇ ਜੇ ਯਕੀਨ ਨਾ ਹੋਵੇ ਤਾਂ ਉਸ ਦੀ ਸੰਧ ਨਹੀਂ ਜੁੜਿਆ ਕਰਦੀ, ਬੇਵਿਸ਼ਵਾਸ਼ੀ ਨਾਲ ਗੁਰੂ ਦਾ ਮੇਲ ਨਹੀਂ ਹੋਇਆ ਕਰਦਾ। ਕੋਈ ਨਾ ਕੋਈ ਪ੍ਰਤੀਤ ਦੀ ਤਾਰ ਉਸ ਦੇ ਹਿਰਦੇ ਵਿਚ ਜ਼ਰੂਰ ਉਤਪੰਨ ਹੋਣੀ ਚਾਹੀਦੀ ਹੈ। ਜੇ ਪ੍ਰਤੀਤ ਤੋਂ ਹੀਣਾ ਹੈ ਤਾਂ ਪੀਰ ਭਾਵੇਂ ਪੂਰਾ ਹੈ ਗੱਲ ਨਹੀਂ ਬਣਿਆ ਕਰਦੀ।

ਕਹਿੰਦੇ, "ਕਿਵੇਂ?"

ਕਹਿੰਦਾ, "ਛੇ ਮਹੀਨੇ ਦੀ ਮੋਹਲਤ ਦਿਓ।"

ਮੋਹਲਤ ਦਿਤੀ ਗਈ ਓਸੇ ਵੇਲੇ ਵਜ਼ੀਰ ਨੇ ਕੁਝ ਬੰਦੇ ਨਾਲ ਲਏ ਰਾਜ ਦੇ ਮਜ਼ਦੂਰ ਤੇ ਇਕ ਜੰਗਲ ਵਿਚ ਚਲਿਆ ਗਿਆ। ਉਥੇ ਜਾ ਕੇ ਕਹਿਣ ਲੱਗਿਆ ਕਿ ਇਥੇ ਇਕ ਪੀਰ ਹੋਇਆ ਹੈ ਬਹੁੱਤ ਵੱਡਾ। ਜੋ ਸੁੱਖਣਾ ਇਸ ਥਾਂ ਤੇ ਆ ਕੇ ਸੁੱਖੀ ਜਾਂਦੀ ਸੀ ਉਹ ਉਸੇ ਵੇਲੇ ਪੂਰੀ ਹੋ ਜਾਂਦੀ ਸੀ। ਇਸ ਦਾ ਮਜਾਰ ਨਹੀਂ ਕਿਸੇ ਨੇ ਬਣਾਇਆ।

ਉਹ ਕਹਿਣ ਲੱਗੇ, "ਪੀਰ ਦਾ ਨਾਂ ਕੀ ਹੈ?"

ਕਹਿੰਦੇ, "ਪੀਰ ਜੁੱਤੇ ਸ਼ਾਹ ਕਹਿੰਦੇ ਨੇ।"

ਇਕ ਬਕਸੇ ਵਿਚ ਆਪਣੀ ਇਕ ਜੁੱਤੀ ਪਾ ਕੇ ਨੀਂਹ ਵਿਚ ਰੱਖ ਦਿਤਾ, ਮਜ਼ਾਰ ਬਣ ਗਿਆ। ਮਸ਼ਹੂਰ ਬਣ ਗਿਆ, ਵੀਰਵਾਰ ਦਾ ਮੇਲਾ ਲੱਗਣ ਲਗ ਗਿਆ। ਲੋੜਵੰਦ ਦੁਨੀਆਂ ਜਾ ਕੇ ਸੁੱਖਣਾ ਸੁੱਖਣ ਲੱਗ ਗਈ। ਚੇਤਨ ਪ੍ਰਭੂ ਵਿਚ ਇਹ ਸਿਫਤ ਹੈ ਕਿ ਉਹ ਹਰੇਕ ਦੀ ਸੁੱਖਣਾ ਪੂਰੀ ਕਰ ਦਿੰਦਾ ਹੈ। ਜੇ ਕਿਸੇ ਸੰਤ ਨੂੰ ਕਹੋ ਸੰਤ ਵਿਚ ਐਨੀ ਤਾਕਤ ਨਹੀਂ ਹੁੰਦੀ ਉਹ ਤਾਂ ਅਕਾਲ ਪੁਰਖ ਹੀ ਆਪ ਬਹੁੜਦਾ ਹੈ। ਆਪ ਹੀ ਉਸ ਦਾ ਭਰੋਸਾ ਦੇਖ ਕੇ ਕੰਮ ਕਰ ਦਿੰਦਾ ਹੈ। ਸੋ ਭੀੜਾਂ ਲੱਗਣ ਲਗ ਗਈਆਂ, ਗੱਲ ਫੈਲ ਗਈ। ਦੂਰ-ਦਰਾਜ਼ ਤੋਂ ਲੋਕ ਆਉਣ ਲਗ ਗਏ। ਅਚਾਨਕ ਰਾਜੇ ਦਾ ਲੜਕਾ ਬਿਮਾਰ ਹੋ ਗਿਆ। ਹਕੀਮਾਂ ਨੇ ਕਿਹਾ ਕਿ ਮਹਾਰਾਜ! ਹੁਣ ਕਿਸੇ ਗੁਰੂ-ਪੀਰ ਨੂੰ ਅਰਾਧੋ ਕਿਉਂਕਿ ਸਾਡੀ ਦਵਾਈ ਲੱਗ ਨਹੀਂ ਰਹੀ। ਬਹੁਤ ਦਵਾਈਆਂ ਬਦਲ-ਬਦਲ ਕੇ ਦੇਖ ਲਈਆਂ। ਵਜ਼ੀਰ ਨਾਲ ਗੱਲ ਹੋਈ ਤਾਂ ਵਜ਼ੀਰ ਨੇ ਕਿਹਾ ਕਿ ਜੰਗਲ ਦੇ ਅੰਦਰ ਪੀਰ ਜੁੱਤੇ ਸ਼ਾਹ ਦਾ ਮਜ਼ਾਰ ਹੈ। ਸ਼ਰਧਾ ਦੇ ਨਾਲ ਤੁਸੀਂ ਘਰ ਤੋਂ ਚੱਲੋ। ਨੰਗੇ ਪੈਰੀ ਪਹੁੰਚਦਾ ਹੈ ਸੁੱਖਣਾ ਸੁੱਖੀ ਕਿ ਪੀਰ ਜੀ! ਜੇ ਮੇਰਾ ਲੜਕਾ ਵਲ ਹੋ ਜਾਵੇ, ਰਾਜ਼ੀ ਹੋ ਜਾਵੇ ਤਾਂ ਮੈਂ ਤੁਹਾਡਾ ਮਜ਼ਾਰ ਬਹੁਤ ਵੱਡਾ ਬਣਾ ਦਿਆਂਗਾ। ਸੁੱਖਣਾ-ਸੁਖੀ ਗਈ ਤੇ ਲੜਕਾ ਰਾਜ਼ੀ ਹੋ ਗਿਆ।

ਉਸ ਤੋਂ ਬਾਅਦ ਬਾਦਸ਼ਾਹ ਨੇ ਵਜ਼ੀਰ ਨੂੰ ਕਿਹਾ ਕਿ ਮੈਂ ਹੁਣ ਮੰਨਤ

ਦੇਣ ਜਾਣਾ ਚਾਹੁੰਦਾ ਹਾਂ। ਬੈਂਡ-ਵਾਜੇ ਤੇ ਬਹੁਤ ਵੱਡਾ ਜਲੂਸ ਲੈ ਕੇ ਗਿਆ। ਵਜ਼ੀਰ ਪਹਿਲਾਂ ਹੀ ਜਾ ਕੇ ਮਜ਼ਾਰ ਨੂੰ ਢਾਹੁੰਣ ਲਗ ਪਿਆ। ਰਾਜੇ ਦੇ ਜਾਂਦੇ ਨੂੰ ਤਕਰੀਬਨ ਢਾਹ ਦਿਤਾ।

ਰਾਜਾ ਜਦੋਂ ਪਹੁੰਚਿਆ ਤਾਂ ਕਹਿੰਦਾ, "ਵਜ਼ੀਰ ਸਾਹਿਬ! ਇਹ ਕੀ ਕਰਦੇ ਹੋ ਤੁਸੀਂ?"

ਵਜ਼ੀਰ ਕਹਿੰਦਾ, "ਮਹਾਰਾਜ! ਇਥੇ ਪੀਰ-ਪੂਰ ਕੋਈ ਨਹੀਂ ਹੋਇਆ। ਇਹ ਤਾਂ ਮੈਂ ਤੁਹਾਡੇ ਸਵਾਲ ਦਾ ਜਵਾਬ ਦਿਤਾ ਹੈ।"

ਰਾਜਾ ਕਹਿੰਦਾ, "ਕੋਈ ਪੀਰ ਨਹੀਂ ਹੋਇਆ?"

ਵਜ਼ੀਰ ਕਹਿੰਦਾ, "ਨਹੀਂ।"

ਕਹਿੰਦਾ, "ਮੈਨੂੰ ਕਿਵੇਂ ਪਤਾ ਲੱਗੇ?"

ਵਜ਼ੀਰ ਕਹਿੰਦਾ, "ਮਹਾਰਾਜ! ਆਹ ਦੇਖੋ ਮੇਰੀ ਜੁੱਤੀ ਇਕ ਮੇਰੇ ਕੋਲ ਹੈ ਤੇ ਇਸ ਦੇ ਨਾਲ ਦੀ ਦੂਜੇ ਪੈਰ ਦੀ ਜੁੱਤੀ ਮੈਂ ਨੀਂਹ ਵਿਚ ਦਬਾ ਦਿਤੀ ਸੀ ਤੇ ਮੈਂ ਹੀ ਇਸ ਦਾ ਨਾਂ ਪੀਰ ਜੁੱਤੇ ਸ਼ਾਹ ਦਾ ਮਜ਼ਾਰ ਰੱਖਿਆ ਸੀ।"

ਰਾਜਾ ਕਹਿੰਦਾ, "ਠੀਕ ਹੈ ਪਰ ਮਨ ਨਹੀਂ ਮੰਨਦਾ।"

ਕਹਿੰਦਾ, "ਮਹਾਰਾਜ! ਆਹੀ ਗੱਲ ਸੰਸਾਰ ਨਾਲ ਹੁੰਦੀ ਹੈ ਯਕੀਨ ਵੱਡੀ ਚੀਜ਼ ਹੈ। ਜੇ ਪੀਰ ਕੁਝ ਕਸਰ ਵਾਲਾ ਹੋਵੇ ਪਰ ਯਕੀਨ ਪੂਰਾ ਹੋਵੇ ਤਾਂ ਵੀ ਪਾਰ ਲੰਘ ਜਾਂਦਾ ਹੈ।"

ਧੰਨੇ ਦੇ ਗੁਰੂ ਨੇ ਇਸ ਨੂੰ ਪੱਥਰ ਦਿਤਾ ਸੀ ਉਸ ਨੇ ਤਾਂ ਪਿੱਛਾ ਛਡਾਇਆ ਸੀ ਪਰ ਧੰਨੇ ਦੇ ਭਰੋਸੇ ਨੇ ਪ੍ਰਮੇਸ਼ਰ ਦੇ ਦਰਸ਼ਨ ਕਰ ਲਏ।

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ ਪੰਨਾ-488***

ਸੋ ਮਹਾਰਾਜ ਜੀ ਕਹਿੰਦੇ ਜੇ ਸਿੱਖਾਂ ਵਿਚ ਗਲਤੀ ਹੈ, ਸਿੱਖ ਟੁੱਟੇ ਰਹਿੰਦੇ ਨੇ ਤਾਂ ਗੁਰੂ ਕੀ ਕਰੇ? ਗੁਰੂ ਗ੍ਰੰਥ ਸਾਹਿਬ ਤਾਂ ਪੂਰਨ ਸਤਿਗੁਰੂ ਨੇ ਪਰ ਜੇ ਸਿੱਖ ਹੀ ਨਹੀਂ ਜੁੜਦੇ, ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਸਾਚਾ ਸਤਿਗੁਰੂ ਕਿਆ ਕਰੇ - 2, 2.***
***ਜਾ ਸਿੱਖਾਂ ਮਹਿ ਚੂਕ,***
***ਸਾਚਾ ਸਤਿਗੁਰ ਕਿਆ ਕਰੇ - 2, 2.***

***ਕਬੀਰ ਸਾਚਾ ਸਤਿਗੁਰੁ ਕਿਆ ਕਰੈ***
***ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
***ਅੰਗ - 1372***

ਬਾਂਸ ਦੇ ਵਿਚ ਫੂਕ ਮਾਰੋ ਤਾਂ ਆਵਾਜ਼ ਨਹੀਂ ਨਿਕਲਦੀ, ਭਰੋਸੇ ਰੂਪ ਥੱਲਾ (ਪੇਂਦਾ) ਨਹੀਂ ਹੈ ਉਸ ਦੇ ਵਿਚ। ਬੰਸਰੀ ਦੇ ਵਿਚ ਫੂਕ ਮਾਰੋ ਉਂਗਲਾਂ ਨਾਲ ਸੁਰ ਦੱਬੋ ਤਾਂ ਰਾਗ ਕੱਢੇਗੀ। ਸੋ ਐਨਾ ਹੀ ਫਰਕ ਹੈ। ਜੇ ਹਿਰਦਾ ਹੋਵੇ ਪ੍ਰੀਤ ਵਾਲਾ ਫੇਰ ਤਾਂ ਨਾਮ ਚਲਿਆ ਕਰਦਾ ਹੈ। ਜੇ ਨਾ ਹੋਵੇ, ਜਪੁਜੀ ਸਾਹਿਬ ਵੀ ਮਸਾਂ ਹੀ ਪੜ੍ਹਦਾ ਹੈ, ਰੁਚੀ ਹੀ ਨਹੀਂ ਅੰਦਰ, ਫੇਰ ਤੇਰੀ ਰੁਚੀ ਪ੍ਰੇਮੀਆਂ! ਐਵੇਂ ਹੀ ਹੈ ਵਾਧੂ ਦੀ, ਡਰ ਕੇ ਹੀ ਸਿੱਖ ਬਣਿਆ ਹੋਇਆ ਹੈ, ਤਰੱਕੀ ਕਰਨ ਦੀ ਤੇਰੇ ਅੰਦਰ ਚਾਹ ਨਹੀਂ ਹੈ ਕੋਈ।

ਸੋ ਪਹਿਲੀ ਜੋ ਸ਼ਰਤ ਹੈ ਉਹ ਇਹ ਹੈ ਕਿ ਗੁਰੂ ਦੇ ਉਤੇ ਪ੍ਰਤੀਤ ਕਰਨੀ। ਕਿੱਡੀ ਵੱਡੀ ਪ੍ਰਤੀਤ ਹੁੰਦੀ ਹੈ? ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ***
***ਭਾਈ॥ ਅੰਗ - 442***

ਗੁਰੂ ਤੇ ਗੋਵਿੰਦ ਵਿਚ ਕੋਈ ਫਰਕ ਨਾ ਹੋਵੇ, ਐਨੀ ਪ੍ਰਤੀਤ ਹੋਵੇ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਜਦੋਂ ਹੁਕਮ ਸੁਣਦੇ ਹੋ, ਬਾਣੀ ਸੁਣਦੇ ਹੋ ਤਾਂ ਇਹ ਮਹਿਸੂਸ ਹੋਵੇ ਕਿ ਇਹ ਦਰਗਾਹ ਤੋਂ ਪ੍ਰਸਾਰਤ ਹੋ ਰਹੀ ਹੈ, ਅਕਾਲ ਪੁਰਖ ਦੇ ਦਰ ਤੋਂ, ਅਕਾਲ ਪੁਰਖ ਆਪ ਬੋਲ ਕੇ ਸ਼ਬਦ ਰੂਪ ਹੋ ਕੇ ਬੈਠੇ ਨੇ ਫੇਰ ਤਾਂ ਜੁੜ ਜਾਏਗਾ, ਨਹੀਂ ਤਾਂ ਗੱਲ ਨਹੀਂ ਬਣਿਆ ਕਰਦੀ।

ਦੂਸਰੀ ਪ੍ਰਤੀਤ ਹੁੰਦੀ ਹੈ ਨਾਮ ਦੀ ਮਹਿਮਾ ਤੇ, ਜੇ ਨਾਮ ਦੀ ਮਹਿਮਾ ਹਿਰਦੇ ਵਿਚ ਹੀ ਨਹੀਂ ਵਸੀ ਤਾਂ ਫੇਰ ਗੱਲ ਨਹੀਂ ਬਣਿਆ ਕਰਦੀ ਕਿਉਂਕਿ ਜਦੋਂ ਨਾਮ ਦੀ ਮਹਿਮਾ ਵਸ ਜਾਏਗੀ ਤਾਂ ਸਾਰੇ ਦੁੱਖਾਂ ਕਲੇਸਾਂ ਦਾ ਨਾਸ਼ ਹੋ ਜਾਇਆ ਕਰਦਾ ਹੈ ਤੇ ਨਾਮ ਇਕ ਸਕਿੰਟ ਵਾਸਤੇ ਵੀ ਨਹੀਂ ਵਿਸਰਿਆ ਕਰਦਾ। ਜਿਸ ਦੇ ਵਿਚ ਨਾਮ ਦੀ ਮਹਿਮਾ ਦੀ ਪ੍ਰਤੀਤ ਨਹੀਂ। ਉਹ ਕਹਿੰਦਾ ਜੀ! ਮੈਥੋਂ ਤਾਂ ਭਜਨ ਨਹੀਂ ਹੁੰਦਾ, ਕਿੰਨੀ ਦੇਰ ਕਰਾਂ? ਸਮਾਂ ਬੜਾ ਲਗ ਜਾਂਦਾ ਹੈ ਕਿਉਂਕਿ ਉਸ ਦੇ ਅੰਦਰ ਰੁਚੀ ਨਹੀਂ ਹੈ।

ਮਰਦਾਨਾ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਨਾਮ ਦਾ ਬਹੁਤ

ਉਪਦੇਸ਼ ਦਿੰਦੇ ਹੋ ਤੇ ਤੁਹਾਡੇ ਨਾਲ ਰਹਿ ਕੇ ਮੈਨੂੰ ਵੀ ਇਹ ਪਤਾ ਲਗ ਗਿਆ ਕਿ ਸੰਸਾਰ ਦੇ ਅੰਦਰ ਜੇ ਕੋਈ ਅਸਲੀ ਚੀਜ਼ ਹੈ ਤਾਂ ਉਹ ਪ੍ਰਮੇਸ਼ਰ ਦਾ ਨਾਮ ਹੈ ਪਰ ਸੰਸਾਰ ਕਿਉਂ ਨਹੀਂ ਮੰਨਦਾ?"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਨਾਮ ਅਮੁੱਲ ਹੈ ਸਾਂਈ ਦਾ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਜੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ – 81***

ਪਰ ਇਹ ਸੰਸਾਰ ਕਦਰਦਾਨ ਨਹੀਂ ਹੈ, ਇਨ੍ਹਾਂ ਦੀਆਂ ਰੁਚੀਆਂ ਮਾੜੀਆਂ ਨੇ, ਛੋਟੀਆਂ ਚੀਜ਼ਾਂ ਦੀ ਕਦਰ ਹੈ ਇਸ ਦੇ ਅੰਦਰ। ਜ਼ਿੰਮੀਦਾਰ ਨੂੰ ਜ਼ਮੀਨ ਦਾ ਪਤਾ ਹੈ ਕਿ ਗੰਨੇ ਵਾਲੀ ਕਿਹੜੀ ਹੈ ਤੇ ਧਾਨ ਲਾਉਣ ਵਾਲੀ ਜ਼ਮੀਨ ਦਾ ਕਿਹੜੀ ਹੈ। ਇਸ ਦੀ ਉਹ ਕਦਰ ਕਰਕੇ ਲੋੜਵੰਦ ਜ਼ਮੀਨ ਲੈ ਸਕਦਾ ਹੈ। ਕੱਪੜੇ ਵਾਲੇ ਨੂੰ ਪਤਾ ਹੈ ਕਿ ਕਿਸ ਕਪੜੇ ਦਾ ਰੰਗ ਖੁਰ ਜਾਣਾ ਹੈ। ਕਿਹੜਾ ਕੱਪੜਾ ਲਿਆ ਕੇ ਮੈਂ ਅਸਲੀ ਕਹਿ ਕੇ ਵੇਚ ਸਕਦਾ ਹਾਂ। ਇਸੇ ਤਰ੍ਹਾਂ ਵਪਾਰੀ ਨੂੰ ਪਤਾ ਹੈ ਕਿ ਕਿਸੇ ਸ਼ਹਿਰ ਦਾ ਨਕਸ਼ਾ ਬਣ ਰਿਹਾ ਹੈ, ਕਿੱਥੇ-ਕਿੱਥੇ ਪਲਾਟ ਮਹਿੰਗੇ ਹੋਣਗੇ ਉਹ ਪਹਿਲਾਂ ਹੀ ਖਰੀਦ ਕੇ ਰੱਖ ਲੈਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ, "ਹਰ ਕੰਮ ਵਾਲੇ ਨੂੰ ਆਪਣਾ-ਆਪਣਾ ਪਤਾ ਹੈ ਮਰਦਾਨਿਆ! ਨਾਮ ਵਾਲਾ ਤਾਂ ਸੰਸਾਰ ਦੇ ਅੰਦਰ ਕੋਈ ਵਿਰਲਾ ਹੋਇਆ ਕਰਦਾ ਹੈ। ਭੀੜਾਂ ਆਉਂਦੀਆਂ ਨੇ ਪਰ ਅਸਲੀ ਕੋਈ ਵਿਰਲਾ ਹੀ ਹੁੰਦਾ ਹੈ।"

ਕਹਿੰਦਾ, "ਮਹਾਰਾਜ! ਤੁਸੀਂ ਐਨਾ ਦਸਦੇ ਹੋ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਤੈਨੂੰ ਫੇਰ ਇਸ ਦੀ ਗੱਲ ਸਮਝਾਵਾਂਗੇ।"

ਜਾਂਦੇ-ਜਾਂਦੇ ਮਹਾਰਾਜ ਬਿਸੰਭਰ ਨਗਰ ਦੇ ਕੋਲ ਪਹੁੰਚ ਗਏ, ਪਟਨੇ ਦੇ ਕੋਲ, ਪਾਟਲੀ ਪੁੱਤਰ।

ਮਹਾਰਾਜ ਜੀ ਕਹਿੰਦੇ, "ਦੇਖ ਮਰਦਾਨਿਆ! ਸਾਮ੍ਹਣੇ ਕੀ ਨਜ਼ਰ ਆਉਂਦਾ ਹੈ?"

ਮਹਾਰਾਜ ਜੀ ਕਹਿੰਦੇ, "ਆਹ ਦੇਖ ਬਹੁਤ ਸੋਹਣਾ ਥਾਂ ਆ ਰਿਹਾ ਹੈ ਅਸੀਂ ਤਾਂ ਇਥੇ ਬੈਠਾਂਗੇ ਤੂੰ ਜਾ ਕੇ ਪ੍ਰਸ਼ਾਦੇ ਛਕ ਆ।"

ਮਰਦਾਨਾ ਹੱਸਣ ਲਗ ਗਿਆ ਕਿਉਂਕਿ ਬਾਲ-ਸਖਾਈ ਸੀ, ਸ਼ਰਧਾ ਵੀ ਬਹੁਤ ਸੀ ਪਰ ਬਾਲ-ਸਖਾਈ ਹੋਣ ਕਰਕੇ ਥੋੜ੍ਹਾ ਪਿਆਰ ਵਿਚ ਆ ਕੇ ਖੁਲ੍ਹ ਵਰਤ ਲਿਆ ਕਰਦਾ ਸੀ।

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਤੂੰ ਹਸਦਾ ਹੈਂ?"

ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਇਸ ਕਰਕੇ ਹਸਦਾ ਹਾਂ ਕਿ ਤੁਸੀਂ ਤਾਂ ਪ੍ਰਸ਼ਾਦਾ ਛਕਣ ਨੂੰ ਐਉਂ ਕਹਿ ਦਿਤਾ ਜਿਵੇਂ ਮੇਰੇ ਵਾਸਤੇ ਰੋਟੀ ਪੱਕੀ ਪਕਾਈ ਹੁੰਦੀ ਹੈ।'

ਕਹਿੰਦੇ, "ਹੋਰ ਕੀ ਕਰਦਾ ਹੁੰਦਾ ਹੈ?"

ਕਹਿੰਦਾ, "ਮਹਾਰਾਜ! ਮੈਂ ਕੀ ਕਰਨਾ ਹੈ? ਤੁਹਾਡੇ ਨਾਲ ਰਹਿਣ ਕਰਕੇ ਮੈਨੂੰ ਕੁਝ ਸੋਝੀ ਆ ਗਈ। ਇਕ ਤਾਂ ਮੈਨੂੰ ਦੂਸਰੇ ਦੇ ਹਿਰਦੇ ਦੀ ਗੱਲ ਦਾ ਪਤਾ ਲਗਣ ਲਗ ਗਿਆ ਕਿ ਇਹ ਬੰਦਾ ਮੇਰੇ ਬਾਰੇ ਕੀ ਸੋਚਦਾ ਹੈ, ਟੈਲੀਪੈਥੀ ਨੂੰ ਮੈਂ ਜਾਨਣ ਲਗ ਪਿਆ।"

ਜਦੋਂ ਹਿਰਦਾ ਸ਼ੁੱਧ ਹੋ ਜਾਂਦਾ ਹੈ ਤਾਂ ਬਗੈਰ ਬੋਲੇ ਤੋਂ ਹੀ ਬਾਤ ਦਾ ਪਤਾ ਲਗ ਜਾਂਦਾ ਹੈ। ਭਾਵੇਂ ਬੋਲੇ ਉਤੋਂ ਮਿੱਠਾ ਪਰ ਜੇ ਅੰਦਰੋਂ ਕਠੋਰਤਾ ਹੈ ਤਾਂ ਟਿਕੇ ਹੋਏ ਹਿਰਦੇ ਨੂੰ ਫੌਰਨ ਪਤਾ ਲਗ ਜਾਂਦਾ ਹੈ ਕਿ ਉਤੋਂ ਪਖੰਡ ਨਾਲ ਗੱਲ ਕਰ ਰਿਹਾ ਹੈ ਪਰ ਅੰਦਰ ਇਸ ਦੇ ਆਹ ਗੱਲ ਚਲ ਰਹੀ ਹੈ।

ਕਹਿੰਦਾ, "ਮਹਾਰਾਜ! ਦੂਸਰਾ ਮੈਨੂੰ ਮੱਥਾ ਦੇਖ ਕੇ ਬੰਦੇ ਦੇ ਸੁਭਾਅ ਦਾ ਪਤਾ ਲਗ ਗਿਆ। ਜੇ ਤਾਂ ਖਿੜਿਆ ਮੱਥਾ ਹੋਵੇ, ਬੁੱਲ੍ਹਾਂ ਦੇ ਉਤੇ ਮੁਸਕਰਾਹਟ ਹੋਵੇ, ਚਿਹਰਾ ਖਿੜਿਆ ਹੋਵੇ ਤਾਂ ਮੈਨੂੰ ਪਤਾ ਲਗ ਜਾਂਦਾ ਹੈ ਕਿ ਇਹ ਬੰਦਾ ਸਰਲ ਹੈ, ਇਸ ਦੇ ਅੰਦਰ ਜ਼ਰੂਰ ਪ੍ਰਮੇਸ਼ਰ ਦੇ ਨਾਮ ਦੀ ਰੌ ਚਲ ਰਹੀ ਹੈ।

***ਨਾਨਕ ਭਗਤਾ ਸਦਾ ਵਿਗਾਸੁ॥***
***ਸੁਣਿਐ ਦੂਖ ਪਾਪ ਕਾ ਨਾਸੁ॥*** ***ਅੰਗ – 3***

ਨਾਮ ਖੇੜਾ ਪੈਦਾ ਕਰਦਾ ਹੈ।

ਕਹਿਣ ਲੱਗਿਆ, "ਮਹਾਰਾਜ! ਫੇਰ ਮੈਂ ਉਸ ਨੂੰ ਸਤਿ ਕਰਤਾਰ ਦਾ ਅਵਾਜ਼ਾ ਦਿੰਦਾ ਹਾਂ, ਉਹ ਵੀ ਆਪਣੀ ਬੋਲੀ ਵਿਚ ਬੋਲਦਾ ਹੈ, ਫੇਰ ਗੱਲ ਚਲ ਪੈਂਦੀ ਹੈ ਫੇਰ ਮੈਨੂੰ ਉਹ ਪ੍ਰਸ਼ਾਦਾ ਛਕਾ ਦਿੰਦਾ ਹੈ ਤੇ ਫੇਰ ਮੈਂ ਤੁਹਾਡੇ ਵਾਸਤੇ ਵੀ ਲੈ ਆਉਂਦਾ ਹਾਂ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਜੇ ਇਹੋ ਜਿਹਾ ਕਦੇ ਨਾ ਮਿਲੇ।"

ਕਹਿਣ ਲੱਗਿਆ, "ਮਹਾਰਾਜ! ਫੇਰ ਮੇਰੇ ਨਾਲ ਆ ਕੇ ਦੇਖ ਲਿਓ, ਕਿਵੇਂ ਗਾਲ੍ਹਾਂ ਕੱਢਦੀਆਂ ਨੇ ਬੀਬੀਆਂ, ਕੋਈ ਕੁਝ ਕਹਿੰਦੀ ਹੈ, ਕੋਈ ਕੁਝ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਨਿਰੰਕਾਰ ਦੇ ਹੋਈਏ ਚਾਕਰ ਤੇ ਦੁਨੀਆਂ ਅੱਗੇ ਹੱਥ ਅੱਡਣਾ ਹੈ?"

ਉਸੇ ਵੇਲੇ ਆਪ ਨੇ ਖੜਾਂਵ ਵਿਚੋਂ ਪੈਰ ਕੱਢਿਆ, ਪੈਰ ਦੇ ਅੰਗੂਠੇ ਨਾਲ ਧਰਤੀ ਪੁੱਟੀ ਤੇ ਇਕ ਲਾਲ ਕੱਢਿਆ।

ਕਹਿੰਦੇ, "ਲੈ ਮਰਦਾਨਿਆ! ਇਹ ਚੁੱਕ ਲੈ। ਇਹ ਅਮੁੱਲੀ ਚੀਜ਼ ਹੈ। ਜਾਹ! ਜਾ ਕੇ ਸ਼ਹਿਰ ਵਿਚ ਇਸ ਦਾ ਮੁੱਲ ਪੁਛ ਕੇ ਆ ਤੇ ਨਾਲ ਪ੍ਰਸ਼ਾਦਾ ਛਕ ਆ।"

ਮਰਦਾਨਾ ਲਾਲ ਲੈ ਕੇ ਚਲਦਾ-ਚਲਦਾ ਸਬਜ਼ੀ ਫਰੋਸ਼ਾਂ ਦੇ ਮਹੱਲੇ ਚਲਿਆ ਗਿਆ। ਉਥੇ ਜਾ ਕੇ ਇਕ ਚੰਗੀ ਦੁਕਾਨ ਦੇਖ ਕੇ ਕਹਿਣ ਲੱਗਿਆ, "ਪ੍ਰੇਮੀਆ! ਦੇਖ ਕਿੰਨੇ ਕੁ ਮੁੱਲ ਦੀ ਚੀਜ਼ ਹੈ ਮੇਰੇ ਹੱਥ ਵਿਚ ਤੇ ਮੈਨੂੰ ਤੂੰ ਸਵਾ ਸੇਰ ਖਾਣ ਲਈ ਕੋਈ ਫਲ ਦੇ ਦੇ।"

ਉਸ ਨੇ ਦੇਖਿਆ ਤੇ ਕਹਿਣ ਲੱਗਿਆ ਕਿ ਭਾਈ! ਇਹਦਾ ਕਾਹਦਾ ਮੁੱਲ ਹੈ? ਇਹ ਤਾਂ ਐਵੇਂ ਹੀ ਲਾਲ ਪੱਥਰ ਹੈ। ਗੰਗਾ ਦੇ ਕਿਨਾਰੇ ਸਾਡੇ ਬੱਚੇ ਨਹਾਉਣ ਜਾਂਦੇ ਨੇ ਤੇ ਚੁੱਕ ਲਿਆਉਂਦੇ ਨੇ। ਇਹ ਤਾਂ ਕੁਝ ਵੀ ਨਹੀਂ ਹੈ।" ਮਰਦਾਨਾ ਕਹਿੰਦਾ, "ਨਹੀਂ! ਬਹੁਤ ਮੁੱਲ ਹੈ ਇਸ ਦਾ।"

ਉਥੇ ਕੁਝ ਬੰਦੇ ਖੜ੍ਹੇ ਸਨ। ਉਹ ਪੁੜਪੁੜੀ ਕੋਲ ਉਂਗਲੀ ਘੁਮਾਉਣ ਲਗ ਗਏ ਕਿ ਇਸ ਦੇ ਦਿਮਾਗ ਵਿਚ ਫਰਕ ਹੈ, ਕੁਝ-ਕੁਝ ਮਰਦਾਨਾ ਵੀ ਸਮਝ ਗਿਆ। ਵਾਪਸ ਲੈ ਕੇ ਹਲਵਾਈ ਕੋਲ ਚਲਿਆ ਗਿਆ, ਜਦੋਂ ਉਸ ਨੂੰ ਦਿਖਾਇਆ ਤਾਂ ਹਲਵਾਈ ਕਹਿੰਦਾ ਕਿ ਭਾਈ! ਇਸ ਦੀ ਅੱਧ-ਸੇਰ ਮਠਿਆਈ ਲੈ ਲੈ। ਸਬਜ਼ੀ ਫਰੋਸ਼ ਦੋ ਮੂਲੀਆਂ ਦੇਂਦਾ ਸੀ।

ਮਰਦਾਨਾ ਕਹਿੰਦਾ, "ਸ਼ਾਹ ਜੀ! ਮੈਨੂੰ ਇਸ ਦਾ ਮੁੱਲ ਦੱਸੋ ਕਿੰਨਾ ਹੈ?"

ਉਹ ਕਹਿੰਦਾ, "ਤੈਨੂੰ ਦੱਸ ਤਾਂ ਦਿਤਾ ਕਿ ਅੱਧ ਸੇਰ ਮਠਿਆਈ ਲੈ ਜਾ ਇਸ ਨੂੰ ਇੱਥੇ ਹੀ ਰਹਿਣ ਦੇ, ਮੇਰੀ ਤੱਕੜੀ ਵਿਚ ਐਨਾ ਕੁ ਹੀ ਪਾਸਕੂ ਹੈ।

ਮਰਦਾਨੇ ਨੇ ਬਥੇਰਾ ਸਮਝਾਉਣ ਦਾ ਯਤਨ ਕਰਿਆ ਪਰ ਉਹ ਨਹੀਂ ਮੰਨਿਆ। ਮਰਦਾਨਾ ਬਜਾਜ ਕੋਲ ਗਿਆ ਉਹ ਦੋ ਗਜ਼ ਕਪੜਾ ਦੇਵੇ। ਅੱਗੇ

ਇਕ ਜੌਹਰੀ ਕੋਲ ਗਿਆ ਉਸ ਨੇ ਦੱਸ ਰੁਪਏ ਮੁੱਲ ਪਾਇਆ। ਦੂਸਰੇ ਕੋਲ ਗਿਆ ਉਸ ਨੇ ਸੌ ਰੁਪਿਆ ਮੁੱਲ ਪਾ ਦਿਤਾ। ਮਰਦਾਨਾ ਹੈਰਾਨ ਹੋ ਗਿਆ ਕਿ ਸੌ ਰੁਪਏ, ਕਿੱਥੇ ਦੋ ਮੂਲੀਆਂ, ਅੱਧੇ ਧੇਲੇ ਦੀਆਂ।

ਕਹਿਣ ਲੱਗਿਆ, "ਕੋਈ ਵੱਡਾ ਜੌਹਰੀ ਵੀ ਹੈ ਇਥੇ?"

ਕਹਿੰਦੇ, "ਹਾਂ! ਇਥੇ ਸਾਲਸਰਾਇ ਨਾਂ ਦਾ ਜੌਹਰੀ ਹੈ ਤੇ ਐਸਾ ਘਰ ਹੈ ਉਸ ਦਾ।"

ਮਰਦਾਨਾ ਪੁੱਛ-ਪੁਛਾ ਕੇ ਚਲਿਆ ਗਿਆ। ਉਹ ਉਪਰ ਚੌਬਾਰੇ ਤੇ ਰਹਿੰਦਾ ਸੀ। ਹੇਠਾਂ ਰੱਸੀ ਲਟਕਦੀ ਹੈ, ਘੰਟੀ ਨਾਲ ਬੰਨ੍ਹੀ ਨਾਲ ਹੋਈ, ਮਰਦਾਨੇ ਨੇ ਰੱਸੀ ਖਿੱਚੀ ਅੰਦਰ ਘੰਟੀ ਵੱਜੀ। ਨੌਕਰ ਆਇਆ ਆ ਕੇ ਉਸ ਨੇ ਪੁੱਛ-ਪ੍ਰਤੀਤ ਕੀਤੀ।

ਕਹਿੰਦਾ, "ਦੱਸੋ ਭਾਈ ਮਰਦਾਨਾ! ਕੀ ਗੱਲ ਹੈ?"

ਮਰਦਾਨਾ ਕਹਿੰਦਾ, "ਸ਼ਾਹ ਜੀ! ਮੇਰੇ ਕੋਲ ਆਹ ਚੀਜ਼ ਹੈ, ਮੈਂ ਇਸ ਦਾ ਮੁੱਲ ਪੁੱਛਣਾ ਹੈ।"

ਕਹਿੰਦਾ, "ਮੈਂ ਸ਼ਾਹ ਜੀ ਨਹੀਂ ਹਾਂ, ਮੈਂ ਤਾਂ ਨੌਕਰ ਹਾਂ ਤਾਂ ਤੁਸੀਂ ਉਪਰ ਆ ਜਾਓ।"

ਉਪਰ ਜਾ ਕੇ ਉਹ ਸ਼ਾਹ ਨੂੰ ਕਹਿਣ ਲੱਗਿਆ ਕਿ ਸ਼ਾਹ ਜੀ! ਇਹ ਮਰਦਾਨਾ ਜੀ ਆਏ ਨੇ ਪੰਜਾਬ ਦੇਸ ਤੋਂ। ਇਨ੍ਹਾਂ ਕੋਲ ਕੋਈ ਚੀਜ਼ ਹੈ ਉਸ ਦਾ ਮੁੱਲ ਪੁਛਦੇ ਨੇ, ਆਹ ਮੇਰੇ ਹੱਥ ਵਿਚ ਹੈ।

ਕਹਿਣ ਲੱਗੇ, "ਬੇਟਾ, ਅਧਰੱਕਾ! ਤੈਨੂੰ ਵੀ ਬੜੀ ਦੇਰ ਹੋ ਗਈ ਮੇਰੇ ਨਾਲ ਰਹਿੰਦੇ ਨੂੰ ਤੂੰ ਮੁੱਲ ਦੱਸ ਤਾਂ!"

ਕਹਿੰਦਾ, "ਸੇਠ ਜੀ! ਮੈਂ ਇਸ ਦਾ ਹਜ਼ਾਰ ਰੁਪਈਆ ਮੁੱਲ ਪਾਇਆ ਹੈ।"

ਉਸ ਵੇਲੇ ਦੇ ਰੁਪਏ ਦੇ ਨੌਂ ਮਣ ਪੱਕੇ ਛੋਲੇ ਆਉਂਦੇ ਸਨ ਤੇ ਹਜ਼ਾਰ ਰੁਪਿਆ ਅੱਜ ਦੇ ਲੱਖਾਂ ਵਿਚ ਚਲਿਆ ਗਿਆ।

ਕਹਿਣ ਲੱਗੇ, "ਦਿਖਾ ਤਾਂ! ਐਨੀ ਕੀਮਤੀ ਚੀਜ਼?"

ਜਦੋਂ ਸ਼ਾਹ ਨੇ ਫੜ ਕੇ ਰੋਸ਼ਨੀ ਵਲ ਕਰਿਆ ਤੇ ਉਸ ਦੀ ਰੌਸ਼ਨੀ ਦੀਆਂ ਲਾਈਨਾਂ ਨਾਪੀਆਂ ਤਾਂ ਹੈਰਾਨ ਰਹਿ ਗਿਆ, ਉਪਰਲਾ ਸਾਹ ਉਪਰ ਹੀ ਰਹਿ ਗਿਆ, ਛਾਤੀ ਫੁਲਦੀ ਜਾਂਦੀ ਹੈ।

ਕਹਿੰਦੇ, "ਬੇਟਾ! ਸੌ ਰੁਪਿਆ ਜਲਦੀ ਲਿਆ ਕੱਢ ਕੇ।" ਏਧਰ ਮਰਦਾਨੇ ਦੇ ਚਿਹਰੇ ਵਲ ਦੇਖਿਆ। ਕਹਿੰਦੇ, "ਭਾਈ ਮਰਦਾਨਾ! ਮੈਂ ਮੁੱਲ ਨਹੀਂ ਦੇ ਰਿਹਾ।"

ਫੇਰ ਆਪਣੇ ਨੌਕਰ ਨੂੰ ਕਹਿਣ ਲੱਗਿਆ ਜਦੋਂ ਉਹ ਸੌ ਰੁਪਏ ਲੈ ਆਇਆ, ਕਹਿੰਦਾ ਕਿ ਬੇਟਾ! ਆਪਣੀ ਕਿਸਮਤ ਜਾਗ ਪਈ। ਅੱਜ ਉਹ ਨਾਯਾਬ ਲਾਲ ਜਿਸ ਦਾ ਕੋਈ ਮੁੱਲ ਨਹੀਂ ਹੁੰਦਾ, ਆਪਾਂ ਨੂੰ ਦੇਖਣ ਵਾਸਤੇ ਮਿਲ ਗਿਆ। ਸਾਡੇ ਬਜ਼ੁਰਗ ਦੱਸਿਆ ਕਰਦੇ ਸਨ ਕਿ ਸੰਸਾਰ ਵਿਚ ਇਕ ਐਸਾ ਲਾਲ ਹੈ ਜਿਸ ਦਾ ਕੋਈ ਮੁੱਲ ਨਹੀਂ ਹੁੰਦਾ, ਉਸ ਦੀ ਨਿਸ਼ਾਨੀ ਆਹ ਹੁੰਦੀ ਹੈ। ਜੇ ਕਿਤੇ ਉਹ ਵੱਡੇ ਭਾਗਾਂ ਨਾਲ ਦੇਖਣ ਲਈ ਮਿਲ ਜਾਵੇ ਤਾਂ ਪਹਿਲਾਂ ਸੌ ਰੁਪਿਆ ਦਰਸ਼ਨ ਭੇਂਟ ਰੱਖਿਓ, ਫੇਰ ਉਸ ਦੇ ਮੁੱਲ ਦੀ ਗੱਲ ਕਰਿਓ। ਮੁੱਲ ਕੋਈ ਨਹੀਂ ਉਸ ਦਾ ਹੋਇਆ ਕਰਦਾ, ਜਿੰਨਾ ਕਿਸੇ ਕੋਲ ਧਨ ਹੈ ਓਨਾਂ ਹੀ ਮੁੱਲ ਹੈ।"

ਕਹਿੰਦੇ, "ਭਾਈ ਮਰਦਾਨਾ! ਮੈਂ ਇਸ ਦਾ ਮੁੱਲ ਨਹੀਂ ਦੇ ਰਿਹਾ, ਮੈਂ ਤਾਂ ਕੇਵਲ ਇਸ ਦੀ ਦਰਸ਼ਨ ਭੇਂਟ ਦੇ ਰਿਹਾ ਹਾਂ, ਇਹ ਤੁਹਾਡਾ ਹੈ ਜਾਂ ਕਿਸੇ ਹੋਰ ਦਾ।"

ਕਹਿੰਦਾ, "ਇਹ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦਾ ਹੈ।"

ਕਹਿੰਦੇ, "ਓਹੀ ਗੁਰੂ ਨਾਨਕ ਨਿਰੰਕਾਰੀ ਤਾਂ ਨਹੀਂ ਜਿਹੜੇ ਕਲਜੁਗ ਵਿਚ ਪ੍ਰਗਟ ਹੋਏ ਨੇ, ਆਪ ਨਿਰੰਕਾਰ।"

ਮਰਦਾਨਾ ਕਹਿੰਦਾ, "ਹਾਂ ਓਹੀ ਨੇ।"

ਕਹਿੰਦੇ, "ਬੇਟਾ ਅਧਰੱਕਾ! ਕਿਸਮਤ ਜਾਗ ਪਈ। ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋ ਜਾਣੇ ਨੇ ਤੇ ਕੀਮਤੀ ਲਾਲ ਦੇ ਵੀ ਹੋ ਗਏ। ਪ੍ਰਸ਼ਾਦਾ ਭਾਈ ਮਰਦਾਨਾ।"

ਕਹਿੰਦੇ, "ਅਜੇ ਤੱਕ ਤਾਂ ਕਿਸੇ ਨੇ ਛਕਾਇਆ ਨਹੀਂ।"

ਕਹਿੰਦੇ, "ਕਿੰਨੀਆਂ ਕੁ ਮੂਰਤੀਆਂ ਨੇ?"

ਮਰਦਾਨਾ ਕਹਿੰਦਾ, "ਕਦੇ-ਕਦੇ ਤਾਂ ਅਸੀਂ ਹਜ਼ਾਰਾਂ ਵਿਚ ਵੀ ਹੋ ਜਾਂਦੇ ਹਾਂ ਪਰ ਹੁਣ ਤਾਂ ਅਸੀਂ ਤਿੰਨੇ ਹੀ ਹਾਂ, ਮੈਂ, ਭਾਈ ਬਾਲਾ ਤੇ ਸਤਿਗੁਰੂ ਨਾਨਕ ਪਾਤਸ਼ਾਹ।"

ਕਹਿੰਦਾ, "ਚੱਲ ਭਾਈ! ਅਸੀਂ ਪਿੱਛੇ ਪ੍ਰਸ਼ਾਦਾ ਲੈ ਕੇ ਆਉਂਦੇ ਹਾਂ, ਹੋਰ ਨਾ ਕਿਸੇ ਤੇ ਲਇਓ।"

ਮਰਦਾਨਾ ਹੈਰਾਨ ਹੋਇਆ ਤੁਰਿਆ ਜਾਂਦਾ ਹੈ। ਇਕੋ ਹੀ ਧੁਨ ਲੱਗੀ ਹੋਈ ਹੈ ਕਿ ਦੋ ਮੂਲੀਆਂ ਦਿੰਦਾ ਹੈ ਕੋਈ, ਕੋਈ ਅੱਧ ਸੇਰ ਮਠਿਆਈ ਦਿੰਦਾ ਹੈ, ਇਕ ਦੋ ਗਜ਼ ਕੱਪੜਾ ਦਿੰਦਾ ਹੈ, ਇਕ ਦੱਸ ਰੁਪਏ ਦਿੰਦਾ ਹੈ, ਇਕ ਸੌ ਦਿੰਦਾ ਹੈ ਤੇ ਇਹ ਕਹਿੰਦਾ ਹੈ ਇਸ ਦਾ ਮੁੱਲ ਹੀ ਕੋਈ ਨਹੀਂ, ਦਰਸ਼ਨ ਭੇਟਾ ਹੀ ਸੌ ਦੇ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਜਾ ਕੇ ਨਾਲੇ ਸੌ ਰੁਪਈਆ ਰੱਖ ਦਿਤਾ, ਨਾਲੇ ਲਾਲ ਰੱਖ ਦਿਤਾ।

ਮਹਾਰਾਜ ਜੀ ਕਹਿੰਦੇ, "ਮਰਦਾਨਾ! ਇਹ ਕੀ?"

ਕਹਿੰਦਾ, "ਮਹਾਰਾਜ! ਤੇਰੀਆਂ ਤੂੰ ਜਾਣ। ਮੈਂ ਤਾਂ ਹੈਰਾਨ ਹੋਈ ਜਾਂਦਾ ਹਾਂ ਕਿ ਇਸ ਲਾਲ ਦੀ ਕੀਮਤ ਦੋ ਮੂਲੀਆਂ, ਇਕ ਅੱਧ ਸੇਰ ਮਠਿਆਈ, ਇਕ ਦੋ ਗਜ਼ ਕੱਪੜਾ, ਇਕ ਦੱਸ ਰੁਪਏ, ਇਕ ਸੌ ਰੁਪਏ ਤੇ ਮਹਾਰਾਜ! ਸਾਲਸਰਾਏ ਕਹਿੰਦਾ ਇਸ ਦਾ ਮੁੱਲ ਹੀ ਕੋਈ ਨਹੀਂ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਤੂੰ ਸਮਝਾ ਦੇਣਾ ਸੀ।"

ਕਹਿੰਦਾ, "ਪਾਤਸ਼ਾਹ! ਮੈਨੂੰ ਤਾਂ ਕਮਲਾ ਬਣਾ ਦਿਤਾ ਉਨ੍ਹਾਂ ਨੇ। ਜਿੰਨਾਂ ਮੈਂ ਜ਼ਿਆਦਾ ਕਹਾਂ, ਓਨਾ ਹੀ ਉਹ ਮੈਨੂੰ ਕਮਲਾ ਕਹਿਣ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਜਿਸ ਤਰ੍ਹਾਂ ਲਾਲਾਂ ਦੀ ਕੀਮਤ ਪੂਰੇ ਜੌਹਰੀ ਤੋਂ ਬਗੈਰ ਨਹੀਂ ਪੈਂਦੀ ਇਸੇ ਤਰ੍ਹਾਂ ਪ੍ਰਮੇਸ਼ਰ ਦੇ ਨਾਮ ਦੀ ਕੀਮਤ ਮਹਾਂਪੁਰਸ਼ਾਂ ਤੋਂ ਬਗੈਰ ਨਹੀਂ ਪਿਆ ਕਰਦੀ।"

***ਧਾਰਨਾ – ਮਹਿਮਾ ਹਰਿ ਨਾਮ ਦੀ***
***ਸੰਤਾਂ ਦੇ ਹਿਰਦੇ ਵਸਦੀ – 2, 2.***
***ਸੰਤਾਂ ਦੇ ਹਿਰਦੇ ਵਸਦੀ – 2, 2.***
***ਮਹਿਮਾ ਹਰਿ ਨਾਮ ਦੀ, – 2, 2.***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਅੰਗ – 265***

ਮਹਾਰਾਜ ਜੀ ਕਹਿੰਦੇ, "ਸੰਤਾਂ ਤੋਂ ਬਗੈਰ ਮਰਦਾਨਿਆ! ਸੰਸਾਰ ਕੀ ਜਾਣੇ ਕਿ ਨਾਮ ਕੀ ਹੁੰਦਾ ਹੈ। ਸੰਸਾਰ ਤਾਂ ਮਾਇਆ ਦੀਆਂ ਭੁੱਲ-ਭੁਲਾਈਆਂ ਵਿਚ ਪਿਆ ਹੋਇਆ ਹੈ, ਬਾਹਰ ਨਹੀਂ ਨਿਕਲਦਾ। ਕਾਲ ਮੰਡਲ ਦੇ ਘੇਰੇ ਵਿਚ ਰਹਿ ਕੇ ਜੰਮਦਾ ਹੈ ਮਰਦਾ ਹੈ ਪਰ ਨਾਮ ਦੀ ਮਹਿਮਾ ਨਹੀਂ ਜਾਣਦਾ ਕਿ ਨਾਮ ਮੈਨੂੰ ਛੁਡਾ ਦਏਗਾ। ਕਾਲ ਨਹੀਂ ਆਏਗਾ, ਨਾਮੀ ਪੁਰਸ਼ ਦੇ ਕੋਲ ਉਹ ਅਕਾਲ ਮੰਡਲ ਦੇ ਵਿਚ ਪ੍ਰਵੇਸ਼ ਕਰ ਜਾਏਗਾ।

ਨਾਮ ਦੀ ਮਹਿਮਾ ਜੇ ਪੁੱਛਣੀ ਹੈ ਤਾਂ –

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***

***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਅੰਗ - 487***

ਗਰੀਬ ਆਦਮੀ ਜਦੋਂ ਬੰਦਗੀ ਕੀਤੀ ਤਾਂ ਮਰੀ ਹੋਈ ਗਊ ਜੀਉਂਦੀ ਹੋ ਜਾਂਦੀ ਹੈ ਪਰ ਪ੍ਰਮੇਸ਼ਰ ਅੰਤਰਜਾਮੀ ਨੇ ਭਗਤ ਦੀ ਬੇਅਦਬੀ ਕਰਕੇ ਹਿੰਦੋਸਤਾਨ ਦਾ ਚੱਕਰਵਰਤੀ ਬਾਦਸ਼ਾਹ ਸਲੇਮਸ਼ਾਹ ਐਸਾ ਦਰਦ ਉਸ ਦੇ ਪੇਟ ਵਿਚ ਉਠਾਇਆ, ਮਰਨ ਲੱਗਿਆ। ਉਸ ਵੇਲੇ ਮੂੰਹ ਵਿਚ ਘਾਹ ਲੈ ਕੇ ਨਾਮਦੇਵ ਜੀ ਦੇ ਸਾਮ੍ਹਣੇ ਹੱਥ ਜੋੜ ਕੇ ਕਹਿੰਦਾ ਹੈ-

***ਬਖਸੀ ਹਿੰਦੂ ਮੈ ਤੇਰੀ ਗਾਇ॥ ਅੰਗ - 1166***

ਚੱਕਰਵਰਤੀ ਬਾਦਸ਼ਾਹ ਸੰਤ ਦੇ ਸਾਮ੍ਹਣੇ ਹੱਥ ਜੋੜੀ ਖੜ੍ਹਾ ਹੈ ਕਿ ਮੈਨੂੰ ਬਖਸ਼ ਦੇ ਮੈਂ ਤੇਰੀ ਗਾਂ ਹਾਂ। ਏਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,***
***ਬੰਦਾ ਅਧੀ ਦਮੜੀ ਦਾ - 2, 2.***
***ਮੇਰੇ ਪਿਆਰੇ, ਬੰਦਾ ਅੱਧੀ ਦਮੜੀ ਦਾ-2.***
***ਨਾਮ ਜਪ ਕੇ ਲੱਖਾਂ ਦਾ ਹੋ ਗਿਆ,...2, 2.***

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਅੰਗ - 487***

ਸਾਰੇ ਹਿੰਦੋਸਤਾਨ ਦਾ ਪੂਜ ਬਣ ਗਿਆ ਹੁਣ ਤੱਕ ਅਮਰ ਚਲ ਰਿਹਾ ਹੈ। ਬਹੱਤਰ ਵਾਰੀ ਪਾਰਬ੍ਰਹਮ ਪ੍ਰਮੇਸ਼ਰ ਨੇ ਸਾਕਾਰ ਰੂਪ ਦੇ ਅੰਦਰ ਨਾਮਦੇਵ ਜੀ ਨੂੰ ਦਰਸ਼ਨ ਦਿਤੇ, ਕਿਤੇ ਮਰੀ ਹੋਈ ਗਊ ਜੀਉਂਦੀ ਕਰ ਰਹੇ ਨੇ, ਕਿਤੇ ਛੱਪਰ ਬਣਾਉਣ ਵਾਸਤੇ ਆ ਰਹੇ ਨੇ, ਕਿਤੇ ਦੇਹੁਰਾ ਫੇਰਨ ਵਾਸਤੇ ਆ ਰਹੇ ਨੇ, ਕਿਤੇ ਦੁੱਧ ਪੀਣ ਵਾਸਤੇ ਆ ਰਹੇ ਨੇ, ਅਨੇਕਾਂ ਵਾਰੀ ਦਰਸ਼ਨ ਨਾਮਦੇਵ ਜੀ ਨੂੰ ਹੋਏ-

***ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥***
***ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ਅੰਗ - 487***

ਪੁੱਛ ਲੈ ਕਬੀਰ ਨੂੰ, ਤਾਣੇ-ਬਾਣੇ ਬੁਣਦਾ ਸੀ ਤੇ ਗਰੀਬੀ ਕਿੰਨੀ ਸੀ? ਮਾਤਾ ਕਹਿੰਦੀ ਹੈ ਕਿ ਇਹ ਸਾਨੂੰ ਤਾਂ ਕਹਿੰਦਾ ਹੈ ਕਿ ਛੋਲੇ ਚੱਬ ਕੇ ਗੁਜ਼ਾਰਾ ਕਰ ਲਓ, ਸੰਤਾਂ ਨੂੰ ਜਿਹੜੇ ਪ੍ਰਸ਼ਾਦੇ ਹੁੰਦੇ ਨੇ ਉਹ ਖਿਲਾ ਦਿੰਦਾ ਹੈ। ਸਾਨੂੰ ਕਹਿੰਦਾ ਹੈ ਕਿ ਤੁਸੀਂ ਭੁੰਜੇ ਹੀ ਸੌਂ ਜਾਓ ਤੇ ਜਿਹੜੇ ਇਕ ਦੋ ਮੰਜੇ ਘਰ ਵਿਚ ਨੇ ਉਹ ਸੰਤਾਂ ਨੂੰ ਦੇ ਦਿੰਦਾ ਹੈ ਪਰ ਨਾਮ ਦੀ ਮਹਿਮਾ

ਕਿੱਡੀ ਹੈ। ਸਾਢੇ ਸੱਤ ਕਰੋੜ ਬੰਦੇ ਦਾ ਕਬੀਰ ਸਾਹਿਬ ਨੇ ਉਧਾਰ ਕਰਿਆ ਹੈ, ਵੱਡੀ ਉਮਰ ਦੇ ਹੋਏ ਨੇ ਆਪ। ਸੋ ਨਾਮ ਦੀ ਮਹਿਮਾ ਦੀ ਬਾਤ ਕਹਿੰਦੇ ਉਨ੍ਹਾਂ ਨੂੰ ਪੁੱਛ ਲਓ।

ਇਕ ਵਾਰੀ ਕਬੀਰ ਸਾਹਿਬ ਬਾਹਰ ਗਏ ਹੋਏ ਨੇ ਤੇ ਇਕ ਰਾਜੇ ਨੂੰ ਪਤਾ ਲੱਗਿਆ ਕਿ ਨਾਮ ਜਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਇਹ ਕੋਈ ਐਵੇਂ ਹੀ ਬਾਤ ਨਹੀਂ ਸਾਧਸੰਗਤ ਜੀ! ਇਹ ਬਿਲਕੁਲ ਸੱਚ ਜਾਣੋ।

***ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - 274***

ਜਿਸ ਦਾ ਕਿਤੇ ਇਲਾਜ ਨਾ ਹੁੰਦਾ ਹੋਵੇ ਉਹ ਨਾਮ ਤੇ ਭਰੋਸਾ ਕਰਕੇ ਨਾਮ ਜਪ ਲਵੇ ਉਹ ਰਾਜ਼ੀ ਹੋ ਜਾਏਗਾ। ਸਹਿਜ ਸੁਭਾਅ ਮੈਂ ਬਾਤ ਕਰਦਾ ਹਾਂ। ਸੋ ਆਪ ਦੇ ਘਰ ਇਹ ਰਾਜਾ ਆ ਗਿਆ। ਉਸ ਨੂੰ ਕੋਹੜ ਹੋਇਆ ਹੋਇਆ ਸੀ, ਦੁੱਖੀ ਸੀ ਬਹੁਤ, ਬਦਬੂ ਮਾਰਦੀ ਸੀ। ਆ ਕੇ ਪੁਛਿਆ ਕਿ ਭਗਤ ਜੀ ਕਿੱਥੇ ਨੇ।

ਮਾਤਾ ਜੀ ਕਹਿਣ ਲੱਗੇ ਕਿ ਉਹ ਤਾਂ ਗਏ ਹੋਏ ਨੇ, ਕੁਝ ਦੇਰ 'ਚ ਆਉਣਗੇ।

ਕਹਿਣ ਲੱਗਿਆ, "ਬੀਬੀ! ਮੈਂ ਬਹੁਤ ਦੁਖੀ ਹਾਂ, ਮੇਰੇ ਤੇ ਕ੍ਰਿਪਾ ਕਰੋ, ਮੈਂ ਬੜੀ ਦੂਰੋਂ ਆਇਆ ਹਾਂ।" ਸਾਰੀ ਗੱਲ ਦੱਸੀ ਕਿ ਮੈਨੂੰ ਆਹ ਰੋਗ ਹੈ। ਤਰਸ ਆ ਗਿਆ ਮਾਤਾ ਜੀ ਨੂੰ।

ਕਹਿਣ ਲੱਗੇ, "ਬੈਠੋ ਸਾਮ੍ਹਣੇ।" ਸਾਮ੍ਹਣੇ ਬੈਠ ਗਏ।

ਕਹਿੰਦੇ, "ਕਹੁ ਰਾਮ! ਕਹੁ ਰਾਮ!! ਕਹੁ ਰਾਮ!!!

ਪਹਿਲਾਂ ਕਹਿ ਦਿਤਾ, ਦੂਜੀ ਵਾਰੀ ਕੁਹਾ ਦਿਤਾ। ਤੀਜੀ ਵਾਰ ਫੇਰ ਕੁਹਾ ਦਿਤਾ।

ਕਹਿੰਦੇ, "ਜਾਹ! ਇਸ਼ਨਾਨ ਕਰ ਲੈ ਜਾ ਕੇ।"

ਇਸ਼ਨਾਨ ਕੀਤਾ, ਕਮਾਇਆ ਹੋਇਆ ਨਾਮ, ਸਰੀਰ ਕੰਚਨ ਵਰਗਾ ਹੋ ਗਿਆ। ਮਹਿਮਾ ਚੱਲ ਪਈ ਮਾਤਾ ਲੋਈ ਜੀ ਦੀ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਕਬੀਰ ਸਾਹਿਬ ਤਾਂ ਜੋ ਨੇ, ਸੋ ਹੈ, ਪਰ ਮਾਤਾ ਜੀ ਵੀ ਘੱਟ ਨਹੀਂ ਹਨ। ਧੰਨ ਮਾਤਾ ਲੋਈ! ਧੰਨ ਮਾਤਾ ਲੋਈ!! ਉਧਰੋਂ ਕਬੀਰ ਸਾਹਿਬ ਵਾਪਸ ਆ ਰਹੇ ਨੇ ਤੇ ਸੁਣਦੇ ਨੇ ਕਿ ਧੰਨ ਹੋ ਭਗਤ ਜੀ ਤੁਸੀਂ ਤਾਂ ਧੰਨ ਹੋ ਹੀ ਪਰ ਧੰਨ ਮਾਤਾ ਲੋਈ। ਇਹ ਸੋਚਦੇ ਨੇ ਕਿ ਧੰਨ, ਧੰਨ

ਕਿਉਂ ਹੋਣ ਲੱਗ ਪਈ?

ਲੋਈ ਜੀ ਨੇ ਐਸਾ ਕੀ ਕਰ ਦਿਤਾ। ਜਾਣਦੇ ਤਾਂ ਸੀ। ਸੰਤਾਂ ਦੀ ਜਿਹੜਾ ਸੇਵਾ ਕਰੇ, ਕੁਦਰਤੀ ਤੌਰ ਤੇ ਉਸ ਦੇ ਵਿਚ ਸ਼ਕਤੀਆਂ ਆ ਜਾਇਆ ਕਰਦੀਆਂ ਹਨ। ਸੋ ਮਾਤਾ ਜੀ ਸਤਿਸੰਗ ਕਰਦੇ ਸਨ, ਜੂਠੇ ਬਰਤਨ ਮਾਂਜਦੇ ਸਨ, ਕਬੀਰ ਸਾਹਿਬ ਦਾ ਪੂਰਾ ਸਾਥ ਦਿੰਦੇ ਸਨ। ਇਹ ਵੀ ਤਪ ਹੋਇਆ ਕਰਦਾ ਹੈ ਵੱਡਾ ਭਾਰੀ। ਉਸ ਤੋਂ ਵੀ ਵੱਧ ਕਬੀਰ ਸਾਹਿਬ ਨੂੰ ਸੰਭਾਲਣਾ, ਇਸ਼ਨਾਨ ਕਰਾਉਣਾ, ਬਸਤਰ ਧੋਣੇ, ਪ੍ਰਸ਼ਾਦਾ ਤਿਆਰ ਕਰਕੇ ਦੇਣਾ, ਬੇਅੰਤ ਸੇਵਾ ਕਰਦੇ ਸਨ। ਸੇਵਾ ਕਰਨ ਨਾਲ ਸ਼ਕਤੀਆਂ ਆ ਜਾਇਆ ਕਰਦੀਆਂ ਹਨ।

ਸੋ ਜਦੋਂ ਕਬੀਰ ਸਾਹਿਬ ਨੇ ਸੁਣਿਆ ਤਾਂ ਆਪਣੇ ਇਕ ਪ੍ਰੇਮੀ ਨੂੰ ਪੁਛਿਆ ਕਿ ਇਹ ਕੀ ਹੋ ਰਿਹਾ ਹੈ। ਤਾਂ ਉਹ ਕਹਿੰਦਾ ਕਿ ਮਹਾਰਾਜ! ਇਕ ਰਾਜਾ ਆਇਆ ਸੀ। ਤਿੰਨ ਵਾਰੀ ਰਾਮ ਕੁਹਾ ਕੇ ਮਾਤਾ ਜੀ ਨੇ ਉਸ ਦਾ ਕੋਹੜ ਦੂਰ ਕਰ ਦਿਤਾ।

ਕਹਿਣ ਲੱਗੇ, "ਤਿੰਨ ਵਾਰੀ ਦੀ ਕੀ ਲੋੜ ਸੀ? ਐਨਾ ਸਸਤਾ।"

ਨਰਾਜ਼ ਹੋ ਗਏ, ਗੁਰਮੁਖਾਂ ਦੀ ਨਰਾਜ਼ੀ ਪਾਣੀ ਤੇ ਲਕੀਰ ਹੋਇਆ ਕਰਦੀ ਹੈ, ਮਨਮੁਖ ਦੀ ਨਰਾਜ਼ੀ ਪੱਥਰ ਤੇ ਲਕੀਰ ਹੋਇਆ ਕਰਦੀ ਹੈ। ਗੁਰਮੁਖ ਕਿਸੇ ਨਾਲ ਗੁੱਸਾ ਨਹੀਂ ਰੱਖਿਆ ਕਰਦੇ -

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ਅੰਗ - 1382***

ਥੋੜ੍ਹੇ ਨਰਾਜ਼ ਹੋ ਗਏ ਕਿ ਹੈਂ ਨਾਮ ਐਨਾ ਸਸਤਾ? ਘਰ ਆਏ ਮਾਤਾ ਜੀ ਨੇ ਦੇਖੇ, ਅੱਗੇ ਵਧੀ, ਨਮਸਕਾਰ ਕਰਨ ਲੱਗੀ, ਕਬੀਰ ਸਾਹਿਬ ਰੁਕੇ ਨਹੀਂ ਓਵੇਂ ਜਿਵੇਂ ਚਲੇ ਗਏ, ਨਾ ਦੇਖਿਆ। ਉਸ ਤੋਂ ਬਾਅਦ ਅੰਦਰ ਚਲੇ ਗਏ। ਉਥੇ ਗਈ ਜਾ ਕੇ ਉਨ੍ਹਾਂ ਦੇ ਗਲ ਦਾ ਪਰਨਾ ਫੜਨ ਲੱਗੀ, ਹੱਥ ਦੀ ਸੋਟੀ ਫੜਨ ਲੱਗੀ, ਚਿੱਪੀ ਫੜਨ ਲੱਗੀ। ਆਪੇ ਹੀ ਉਨ੍ਹਾਂ ਨੇ ਸਭ ਕੁਝ ਰੱਖ ਦਿਤਾ ਤੇ ਆਪ ਮੰਜੇ ਤੇ ਬੈਠ ਗਏ। ਇਹ ਜਦੋਂ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਨ ਲੱਗੀ ਤਾਂ ਕਬੀਰ ਸਾਹਿਬ ਨੇ ਪਿੱਠ ਕਰ ਲਈ, ਓਧਰ ਗਈ ਫੇਰ ਪਿੱਠ ਕਰ ਲਈ। ਉਸ ਵੇਲੇ ਮਾਤਾ ਜੀ ਦੇ ਮਨ ਵਿਚ ਬਹੁਤ ਗਹਿਰੀ ਸੱਟ ਲੱਗੀ ਕਿ ਹੈਂ! ਮੇਰੇ ਨਾਲ ਕਿਸ ਕਿਸਮ ਦੀ ਨਰਾਜ਼ੀ ਕਿ ਕੋਈ ਗੱਲ ਤਾਂ ਐਸੀ ਹੋਈ ਨਹੀਂ। ਉਸ ਵੇਲੇ ਦੋਵੇਂ ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕਰਦੇ ਨੇ -

***ਧਾਰਨਾ - ਆਰੇ ਨਾਲ ਚੀਰ ਦੇ,***

***ਕਰਵਟ ਨਾ ਦੇ ਕੇ ਮਾਰੀਂ - 2, 2.***
***ਕਰਵਟ ਨਾ ਦੇ ਕੇ ਮਾਰੀ - 2, 2.***
***ਆਰੇ ਨਾਲ ਚੀਰ ਦੇ, ..........- 2, 2.***

***ਕਰਵਤੁ ਭਲਾ ਨ ਕਰਵਟ ਤੇਰੀ॥ ਅੰਗ - 484***

ਕਹਿਣ ਲੱਗੀ, "ਮਹਾਰਾਜ! ਆਰੇ ਨਾਲ ਮੈਨੂੰ ਚੀਰ ਦਿਓ ਪਰ ਆਹ ਪਿੱਠ ਨਹੀਂ ਮੈਂ ਤੁਹਾਡੀ ਸਹਾਰ ਸਕਦੀ, ਤੁਹਾਡਾ ਗੁੱਸਾ, ਨਰਾਜ਼ੀ ਨਹੀਂ ਸਹਾਰ ਸਕਦੀ।"

***ਲਾਗੁ ਗਲੇ ਸੁਨੁ ਬਿਨਤੀ ਮੇਰੀ॥ ਅੰਗ - 484***

ਮੈਨੂੰ ਕਰਵਟ ਤੁਸੀਂ ਕਿਉਂ ਦਿਤੀ -

***ਜਉ ਤਨੁ ਚੀਰਹਿ ਅੰਗੁ ਨ ਮੋਰਉ॥***
***ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥ ਅੰਗ - 484***

ਤੁਸੀਂ ਚੀਰ ਕੇ ਦੇਖ ਲਓ ਜੇ ਮੈਂ ਕਦੇ ਵੀ ਬੁਰਾ ਅੱਖਰ ਕਹਿ ਜਾਵਾਂ। ਮੇਰਾ ਸਰੀਰ ਗਿਰ ਜਾਵੇ ਪਰ ਮੈਂ ਜੁਗਾਂ-ਜੁਗਾਤਰਾਂ ਦੀ ਪ੍ਰੀਤ ਤੁਹਾਡੇ ਨਾਲ ਨਹੀਂ ਤੋੜ ਸਕਦੀ -

***ਹਮ ਤੁਮ ਬੀਚੁ ਭਇਓ ਨਹੀ ਕੋਈ॥***
***ਤੁਮਹਿ ਸੁ ਕੰਤ ਨਾਰਿ ਹਮ ਸੋਈ॥ ਅੰਗ - 484***

ਕੋਈ ਚੁਗਲ ਨਹੀਂ ਆਇਆ ਤੁਹਾਡੇ ਤੇ ਮੇਰੇ ਪਿਆਰ ਵਿਚ, ਮੈਂ ਤੁਹਾਡੀ ਪਤਨੀ ਹਾਂ ਤੇ ਤੁਸੀਂ ਮੇਰੇ ਪਤੀ ਹੋ ਫੇਰ ਵਜ੍ਹਾ ਕੀ ਹੈ? ਤੁਸੀਂ ਕਿਹੜੀ ਗੱਲ ਤੋਂ ਨਰਾਜ਼ ਹੋ ਗਏ? ਮੈਨੂੰ ਦੱਸੋ ਤਾਂ ਸਹੀ। ਉਸ ਵਕਤ ਕਬੀਰ ਕਹਿਣ ਲੱਗੇ -

***ਕਹਤੁ ਕਬੀਰੁ ਸੁਨਹੁ ਰੇ ਲੋਈ॥***
***ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - 484***

ਤੇਰੀ ਪ੍ਰਤੀਤ ਸੀ ਮੇਰੇ ਹਿਰਦੇ ਦੇ ਅੰਦਰ, ਮੈਂ ਤੈਨੂੰ ਬਹੁਤ ਸੋਝੀਵਾਨ ਸਮਝਦਾ ਸੀ ਕਿ ਤੂੰ ਐਨੇ ਸਤਿਸੰਗ ਸੁਣੇ ਨੇ, ਨਾਮ ਦੀ ਮਹਿਮਾ ਸੁਣੀ ਹੈ ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਤੈਨੂੰ ਨਾਮ ਦੀ ਮਹਿਮਾ ਐਨੀ ਘੱਟ ਪਤਾ ਹੈ। ਕਿਉਂ ਤਿੰਨ ਵਾਰੀ ਤੂੰ ਰਾਮ ਕਹਾਇਆ? ਤੂੰ ਨਾਮ ਐਨਾ ਸਸਤਾ ਲਾ ਦਿਤਾ। ਇਸ ਤਰ੍ਹਾਂ ਕਹਿੰਦੇ ਨੇ -

***ਧਾਰਨਾ - ਲੋਈਏ ਰਾਮ ਪਿਆਰੀਏ,***
***ਤੈਂ ਰਾਮ ਸਵੱਲੜਾ ਲਾਇਆ -2, 2.***
***ਤਿੰਨ ਵਾਰੀ ਰਾਮ ਕਹਾ ਕੇ***
***ਰੋਗੀ ਦਾ ਰੋਗ ਹਟਾਇਆ - 2,***

*ਲੋਈਏ ਰਾਮ ਪਿਆਰੀਏ, .......- 2, 2.*

***ਕਹਤੁ ਕਬੀਰੁ ਸੁਨਹੁ ਰੇ ਲੋਈ॥***
***ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - 484***

ਐਨਾ ਸਸਤਾ ਪ੍ਰਮੇਸ਼ਰ ਦਾ ਨਾਮ ਲਾ ਦਿਤਾ? ਨਾਮ ਦੀ ਮਹਿਮਾ ਦਾ ਨਹੀਂ ਸੀ ਤੈਨੂੰ ਪਤਾ?

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - 81***

ਕਹਿਣ ਲੱਗੀ ਕਿ ਸਵਾਮੀ ਜੀ! ਬੇਨਤੀ ਸੁਣੋਂ ਪਹਿਲੀ ਵਾਰੀ ਮੈਂ ਰਾਮ ਏਸ ਵਾਸਤੇ ਕਹਾਇਆ ਕਿ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ - 1195***

ਜਿਹੜੇ ਮਾੜੇ ਕਰਮ ਏਸ ਰਾਜੇ ਦੇ ਕੀਤੇ ਹੋਏ ਸਨ ਉਨ੍ਹਾਂ ਦੇ ਨਾਸ਼ ਵਾਸਤੇ-

***ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ॥***
***ਮਿਟੰਤ ਸਗਲ ਸਿਮਰੰਤ ਹਰਿ ਨਾਮ***
***ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ਅੰਗ - 1355***

ਜਿਵੇਂ ਲੱਕੜਾਂ ਨੂੰ ਅੱਗ ਲਾ ਦੇਈਦੀ ਹੈ ਮਹਾਰਾਜ! ਇਸੇ ਤਰ੍ਹਾਂ ਮੈਂ ਇਸ ਦੇ ਪਾਪਾਂ ਨੂੰ ਜਾਲਣ ਵਾਸਤੇ ਇਕ ਵਾਰੀ ਰਾਮ ਕਹਾਇਆ। ਸੋ ਆਪ ਸਹਿਮਤ ਹੋਵੋਂਗੇ ਮੇਰੇ ਨਾਲ?

ਕਹਿੰਦੇ, "ਠੀਕ ਹੈ।"

ਕਹਿਣ ਲੱਗੀ ਕਿ ਦੂਸਰੀ ਵਾਰ ਰਾਮ ਮੈਂ ਦਵਾਈ ਦਿਤੀ ਹੈ ਏਸ ਨੂੰ ਤੇ ਤੀਸਰੀ ਵਾਰੀ ਮੈਂ ਨਾਮ ਦੀ ਮਹਿਮਾ ਦਿਖਾਉਣ ਵਾਸਤੇ ਇਸ ਨੂੰ ਗੁਰਮੰਤਰ ਦੇ ਰੂਪ ਵਿਚ ਨਾਮ ਦਿਤਾ ਹੈ।

ਸੋ ਇਸ ਤਰ੍ਹਾਂ ਨਾਮ ਦੀ ਮਹਿਮਾ ਤੇ ਜਗਿਆਸੂ ਦੀ ਜਦੋਂ ਤੱਕ ਪ੍ਰਤੀਤ ਨਹੀਂ ਆਉਂਦੀ ਉਦੋਂ ਤੱਕ ਉਸ ਦੀ ਸ਼ਿਕਾਇਤ ਰਹੇਗੀ ਕਿ ਮੈਨੂੰ ਨਾਮ ਜਪਦੇ ਨੂੰ ਊਂਘ ਆਉਂਦੀ ਹੈ, ਮੇਰਾ ਚਿੱਤ ਨਹੀਂ ਲਗਦਾ, ਮੇਰਾ ਮਨ ਦੌੜਿਆ ਫਿਰਦਾ ਹੈ ਕਿਉਂਕਿ ਨਾਮ ਵਾਸਤੇ ਤਿਆਰੀ ਨਹੀਂ ਕਰੀ, ਸਮਝਿਆ ਨਹੀਂ ਕਿ ਮੈਂ ਕੀ ਕਰਨ ਲੱਗਿਆ ਹਾਂ। ਦੁਨੀਆਂ ਦਾ ਕੰਮ ਕਰਨ ਵਾਸਤੇ - ਸਿਨੇਮਾ ਦੇਖਣਾ ਹੋਵੇ ਤਾਂ ਕਦੇ ਇਕ ਸਕਿੰਟ ਵਾਸਤੇ ਮਨ ਨਹੀਂ ਜਾਂਦਾ,

ਟੈਲੀਵੀਜ਼ਨ ਦੇਖਣਾ ਹੋਵੇ ਤਾਂ ਇਕ ਸਕਿੰਟ ਵਾਸਤੇ ਵੀ ਮਨ ਨਹੀਂ ਜਾਂਦਾ ਪਰ ਜਦੋਂ ਪ੍ਰਮੇਸ਼ਰ ਦਾ ਨਾਮ ਜਪਣਾ ਹੈ ਫੇਰ ਮਨ ਨੇ ਰਹਿਣਾ ਹੀ ਨਹੀਂ ਕਿਉਂਕਿ ਪ੍ਰਤੀਤ ਨਹੀਂ ਹੈ। ਨਾਮ ਦੀ ਮਹਿਮਾ ਤੇ ਪ੍ਰਤੀਤ ਨਹੀਂ ਹੈ।

ਸੋ ਚੌਥਾ ਹੋਇਆ ਕਰਦਾ ਹੈ ਆਪਣੇ ਮੰਤਰ ਤੇ ਭਰੋਸਾ। ਬਹੁਤੇ ਆਦਮੀ ਮੰਤਰ ਲੈ ਲੈਂਦੇ ਨੇ; ਗੁਰਮੰਤਰ ਮਿਲ ਜਾਂਦਾ ਹੈ। ਸਮਰੱਥ ਗੁਰੂ ਨੇ ਜੋ ਮੰਤਰ ਦੇ ਦਿਤਾ ਉਸ ਦੇ ਨਾਲ ਉਧਾਰ ਹੋ ਜਾਇਆ ਕਰਦਾ ਹੈ। ਇਹ ਖਿੱਚਾ-ਖਿੱਚੀ ਹੁੰਦੀ ਹੈ ਜੇ ਅਸੀਂ ਕਹੀਏ ਕਿ ਆਹ ਮੰਤਰ ਹੀ ਉਧਾਰ ਕਰਦਾ ਹੈ ਬਾਕੀ ਨਹੀਂ ਕਰਦੇ। ਠੀਕ ਹੈ, ਸਾਡੇ ਵਾਸਤੇ ਇਹੀ ਠੀਕ ਹੈ ਬਾਕੀਆਂ ਵਾਸਤੇ ਆਪੋ ਆਪਣੇ ਧਰਮ ਅਨੁਸਾਰ ਮੰਤਰ ਨੇ। ਸਾਰੇ ਸੰਸਾਰ ਨੂੰ ਪ੍ਰਮੇਸ਼ਰ ਨੇ ਉਧਾਰਨਾ ਹੈ, ਮਹਾਰਾਜ ਜੀ ਕਹਿੰਦੇ -

***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ ਅੰਗ - 853***

ਜਿਥੋਂ ਦੀ ਲੰਘਾਉਣਾ ਹੈ ਪ੍ਰਮੇਸ਼ਰ ਜੀ ਲੰਘਾ ਲਓ ਸਭ ਨੂੰ, ਭਟਕੇ ਹੋਏ ਜੀਵਾਂ ਨੂੰ ਇਨ੍ਹਾਂ ਤੇ ਮਿਹਰ ਕਰਨ। ਸੋ ਆਪਣੇ ਮੰਤਰ ਤੇ ਪ੍ਰਤੀਤ ਰੱਖਣੀ ਚਾਹੀਦੀ ਹੈ। ਜੋ ਵੀ ਮੰਤਰ ਪ੍ਰਾਪਤ ਹੋ ਗਿਆ, ਭਰੋਸਾ ਰੱਖੋ ਫੇਰ ਨਾ ਵਿਚਾਲੇ ਕਹੇ ਕਿ 'ਓਅੰਕਾਰ' ਦਾ ਮੰਤਰ ਲਵਾਂ ਜਾਂ 'ਸੋਹੰ' ਦਾ ਲਵਾ ਜਾਂ 'ਓਅੰ' ਦਾ ਲਵਾਂ ਜਾਂ 'ਸਤਿਨਾਮੁ' ਦਾ ਲਵਾਂ ਜਾਂ 'ਵਾਹਿਗੁਰੂ' ਦਾ ਲਵਾਂ, ਜਾਂ 'ਸਤਿਨਾਮੁ ਵਾਹਿਗੁਰੂ' ਦਾ ਲਵਾਂ। ਆਹ! ਆਦਮੀ ਵਿਚ ਦੁਚਿੱਤੀ ਪੈਦਾ ਹੋ ਜਾਂਦੀ ਹੈ। ਜੋ ਗੁਰੂ ਧਾਰਨ ਕਰਨ ਵਾਲੇ ਨਾਮ ਦਿਤਾ ਹੈ, ਉਸੇ ਨੇ ਕਲਿਆਣ ਕਰਨੀ ਹੈ।

ਇਸ ਦੇ ਉਤੇ ਇਕ ਸਾਖੀ ਹੈ। ਮਹਾਂਪੁਰਸ਼ ਦੱਸਿਆ ਕਰਦੇ ਸਨ ਕਿ ਇਕ ਮਹਾਤਮਾ ਬਹੁਤ ਉੱਚ ਕੋਟੀ ਦੇ ਸਨ, ਬੀਤਰਾਗ ਅਵਸਥਾ ਦੇ। ਉਨ੍ਹਾਂ ਦੀ ਮਹਿਮਾ ਸੁਣ ਕੇ ਕਿਸੇ ਜਗਿਆਸੂ ਦੇ ਮਨ ਵਿਚ ਸ਼ੌਕ ਜਾਗਿਆ। ਸਤਿਸੰਗ ਸੁਣਿਆ ਉਸ ਨੇ। ਕਿਹਾ ਮੈਂ ਵੀ ਆਪਣਾ ਉਧਾਰ ਕਰ ਲਵਾਂ। ਸੋ ਮਹਾਂਪੁਰਸ਼ਾਂ ਦੇ ਪਾਸ ਆ ਗਿਆ। ਪੜ੍ਹਿਆ ਹੋਇਆ ਨਹੀਂ ਸੀ, ਅਨਪੜ੍ਹ ਸੀ। ਮਹਾਂਪੁਰਸ਼ਾਂ ਕੋਲ ਬੇਨਤੀ ਕੀਤੀ, ਮਹਾਂਪੁਰਸ਼ਾਂ ਨੇ ਦੱਸਿਆ ਕਿ ਆਦਮੀ ਦੇ ਅੰਦਰ ਦੋਸ਼ ਹੁੰਦੇ ਨੇ, ਇਕ ਤਾਂ ਮੈਲ ਹੁੰਦੀ ਹੈ, ਇਕ ਬਿਖਸ਼ੇਪ ਹੁੰਦੀ ਹੈ, ਇਕ ਅਵਰਨ ਹੁੰਦਾ ਹੈ। ਹਰ ਬੰਦੇ ਦੇ ਅੰਦਰ ਹੁੰਦੀਆਂ ਨੇ ਇਹ ਤਿੰਨ ਮੈਲਾਂ ਜਿਹੜੀ ਮੈਲ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ***

*ਪਾਹੁ ॥ ਅੰਗ-651*

ਇਹ ਮੈਲ ਸ਼ੁਭ ਕਰਮਾਂ, ਸੇਵਾ ਆਦਿ ਨਾਲ ਹਟਿਆ ਕਰਦੀ ਹੈ। ਦੂਸਰੀ ਮੈਲ ਉਪਾਸ਼ਨਾ ਨਾਲ ਹਟਿਆ ਕਰਦੀ ਹੈ ਬਿਖਸ਼ੇਪਤਾ ਦੀ, ਤੀਸਰੀ ਗਿਆਨ ਦੇ ਨਾਲ ਹਟਿਆ ਕਰਦੀ ਹੈ ਜਿਸ ਨੂੰ ਪੜਦੇ ਦੀ ਮੈਲ ਕਹਿੰਦੇ ਹਨ 'ਅਵਰਨ'।

ਸੋ ਉਨ੍ਹਾਂ ਨੇ ਕਿਹਾ ਕਿ ਪਹਿਲਾਂ ਇਸ ਤੋਂ ਸੇਵਾ ਕਰਵਾਈਏ। ਸੋ ਉਹ ਕਹਿਣ ਲੱਗੇ ਕਿ ਪ੍ਰੇਮੀਆ! ਸੇਵਾ ਕਰਿਆ ਕਰ ਤੂੰ। ਸੇਵਾ ਕਰਕੇ ਜਦੋਂ ਤੇਰੇ ਅੰਦਰੋਂ ਮੈਲ ਦੂਰ ਹੋਏਗੀ ਉਦੋਂ ਅਸੀਂ ਤੈਨੂੰ ਨਾਮ ਦੇਵਾਂਗੇ। ਪਹਿਲਾਂ ਤੂੰ ਸ਼ੁਧ ਕਰ ਲੈ ਭਾਂਡੇ ਨੂੰ -

***ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਅੰਗ - 728***

ਪਹਿਲਾਂ ਭਾਂਡੇ ਨੂੰ ਸਾਫ ਕਰੋ, ਇਸ ਦੇ ਵਿਚ ਜਿੱਦ ਨਾ ਕਰੋ ਕਿ ਮੈਨੂੰ ਇਸੇ ਤਰ੍ਹਾਂ ਨਾਮ ਦੇ ਦਿਓ, ਦੁੱਧ ਪਾ ਦਿਓ, ਦੁੱਧ ਤਾਂ ਫਟ ਜਾਣਾ ਹੈ ਮੈਲੇ ਭਾਂਡੇ ਦੇ ਅੰਦਰ।

ਇਕ ਕਿਸਾਨ ਜਿੱਦੀ ਜਿਹਾ ਸੀ। ਸੰਤਾਂ ਨੂੰ ਰੋਜ਼ ਕਹਿ ਦਿਆ ਕਰੇ ਕਿ ਸੰਤ ਜੀ! ਮੈਨੂੰ ਨਾਮ ਦਿਓ। ਸੰਤ ਕਹਿੰਦੇ ਕਿ ਕੋਈ ਨਾ ਭਾਈ! ਤੂੰ ਪਹਿਲਾਂ ਸੇਵਾ ਕਰ। ਉਹ ਕਹਿੰਦਾ ਕਿ ਸੇਵਾ ਮੈਂ ਪਿਛੋਂ ਕਰ ਲਵਾਂਗਾ, ਪਹਿਲਾਂ ਮੈਨੂੰ ਨਾਮ ਦੇ ਦਿਓ। ਮੂੰਹ ਫਟ ਸੀ ਗੱਲ ਜ਼ਿਆਦਾ ਕਹਿੰਦਾ ਸੀ। ਜਦੋਂ ਬਾਰ ਬਾਰ ਮਹਾਂਪੁਰਸ਼ਾਂ ਨੇ ਸਮਝਾਇਆ ਪਰ ਨਾ ਸਮਝਿਆ ਤਾਂ ਮਹਾਂਪੁਰਸ਼ਾਂ ਨੇ ਸੋਚਿਆ ਕਿ ਜੁਗਤੀ ਨਾਲ ਸਮਝਾਈਏ। ਉਹ 'ਗਜ਼ਾ' ਕਰਨ ਵਾਸਤੇ ਚਲੇ ਗਏ ਤੇ ਜਾਂਦੇ ਜਾਂਦੇ ਚਿੱਪੀ ਦੇ ਵਿਚ ਲਿੱਦ ਪਾ ਲਈ ਤੇ ਉਸੇ ਦੇ ਘਰ ਚਲੇ ਜਾ ਕੇ ਕਹਿੰਦੇ ਸਤਿਨਾਮ! ਉਹ ਬਾਹਰ ਆਇਆ। ਬੜੀ ਖੁਸ਼ੀ ਹੋਈ ਜਦੋਂ ਦੇਖਿਆ ਸੰਤ ਮੇਰੇ ਆਏ ਨੇ ਤੇ ਅੰਦਰੋਂ ਉਂਜਲ ਭਰ ਕੇ ਆਟਾ ਲਿਆਇਆ। ਸੰਤਾਂ ਨੇ ਚਿੱਪੀ ਅੱਗੇ ਕਰ ਦਿੱਤੀ। ਇਸ ਨੇ ਉਂਜਲ ਰੋਕ ਲਿਆ।

ਕਹਿਣ ਲੱਗਿਆ, "ਮਹਾਰਾਜ! ਇਸ ਦੇ ਵਿਚ ਤਾਂ ਲਿੱਦ ਪਈ ਹੈ।"

ਕਹਿੰਦੇ, "ਵਿਚ ਹੀ ਪਾ ਦੇ।"

ਕਹਿੰਦਾ, "ਮਹਾਰਾਜ! ਆਟਾ ਖਰਾਬ ਹੋ ਜਾਏਗਾ।"

ਮਹਾਂਪੁਰਸ਼ ਕਹਿੰਦੇ, "ਤੂੰ ਕੀ ਲੈਣਾ, ਵਿਚੇ ਪਾ ਦੇ, ਪਿਛੋਂ ਕਰ ਲਵਾਂਗੇ ਸਫਾਈ।"

ਕਹਿੰਦਾ, "ਮਹਾਰਾਜ! ਪਿਛੋਂ ਕੀ ਸਫਾਈ ਕਰੋਗੇ, ਇਹ ਤਾਂ ਆਟਾ ਹੀ ਖਰਾਬ ਹੋ ਜਾਣਾ ਹੈ। ਇਸ ਦੇ ਵਿਚ ਲਿਦ ਰਲ ਜਾਣੀ ਹੈ ਕਿਵੇਂ ਕੱਢ ਲਓਗੇ।"

ਮਹਾਂਪੁਰਸ਼ ਕਹਿੰਦੇ, "ਤੈਨੂੰ ਕੀ ਹੈ ਇਸ ਗੱਲ ਦਾ? ਤੂੰ ਆਟਾ ਪਾਉਣ ਦੀ ਗੱਲ ਕਰ।"

ਕਹਿੰਦਾ, "ਮਹਾਰਾਜ! ਮੈਂ ਆਟਾ ਖਰਾਬ ਨਹੀਂ ਕਰਨਾ।"

ਕਹਿਣ ਲੱਗੇ, "ਪ੍ਰੇਮੀਆ! ਤੂੰ ਇਹ ਆਟਾ ਜੋ ਪੈਸੇ ਦਾ, ਦੋ ਪੈਸੇ ਦਾ ਹੋਏਗਾ ਚਿੱਪੀ ਵਿਚ ਪਾ ਕੇ ਖਰਾਬ ਨਹੀਂ ਕਰਦਾ ਇਸ ਕਰਕੇ ਕਿ ਇਸ ਦੇ ਵਿਚ ਲਿੱਦ ਪਾਈ ਹੋਈ ਹੈ। ਤੇਰੇ ਮਨ ਦੇ ਅੰਦਰ ਈਰਖਾ, ਨਿੰਦਿਆ, ਚੁਗਲੀ, ਬਖੀਲੀ, ਵਿਸ਼ੇ-ਵਿਕਾਰ ਸਭ ਕੁਝ ਪਏ ਨੇ ਤੇ ਤੂੰ ਸਾਥੋਂ ਪ੍ਰਮੇਸ਼ਰ ਦਾ ਅਮੁੱਲ ਨਾਮ ਕਿਵੇਂ ਮੰਗ ਰਿਹਾ ਹੈਂ?"

ਗੱਲ ਸਮਝ ਵਿਚ ਪੈ ਗਈ।

ਕਹਿੰਦਾ, "ਮਹਾਰਾਜ! ਭੁੱਲ ਹੋ ਗਈ। ਫੇਰ ਹੁਕਮ ਕਰੋ।"

ਸੋ ਏਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਪਹਿਲਾਂ ਸੇਵਾ ਕਰਵਾਉਂਦੇ ਨੇ। ਪਹਿਲੇ ਜਮਾਨਿਆਂ ਵਿਚ ਬਾਰਾਂ ਸਾਲ ਸੇਵਾ ਕਰਵਾਇਆ ਕਰਦੇ ਸਨ। ਉਸ ਤੋਂ ਬਾਅਦ ਯੋਗ ਦਿੰਦੇ ਸਨ। ਗੁਰੂ ਘਰ ਦੇ ਅੰਦਰ ਵੀ ਬਹੁਤ ਦੇਰ ਤੱਕ ਸੇਵਾ ਲਾ ਕੇ ਨਾਮ ਦਿਆ ਕਰਦੇ ਸਨ। ਮਹਾਂਪੁਰਸ਼ਾਂ ਦੇ ਵੀ ਇਵੇਂ ਹੀ ਸੀ। ਮਹਾਰਾਜ ਜੀ ਛੇ ਮਹੀਨੇ ਮੂਲ ਮੰਤਰ ਦੇ ਲੱਖਾਂ ਪਾਠ ਕਰਵਾਉਂਦੇ ਸਨ, ਫੇਰ ਕਹਿੰਦੇ ਸੀ ਕਿ ਤੂੰ ਅੰਮ੍ਰਿਤ ਛਕੀਂ ਬਾਅਦ ਵਿਚ। ਹੁਣ ਤਾਂ ਰਿਵਾਜ ਪੈ ਗਿਆ ਅਸੀਂ ਮੱਲੋ-ਮੱਲੀ ਕਹੀ ਜਾਂਦੇ ਹਾਂ ਕਿ ਤੂੰ ਵੀ ਛਕ ਲੈ, ਤੂੰ ਵੀ ਛਕ ਲੈ। ਕੀ ਕਰਾਂਗੇ ਛਕਾ ਕੇ? ਬੰਦੇ ਓਹੋ ਜਿਹੇ ਰਹਿਣੇ ਨੇ, ਬੰਦਾ ਬਦਲੇ -

***ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥***

***ਅੰਗ - 1374***

ਫੇਰ ਤਾਂ ਹੈ ਥੋੜ੍ਹੇ ਹੀ ਬਹੁਤ ਨੇ, ਬਹੁਤਿਆਂ ਦੀ ਲੋੜ ਨਹੀਂ ਹੈ। ਬਹੁਤੇ ਬੇਮੁਖ ਹੋ ਜਾਂਦੇ ਨੇ। ਬੇਮੁਖ ਜਦੋਂ ਹੋ ਗਿਆ ਫੇਰ ਜੰਮਣ ਮਰਨ ਦਾ ਚੱਕਰ ਉਸ ਦੇ ਗਲ ਵਿਚ ਪੈ ਜਾਂਦਾ ਹੈ। ਸੋ ਪਹਿਲਾਂ ਗੱਲ ਸਮਝੋ ਗੱਲ ਸਮਝਣ ਤੋਂ ਬਾਅਦ ਫੇਰ ਆਪਣਾ ਫੈਸਲਾ ਕਰੋ ਕਿ ਮੈਂ ਕਮਾ ਲਵਾਂਗਾ ਨਾਮ ਨੂੰ? ਜੇ ਅਜੇ ਚੱਕਰ ਖਾਣੇ ਨੇ ਚੌਰਾਸੀ ਦੇ, ਹੋਰ ਖਾ ਲਓ ਇਥੇ ਕਿਹੜਾ ਸਮਾਂ ਖਤਮ ਹੁੰਦਾ ਹੈ, ਸੱਠ ਕਰੋੜ ਸਾਲ ਬਾਅਦ ਵਾਰੀ ਆਉਂਦੀ ਹੈ ਮਨੁੱਖਾ ਜਨਮ ਦੀ, ਚੌਰਾਸੀ ਭੋਗਣ ਤੋ ਬਾਅਦ ਕੋਈ ਨਾ ਇਥੇ ਤਾਂ ਖਰਬਾਂ ਖਰਬਾਂ

ਖਰਬਾਂ ਸਾਲ ਨੇ। ਕਿਤੇ ਮੁੱਕ ਜਾਣਾ ਹੈ ਏਸ ਸੰਸਾਰ ਨੇ?ਹੋਰ ਦੇਖ ਲਓ ਚੌਰਾਸੀ ਦਾ ਚੱਕਰ। ਜਿਸ ਨੂੰ ਸ਼ੌਂਕ ਹੈ ਉਹ ਗੁਰੂ ਧਾਰਨ ਕਰੋ ਅੰਮ੍ਰਿਤ ਛਕੋ, ਪੰਜ ਪਿਆਰਿਆਂ ਤੋਂ ਨਾਮ ਲੈ ਕੇ ਫੇਰ ਕਮਾਈ ਕਰੋ।

ਸੋ ਏਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਦੇ ਕਹਿ ਦਿੱਤਾ। ਅੱਠ ਸਾਲ ਲੰਘ ਗਏ, ਅੱਠਾਂ ਸਾਲਾਂ ਤੋਂ ਬਾਅਦ ਉਸ ਨੂੰ ਖਿਆਲ ਆਇਆ ਕਿ ਮੈਨੂੰ ਮੁੜ ਕੇ ਬੁਲਾਇਆ ਹੀ ਨਹੀਂ ਤੇ ਇਜਾਜਤ ਲੈ ਕੇ ਮਹਾਂਪੁਰਸ਼ਾਂ ਕੋਲ ਚਲਿਆ ਗਿਆ। ਮਹਾਂਪੁਰਸ਼ ਕਹਿੰਦੇ ਕਿ ਪ੍ਰੇਮੀਆ! ਅਸੀਂ ਸਵੇਰੇ ਜਦੋਂ ਨਿਤਨੇਮ ਕਰਕੇ ਵਿਹਲੇ ਹੋ ਜਾਵਾਂਗੇ ਉਸ ਵੇਲੇ ਤੂੰ ਅੱਠ ਵਜੇ ਆਈਂ। ਉਸ ਨੇ ਵੀ ਅੱਠ ਵਜੇ ਦਾ ਸਮਾਂ ਯਾਦ ਕਰ ਲਿਆ ਤੇ ਏਧਰਲੇ ਪਾਸੇ ਰਾਤ ਨੂੰ ਕੋਈ ਪ੍ਰੇਮੀ ਆਇਆ ਕਰਮਚਾਰੀ ਤੇ ਆ ਕੇ ਕਹਿਣ ਲੱਗਿਆ ਕਿ ਮਹਾਰਾਜ! ਕੱਲ ਨੂੰ ਇਥੇ ਰਾਜਾ ਹੈ ਉਹ ਆਪ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਕਦੋਂ ਆਵੇ?

ਮਹਾਂਪੁਰਸ਼ ਕਹਿੰਦੇ, "ਅੱਠ ਵਜੇ ਆ ਜਾਵੇ।"

ਉਹ ਕਹਿੰਦੇ, "ਮਹਾਰਾਜ! ਜੇ ਆਗਿਆ ਹੋਵੇ ਤਾਂ ਅਸੀਂ ਏਸ ਕੁਟੀਆ ਦੀ ਸਫਾਈ ਆਦਿ ਕਰ ਦੇਈਏ, ਕਿਉਂਕਿ ਰਾਜੇ ਨੇ ਆਉਣਾ ਹੈ ਫੇਰ ਸਾਡੇ ਤੇ ਨਰਾਜ ਹੋਣਗੇ।"

ਕਹਿੰਦੇ, "ਤੁਹਾਡੀ ਖੁਸ਼ੀ ਹੈ।"

ਉਨ੍ਹਾਂ ਨੇ ਆ ਕੇ ਕੱਪੜੇ ਵਿਛਾ ਦਿੱਤੇ, ਗਲੀਚੇ ਆਦਿ ਹੋਰ ਸਜਾਵਟ ਕਰ ਦਿੱਤੀ ਤੇ ਉਪਰੋਂ ਰਾਜਾ ਆ ਰਿਹਾ ਹੈ ਅਠ ਵਜੇ ਤੇ ਉਧਰੋਂ ਸੇਵਕ ਆ ਰਿਹਾ ਹੈ। ਸਮਾਂ ਜਦੋਂ ਹੋਇਆ ਤਾਂ ਸੇਵਕ ਪਸ਼ੂਆਂ ਦਾ ਗੋਹਾ-ਕੂੜਾ ਚੁੱਕ ਰਿਹਾ ਸੀ। ਉਸ ਨੇ ਕਿਹਾ ਕਿ ਅੱਠ ਤਾਂ ਵੱਜ ਗਏ, ਉਹ ਦੌੜਿਆ ਹੀ ਜਾਂਦਾ ਹੈ। ਪੈਰ ਲਿਬੜੇ ਹੋਏ ਨੇ। ਮਹਾਂਪੁਰਸ਼ ਖੜ੍ਹੇ ਦੇਖਦੇ ਨੇ। ਉਨ੍ਹਾਂ ਨੇ ਸੋਚਿਆ ਕਿ ਇਹ ਤਾਂ ਇਨ੍ਹਾਂ ਦੇ ਗਲੀਚੇ ਆਦਿ ਸਾਰੇ ਖਰਾਬ ਕਰ ਦਏਗਾ।

ਉਨ੍ਹਾਂ ਨੇ ਦੂਰੋਂ ਹੀ ਕਹਿ ਦਿੱਤਾ, "ਪਰ੍ਹੇ ਪਰ੍ਹੇ"

ਉਥੇ ਹੀ ਮੱਥਾ ਟੇਕ ਕੇ ਚਲਿਆ ਗਿਆ। ਦਿਨ ਰਾਤ ਪਰ੍ਹੇ ਪਰ੍ਹੇ ਕਰੀਂ ਗਿਆ। ਸਮਾਂ ਬੀਤ ਗਿਆ, ਇਕ ਦਿਨ ਮਹਾਤਮਾ ਨੂੰ ਕੋਈ ਕੰਮ ਪਿਆ। ਉਨ੍ਹਾਂ ਨੇ ਉਸ ਪ੍ਰੇਮੀ ਨੂੰ ਬੁਲਾਇਆ।

ਕਹਿਣ ਲੱਗੇ, "ਚਾਲੀ ਮੀਲ ਤੇ ਮੇਰੇ ਇਕ ਮਿੱਤਰ ਨੇ ਆਹ! ਚਿੱਠੀ ਲੈ ਜਾ, ਇਸ ਦਾ ਉੱਤਰ ਲੈ ਕੇ ਛੇਤੀ ਤੋਂ ਛੇਤੀ ਵਾਪਸ ਆ।"

ਉਸ ਨੂੰ ਪਰ੍ਹੇ ਪਰ੍ਹੇ ਕਰਦੇ ਨੂੰ ਰਸ ਆ ਗਿਆ ਸੀ। ਕਿਸੇ ਸਮੇਂ ਵੀ ਉਹ ਏਸ ਜਾਪ ਨੂੰ ਨਹੀਂ ਸੀ ਛੱਡਦਾ ਤੇ ਜਦੋਂ ਚਿੱਠੀ ਦਿੱਤੀ ਤਾਂ ਅੰਦਰ ਆਇਆ ਤੇ ਸੋਚਿਆ ਕਿ ਮੇਰਾ ਨਾਮ ਟੁੱਟ ਜਾਏਗਾ, ਮੈਂ ਤੁਰਿਆ ਜਾਵਾਂਗਾ। ਅਜੇ ਇਹ ਸੋਚਦਾ ਹੀ ਸੀ ਕਿ ਐਨੇ ਨੂੰ ਪ੍ਰਮੇਸ਼ਰ ਪ੍ਰਗਟ ਹੋ ਗਿਆ।

ਕਹਿਣ ਲੱਗੇ, "ਲਿਆ ਪ੍ਰੇਮੀਆ! ਮੈਂ ਕਰਦਾ ਹਾਂ ਤੇਰਾ ਕੰਮ। ਮੈਂ ਹੁਣੇ ਹੀ ਜਵਾਬ ਲੈ ਆਉਂਦਾ ਹਾਂ।"

***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥ ਅੰਗ – 403***

ਕਹਿੰਦਾ, "ਮਹਾਰਾਜ! ਤੁਸੀਂ ਕੌਣ ਹੋ?"

ਪ੍ਰਭੂ ਜੀ ਕਹਿੰਦੇ, "ਮੈਂ 'ਪਰ੍ਹੇ ਪਰ੍ਹੇ' ਹਾਂ।"

ਸੋ ਜਵਾਬ ਲਿਆ ਕੇ ਦੇ ਦਿੱਤਾ। ਜਵਾਬ ਲੈ ਕੇ ਥੋੜ੍ਹੀ ਦੇਰ ਬਾਅਦ ਜਦੋਂ ਸੰਤਾਂ ਕੋਲ ਗਿਆ ਤਾਂ ਉਹ ਕਹਿੰਦੇ, "ਤੂੰ ਗਿਆ ਨਹੀਂ ਪ੍ਰੇਮੀਆ।"

ਕਹਿੰਦਾ, "ਮਹਾਰਾਜ! ਮੈਂ ਜਵਾਬ ਲੈ ਆਇਆ।"

ਕਹਿੰਦੇ, "ਦਿਖਾ ਤਾਂ! ਕਿਹੜਾ ਜਵਾਬ ਲਿਆਇਆ।"

ਜਵਾਬ ਦੇਖਿਆ, ਸੰਤਾਂ ਦੇ ਦਸਤਖਤ ਪਛਾਣ ਲਏ।

ਕਹਿਣ ਲੱਗੇ, "ਵਿਚੋਂ ਗੱਲ ਦੱਸ ਕੀ ਹੈ?"

ਕਹਿੰਦਾ, "ਮਹਾਰਾਜ! ਮੈਂ ਤਾਂ ਗਿਆ ਨਹੀਂ ਪਰ੍ਹੇ ਪਰ੍ਹੇ ਗਏ ਸਨ।"

ਕਹਿੰਦੇ, "ਪਰ੍ਹੇ ਪਰ੍ਹੇ ਕੌਣ?"

ਕਹਿੰਦਾ, "ਜਿਹੜਾ ਤੁਸੀਂ ਮੈਨੂੰ ਮੰਤਰ ਦਿੱਤਾ ਸੀ।"

ਸੰਤਾਂ ਦੇ ਯਾਦ ਆ ਗਿਆ। ਉਸ ਵੇਲੇ ਬੜੇ ਗੰਭੀਰ ਹੋ ਗਏ ਪ੍ਰਭੂ ਦੀ ਅਰਾਧਨਾ ਕੀਤੀ, ਪ੍ਰਭੂ ਪ੍ਰਗਟ ਹੋਏ।

ਪ੍ਰਭੂ ਜੀ ਕਹਿਣ ਲੱਗੇ, "ਕੀ ਚਿੰਤਾ ਹੈ?"

ਕਹਿੰਦੇ, "ਮਹਾਰਾਜ! ਤੁਹਾਡਾ ਨਾਮ 'ਪਰ੍ਹੇ ਪਰ੍ਹੇ' ਵੀ ਹੈ?"

ਕਹਿਣ ਲੱਗੇ, "ਇਹ ਤਾਂ ਮੇਰਾ ਆਦਿ ਦਾ ਨਾਮ ਹੈ। ਮੈਨੂੰ ਇਸੇ ਨਾਮ ਨਾਲ ਮਹਾਂਪੁਰਸ਼ ਕਹਿੰਦੇ ਨੇ –

***ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ***
***ਤੁਧੁ ਜੇਵਡੁ ਅਵਰੁ ਨ ਕੋਈ॥ ਅੰਗ - 11***

ਮੈਂ ਪਰ੍ਹੇ ਤੋਂ ਪਰ੍ਹੇ ਹਾਂ ਮੇਰਾ ਨਾਂ ਅਪਰੰਪਰ ਤਾਂ ਹੀ ਪਿਆ ਤੇ ਆਦਿ ਪੁਰਖ ਵੀ ਮੈਨੂੰ ਕਹਿੰਦੇ ਨੇ।

ਸੋ ਆਦਿ ਪੁਰਖ ਦਾ ਨਾਂ ਅਪਰੰਪਰ ਹੈ ਤੇ ਪਰ੍ਹੇ ਪਰ੍ਹੇ ਮੇਰਾ ਨਾਂ ਆਦਿ ਹੋਣ ਕਰਕੇ, ਇਹ ਵੀ ਮੇਰਾ ਨਾਮ ਹੈ, ਜਿੰਨੇ ਸ੍ਰਿਸ਼ਟੀ ਵਿਚ ਨਾਂ ਨੇ ਸਭ ਮੇਰੇ ਨੇ।

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥ ਅੰਗ - 786***

ਨਾਉਂ ਦਾ ਕੋਈ ਝਗੜਾ ਨਹੀਂ, ਸਾਰੇ ਨਾਮ ਉਸ ਦੇ ਹੁੰਦੇ ਹੋਏ ਕੋਈ ਵੀ ਨਾਮ ਉਸ ਦਾ ਨਹੀਂ ਹੈ ਕਿਉਂਕਿ ਅਨਾਮੀ ਪੁਰਸ਼ ਕਹਿੰਦੇ ਨੇ ਪ੍ਰਮੇਸ਼ਰ ਨੂੰ। ਸੋ ਏਸ ਤਰ੍ਹਾਂ ਦੇ ਨਾਲ ਜਿਹੜਾ ਵੀ ਮੰਤਰ ਪ੍ਰਾਪਤ ਹੋ ਗਿਆ ਉਸ ਮੰਤਰ ਤੇ ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਇਹ ਤੀਸਰਾ ਗੁਣ ਹੈ।

ਚੌਥਾ ਹੋਇਆ ਕਰਦਾ ਹੈ ਵਾਹਿਗੁਰੂ ਤੇ ਭਰੋਸਾ। ਚਾਰ ਭਰੋਸੇ ਚਾਹੀਦੇ ਨੇ ਪਹਿਲਾ ਗੁਰੂ ਤੇ ਭਰੋਸਾ, ਦੂਸਰਾ ਨਾਮ ਦੀ ਮਹਿਮਾ ਤੇ ਭਰੋਸਾ, ਤੀਸਰਾ ਮੰਤਰ ਤੇ ਭਰੋਸਾ, ਚੌਥਾ ਵਾਹਿਗੁਰੂ ਤੇ ਭਰੋਸਾ। ਜਦੋਂ ਤੱਕ ਵਾਹਿਗੁਰੂ ਤੇ ਭਰੋਸਾ ਨਹੀਂ ਉਦੋਂ ਤੱਕ ਨਾਮ ਹੀ ਨਹੀਂ ਜਪਿਆ ਜਾਂਦਾ। ਪਹਿਲਾਂ ਸਮਝਣ ਦਾ ਯਤਨ ਕਰੋ ਵਾਹਿਗੁਰੂ ਕੀ ਹੈ। ਸਾਰੇ ਪਰੀਪੂਰਨ-

***ਜਿਮੀ ਜਮਾਨ ਕੇ ਬਿਖੈ ਸਮਸੱਤਿ ਏਕ ਜੋਤ ਹੈ।।***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢ ਹੋਤ ਹੈ।।***
***ਅਕਾਲ ਉਸਤਤਿ***

ਅੰਦਰ ਬਾਹਰ ਸਾਰੇ ਪਰੀਪੂਰਨ ਪ੍ਰਮੇਸ਼ਰ ਹੈ, ਕੋਈ ਥਾਂ ਐਸਾ ਨਹੀਂ ਜਿਥੇ ਉਹ ਨਹੀਂ ਹੈ।

***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਅੰਗ - 294***

ਹਰੇਕ ਥਾਂ ਤੇ ਹੈ -

***ਪਉਣ ਪਾਣੀ ਬੈਸੰਤਰ ਮਾਹਿ॥ ਅੰਗ - 294***

ਪੌਣ ਵਿਚ ਵੀ ਪਾਣੀ ਵਿਚ ਵੀ ਤੇ ਬੈਸੰਤਰ ਵਿਚ ਵੀ, ਹਰ ਥਾਂ ਤੇ ਪ੍ਰਮੇਸ਼ਰ ਹੈ। ਜੇ ਇਹ ਭਰੋਸਾ ਲਿਆ ਕੇ ਇਕ ਵਾਰੀ ਵਾਹਿਗੁਰੂ ਕਰੋ ਤਾਂ ਤੁਸੀਂ ਵਾਹਿਗੁਰੂ ਦਾ ਦਰਵਾਜਾ ਖੜਕਾ ਰਹੇ ਹੋ। ਜੇ ਇਹ ਭਰੋਸਾ

ਜਗਿਆਸੂ ਦੇ ਅੰਦਰ ਨਹੀਂ ਹੈ ਤਾਂ ਇਹ ਨਿਸ਼ਾਨੇ ਵਿਚ ਗੋਲੀਆਂ ਨਹੀਂ ਮਾਰ ਰਿਹਾ, ਜਿਧਰ ਨੂੰ ਮੂੰਹ ਆ ਰਿਹਾ ਉਪਰ ਨੂੰ ਚਲਾ ਰਿਹਾ ਹੈ। ਸੋ ਇਹ ਭਰੋਸਾ ਹੋਣਾ ਜਰੂਰੀ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ। ਮਹਾਰਾਜ ਜੀ ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,***
***ਮੈਂ ਮੂਰਖ ਜਾਨਿਆ ਦੂਰੀ ਰੇ -2, 2.***
***ਮੈਂ ਮੂਰਖ ਜਾਨਿਆ ਦੂਰੀ ਰੇ -2, 2.***
***ਪੇਖਤ ਸੁਨਤ ਸਦਾ ਹੈ ਸੰਗੇ,............ -2.***

***ਦੀਨ ਦਇਆਲ ਕ੍ਰਿਪਾਲ ਸੁਖ ਸਾਗਰ***
***ਸਰਬ ਘਟਾ ਭਰਪੂਰੀ ਰੇ॥***
***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥*** ***ਅੰਗ - 612***

ਸੋ ਜਦੋਂ ਤੱਕ ਪ੍ਰਹਿਲਾਦ ਵਰਗਾ ਨਿਸ਼ਚਾ ਪੈਦਾ ਨਹੀਂ ਹੁੰਦਾ, ਦ੍ਰੋਪਦੀ ਵਰਗਾ ਨਿਹਚਾ, ਧ੍ਰੂ ਵਰਗਾ ਨਿਹਚਾ ਪੈਦਾ ਨਹੀਂ ਹੁੰਦਾ ਓਨੀ ਦੇਰ ਤੱਕ ਪ੍ਰਮੇਸ਼ਰ ਦੀ ਹਾਜਰੀ ਤੋਂ ਬਿਨਾ ਜਪਿਆ ਹੋਇਆ ਨਾਮ, ਨਿਸ਼ਾਨੇ ਵਿਚ ਗੋਲੀ ਨਹੀਂ ਚਲ ਰਹੀ। ਸੋ ਭਰੋਸਾ ਹੋਵੇ ਜਦੋਂ ਨਾਮ ਜਪਣ ਬੈਠਦਾ ਹੈ ਕਿ ਉਹ ਤਾਂ ਮੇਰੇ ਨਾਲ ਹੈ, ਮੈਨੂੰ ਦੇਖ ਰਿਹਾ ਹੈ। ਜੇ ਮੈਂ ਮਨ ਦੇ ਅੰਦਰ ਮਾੜੀਆਂ ਵਾਸ਼ਨਾਵਾਂ ਲਿਆਂਦੀਆਂ ਤਾਂ ਉਹ ਦੇਖ ਲਏਗਾ ਕਿ ਇਹ ਤਾਂ ਗਲਤ ਚੀਜ਼ਾਂ ਸੋਚ ਰਿਹਾ ਹੈ।

ਇਕ ਵਾਰੀ ਇਕ ਮਹਾਤਮਾ ਸੀ ਦੋ ਚੇਲੇ ਉਸ ਦੇ ਮੁਖੀ ਸਨ। ਗੱਦੀ ਦੇਣੀ ਸੀ। ਸਾਰੇ ਸੇਵਕਾਂ ਨੂੰ ਬੁਲਾ ਕੇ ਕਹਿਣ ਲੱਗੇ, "ਪ੍ਰੇਮੀਓ! ਅੱਜ ਮੈਂ ਗੱਦੀ ਸੌਂਪਣੀ ਹੈ, ਕੱਲ੍ਹ ਨੂੰ ਸਰੀਰ ਛੱਡ ਦੇਣਾ ਹੈ ਤੇ ਤੁਹਾਡੇ ਸਾਹਮਣੇ ਚੋਣ ਕਰਨੀ ਹੈ। ਸਲਾਹ ਲਈ ਹੈ ਤੇ ਸਭ ਦੀ ਨਿਗ੍ਹਾ ਇਨ੍ਹਾਂ ਦੋਹਾਂ ਤੇ ਪਈ ਹੈ ਤੇ ਹੁਣ ਤੁਹਾਡੇ ਸਾਹਮਣੇ ਹੀ ਪਰਖ ਕੇ ਜਿਹੜਾ ਪਾਸ ਹੋਏਗਾ ਉਸ ਨੂੰ ਗੱਦੀ ਦੇ ਦੇਣੀ ਹੈ।"

ਦੋਹਾਂ ਨੂੰ ਨੇੜੇ ਬੁਲਾਇਆ ਤੇ ਦੋਵੇਂ ਹੱਥ ਜੋੜ ਕੇ ਖੜ੍ਹ ਗਏ।

ਕਹਿੰਦੇ, "ਲਓ! ਆਹ ਕਬੂਤਰ ਨੇ ਇਕ ਇਕ ਲੈ ਲਓ, ਇਸ ਨੂੰ ਮਾਰ ਕੇ ਜਿਹੜਾ ਪਹਿਲਾਂ ਆ ਜਾਏਗਾ ਉਹ ਗੱਦੀ ਦਾ ਵਾਰਸ ਬਣੇਗਾ ਪਰ ਇਕ ਗੱਲ ਹੈ ਮਾਰਨਾ ਉਥੇ ਹੈ ਜਿਥੇ ਕੋਈ ਦੇਖਦਾ ਨਾ ਹੋਵੇ।"

ਜਿਹੜਾ ਮੋਟੀ ਮੱਤ ਵਾਲਾ ਗੱਦੀ ਦਾ ਲਾਲਚੀ ਸੀ ਉਹ ਕਬੂਤਰ ਸੰਤਾਂ ਦੇ ਹੱਥਾਂ ਵਿਚੋਂ ਖੋਹ ਕੇ ਦੌੜ ਲਿਆ, ਕੋਠੇ ਦੇ ਪਿਛੇ ਗਿਆ, ਗਰਦਨ ਮਰੋੜ ਕੇ ਆ ਵੀ ਗਿਆ। ਦੂਜਾ ਅਜੇ ਉਥੇ ਹੀ ਖੜ੍ਹਾ ਸੀ। ਆ ਕੇ ਕਹਿੰਦੇ, "ਲਓ ਮਹਾਰਾਜ! ਤੁਹਾਡਾ ਹੁਕਮ ਬਜਾ ਲਿਆਇਆ।"

ਦੂਜੇ ਨੂੰ ਕਹਿੰਦੇ, "ਤੂੰ ਵੀ ਲਿਆ।"

ਉਹ ਕੋਠੇ ਦੇ ਪਿਛੇ ਗਿਆ, ਉਥੇ ਦੇਖਿਆ ਕਿ ਜਾਨਵਰ ਤੁਰੇ ਫਿਰਦੇ ਨੇ। ਕਹਿੰਦਾ ਇਹ ਦੇਖਦੇ ਨੇ, ਗੰਨੇ ਦੇ ਖੇਤ ਵਿਚ ਵੜ ਗਿਆ, ਉਥੇ ਟਿੱਡੇ ਨੇ, ਦਰਖਤ ਦੇ ਹੇਠਾਂ ਗਿਆ, ਕਹਿੰਦਾ, ਇਥੇ ਚਿੜੀਆਂ ਦੇਖ ਰਹੀਆਂ ਨੇ, ਟੋਏ ਵਿਚ ਵੜ ਗਿਆ ਕਹਿੰਦਾ ਇਥੇ ਮੈਂ ਇਸ ਨੂੰ ਦੇਖਦਾ ਹਾਂ। ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹ ਲਈ ਤੇ ਉਪਰ ਬੁਕਲ ਮਾਰ ਲਈ ਤੇ ਬੁਕਲ ਵਿਚ ਲੈ ਕੇ ਕਹਿੰਦਾ ਹੁਣ ਤਾਂ ਨਹੀਂ ਕੋਈ ਦੇਖਦਾ, ਕਹਿੰਦਾ, ਹੁਣ ਰੱਬ ਦੇਖਦਾ ਹੈ। ਉਥੋਂ ਹੀ ਮੁੜ ਆਇਆ। ਜਦੋਂ ਵਾਪਸ ਆਇਆ ਤਾਂ ਮਹਾਤਮਾ ਕਹਿੰਦੇ, "ਕੀ ਗੱਲ ਤੂੰ ਬੜੀ ਦੇਰ ਲਾ ਕੇ ਆਇਆ ਤੇ ਮਾਰ ਕੇ ਵੀ ਨਹੀਂ ਲਿਆਇਆ?"

ਕਹਿੰਦਾ, "ਮਹਾਰਾਜ! ਮੈਨੂੰ ਕੋਈ ਐਸਾ ਥਾਂ ਨਹੀਂ ਲੱਭਿਆ ਜਿਥੇ ਕੋਈ ਨਾ ਦੇਖਦਾ ਹੋਵੇ। ਪਹਿਲਾਂ ਤਾਂ ਸੰਸਾਰ ਦੇਖਦਾ ਸੀ, ਜਦੋਂ ਮੈਂ ਇਕੱਲਾ ਹੋ ਗਿਆ, ਟੋਏ ਵਿਚ ਵੜ ਗਿਆ, ਬੁਕਲ ਮਾਰ ਲਈ ਤੇ ਅੱਖਾਂ ਤੇ ਪੱਟੀ ਬੰਨ ਲਈ ਫੇਰ ਰੱਬ ਦੇਖਦਾ ਸੀ।"

ਕਹਿੰਦੇ, "ਕਿਉਂ ਸਾਧ ਸੰਗਤ ਜੀ! ਜਿਹੜਾ ਰੱਬ ਦੀ ਹਾਜਰੀ ਐਨੀ ਮਹਿਸੂਸ ਕਰਦਾ ਹੋਵੇ ਉਹ ਕਦੇ ਪਾਪ ਕਰ ਸਕਦਾ ਹੈ ਕੋਈ? ਗਲਤ ਕੰਮ ਕਰ ਸਕਦਾ ਹੈ? ਨਹੀਂ ਉਹ ਤਾਂ ਹਰ ਵਕਤ ਹਜ਼ੂਰੀ ਵਿਚ ਰਹਿੰਦਾ ਹੈ।"

ਸੋ ਹਜ਼ੂਰੀ ਦਾ ਵਾਸ, ਵਾਹਿਗੁਰੂ ਦੀ ਪਰੀਪੂਰਨਤਾ ਤੇ ਭਰੋਸਾ ਜਿੰਨਾ ਚਿਰ ਨਹੀਂ ਆਉਂਦਾ ਓਨਾ ਚਿਰ ਨਾਮ ਨਹੀਂ ਜਪਿਆ ਜਾ ਸਕਦਾ। ਸੋ ਇਸ ਤਰ੍ਹਾਂ ਦੇ ਨਾਲ ਗੁਣ ਨੇ ਪ੍ਰਮੇਸ਼ਰ ਦੇ ਜਿਸ ਨੂੰ ਕਹਿੰਦੇ ਨੇ –

***ਰਾਮ ਪਦਾਰਥੁ ਪਾਇਕੈ ਕਬੀਰਾ ਗਾਂਠਿ ਨ ਖੋਲ੍ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***
***ਅੰਗ – 1365***

ਪੰਜਵਾਂ ਗੁਣ ਹੋਇਆ ਕਰਦਾ ਹੈ ਦ੍ਰਿੜਤਾ, ਦ੍ਰਿੜ੍ਹ ਇਰਾਦਾ ਕਿ ਮੈਨੂੰ ਪੰਜ ਪਿਆਰਿਆਂ ਨੇ ਨਾਮ ਤਾਂ ਦੇ ਦਿੱਤਾ, ਹੁਣ ਮੈਂ ਦਿਨ ਰਾਤ ਇਕ ਕਰਕੇ ਆਪਣਾ ਸਫਰ ਪੂਰਾ ਕਰਨਾ ਹੈ। ਇਕ ਐਸੇ ਨੇ ਕਿ ਨਾਮ ਲੈ ਲੈਂਦੇ ਨੇ, ਮੁੜ ਕੇ ਜਪਦੇ ਹੀ ਨਹੀਂ, ਹੌਲੀ-ਹੌਲੀ ਮਾਇਆ ਪੈ ਜਾਂਦੀ ਹੈ, ਕਰਹਿਤਾਂ

ਵਿਚ ਆ ਜਾਂਦੇ ਨੇ, ਕਿਰਪਾਨ ਵੀ ਲਾਹ ਦਿੱਤੀ, ਕਛਹਿਰਾ ਵੀ ਲਾਹ ਦਿੱਤਾ, ਸ਼ਰਾਬ ਵੀ ਪੀਣ ਲੱਗ ਗਿਆ ਤੇ ਦ੍ਰਿੜ੍ਹਤਾ ਨਾ ਹੋਣ ਕਰਕੇ, ਸਿਥਲ ਦ੍ਰਿੜ੍ਹਤਾ ਹੁੰਦੀ ਹੈ ਇਹ। ਉਹ ਕਿਸੇ ਕੰਮ ਦੇ ਨਹੀਂ ਹੁੰਦੇ।

ਛੇਵਾਂ ਹੁੰਦਾ ਹੈ ਉਦਮ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ – 305*

ਇਹ ਨਹੀਂ ਕਿ ਉਠਣ ਦਾ ਸਮਾਂ ਆ ਗਿਆ ਤੇ ਹੁਣ ਹੋਰ ਸੌਂ ਲੇਈਏ ਥੋੜ੍ਹਾ ਜਿਹਾ। ਅਲਾਰਮ ਵੱਜ ਗਿਆ ਹੋਰ ਸੌਂ ਲੇਈਏ, ਨਾਂਹ! ਉਦਮ ਕਰੋ, ਰਜਾਈ ਵਿਚ ਪਿਆ ਹੈ, ਉਦੋਂ ਹੀ ਲਾਹ ਦੇਵੇ ਕਿ ਨਾਂਹ ਹੁਣ ਤਾਂ ਨਾਮ ਜਪਣ ਦਾ ਵੇਲਾ ਹੋ ਗਿਆ, ਸੌਣ ਦੀ ਵੇਲਾ ਨਹੀਂ। ਸੋ ਇਹ ਉਦਮ ਸਭ ਤੋਂ ਵੱਡਾ ਹੈ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਨੇ ਵਸ਼ਿਸ਼ਟ ਜੀ ਨੂੰ ਸਵਾਲ ਕਰਿਆ ਕਿ ਹੇ ਗੁਰਦੇਵ! ਇਹ ਦੱਸੋ ਕਿ ਮਾਇਆ ਵਾਸਤੇ ਉਦਮ ਕਰਨਾ ਚਾਹੀਦਾ ਹੈ ਜਾਂ ਪ੍ਰਮਾਰਥ ਵਾਸਤੇ।

ਵਸ਼ਿਸ਼ਟ ਜੀ ਕਹਿਣ ਲੱਗੇ, "ਰਾਮ ਜੀ! ਮਾਇਆ ਜੋ ਹੈ ਇਹ ਪ੍ਰਾਲਬਧ ਦੇ ਮੁਤਾਬਕ ਮੱਥੇ ਵਿਚ ਲਿਖੀ ਹੋਈ ਮਿਲਦੀ ਹੈ। ਉਸ ਨੇ ਆਪਣੇ ਆਪ ਹੀ ਆਦਮੀ ਤੋਂ ਉਹ ਕੰਮ ਕਰਵਾ ਦੇਣੇ ਨੇ ਜਿਨ੍ਹਾਂ ਦੇ ਨਾਲ ਇਹ ਚੀਜ਼ ਮਿਲਣੀ ਹੈ –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ – 10*

ਕਹਿੰਦੇ, "ਉਦਮ ਕਰਨਾ ਬਣਦਾ ਹੈ ਪ੍ਰਮਾਰਥ ਵਾਸਤੇ।"

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਅੰਗ – 305*

ਸੋ ਇਸ ਤਰ੍ਹਾਂ ਦੇ ਨਾਲ ਉਦਮ ਜਰੂਰੀ ਹੋਇਆ ਕਰਦਾ ਹੈ ਭਜਨ ਦੇ ਅੰਦਰ।

ਸੱਤਵਾਂ ਹੁੰਦਾ ਹੈ ਤਿਆਗ। ਕੁਝ ਚੀਜ਼ਾਂ ਜ਼ਰੂਰ ਤਿਆਗਣੀਆਂ ਪੈਂਦੀਆਂ ਹਨ, ਜੇ ਨਾਮ ਚਲਾਉਣਾ ਹੈ ਜੇ ਨਹੀਂ ਤਿਆਗਦਾ ਤਾਂ ਨਾਮ ਬਿਲਕੁਲ ਨਹੀਂ ਚਲਦਾ। ਸਭ ਤੋਂ ਪਹਿਲਾਂ ਹਿੰਸਾ ਤਿਆਗਣੀ ਪੈਂਦੀ ਹੈ। ਹਿੰਸਾ ਅੱਗੇ ਕਈ ਪ੍ਰਕਾਰ ਦੀ ਹੁੰਦੀ ਹੈ।

ਸਰੀਰਕ ਹਿੰਸਾ ਹੁੰਦੀ ਹੈ – ਕਿਸੇ ਦੇ ਡੰਡਾ ਮਾਰਨਾ, ਜਾਨ ਤੋਂ ਮਾਰ ਦੇਣਾ।

ਬਾਣੀ ਦੀ ਹਿੰਸਾ ਹੁੰਦੀ ਹੈ – ਮੇਹਣਾ ਤਾਨ੍ਹਾ ਮਾਰ ਕੇ ਅਗਲੇ ਦਾ ਦਿਲ ਲੂਹ ਦੇਣਾ।

ਮਨ ਦੀ ਹਿੰਸਾ ਹੁੰਦੀ ਹੈ – ਦੂਸਰੇ ਦਾ ਬੁਰਾ ਚਿਤਵਦੇ ਰਹਿਣਾ।

ਬੁੱਧੀ ਦੀ ਹਿੰਸਾ ਹੁੰਦੀ ਹੈ – ਆਪਣੀ ਬੁੱਧੀ ਦੇ ਨਾਲ ਚਲਾਕੀ ਕਰਕੇ ਦੂਸਰੇ ਦਾ ਨੁਕਸਾਨ ਕਰ ਦੇਣਾ।

ਜੀਵ ਆਤਮਾ ਦੀ ਹਿੰਸਾ ਹੁੰਦੀ ਹੈ – ਕਿਸੇ ਮੰਤਰ ਦਾ ਚਿਲ੍ਹਾ (ਚਲੀਹਾ) ਕੱਟ ਕੇ, ਉਸ ਦੀ ਸ਼ਕਤੀ ਦੇ ਬਲ ਨਾਲ ਕਿਸੇ ਦਾ ਨੁਕਸਾਨ ਕਰ ਦੇਣਾ। ਇਹ ਪੰਜੇ ਹਿੰਸਾ ਛਡਣੀਆਂ ਪੈਂਦੀਆਂ ਹਨ।

ਫੇਰ ਝੂਠ ਹੋਇਆ ਕਰਦਾ ਹੈ। ਝੂਠ ਨਾ ਬੋਲਣਾ, ਨਾ ਝੂਠੀ ਕੋਈ ਗੱਲ ਕਰਨੀ –

***ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥***
***ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥***
***ਅੰਗ – 590***

***ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥***
***ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥ ਅੰਗ – 1381***

ਝੂਠ ਛਡਣਾ ਪੈਂਦਾ ਹੈ ਬਿਲਕੁਲ, ਫੇਰ ਚੁਗਲੀ ਛੱਡਣੀ ਪੈਂਦੀ ਹੈ, ਨਿੰਦਿਆ, ਈਰਖਾ, ਚੋਰੀ ਛੱਡਣੀ ਪੈਂਦੀ ਹੈ – ਚੋਰੀ ਕਈ ਕਿਸਮ ਦੀ ਹੈ। ਕਿਸੇ ਦੇ ਖਿਆਲ ਚੋਰੀ ਕਰਕੇ ਆਪਣੇ ਬਣਾ ਕੇ ਦਸੀਂ ਜਾਣੇ, ਕਿਸੇ ਦੀ ਪੁਸਤਕ ਲਿਖੀ ਹੋਈ ਹੈ ਤੇ ਉਸ ਦੇ ਵਿਚੋਂ ਚੋਰੀ ਕਰਕੇ ਆਪਣੇ ਅੱਖਰ ਬਣਾ ਕੇ ਦਸੀ ਜਾਣੇ। ਮੌਲਿਕ ਵਿਦਿਆ ਹੈ ਨਹੀਂ ਚੋਰ ਲਿਖਾਰੀ ਕਹਿੰਦੇ ਨੇ ਉਸ ਨੂੰ, ਚੋਰ ਕਵੀ ਹੋਇਆ ਕਰਦੇ ਨੇ, ਚੋਰ ਪ੍ਰਚਾਰਕ ਹੋਇਆ ਕਰਦੇ

ਨੇ। ਸੋ ਫੇਰ ਮਾਇਆ ਦੀ ਚੋਰੀ ਹੈ, ਰਿਸ਼ਵਤ ਲੈਂਦਾ ਹੈ। ਜੇ ਚੋਰੀ ਨਹੀਂ ਕਰਦਾ ਤਾਂ ਕੀ ਕਰਦਾ ਹੈ। ਸਾਰਿਆਂ ਦੇ ਸਾਹਮਣੇ ਲੈ ਕੇ ਦਿਖਾਵੇ। ਸੋ ਇਸ ਤਰ੍ਹਾਂ ਸਾਰੀ ਚੋਰੀ ਹੈ।

ਇਕੋ ਜਿਹਾ ਜੀਵਨ ਰੱਖਣ, ਕਈ ਜੀਵਨ ਨਹੀਂ ਕਰਨੇ ਕਿ ਘਰ ਵਿਚ ਹੋਰ, ਗੁਰਦੁਆਰੇ ਵਿਚ ਹੋਰ, ਸੰਤਾਂ ਨੂੰ ਮਿਲਣ ਜਾਣ ਵੇਲੇ ਹੋਰ, ਲੋਕਾਂ ਵਿਚ ਹੋਰ, ਕੁਰਸੀ ਤੇ ਬੈਠ ਕੇ ਹੋਰ।

ਫਿੱਕਾ ਬੋਲਣਾ, ਵਾਸ਼ਨਾਵਾਂ ਜਦੋਂ ਤੱਕ ਵਾਸ਼ਨਾ ਨਹੀਂ ਛਡਦਾ ਓਨੀ ਦੇਰ ਤੱਕ ਮਨ ਬਿਲਕੁਲ ਟਿਕ ਨਹੀਂ ਸਕਦਾ। ਆਦਮੀ ਦੇ ਅੰਦਰ ਵਾਸ਼ਨਾਵਾਂ ਭਰੀਆਂ ਪਈਆਂ ਹਨ।

ਮੋਟੀਆਂ ਮੋਟੀਆਂ ਵਾਸ਼ਨਾਵਾਂ, ਧਨ ਵਾਸ਼ਨਾ, ਪੁੱਤਰ ਵਾਸ਼ਨਾ, ਲੋਕ ਵਾਸ਼ਨਾ, ਸਾਸ਼ਤਰ ਵਾਸ਼ਨਾ, ਲੋਕਲਾਜ ਵਾਸ਼ਨਾ, ਅਨੁਸਠਾਨ ਵਾਸ਼ਨਾ ਇਹ ਸਾਰੀਆਂ ਵਾਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ। ਜੇ ਵਾਸ਼ਨਾ ਨਾ ਛੱਡੇ ਤਾਂ ਮਨ ਨਹੀਂ ਟਿਕਿਆ ਕਰਦਾ, ਵਾਸ਼ਨਾ ਲੈ ਕੇ ਉਡ ਜਾਇਆ ਕਰਦੀ ਹੈ।

ਪੰਜ ਵਿਸ਼ੇ ਨੇ ਇਸ ਦੇ ਅੰਦਰ ਅੱਖਾਂ ਦਾ, ਕੰਨਾਂ ਦਾ, ਨੱਕ ਦਾ, ਰਸਨਾ ਦਾ, ਚਮੜੀ ਦਾ। ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜ ਵਿਸ਼ਿਆਂ ਦੇ ਨਾਂ ਨੇ। ਇਨ੍ਹਾਂ ਪੰਜਾਂ ਦਾ ਹੀ ਤਿਆਗ ਕਰਨਾ ਪੈਂਦਾ ਹੈ। ਪੰਜ ਮਾਣ ਹਰ ਬੰਦੇ ਦੇ ਅੰਦਰ ਨੇ – ਰਾਜ, ਮਾਲ, ਰੂਪ, ਜਾਤ, ਜੋਬਨ, ਪੰਜੇ ਠੱਗ।

***ਰਾਜ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ ਅੰਗ – 1288***

ਰਾਜਸੀ ਸ਼ਕਤੀ ਹੋ ਜਾਣੀ, ਪੈਸਾ ਬਹੁਤਾ ਹੋ ਜਾਣਾ, ਜਿਆਦਾ ਪੜ੍ਹ ਜਾਣਾ, ਮਹਾਰਾਜ ਜੀ ਕਹਿੰਦੇ ਪੜ੍ਹਿਆ ਹੋਇਆ ਹੈ ਤੂੰ? ਤੇਰੇ ਅੰਦਰੋਂ ਲੋਭ ਖਤਮ ਹੋ ਗਿਆ, ਕ੍ਰੋਧ ਖਤਮ ਹੋ ਗਿਆ, ਮੋਹ ਖਤਮ ਹੋ ਗਿਆ, ਅਭਿਮਾਨ ਖਤਮ ਹੋ ਗਿਆ। ਕਹਿੰਦਾ ਨਹੀਂ ਮਹਾਰਾਜ। ਕਹਿੰਦੇ ਫੇਰ ਤੂੰ ਪੜ੍ਹਿਆ ਹੋਇਆ ਨਹੀਂ ਹੈ –

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***
***ਅੰਗ – 140***

ਕਿਤਾਬੀ ਕੀੜਾ ਹੈ ਪੜ੍ਹਿਆ ਹੋਇਆ ਨਹੀਂ ਪੜ੍ਹਿਆ ਹੋਇਆ ਉਹ ਹੈ –

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ***

*ਜਿਸੁ ਰਾਮ ਨਾਮੁ ਗਲਿ ਹਾਰੁ॥* *ਅੰਗ - 938*

ਜਿਸ ਨੂੰ ਪਤਾ ਲੱਗ ਗਿਆ ਕਿ ਦਰਗਾਹ ਵਿਚ ਜਾ ਕੇ ਨਾਮ ਦੀ ਕੀਮਤ ਪੈਣੀ ਹੈ, ਦਿਨ ਰਾਤ ਉਹ ਪ੍ਰਮੇਸ਼ਰ ਦਾ ਭਜਨ ਕਰਦਾ ਹੈ, ਉਹ ਪੜ੍ਹਿਆ ਹੋਇਆ ਹੈ ਭਾਈ ਬਾਕੀ ਤਾਂ ਕਿਤਾਬੀ ਕੀੜੇ ਨੇ। ਉਹ ਪੜ੍ਹੇ ਹੋਏ ਨਹੀਂ ਹਨ ਜਿਨ੍ਹਾਂ ਦੇ ਅੰਦਰ ਅਭਿਮਾਨ ਚੱਲ ਰਿਹਾ ਹੈ। ਸੋ ਏਸ ਤਰ੍ਹਾਂ ਦੇ ਨਾਲ ਇਹ ਮਾਣ ਨੇ - ਰੂਪ, ਰਾਜ, ਮਾਲ, ਜਾਤ, ਜੋਬਨ। ਪੈਸਾ ਬਹੁਤਾ ਹੋ ਜਾਣਾ, ਰਾਜਸੀ ਸ਼ਕਤੀ ਆ ਜਾਣੀ, ਜੋਬਨ ਹੋਣਾ, ਤਕੜੇ ਹੋ ਜਾਣਾ, ਇਹ ਪੰਜੇ ਹੀ ਛੱਡਣੇ ਪੈਂਦੇ ਨੇ। ਜੇ ਇਹ ਹੋਣ ਤਾਂ ਭਜਨ ਨਹੀਂ ਕਰ ਸਕਦਾ। ਤ੍ਰਿਸ਼ਨਾ ਦਾ ਤਿਆਗ ਕਰਨਾ, ਪ੍ਰਭਤਾ ਕਿ ਮੈਨੂੰ ਲੋਕ ਚੰਗਾ ਕਹਿਣ। ਇਸ ਵਾਸਤੇ ਹਰ ਵਕਤ ਏਸ ਧਿਆਨ ਵਿਚ ਰਹਿਣਾ ਕਿ ਜੇ ਮੈਂ ਫਲਾਣੇ ਆਦਮੀ ਨੂੰ ਗਠ ਲਵਾਂ ਤਾਂ ਉਸ ਦੇ ਨਾਲ ਹੋਰ ਵੱਡੇ-ਵੱਡੇ ਆਉਣਗੇ ਪ੍ਰਭਤਾ ਮੇਰੀ ਹੋਏਗੀ, ਦਿਖਾਵੇ ਕਰਨੇ ਪ੍ਰਭਤਾ ਲਈ। ਇਸ ਤੋਂ ਅੱਗੇ ਪਖੰਡ ਦਾ ਤਿਆਗ, ਆਸ਼ਾਵਾਂ ਦਾ ਤਿਆਗ, ਅੰਦੇਸ਼ਿਆਂ ਦਾ ਤਿਆਗ ਇਸ ਤਰ੍ਹਾਂ ਬਹੁਤ ਸਾਰੀਆਂ ਚੀਜ਼ਾਂ ਨੇ ਜਦੋਂ ਤੱਕ ਹਿਰਦੇ ਵਿਚ ਇਨ੍ਹਾਂ ਦੀ ਮਧਾਣੀ ਘੁੰਮਦੀ ਹੈ, ਓਨਾ ਚਿਰ ਨਾਮ ਨਹੀਂ ਚਲਿਆ ਕਰਦਾ।

ਫੇਰ ਹੁੰਦਾ ਹੈ ਗੁਣ ਧਾਰਨ ਕਰਨੇ, ਉਨ੍ਹਾਂ ਵਿਚ ਧੀਰਜ, ਸ਼ਹਿਨਸ਼ੀਲਤਾ। ਜੇ ਸਹਿਨਸ਼ੀਲਤਾ ਨਾ ਹੋਵੇ ਤਾਂ ਨਾਮ ਹੀ ਨਹੀਂ ਚਲਦਾ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਸਹਿਨਸ਼ੀਲਤਾ ਮਸ਼ਹੂਰ ਹੈ ਸਾਧ ਸੰਗਤ ਜੀ! ਜਦੋਂ ਉਨ੍ਹਾਂ ਦਾ ਜੀਵਨ ਪੜ੍ਹੋ ਤਾਂ ਹੈਰਾਨ ਹੋ ਜਾਈਦਾ ਹੈ ਕਿ ਕਿੰਨੀ ਨਿਮਰਤਾ ਹੈ, ਕਿੰਨੀ ਸਹਿਨਸ਼ੀਲਤਾ।

ਇਕ ਵਾਰੀ ਅਸਾਮ ਵਿਚ ਬਾਤ ਚੱਲ ਪਈ ਕਿ ਸੰਤਾਂ ਵਿਚ ਸਹਿਨਸ਼ੀਲਤਾ ਨਹੀਂ ਰਹੀ, ਧੀਰਜ ਨਹੀਂ ਰਿਹਾ। ਇਕ ਨਾਂਗਾ ਸਾਧੂ ਸੀ ਕਹਿੰਦਾ ਹੈ ਭਾਈ! ਮੈਂ ਦੇਖ ਆਇਆ ਪੰਜਾਬ ਵਿਚ ਹਰਖੋਵਾਲ ਇਕ ਮਹਾਤਮਾ ਰਹਿੰਦੇ ਨੇ, ਉਨ੍ਹਾਂ ਵਿਚ ਬੜੀ ਧੀਰਜ ਹੈ, ਬਹੁਤ ਸਹਿਨਸ਼ੀਲਤਾ ਹੈ। ਇਕ ਸੰਨਿਆਸੀ ਕਹਿਣ ਲੱਗਿਆ ਕਿ ਹੋ ਨਹੀਂ ਸਕਦੀ। ਗੱਲ ਚੱਲ ਪਈ। ਉਹ ਕਹਿੰਦਾ ਜਾਹ! ਪਰਖ ਲੈ। ਉਸ ਨੇ ਪੰਜਾਬ ਆ ਕੇ ਬਾਬਾ ਜੀ ਬਾਰੇ ਪੁਛਿਆ ਡੇਰੇ ਆ ਕੇ।

ਸੇਵਾਦਾਰ ਕਹਿਣ ਲੱਗਿਆ, "ਮਹਾਰਾਜ! ਉਹ ਏਧਰ ਨੂੰ ਜਾਂਦੇ ਹੁੰਦੇ ਨੇ, ਕੋਈ ਸੰਘਣੀ ਛਾਂ ਮਿਲ ਜਾਵੇ ਬਰੇਤੀ ਤੇ, ਚੋਅ ਦੇ ਕੰਢੇ ਤਾਂ ਉਥੇ ਅਰਾਮ ਵੀ ਕਰ ਲੈਂਦੇ ਨੇ।"

ਕਿਉਂਕਿ ਉਨ੍ਹਾਂ ਦਾ ਨਿਤਨੇਮ ਬੜਾ ਸੀ, ਪੰਜ ਵਾਰੀ ਤਾਂ 'ਪੰਜ ਬਾਣੀਆਂ' ਦਾ ਪਾਠ ਕਰਦੇ ਸਨ, ਪੰਦਰਾਂ ਵਾਰੀ 'ਸੁਖਮਨੀ ਸਾਹਿਬ' ਰੋਜ਼ ਪੜ੍ਹਦੇ ਸਨ, ਪੱਚੀ ਵਾਰੀ 'ਜਪੁਜੀ ਸਾਹਿਬ' ਦਾ ਪਾਠ ਕਰਦੇ ਸਨ, ਕਰਕੇ ਦੇਖ ਲਿਓ ਕਿੰਨਾ ਸਮਾਂ ਲਗਦਾ ਹੈ। ਸੋ ਆਪ ਇਕ ਅੰਬ ਦੇ ਥੱਲੇ ਬਸਤਰ ਓਢੀ ਪਏ ਨੇ ਤੇ ਸੇਵਾਦਾਰ ਥੋੜ੍ਹਾ ਹਟ ਕੇ ਖੜ੍ਹਾ ਹੈ। ਉਹ ਵੀ ਪਹੁੰਚ ਗਿਆ।

ਕਹਿੰਦਾ, "ਸੰਤ ਕਿਥੇ ਨੇ?"

ਸੇਵਾਦਾਰ ਕਹਿੰਦਾ, "ਜੀ ਓਹ ਪਏ ਨੇ।"

ਕਹਿੰਦਾ, "ਪੱਕੀ ਤਰ੍ਹਾਂ ਯਾਦ ਹੈ? ਹੋਰ ਕੋਈ ਤਾਂ ਨਹੀਂ।"

ਸੇਵਾਦਾਰ ਕਹਿੰਦਾ, "ਨਹੀਂ ਮਹਾਰਾਜ! ਸੰਤ ਨੇ।"

ਜਾਂਦੇ ਨੇ ਹੀ ਜੁੱਤੀ ਸਣੇ ਪੈਰ ਸੰਤਾਂ ਦੀ ਛਾਤੀ ਤੇ ਰੱਖ ਦਿੱਤਾ। ਉਨ੍ਹਾਂ ਨੇ ਚਾਦਰ ਵਿਚੋਂ ਦੋਹੇ ਹੱਥ ਕੱਢੇ ਤੇ ਚਰਨ ਘੁੱਟਣ ਲੱਗ ਗਏ ਨਾਲ ਕਹਿੰਦੇ ਨੇ, "ਧੰਨ ਮਹਾਰਾਜ! ਤੁਹਾਡੇ ਚਰਨਾਂ ਦੀ ਧੂੜ ਪ੍ਰਾਪਤ ਹੋ ਗਈ।"

ਉਸ ਨੇ ਪੈਰ ਛੁਡਾ ਕੇ ਠੁਡਾ ਮਾਰਿਆ। ਕਹਿੰਦਾ, "ਪਖੰਡ ਕਰਦਾ ਹੈ।"

ਬਾਬਾ ਜੀ ਇਕ ਦਮ ਉਠ ਕੇ ਚਰਨਾਂ ਤੇ ਪੈ ਗਏ, ਕਹਿੰਦੇ, "ਮਹਾਰਾਜ! ਤੁਸੀਂ ਚੰਗੀ ਸੁਮਤਿ ਦਿੱਤੀ। ਤੁਸੀਂ ਸਾਧੂ ਦਰਸ਼ਨ ਦੇਣ ਆਏ ਤੇ ਮੈਂ ਪਿਆ ਰਿਹਾ।"

ਐਨੀ ਗੱਲ ਸੁਣ ਕੇ ਸੰਨਿਆਸੀ ਉਚੀ ਉਚੀ ਰੋਣ ਲੱਗ ਗਿਆ। ਕਹਿੰਦਾ, "ਬਾਬਾ! ਜਿਹੋ ਜਿਹਾ ਤੈਨੂੰ ਸੁਣਿਆ ਸੀ ਤੂੰ ਉਹੋ ਜਿਹਾ ਹੀ ਹੈ। ਪਹਿਲਾਂ ਮੇਰੀ ਭੁੱਲ ਖਿਮਾ ਕਰ।" ਸਾਰੀ ਗੱਲ ਦੱਸੀ।

ਕਹਿੰਦੇ, "ਨਾਹ! ਕੋਈ ਗੱਲ ਨਹੀਂ।"

ਸੋ ਇਹ ਗੁਣ ਹੈ ਸਾਧ ਸੰਗਤ ਜੀ! ਇਹ ਨਾ ਹੋਵੇ ਕਿ ਨਾਂ ਤਾਂ ਸੀਤਲਦਾਸ ਹੈ ਪਰ ਅੰਦਰੋਂ ਅਗਨ ਦੇਵ ਹੋਵੇ। ਇਹ ਛਡਣਾ ਪੈਂਦਾ ਹੈ। ਧੀਰਜ ਧਾਰਨ ਕਰਨਾ ਪੈਂਦਾ ਹੈ, ਸਹਿਨਸ਼ੀਲਤਾ, ਦਇਆ, ਸੰਤੋਖ, ਸੋਚ, ਸ਼ੀਲ, ਅਹਿੰਸਾ, ਮਿਠਾ-ਬੋਲਣਾ, ਮਰਿਆਦਾ, ਬ੍ਰਹਮਚਰੀਆ।

ਦਾਨ ਦੀ ਆਦਤ, ਸੇਵਾ ਦੀ ਲਗਨ। ਸੋ ਜਦੋਂ ਇਹ ਗੁਣ ਆ ਜਾਣ ਫੇਰ ਆਪਣਾ ਆਪ ਗੁਰੂ ਨੂੰ ਸਮਰਪਣ ਕਰਨਾ ਪੈਂਦਾ ਹੈ। ਜਦੋਂ

ਆਪਣਾ ਆਪ ਵੇਚ ਦੇਵੇ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ – 1102***

ਫੇਰ ਨਾਮ ਦਾ ਅਧਿਕਾਰੀ ਹੁੰਦਾ ਹੈ।

ਸੋ ਗੁਰੂ ਮਹਾਰਾਜ ਜੀ ਨੇ ਜਦੋਂ ਬਾਬਾ ਅਮਰਦਾਸ ਜੀ ਨੂੰ ਦੇਖਿਆ, ਅੰਤ੍ਰੀਵ ਸਾਰੀ ਪਰਖ ਕੀਤੀ ਤੇ ਸਮਝ ਗਏ ਕਿ ਪੂਰਾ ਆ ਗਿਆ ਅੱਜ ਖਰੀਦਾਰ ਆ ਗਿਆ। ਉਸ ਵੇਲੇ ਆਪ ਸਾਹਮਣੇ ਬਿਠਾ ਕੇ ਕਹਿੰਦੇ, "ਕਹੁ ਵਾਹਿਗੁਰੂ!"

ਵਾਹਿਗੁਰੂ ਕਹਿਣ ਦੀ ਦੇਰ ਸੀ, ਰੋਮ ਰੋਮ ਵਿਚੋਂ ਵਾਹਿਗੁਰੂ ਦੀ ਧੁਨ ਨਿਕਲਣੀ ਸ਼ੁਰੂ ਹੋ ਗਈ ਤੇ ਪੂਰੇ ਸਤਿਗੁਰੂ ਨੇ ਦਾਨ ਕਰ ਦਿੱਤਾ ਨਾਮ ਦਾ –

***ਧਾਰਨਾ – ਪੂਰਿਆਂ ਗੁਰਾਂ ਨੇ ਕਰਤਾ,***
***ਦਾਨ ਰਾਮ ਨਾਮ ਦਾ –2, 2.***
***ਦਾਨ ਰਾਮ ਨਾਮ ਦਾ –2, 2.***
***ਪੂਰਿਆਂ ਗੁਰਾਂ ਨੇ ਕਰਤਾ, .............. –2.***

***ਹਠ ਮੰਝਾਹੂ ਮੈ ਮਾਣਕੁ ਲਧਾ॥***
***ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ॥***
***ਢੂੰਢ ਵਞਾਈ ਥੀਆ ਥਿਤਾ॥***
***ਜਨਮੁ ਪਦਾਰਥੁ ਨਾਨਕ ਜਿਤਾ॥ ਅੰਗ – 964***

***ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ॥***
***ਅੰਗ – 315***

ਪੂਰੇ ਸਤਿਗੁਰੂ ਨੇ ਨਾਮ ਦਾ ਦਾਨ ਕਰ ਦਿੱਤਾ। ਨਾਮ ਐਸੀ ਚੀਜ਼ ਹੈ ਸਾਧ ਸੰਗਤ ਜੀ! ਜੇ ਜਗਿਆਸੂ ਪੂਰਾ ਹੋਵੇ ਤਾਂ ਸੁਣਦੀਸਾਰ ਹਿਰਦੇ ਵਿਚ ਜੜ੍ਹ ਫੜ ਜਾਇਆ ਕਰਦਾ ਹੈ। ਕਈ ਪ੍ਰੇਮੀਆਂ ਨੂੰ ਸ਼ੰਕਾ ਹੈ ਏਸ ਗੱਲ ਦੇ ਉਤੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ, ਆਪ ਨੇ ਇਕ ਪੁਸਤਕ ਲਿਖੀ ਹੈ ਰੰਗਲੇ ਸੱਜਣ, ਉਸ ਦੇ ਵਿਚ ਆਪ ਲਿਖਦੇ ਨੇ ਕਿ ਲੁਧਿਆਣੇ ਅਸੀਂ ਅੰਮ੍ਰਿਤ ਛਕਾ ਰਹੇ ਸੀ ਤੇ ਉਥੇ ਪੰਜ ਪਿਆਰਿਆਂ ਦੇ ਅੰਦਰ ਆਹ ਬੀਬੀ ਜੀ ਦੇ ਪਿਤਾ ਜੀ, ਉਨ੍ਹਾਂ ਨੂੰ ਸੰਤ

ਕਰਕੇ ਲਿਖਿਆ ਹੈ ਸੰਤ ਹੀਰਾ ਸਿੰਘ ਜੀ। ਉਹ ਵੀ ਪੰਜ ਪਿਆਰਿਆਂ ਵਿਚ ਸਨ। ਜਦੋਂ ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ ਤੇ ਅੰਮ੍ਰਿਤ ਛਕਾ ਰਹੇ ਨੇ ਤੇ ਇਕ ਲੜਕਾ ਫਲੇਵਾਲ ਦਾ ਦਸਵੀਂ ਜਮਾਤ ਦਾ ਵਿਦਿਆਰਥੀ ਉਹ ਸਾਹਮਣੇ ਹੈ ਤੇ ਪਿਤਾ ਜੀ ਨੇ ਪੰਜ ਚੂਲ੍ਹੇ ਸੀਸ ਵਿਚ ਪਾਏ, ਪੰਜ ਪਿਲਾਏ ਤੇ ਜਦੋਂ ਨੇਤਰਾਂ ਵਿਚ ਛਿੱਟਾ ਮਾਰਿਆਂ ਪੰਜਵਾਂ ਤਾਂ ਐਸੇ ਜਲਾਲ ਨਾਲ ਤੱਕਿਆ ਕਿ ਉਸੇ ਵੇਲੇ ਉਸ ਬੱਚੇ ਦੀ ਸਮਾਧੀ ਲੱਗ ਗਈ। ਭਾਈ ਸਾਹਿਬ ਕਹਿਣ ਲੱਗੇ ਕਿ ਹੁਣ ਕੀ ਕਰਿਆ ਜਾਵੇ ?

ਪਿਤਾ ਜੀ ਕਹਿੰਦੇ, "ਥੋੜ੍ਹਾ ਜਿਹਾ ਜੋਰ ਜਿਆਦਾ ਲੱਗ ਗਿਆ।"

ਭਾਈ ਸਾਹਿਬ ਕਹਿੰਦੇ, "ਐਨਾ ਜੋਰ ਨਹੀਂ ਸਹਿਣਾ ਬੱਚੇ ਨੇ ਇਹ।"

ਜਦੋਂ ਅੰਦਰਲੇ ਪਾਸੇ ਕੀਤੀ ਹੋਈ ਕਮਾਈ ਹੁੰਦੀ ਹੈ ਸਾਧ ਸੰਗਤ ਜੀ! ਫੇਰ ਇਸ ਨਾਮ ਵਿਚ ਸ਼ਕਤੀ ਹੋਇਆ ਕਰਦੀ ਹੈ। ਹਰ ਚੀਜ਼ ਵਿਚ ਸ਼ਕਤੀ ਹੈ। ਦੋ ਚੀਜ਼ਾਂ ਨੇ, ਇਕ ਤਾਂ ਵਾਹਿਗੁਰੂ ਨਾਮ ਹੈ, ਅੱਖਰ ਨੇ। ਇਨ੍ਹਾਂ ਅੱਖਰਾਂ ਦੇ ਪਿਛਲੇ ਪਾਸੇ ਇਸ ਦੀ ਸ਼ਕਤੀ ਹੈ। ਜਿਵੇਂ ਸੋਟਾ ਅੱਖਰ ਹੈ, ਸੋਟੇ ਦੇ ਪਿੱਛੇ ਸੋਟੇ ਦੀ ਸ਼ਕਤੀ ਹੈ ਜੇ ਪਿੱਠ ਵਿਚ ਲੱਗੇ ਫੇਰ ਪਤਾ ਲਗਦਾ ਹੈ ਕਿ ਮੇਰੇ ਸੋਟਾ ਲਗਿਆ। ਹਰ ਅੱਖਰ ਦੀ ਸ਼ਕਤੀ ਹੋਇਆ ਕਰਦੀ ਹੈ। ਸੋ ਇਕ ਲੱਛਣ ਹੁੰਦਾ ਹੈ, ਇਕ ਸ਼ਕਤੀ ਹੁੰਦੀ ਹੈ ਹਰ ਸ਼ਬਦ ਦੇ ਅਰਥ ਦੇ। ਸੋ ਇਸ ਦੀ ਜੋ ਸ਼ਕਤੀ ਸੀ ਉਸ ਨੇ ਸੁਰਤੀ ਚੁੱਕ ਲਈ, ਚੁੱਕ ਕੇ ਸਾਰੀਆਂ ਮੰਜ਼ਲਾਂ ਤੈ ਕਰਾ ਦਿੱਤੀਆਂ ਇਕੋ ਵਾਰੀ ਛਿੱਟਾ ਮਾਰਨ ਦੇ ਨਾਲ।

ਭਾਈ ਸਾਹਿਬ ਕਹਿੰਦੇ, "ਹੁਣ ਕੀ ਹੋਏਗਾ ?"

ਬਾਪੂ ਜੀ ਕਹਿੰਦੇ, "ਇਸ ਨੂੰ ਚੁੱਕ ਕੇ ਇਕ ਪਾਸੇ ਬਿਠਾ ਦੇਵੋ।"

ਉਸ ਬੱਚੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਇਕ ਪਾਸੇ ਬਿਠਾ ਦਿੱਤਾ।

ਭਾਈ ਸਾਹਿਬ ਕਹਿੰਦੇ, "ਭਾਈ! ਹੁਣ ਸਾਵਧਾਨ ਹੋ ਕੇ ਅੰਮ੍ਰਿਤ ਛਕਾਓ।"

ਸੋ ਫੇਰ ਸਾਵਧਾਨਤਾ ਨਾਲ ਅੰਮ੍ਰਿਤ ਛਕਾਇਆ। ਬਾਪੂ ਜੀ ਨੂੰ ਪੁੱਛਿਆ ਕਿ ਕਿੰਨਾ ਚਿਰ ਲਗੇਗਾ ?

ਕਹਿੰਦੇ, "ਛਪੰਜਾ ਘੰਟੇ ਬਾਅਦ ਇਸ ਦੀ ਸੁਰਤੀ ਨੇ ਉਤਰਨਾ ਹੈ।"

ਅਖੰਡ ਪਾਠ ਸ਼ੁਰੂ ਹੋ ਗਿਆ। ਲਿਖਦੇ ਨੇ ਕਿ ਉਸ ਤੋਂ ਬਾਅਦ ਅਸੀਂ ਕੀਰਤਨ ਸ਼ੁਰੂ ਕਰ ਦਿੱਤਾ ਭੋਗ ਤੋਂ ਬਾਅਦ। ਜਦੋਂ ਠੀਕ ਛਪੰਜਾ ਘੰਟੇ ਹੋਏ ਤਾਂ ਬੱਚਾ ਧਰਤੀ ਤੋਂ ਪਕੜ ਛੱਡ ਕੇਂ, ਸੰਗਤ ਦੇ ਉਤੋਂ ਦੀ ਉਡਨ ਲੱਗ ਗਿਆ ਤੇ ਸਾਡੇ ਵਾਜਿਆਂ ਦੇ ਉਪਰ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਲੰਮਾ ਪੈ ਗਿਆ।

ਪਿਤਾ ਜੀ ਫੇਰ ਆਏ ਤੇ ਕਹਿਣ ਲੱਗੇ, "ਭਾਈ ਸਾਹਿਬ! ਇਸ ਦੀ ਰੂਪ ਏਸ ਵੇਲੇ ਅਕਾਲ ਪੁਰਖ ਦੇ ਦਰ ਤੇ ਸੰਜੋਗ ਮੰਗ ਰਹੀ ਹੈ, ਤੁਸੀਂ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਓ।"

'ਲਾਵਾਂ' ਦਾ ਕੀਰਤਨ ਸ਼ੁਰੂ ਕਰ ਦਿੱਤਾ। ਬੱਚਾ ਹਿਲਿਆ ਧਰਤੀ ਤੇ ਪੈਰ ਨਾ ਲੱਗੇ। ਇਕੋ ਵਾਰੀ ਦੀ ਬਾਤ ਹੈ ਸਾਧ ਸੰਗਤ ਜੀ!

ਸੋ ਪੂਰੀ ਕਮਾਈ ਦੇ ਨਾਲ ਤੇ ਜੇ ਜਗਿਆਸੂ ਪੂਰਾ ਹੋਵੇ ਤਾਂ ਉਸੇ ਵੇਲੇ ਜੜ੍ਹ ਫੜ ਲੈਂਦਾ ਹੈ ਨਾਮ। ਸੋ ਜਦੋਂ ਅਮਰਦਾਸ ਜੀ ਨੂੰ ਨਾਮ ਦੀ ਦਾਤ ਪ੍ਰਾਪਤ ਹੋਈ ਤੇ ਉਨ੍ਹਾਂ ਦੀ ਅਵਸਥਾ ਏਸ ਤਰ੍ਹਾਂ ਨਾਲ ਵਰਣਨ ਕੀਤੀ ਹੈ -

***ਧਾਰਨਾ - ਗੁਰਾਂ ਨੇ ਮੇਰੇ ਓ, ਬਾਣ ਮਾਰਿਆ -2, 2.***
***ਮੇਰੇ ਪੈ ਗਿਆ ਕਲੇਜੇ ਛੇਕ -2, 2.***
***ਮੇਰੇ ਪੈ ਗਿਆ ਕਲੇਜੇ ਛੇਕ ਸੰਗਤੇ,***
***ਬਾਣ ਮਾਰਿਆ,***
***ਗੁਰਾਂ ਨੇ ਮੇਰੇ ਓ,............ -2.***

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***
***ਅੰਗ - 1374***

ਇਕ ਵਾਰੀ ਵਾਹਿਗੁਰੂ ਕਹਿਣ ਦੇ ਨਾਲ, ਰੋਮ ਰੋਮ ਵਿਚ ਨਾਮ ਦੀ ਕਰੰਟ ਫਿਰ ਗਈ, ਸਮਾਧੀ ਲਾ ਦਿੱਤੀ ਉਸੇ ਵੇਲੇ। ਬੋਲੇ ਨਹੀਂ ਕਿਸੇ ਨਾਲ ਵੀ, ਇਕਾਂਤ ਜਾ ਕੇ ਬੈਠ ਗਏ, ਨਾ ਪ੍ਰਸ਼ਾਦਾ ਛੱਕਣ ਦਾ ਪਤਾ ਹੈ, ਕੋਈ ਫੁਰਨਾ ਹੀ ਨਹੀਂ ਉਠ ਰਿਹਾ। ਸੋ ਐਸੀ ਮਹਾਰਾਜ ਜੀ ਨੇ ਕਿਰਪਾ ਕਰ ਦਿੱਤੀ ਸਾਧ ਸੰਗਤ ਜੀ! ਪੂਰਨ ਹੋ ਗਏ ਦੋਹੀਂ ਪਾਸੀਂ ਤਾਂ ਇਹੀ ਹਾਲਤ ਹੋ ਜਾਇਆ ਕਰਦੀ ਹੈ। ਵੈਸੇ ਆਮ ਸਧਾਰਨ ਸਾਨੂੰ ਇਹੀ ਰਹਿੰਦਾ ਹੈ ਕਿ ਨਾਮ ਕਿਵੇਂ ਜਪੀਏ ਜੀ! ਸਭ ਦੇ ਮਨ ਵਿਚ ਹੈ ਕਿਉਂਕਿ ਇਸ ਦੀ ਕੋਈ ਕਿਤਾਬ ਤਾਂ ਹੋਇਆ ਨਹੀਂ ਕਰਦੀ। ਇਹ ਗੁਪਤ ਰਸਤਾ ਹੈ ਜਿਹੜਾ ਪ੍ਰਗਟ ਨਹੀਂ ਹੈ, ਅੰਦਰਲੀ ਬਾਤ ਹੈ ਸਾਰੀ, ਉਸ ਨੂੰ ਕਿਵੇਂ ਦੱਸਿਆ ਜਾ ਸਕਦਾ ਹੈ? ਅਮਲੀ ਤੌਰ ਤੇ ਹੀ ਦੱਸਿਆ ਜਾ ਸਕਦਾ ਹੈ।

ਸੋ ਪਹਿਲਾਂ ਜਿਸ ਦਾ ਨਾਮ ਨਹੀਂ ਚਲਦਾ। ਨਾਮ ਉਸ ਨੇ ਲੈ ਲਿਆ ਤੇ ਮੱਤ ਦੇ ਵਿਚ ਅਜੇ ਬੜੇ ਪਾਪ ਭਰੇ ਹੋਏ ਨੇ, ਮੈਲ ਲੱਗੀ ਹੋਈ ਹੈ। ਉਹ ਨਾਮ ਪਹਿਲਾਂ ਮਾਲਾ ਦੇ ਨਾਲ ਜਪਦਾ ਹੈ ਢਾਈ ਘੰਟੇ। ਬੈਠ ਜਾਓ ਇਸ਼ਨਾਨ ਕਰਕੇ ਢਾਈ ਘੰਟੇ ਮਾਲਾ ਦੇ ਨਾਲ ਗੁਰਮੰਤਰ ਦਾ ਜਾਪ ਕਰੋ,

ਫੇਰ ਮਾਲਾ ਛੁਟ ਜਾਂਦੀ ਹੈ, ਕੇਵਲ ਰਸਨਾ ਹਿਲਦੀ ਰਹਿੰਦੀ ਹੈ, ਬੁੱਲ੍ਹ ਹਰਕਤ ਕਰਦੇ ਨੇ। ਉਸ ਨੂੰ ਰਸਨਾ ਦਾ ਨਾਮ ਕਹਿੰਦੇ ਨੇ। ਉਸ ਦੇ ਬਾਰੇ ਫੁਰਮਾਨ ਹੈ ਕਿ ਜੇ ਰਸਨਾ ਨਾਮ ਨਹੀਂ ਜਪਦੀ ਤੇ ਨਾਮ ਨੂੰ ਛੱਡ ਕੇ ਹੋਰ ਕਿਚ ਪਿਚ ਕਰਦੀ ਹੈ, ਗੱਲਾਂ ਕਰੀ ਜਾਂਦੀ ਹੈ, ਨਾਮ ਦੇ ਵੇਲੇ ਕਹਿੰਦੇ ਜੀ! ਕਹਿ ਨਹੀਂ ਹੁੰਦਾ –

***ਆਖਣਿ ਅਉਖਾ ਸਾਚਾ ਨਾਉ॥ ਅੰਗ – 9***

ਬੜਾ ਔਖਾ ਹੈ ਨਾਮ ਜਪਣਾ, ਗੱਲਾਂ ਕਰ ਲਏਗਾ ਬੰਦਾ ਸਾਰਾ ਦਿਨ ਪਰ ਨਾਮ ਨਹੀਂ ਜਪ ਸਕਦਾ ਤੇ ਕਹਿੰਦੇ ਫੇਰ ਏਸ ਰਸਨਾ ਨੂੰ ਡੰਨ ਦੇਣਾ ਚਾਹੀਦਾ ਹੈ –

***ਧਾਰਨਾ – ਜੇ ਤੂੰ ਨਾਮ ਨਾ ਜਪੇਂ ਜਿਹਬਾ ਮੇਰੀਏ,***
***ਤਿਲੋ ਤਿਲ ਤੈਨੂੰ ਕੱਟੀਏ –2, 4.***

***ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥ ਅੰਗ – 1362***

ਜਿਹੜੇ ਨੈਣ ਮਹਾਂਪੁਰਸ਼ਾਂ ਦੇ ਦਰਸ਼ਨ ਨਹੀਂ ਕਰਦੇ ਤਾਂ ਕਹਿੰਦੇ ਉਹ ਅੱਖਾਂ ਬੰਦ ਹੋ ਜਾਣੀਆਂ ਚਾਹੀਦੀਆਂ ਨੇ –

***ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥***
***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥ ਅੰਗ – 1362***

***ਹਰਿਹਾਂ ਜਬ ਬਿਸਰੈ ਗੋਬਿੰਦ ਰਾਇ ਦਿਨੋ ਦਿਨੁ ਘਟੀਐ॥***
***ਅੰਗ – 1362***

***ਰੇ ਜਿਹਬਾ ਕਰਉ ਸਤ ਖੰਡ॥***
***ਜਾਮਿ ਨ ਉਚਰਸਿ ਸ੍ਰੀ ਗੋਬਿੰਦ॥ ਅੰਗ – 1163***

ਕਹਿੰਦੇ ਸੌ ਟੁਕੜੇ ਕਰ ਦਿਓ ਓਸ ਜੀਭ ਦੇ ਜਿਹੜੀ ਪ੍ਰਮੇਸ਼ਰ ਦਾ ਨਾਮ ਨਹੀਂ ਲੈਂਦੀ ਤੇ ਵਾਹਿਗੁਰੂ ਭੁਲ ਕੇ ਵੀ ਨਹੀਂ ਕਹਿੰਦੀ। ਸੋ ਜਿਹੜੀ ਰਸਨਾ ਜਪਦੀ ਹੈ ਉਸ ਦੀ ਵਡਿਆਈ ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਜਿਹੜਾ ਸਤਿਨਾਮ ਸਤਿਨਾਮ ਜਪਦਾ,***
***ਧੰਨ ਹੈ ਮੁਖੜਾ, ਧੰਨ ਹੈ ਮੁਖੜਾ –2, 2.***
***ਜਿਹੜਾ ਵਾਹਿਗੁਰੂ ਵਾਹਿਗੁਰੂ ਜਪਦਾ,***

***ਧੰਨ ਹੈ ਮੁਖੜਾ, ਧੰਨ ਹੈ ਮੁਖੜਾ -2, 4.***

***ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥***
***ਅੰਗ - 1370***

ਜਿਹੜਾ ਰਾਮ ਨਹੀਂ ਕਹਿੰਦਾ, ਮਹਾਰਾਜ ਜੀ ਕਹਿੰਦੇ ਉਹ ਮੁੱਖ ਤਾਂ ਫਿਟਕਾਰ ਪਾਉਣ ਦੇ ਕਾਬਲ ਹੈ। ਸੋ ਪ੍ਰਮੇਸ਼ਰ ਦਾ ਨਾਮ ਲੈਣ ਦਾ ਫਲ ਕਿੰਨਾ ਹੈ ਕਹਿੰਦੇ-

***ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥ ਅੰਗ - 1370***

ਉਸ ਦੀ ਦੇਹੀ ਪਵਿੱਤਰ ਹੋਣੀ ਤਾਂ ਮਾਮੂਲੀ ਬਾਤ ਹੈ, ਉਸ ਦੀ ਆਵਾਜ਼ ਵੀ ਜਿੱਥੇ ਜਾਏਗੀ, ਜਿਸ ਨਗਰ ਵਿਚ ਰਹਿੰਦਾ ਹੈ ਉਹ ਪਵਿੱਤਰ ਹੋ ਜਾਂਦਾ ਹੈ, ਐਉਂ ਫੁਰਮਾਨ ਕਰਦੇ ਨੇ -

***ਧਾਰਨਾ - ਸਾਰਾ ਨਗਰ ਪਵਿੱਤਰ ਹੋ ਜਾਵੇ,***
***ਸਤਿਨਾਮ ਬੋਲ ਵਾਹਿਗੁਰੂ - 2, 2.***
***ਮੇਰੇ ਪਿਆਰੇ ਸਤਿਨਾਮ ਬੋਲ ਵਾਹਿਗੁਰੂ - 2.***
***ਸਾਰਾ ਨਗਰ ਪਵਿੱਤਰ ਹੋ ਜਾਵੇ,........।***

***ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥***
***ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥ ਅੰਗ - 1370***

ਦੇਹੀ ਦੀ ਤਾਂ ਗੱਲ ਹੀ ਨਾ ਕਰੋ, ਸਾਰਾ ਪਿੰਡ, ਸਾਰਾ ਨਗਰ ਪ੍ਰਮੇਸ਼ਰ ਦਾ ਨਾਮ ਲੈਣ ਦੇ ਨਾਲ ਪਵਿੱਤਰ ਹੋ ਜਾਏਗਾ। ਦੂਜੇ ਪਾਸੇ -

***ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥***
***ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥ ਅੰਗ - 1383***

ਡਰਾਉਣੇ ਮੁਖੜੇ ਨੇ। ਸੋ ਇਸ ਤਰ੍ਹਾਂ ਦੇ ਨਾਲ ਰਸਨਾ ਦਾ ਨਾਮ, ਉਸ ਦੀ ਮਹਿਮਾ ਮਹਾਰਾਜ ਜੀ ਵਰਣਨ ਕਰਦੇ ਨੇ। ਨਾਮ ਦੀ ਅਵਸਥਾ ਹੋਇਆ ਕਰਦੀ ਹੈ ਫਲ ਉਵੇਂ-ਜਿਵੇਂ ਵਧ ਜਾਇਆ ਕਰਦਾ ਹੈ। ਚਾਰ ਬਾਣੀਆਂ ਨੇ ਆਦਮੀ ਦੇ ਅੰਦਰ, ਇਕ ਨੂੰ ਬੈਖਰੀ ਕਹਿੰਦੇ ਨੇ, ਜਿਵੇਂ ਬੋਲਦੇ ਹਾਂ। ਇਕ ਮਧਮਾ ਕਹਾਉਂਦੀ ਹੈ ਜੋ ਕੰਠ ਵਿਚ ਬੋਲੀ ਜਾਂਦੀ ਹੈ, ਸੁਣਦੀ ਨਹੀਂ ਕਿਸੇ ਨੂੰ। ਤੀਸਰੀ ਪਸੰਤੀ ਬਾਣੀ ਹੈ ਜੋ ਹਿਰਦੇ ਦੇ ਅੰਦਰ ਹੈ, ਅਜੇ ਫੁਰਨਾ-ਬਣਨਾ ਹੁੰਦਾ ਹੈ। ਫੁਰਨੇ ਦੀ ਬਾਣੀ ਨੂੰ ਪਸੰਤੀ ਬਾਣੀ ਕਹਿੰਦੇ ਨੇ।

ਚੌਥੀ ਇਸ ਤੋਂ ਥੱਲੇ ਹੈ ਜਿਸ ਨੂੰ ਪਰਾ ਬਾਣੀ ਕਹਿੰਦੇ ਨੇ, ਪਰਾ ਤੇ ਪਸੰਤੀ ਦੂਰ ਸੰਵੇਦਨ ਦੀ ਬਾਣੀ ਹੈ, ਬੋਲੇ ਤੋਂ ਬਗੈਰ। ਦਰਗਾਹ ਵਿਚ ਇਹੀ ਬਾਣੀ ਬੋਲੀ ਜਾਂਦੀ ਹੈ। ਮੂੰਹ ਨਹੀਂ ਹਿਲਦਾ, ਮੂੰਹ ਇਥੋਂ ਪਹਿਲਾਂ ਜਾ ਕੇ ਹਿਲਾਉਂਦੇ ਨੇ ਫੇਰ ਉਥੇ ਸਿਖਲਾਈ ਮਿਲ ਜਾਂਦੀ ਹੈ ਕਿ ਕਾਹਨੂੰ ਮੂੰਹ ਹਿਲਾਈ ਜਾਂਦਾ ਹੈਂ ਇਥੇ ਤਾਂ ਊਈਂ ਸਮਝੀ ਜਾਂਦੀ ਹੈ ਗੱਲ, ਚਾਹੇ ਪੰਜਾਬੀ ਬੋਲੇ, ਚਾਹੇ ਅੰਗ੍ਰੇਜ਼ੀ, ਚਾਹੇ ਫਾਰਸੀ ਬੋਲੇ। ਬੋਲੀ ਤਾਂ ਇਕੋ ਹੀ ਹੈ, ਅੱਖਰ ਤਾਂ ਬਾਅਦ ਵਿਚ ਬਣਦੇ ਨੇ, ਭਾਵ ਪਹਿਲਾਂ ਬਣਦੇ ਨੇ। ਸੋ ਭਾਵਾਂ ਦੀ ਬਾਣੀ ਹੈ ਉਹ ਸਾਰੀ। ਪਰਾ ਬਾਣੀ ਉਥੇ ਹੈ ਜਿਥੋਂ ਸ਼ਬਦ ਪੈਦਾ ਹੁੰਦਾ ਹੈ। ਸੋ ਜਿਹੜਾ ਬੰਦਗੀ ਕਰਦਾ ਹੈ, ਰਸਨਾ ਦੇ ਨਾਲ ਨਾਮ ਜਪਣ ਦਾ ਬਹੁਤ ਵੱਡਾ ਫਲ ਹੈ। ਬੁੱਲ੍ਹ ਨਾ ਹਿੱਲਣ, ਜੀਭ ਨਾ ਹਿੱਲੇ ਕੇਵਲ ਕੰਠ ਦੇ ਵਿਚ ਹਰਕਤ ਹੁੰਦੀ ਹੋਵੇ। ਉਸ ਤੋਂ ਦਸ ਗੁਣਾਂ ਫਲ ਪਸੰਤੀ ਬਾਣੀ ਵਿਚ, ਫੁਰਨੇ ਦੀ ਬਾਣੀ ਵਿਚ ਜਿਥੇ ਪਿਆਰ ਵਸਦਾ ਹੈ ਉਸ ਥਾਂ ਤੇ ਜਦੋਂ ਪ੍ਰਮੇਸ਼ਰ ਦਾ ਨਾਂ ਜਪਿਆ ਜਾਂਦਾ ਹੈ ਤਾਂ ਬਾਹਰ ਸੌ ਵਾਰੀ ਤੇ ਉਥੇ ਇਕ ਵਾਰੀ ਕਹਿ ਲਓ। ਉਸ ਤੋਂ ਦੱਸ ਗੁਣਾਂ ਫਲ ਹੁੰਦਾ ਹੈ ਪਰਾ ਬਾਣੀ ਦੇ ਅੰਦਰ। ਬਾਹਰ ਹਜ਼ਾਰ ਵਾਰੀ ਤੇ ਉਥੇ ਇਕ ਵਾਰੀ।

ਸੋ ਜਿਉਂ-ਜਿਉਂ ਬਿਰਤੀ ਇਕਾਗਰ ਹੁੰਦੀ ਜਾਂਦੀ ਹੈ ਨਾਮ ਦਾ ਫਲ ਵਧਦਾ ਤੁਰਿਆ ਜਾਂਦਾ ਹੈ। ਪਹਿਲਾਂ ਨਾਮ ਅਸੀਂ ਰਸਨਾ ਨਾਲ ਜਪਦੇ ਹਾਂ। ਉਸ ਤੋਂ ਬਾਅਦ ਵਾਰੀ ਆ ਜਾਂਦੀ ਹੈ ਸੁਆਸ ਦੀ। ਇਸ ਦੀ ਜੁਗਤ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਵੀ ਬਹੁਤ ਖੋਲ੍ਹ ਕੇ ਲਿਖੀ ਗਈ ਹੈ।

***ਸੂਰ ਸਰ ਸੋਖਿ ਪੋਖਿ ਸੋਮ ਸਰ ਪੂਰਨ ਕੈ,***
***ਬੰਧਨ ਦੈ ਮ੍ਰਿਤ ਸਰ ਅਪਿਅ ਪੀਆਏ ਹੈ॥***

***ਕਬਿੱਤ ਭਾਈ ਗੁਰਦਾਸ ਜੀ ੧੬***

ਤੇ ਭਾਈ ਗੁਰਦਾਸ ਜੀ ਨੇ ਵੀ ਇਹ ਗੱਲ ਬਹੁਤ ਖੋਲ੍ਹ ਕੇ ਲਿਖੀ ਹੋਈ ਹੈ, ਆਪ ਫੁਰਮਾਨ ਕਰਦੇ ਨੇ ਕਿ ਜਿਵੇਂ ਮੱਛੀ ਪੁੱਠੀ ਤਾਰੀ ਤਰਦੀ ਹੈ, ਜਿੱਧਰੋਂ ਪਾਣੀ ਆਉਂਦਾ ਹੈ ਉਧਰ ਨੂੰ ਜਾਂਦੀ ਹੈ, ਇਸ ਤਰ੍ਹਾਂ ਦੇ ਨਾਲ ਤੂੰ ਪਵਨ, ਸਾਹ ਨੂੰ ਉਲਟਾ ਲੈ। ਸਾਹ ਨੂੰ ਉਲਟਾ ਕੇ ਪਹਿਲਾਂ-

***ਸੂਰ ਸਰ ਸੋਖਿ.........॥***

ਜਿਸਨੂੰ ਇੜਾ ਕਹਿੰਦੇ ਨੇ। ਇੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਨੇ ਆਦਮੀ ਦੇ ਅੰਦਰ। ਰੀੜ੍ਹ ਦੀ ਹੱਡੀ ਦੇ ਨਾਲ-ਨਾਲ ਜਾਂਦੀਆਂ ਨੇ। ਸੁਖਮਨਾ ਵਿਚਕਾਰਲੀ ਹੈ, ਇੜਾ ਸੱਜੇ ਹੱਥ ਵਾਲੀ ਹੈ ਤੇ ਪਿੰਗਲਾ ਖੱਬੇ ਹੱਥ ਵਾਲੀ ਹੈ, ਸੋ ਉਸ ਦੇ ਵਿਚ ਲਿਖਦੇ ਨੇ ਕਿ ਸੁਆਸ ਖਿੱਚ ਲੈ ਸੱਜੀ ਨਾਸ ਦੇ, ਇਸ ਦੇ ਨਾਲ ਗੁਰਮੰਤਰ ਕਹਿ ਕੇ ਅੰਦਰ ਨੂੰ ਲੈ ਜਾ। ਜੁਗਤੀ

ਪ੍ਰਕਾਸ਼ਤ ਨਹੀਂ ਹੋ ਸਕਦੀ, ਜਿਹੋ ਜਿਹੀ ਕਿਸੇ ਦੀ ਬਿਰਤੀ ਹੈ, ਉਸੇ ਤਰ੍ਹਾਂ ਦੇ ਨਾਲ ਅਨੁਭਵੀ ਪੁਰਸ਼ ਦੱਸ ਦਿੰਦੇ ਹਨ ਕਿ ਤੈਨੂੰ ਆਹ ਠੀਕ ਹੈ। ਉਸ ਤੋਂ ਬਾਅਦ ਬੰਧ ਦੇ, ਉਥੇ ਰੋਕ ਲੈ ਕਹਿੰਦੇ ਮਿਰਤਸਰ ਕਹਿੰਦੇ ਨੇ ਸੁਖਮਨਾ ਨਾੜੀ ਦੇ ਵਿਚਕਾਰਲੇ ਹਿੱਸੇ ਨੂੰ, ਜਿੱਥੇ ਸ੍ਵਾਸ ਨਹੀਂ ਹੋਇਆ ਕਰਦਾ, ਜਿਥੋਂ ਸ੍ਵਾਸ ਦੁਬਾਰਾ ਮੁੜਿਆ ਕਰਦਾ ਹੈ। ਉਥੇ ਰੋਕ ਲੈ, ਰੋਕ ਕੇ ਉਥੇ ਵੀ ਨਾਮ ਕਹਿ ਫੇਰ ਇਹ ਜਪਦੇ-ਜਪਦੇ ਤੇਰੇ ਅੰਦਰ ਰਸ ਪੈਦਾ ਹੋ ਜਾਏਗਾ -

***ਅਜਰਹਿ ਜਾਰਿ ਮਾਰਿ ਅਮਰਹਿ........॥***

***ਕਬਿੱਤ ਭਾਈ ਗੁਰਦਾਸ ਜੀ ੧੯***

ਕਹਿੰਦੇ ਅਜਰ ਜਿਹੜੀ ਹਉਮੈ ਹੈ ਇਸ ਨੂੰ 'ਜਾਰ' ਦਿੰਦਾ ਹੈ ਇਹ ਨਾਮ, ਖਤਮ ਕਰ ਦਿੰਦਾ ਹੈ ਕਿਉਂਕਿ -

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥ ਅੰਗ - 560***

ਜਦੋਂ ਨਾਮ ਦਾ ਅਸਰ ਪੈ ਜਾਣਾ ਹੈ ਤਾਂ ਹਉਮੈ ਮਰਨੀ ਸ਼ੁਰੂ ਹੋ ਜਾਣੀ ਹੈ 'ਮਾਰ ਅਮਰੈ' ਮਨ ਜਿਹੜਾ ਮਾਰਿਆ ਨਹੀਂ ਜਾ ਸਕਦਾ ਇਹ ਫੇਰ ਨਾਮ ਦੇ ਬਲ ਨਾਲ ਇਹ ਵੀ ਮਰਨ ਲੱਗ ਜਾਂਦਾ ਹੈ। ਦੇਹ ਅਧਿਆਸ ਛੱਡ ਦਿੰਦਾ ਹੈ। ਆਪਣੇ ਆਪ ਨੂੰ ਸਰੀਰ ਨਹੀਂ ਸਮਝਦਾ। ਪਤਾ ਲਗ ਜਾਂਦਾ ਹੈ ਕਿ ਮੈਂ ਤਾਂ ਆਤਮਾ ਹਾਂ -

***ਅਸਥਿਰ ਕੰਧ ਹੰਸ ਅਨਤ ਨ ਧਾਏ ਹੈ॥***

***ਕਬਿੱਤ ਭਾਈ ਗੁਰਦਾਸ ਜੀ ੧੯***

ਸਰੀਰ ਅਰੋਗ ਹੋ ਜਾਂਦਾ ਹੈ ਤੇ ਜਿਹੜਾ ਫੇਰ ਜੀਵ-ਆਤਮਾ ਹੈ ਉਹ ਦੁਬਾਰਾ ਜੰਮਣ-ਮਰਨ ਵਿਚ ਨਹੀਂ ਆਉਂਦਾ, ਜੇ ਨਾਮ ਏਸ ਤਰ੍ਹਾਂ ਪਰਪੱਕ ਕਰ ਲਿਆ ਜਾਵੇ।

***ਆਦੈ ਆਦਿ ਨਾਦੈ ਨਾਦਿ ਸਲਿਲੈ ਸਲਿਲ ਮਿਲਿ,***
***ਬ੍ਰਹਮੈ ਬ੍ਰਹਮ ਮਿਲਿ ਸਹਜਿ ਸਮਾਏ ਹੈ॥***

***ਕਬਿੱਤ ਭਾਈ ਗੁਰਦਾਸ ਜੀ ੧੯***

ਆਦਿ ਹੈ ਵਾਹਿਗੁਰੂ, ਸ਼ਬਦ ਜਿਹੜਾ ਓਅੰਕਾਰ ਦਾ ਹੈ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ - 3***

ਉਸ ਨਾਦ ਦੀ ਧੁਨ ਦੇ ਨਾਲ, ਧੁਨ ਪ੍ਰਗਟ ਹੋ ਕੇ ਨਾਮ ਮਿਲ ਜਾਇਆ ਕਰਦਾ ਹੈ। ਏਸ ਤਰ੍ਹਾਂ ਮਿਲ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ

ਮਿਲ ਜਾਂਦਾ ਹੈ। ਦਸਵਾਂ ਦੁਆਰ ਖੁਲ੍ਹ ਜਾਇਆ ਕਰਦਾ ਹੈ। ਸੋ ਇਸ ਦੇ ਬਾਰੇ ਹੋਰ ਸਪਸ਼ਟ ਕਰਕੇ ਲਿਖਦੇ ਨੇ ਕਿ –

***ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ.......।***
***ਕਬਿੱਤ ਭਾਈ ਗੁਰਦਾਸ ਜੀ ੨੮***

ਜਦੋਂ ਸ਼ਬਦ ਸੁਰਤ ਗੁਰਮੁਖ ਦੇ ਰਾਹੀਂ, ਗੁਰੂ ਦੇ ਰਾਹੀਂ ਇਸ ਦੀ ਸੰਧ ਮਿਲ ਜਾਵੇ–

***ਸਸਿ ਘਰਿ ਸੂਰੁ ਪੂਰਿ ਨਿਜ ਘਰਿ ਆਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਇਹੀ ਇੜਾ, ਪਿੰਗਲਾ, ਸੁਖਮਨਾ ਦੀ ਬਾਤ ਇਥੇ ਆਈ ਹੈ ਤੇ ਇਸ ਢੰਗ ਨਾਲ ਜਦੋਂ ਅਸੀਂ ਨਾਮ ਜਪਦੇ ਹਾਂ ਤਾਂ ਸਾਡੀ ਸੁਰਤੀ ਤ੍ਰਿਕੁਟੀ ਨੂੰ ਵੇਧ ਕੇ ਦਸਵੇਂ ਦੁਆਰ ਵਿਚ ਦਾਖਲ ਹੋ ਜਾਂਦੀ ਹੈ –

***ਉਲਟਿ ਪਵਨ ਮਨ ਮੀਨ ਤ੍ਰਿਬੇਨੀ ਪ੍ਰਸੰਗ.....॥***
***ਕਬਿੱਤ ਭਾਈ ਗੁਰਦਾਸ ਜੀ ੨੮***

ਜਿਵੇਂ ਮੱਛੀ ਜਾਂਦੀ ਹੈ ਤੇ ਟੱਕਰ ਖਾ ਕੇ ਫੇਰ ਮੁੜ ਆਉਂਦੀ ਹੈ ਇਸੇ ਤਰ੍ਹਾਂ ਸੁਆਸ ਉਪਰ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ, ਹੌਲੀ-ਹੌਲੀ ਮੁੜਦਾ-ਮੁੜਦਾ ਤ੍ਰਿਕੁਟੀ ਨੂੰ ਵੇਧ ਲੈਂਦਾ ਹੈ ਉਸ ਤੋਂ ਬਾਅਦ ਦਸਵੇਂ ਦੁਆਰ ਵਿਚ ਦਾਖਲ ਹੋ ਜਾਇਆ ਕਰਦਾ ਹੈ –

***..........ਤ੍ਰਿਕੁਟੀ ਉਲੰਘਿ ਸੁਖ-ਸਾਗਰ ਸਮਾਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਵਾਹਿਗੁਰੂ ਦਸਵੇਂ ਦੁਆਰ ਦੇ ਅੰਦਰ ਜਿਥੇ ਮਹਾਂ ਅਨੰਦ ਹੈ, ਉਥੇ ਇਸ ਦੀ ਸਮਾਈ ਹੋ ਜਾਂਦੀ ਹੈ।

***ਤ੍ਰਿਗੁਨ ਅਤੀਤ ਚਤੁਰਥ ਪਦ ਗੰਮਿਤਾ ਕੈ........॥***
***ਕਬਿੱਤ ਭਾਈ ਗੁਰਦਾਸ ਜੀ ੨੮***

ਇਥੇ ਰਜੋ ਗੁਣ, ਤਮੋ ਗੁਣ, ਸਤੋ ਗੁਣਾਂ ਦੇ ਅਸਰ ਖਤਮ ਹੋ ਜਾਂਦੇ ਨੇ ਤੇ ਤੁਰੀਆ ਅਤੀਤ ਪਦ ਦੀ ਗੰਮਤਾ ਵਿਚ ਪਹੁੰਚ ਜਾਂਦਾ ਹੈ।

***ਨਿਝਰ ਅਪਾਰ ਧਾਰ ਅਮਿਅ ਚੁਆਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਇਥੇ ਇੰਨਾ ਅਕਹਿ ਰਸ ਆਉਂਦਾ ਹੈ ਕਿ ਜੀਅ ਨਹੀਂ ਕਰਦਾ ਨੇਤਰ ਖੋਲ੍ਹਣ ਨੂੰ। ਵਿਚ ਬੈਠਾ ਹੈ ਇਹ ਅੰਮ੍ਰਿਤ ਦੀ ਜਾਰ ਜਿਹੜੀ ਹੈ, ਇਕ ਤਾਂ ਸਵਰਗ ਦਾ ਅੰਮ੍ਰਿਤ ਹੈ ਉਹ ਤਾਂ ਇਸਦਾ ਮੁਕਾਬਲਾ ਹੀ ਨਹੀਂ ਕਰ ਸਕਦਾ। ਐਸਾ ਅੰਮ੍ਰਿਤ ਇਸ ਦੇ ਅੰਦਰ ਝਰਨਾ ਸ਼ੁਰੂ ਹੋ ਜਾਂਦਾ ਹੈ –

***ਚਕਈ ਚਕੋਰ ਮੋਰ ਚਾਤ੍ਰਿਕ ਅਨੰਦ-ਮਈ.........॥***
***ਕਬਿੱਤ ਭਾਈ ਗੁਰਦਾਸ ਜੀ ੨੮***

ਜਿਵੇਂ ਚਕਵੀ ਸੂਰਜ ਨੂੰ ਦੇਕਦੀ ਹੈ ਤੇ ਚਕੋਰ ਚੰਦਰਮਾ ਨੂੰ ਦੇਖ ਕੇ ਅਨੰਦਿਤ ਹੁੰਦਾ ਹੈ, ਮੋਰ ਬੱਦਲ ਨੂੰ ਦੇਖ ਕੇ ਕੁਸ਼ ਹੁੰਦਾ ਹੈ ਇਸੇ ਤਰ੍ਹਾਂ ਦੇ ਨਾਲ-

***ਕਦਲੀ ਕਮਲ ਸੋ ਬਿਮਲ ਜਲ ਛਾਏ ਹੈ॥***
***ਕਬਿੱਤ ਭਾਈ ਗੁਰਦਾਸ ਜੀ ੨੮***

ਨਿਰਲੇਪ ਰਹਿੰਦੀ ਹੈ ਸੁਰਤ ਜਿਵੇਂ ਪਾਣੀ ਦੇ ਅੰਦਰ ਕਮਲ ਤੇ ਕੇਲੇ ਨੂੰ ਪਾਣੀ ਛੋਹ ਨਹੀਂ ਸਕਿਆ ਕਰਦਾ ਇਸੇ ਤਰ੍ਹਾਂ ਦੇ ਨਾਲ ਜਦੋਂ ਅੰਦਰਲੇ ਪਾਸੇ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ ਉਸ ਦੇ ਅਨੰਦ ਦੇ ਵਿਚ ਲੀਨ ਹੋ ਜਾਇਆ ਕਰਦਾ ਹੈ। ਸੋ ਇਹ ਦਸਵੇਂ ਦੁਆਰ ਤੱਕ ਪਹੁੰਚ ਕਰ ਦਿੰਦਾ ਹੈ ਸ੍ਵਾਸ ਸ੍ਵਾਸ ਦਾ ਨਾਮ। ਇਸ ਕਰਕੇ ਬਾਰ-ਬਾਰ ਤਾਕੀਦ ਹੈ ਨਾਮ ਜਪਣ ਦੀ -

***ਧਾਰਨਾ - ਸ੍ਵਾਸ-ਸ੍ਵਾਸ ਦੇ ਗੇੜੇ ਜਪ ਲਓ ਵਾਹਿਗੁਰੂ- 2, 2.***

***ਪੂਰੇ ਗੁਰ ਕਾ ਸੁਨਿ ਉਪਦੇਸੁ॥***
***ਪਾਰਬ੍ਰਹਮੁ ਨਿਕਟਿ ਕਰਿ ਪੇਖੁ॥ ਅੰਗ - 295***

ਜਦੋਂ ਭਜਨ ਕਰਨ ਲੱਗਣਾ ਹੈ ਤਾਂ ਸਭ ਤੋਂ ਪਹਿਲਾਂ ਵਾਹਿਗੁਰੂ ਨੂੰ ਨੇੜੇ ਜਾਣ, ਪੂਰਾ ਨਿਹਚਾ ਕਰ ਲੈ -

***ਸਾਸਿ ਸਾਸਿ ਸਿਮਰਹੁ ਗੋਬਿੰਦ॥***
***ਮਨ ਅੰਤਰ ਕੀ ਉਤਰੈ ਚਿੰਦ॥ ਅੰਗ - 295***

ਜਦੋਂ ਅਸੀਂ ਸ੍ਵਾਸ-ਸ੍ਵਾਸ ਨਾਮ ਜਪਦੇ ਹਾਂ ਜਿਸ ਤਰ੍ਹਾਂ ਪਿਛੇ ਵਿਆਖਿਆ ਕੀਤੀ ਗਈ ਹੈ ਕਿ ਇੜਾ, ਪਿੰਗਲਾ, ਸੁਖਮਨਾ ਨਾਲ ਕਿਸ ਤਰ੍ਹਾਂ ਨਾਮ ਜਪਿਆ ਜਾਂਦਾ ਹੈ। ਬਹੁਤੇ ਤਾਂ ਪੰਜ ਪਿਆਰੇ ਦੱਸ ਦਿਆ ਕਰਦੇ ਨੇ। ਜੇ ਨਾ ਹੋਵੇ ਪੰਜ ਪਿਆਰਿਆਂ ਤੋਂ ਤਾਂ ਅਨੁਭਵੀ ਮਹਾਂਪੁਰਸ਼ ਦੱਸ ਦਿਆ ਕਰਦੇ ਨੇ ਕਿ ਆਹ ਜੁਗਤ ਹੈ। ਗੁਰੂ ਨਹੀਂ ਬਣਦੇ ਸਹਾਇਕ ਹੋਇਆ ਕਰਦੇ ਨੇ। ਤੋਰ ਦਿਆ ਕਰਦੇ ਨੇ ਕਿ ਰੁਕਿਆ ਪਿਆ ਹੈ ਕਿ ਇਸ ਨੂੰ ਰਸਤਾ ਦੱਸ ਦੇਈਏ, ਰਸਤਾ ਤਾਂ ਸਿਪਾਹੀ ਦੱਸੀ ਜਾਂਦੇ ਨੇ ਉਹ ਗੁਰੂ ਬਣ ਜਾਂਦੇ ਨੇ। ਆਹ ਭਰਮ ਪਿਆ ਹੋਇਆ ਹੈ ਸਾਡੇ ਵਿਚ। ਆਪ ਨੂੰ ਸਮਝ ਵਿਚ ਨਹੀਂ ਆਉਂਦੀ, ਪੁੱਛਣਾ ਕਿਸੇ ਤੋਂ ਹੈ ਨਹੀਂ। ਸੋ ਇਸ ਦੇ ਨਾਲ ਦਸਵੇਂ ਦੁਆਰ ਤੱਕ ਰਸਵਾਈ ਹੋ ਜਾਂਦੀ ਹੈ।

ਇਕ ਜਾਪ ਹੋਇਆ ਕਰਦਾ ਹੈ, ਇਕ ਅਜਪਾ ਹੋਇਆ ਕਰਦਾ ਹੈ। ਜਾਪ ਹੁੰਦਾ ਹੈ ਰਸਨਾ ਹਿੱਲੇ, ਬੋਲ ਕੇ ਕਰੇ। ਦੂਜਾ ਜਾਪ ਹੁੰਦਾ ਹੈ ਅੰਦਰਲਾ ਜਿਸਨੂੰ 'ਅਜਪਾ' ਕਹਿੰਦੇ ਨੇ –

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥***
***ਅੰਗ – 1291***

ਸੋ ਇਸ ਤਰ੍ਹਾਂ ਅਜਪਾ-ਜਾਪ ਸ੍ਵਾਸ ਦੇ ਨਾਲ ਹੁੰਦਾ ਹੈ, ਇਥੋਂ ਸ਼ੁਰੂ ਹੋ ਜਾਇਆ ਕਰਦਾ ਹੈ। ਉਸ ਤੋਂ ਬਾਅਦ ਥੋੜ੍ਹੀ ਜਿਹੀ ਮਦਦ ਅੰਦਰ ਮਿਲਦੀ ਹੈ ਉਸ ਨੂੰ ਧਿਆਨ ਕਹਿੰਦੇ ਨੇ। ਪਹਿਲਾ ਕਰਮ, ਉਸ ਤੋਂ ਬਾਅਦ ਜਿਹੜੀ ਵਿਖਸ਼ੇਪਤਾ ਹੈ। ਜਦੋਂ ਤੱਕ ਧਿਆਨ ਪਰਪੱਕ ਨਹੀਂ ਹੁੰਦਾ ਓਨਾ ਚਿਰ ਇਹ ਆਇਆ ਨਹੀਂ ਕਰਦੀ। ਧਿਆਨ ਉਹੋ ਜਿਹਾ ਹੀ ਲਾਗੂ ਹੁੰਦਾ ਹੈ ਜਿਹੋ ਜਿਹੀ ਕਿਸੇ ਦੀ ਬੁੱਧੀ ਹੁੰਦੀ ਹੈ। ਇਕ ਪ੍ਰਤੀਕ ਧਿਆਨ ਹੋਇਆ ਕਰਦਾ ਹੈ। ਦੂਜਾ ਹੁੰਦਾ ਹੈ ਸੰਪਤ ਧਿਆਨ। ਤੀਜਾ ਹੁੰਦਾ ਹੈ ਅਹੰਗ੍ਰਹਿ ਧਿਆਨ।

ਪ੍ਰਤੀਕ ਧਿਆਨ ਹੁੰਦਾ ਹੈ ਕਿ ਆਪਣੇ ਗੁਰੂ ਨੂੰ ਸਾਖਸ਼ਾਤ ਪ੍ਰਮੇਸ਼ਰ ਜਾਣ ਕੇ ਧਿਆਨ ਧਰਨਾ। ਦੂਸਰਾ ਹੁੰਦਾ ਹੈ ਕਿ ਉਸ ਦਾ ਕੋਈ ਪ੍ਰਤੀਕ ਹੋਵੇ ਤੇ ਉਸ ਦੇ ਵਿਚ ਗੁਰੂ ਭਾਵਨਾ ਰੱਖ ਕੇ ਉਸ ਦਾ ਧਿਆਨ ਧਰਨਾ। ਤੀਸਰਾ ਜਿਹੜਾ ਅਹੰਗ੍ਰਹਿ ਧਿਆਨ ਹੈ ਉਹ ਧਿਆਨ ਨਹੀਂ ਹੁੰਦਾ ਉਹ ਗਿਆਨ ਹੁੰਦਾ ਹੈ। ਸੋ ਉਸ ਦੇ ਬਾਰੇ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ। ਚਾਰ ਧਿਆਨ ਹੁੰਦੇ ਨੇ –

ਪਹਿਲਾ ਧਿਆਨ ਹੁੰਦਾ ਹੈ ਸਾਕਾਰ ਦਾ। ਦੂਸਰਾ ਹੁੰਦਾ ਹੈ ਸ਼ਬਦ ਦਾ ਧਿਆਨ। ਕਈਆਂ ਦਾ ਖਿਆਲ ਹੁੰਦਾ ਹੈ ਕਿ ਵਾਹਿਗੁਰੂ ਅੱਖਰਾਂ ਦਾ ਧਿਆਨ ਧਰੀਏ। ਨਾ ਸਾਧ-ਸੰਗਤ ਜੀ ਸ਼ਬਦ ਸ਼ਬਦ ਨੂੰ ਕਹਿੰਦੇ ਨੇ। ਸ਼ਬਦ ਧੁਨ ਨੂੰ ਕਹਿੰਦੇ ਨੇ –

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਅੰਗ – 879***

ਉਹ ਧੁਨ ਹਰੇਕ ਦੇ ਅੰਦਰ ਹੈ। ਸਭ ਦੇ ਅੰਦਰ ਬੋਲ ਰਹੀ ਹੈ, ਪ੍ਰਗਟ ਕਿਉਂ ਨਹੀਂ ਕਿਉਂਕਿ ਦੇਹ ਅਧਿਆਸ ਸਾਡਾ ਟੁੱਟਿਆ ਨਹੀਂ।

***ਮਾਇਆਧਾਰੀ ਅਤਿ ਅੰਨਾ ਬੋਲਾ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਅੰਗ – 313***

ਰੌਲਾ ਘਚੋਲਾ ਮਚਿਆ ਪਿਆ ਹੈ। ਜਦੋਂ ਅਸੀਂ ਧਿਆਨ ਧਰਦੇ ਹਾਂ, ਮੰਤਰ ਦੀ ਧੁਨ ਬਣਾਉਂਦੇ ਹਾਂ ਤਾਂ ਉਸ ਦੇ ਧਿਆਨ ਦੇ ਨਾਲ ਅਸੀਂ ਅੱਗੇ ਚਲਦੇ ਹਾਂ ਤਾਂ ਜਿਹੜੀ ਸਾਡੇ ਅੰਦਰ ਪਹਿਲਾਂ ਤੋਂ ਧੁਨ ਵਜਦੀ ਹੈ ਉਹ

ਉਸ ਨਾਲ ਆਪ ਹੀ ਆ ਕੇ ਰਲ ਜਾਂਦੀ ਹੈ। ਸੋ ਉਸ ਦੇ ਬਾਰੇ ਮਹਾਰਾਜ ਜੀ ਦਾ ਇਸ ਤਰ੍ਹਾਂ ਨਾਲ ਫੁਰਮਾਨ ਹੈ –

*ਧਾਰਨਾ – ਧਰੀਏ ਮਨ ਵਿਚ ਧਿਆਨ*
*ਗੁਰਾਂ ਦੀ ਮੂਰਤ ਦਾ – 2, 2.*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ ਅੰਗ – 864*

*ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥*
*ਜੋ ਇਛੈ ਸੋਈ ਫਲੁ ਪਾਏ॥ ਅੰਗ – 661*

*ਗੁਰ ਮੂਰਤਿ ਸਿਉ ਲਾਇ ਧਿਆਨੁ॥*
*ਈਹਾ ਊਹਾ ਪਾਵਹਿ ਮਾਨੁ॥ ਅੰਗ – 192*

ਇਥੇ ਵੀ ਮਾਨ ਤੇ ਦਰਗਾਹ ਵਿਚ ਵੀ ਮਾਨ ਕਿਉਂਕਿ ਜਿਸ ਦਾ ਧਿਆਨ ਧਰਦਾ ਹੈ ਉਸੇ ਦਾ ਰੂਪ ਹੋ ਜਾਂਦਾ ਹੈ। ਤ੍ਰਿਕੁਟੀ ਹੁੰਦੀ ਹੈ ਇਕ ਧਿਆਤਾ-ਧਿਆਨ-ਧੇਅ ਦੀ। ਸੋ ਧਿਆਨ ਦੇ ਬਾਰੇ ਬੜੇ ਸ਼ੰਕੇ ਨੇ। ਜਿਹੋ ਜਿਹੀ ਕਿਸੇ ਦੀ ਬੁੱਧੀ ਓਹੋ-ਜਿਹੀ ਬਾਤ ਉਸਨੇ ਕਰ ਦਿਤੀ। ਜਦੋਂ ਕੋਈ ਧੇਅ ਸਾਮ੍ਹਣੇ ਨਾ ਹੋਵੇ ਤਾਂ ਧਿਆਨ ਕਿਵੇਂ ਹੋ ਜਾਏਗਾ। ਕੱਪੜਾ ਟੰਗਣਾ ਹੈ ਕੰਧ ਦੇ ਵਿਚ ਕੋਈ ਕਿੱਲਾ ਨਹੀਂ ਹੈ ਤਾਂ ਕੱਪੜਾ ਕਿਵੇਂ ਟੰਗੋਗੇ। ਸੋ ਤਸੱਵਰ ਹਮੇਸ਼ਾ ਤਸਵੀਰ ਦਾ ਹੋਇਆ ਕਰਦਾ ਹੈ।

ਗੁਰੂ ਇਤਿਹਾਸ ਵਿਚ ਐਸੇ ਜ਼ਿਕਰ ਆਉਂਦੇ ਨੇ ਕਿ ਇਕ ਵਾਰੀ ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਕੀਰਤਪੁਰ ਸਾਹਿਬ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸੰਗਤ ਵਿਚ ਬਿਰਾਜਮਾਨ ਨੇ, ਆਪਣੇ ਸ੍ਵੈ-ਸਰੂਪ ਵਿਚ ਲੀਨ ਨੇ। ਇਸੇ ਤਰ੍ਹਾਂ ਬੈਠਿਆਂ ਨੂੰ ਬਹੁਤ ਸਮਾਂ ਬੀਤ ਗਿਆ ਦੀਵਾਨ ਦੀ ਸਮਾਪਤੀ ਹੋ ਗਈ, ਅਰਦਾਸ ਹੋਈ। ਮਹਾਰਾਜ ਜੀ ਨੇ ਕੋਈ ਅੰਗ ਨਾ ਹਿਲਾਇਆ। ਸੰਗਤ ਬੈਠੀ ਹੈ ਸਾਰੀ। ਲਾਂਗਰੀ ਸਿੰਘ ਪ੍ਰਸ਼ਾਦ ਲੈ ਕੇ ਆ ਗਿਆ, ਅਰਦਾਸ ਹੋਈ ਲੰਗਰ ਦੀ ਪਰ ਮਹਾਰਾਜ ਜੀ ਨੇ ਨੇਤਰ ਖੋਲ੍ਹੇ, ਨਾ ਕੋਈ ਬਚਨ ਕੀਤਾ ਉਸੇ ਤਰ੍ਹਾਂ ਬੈਠੇ ਰਹੇ। ਬੈਠੇ-ਬੈਠੇ ਚਾਰ ਵਜ ਗਏ ਸ਼ਾਮ ਦੇ। ਉਸ ਵੇਲੇ ਆਪ ਨੇ 'ਸਤਿਨਾਮ ਸ੍ਰੀ ਵਾਹਿਗੁਰੂ' ਕਹਿ ਕੇ ਨੇਤਰ ਖੋਲ੍ਹੇ। ਸਾਰੀ ਸੰਗਤ ਅੱਗੇ ਹੱਥ ਜੋੜੀ ਬੈਠੀ ਹੈ। ਆਪ ਨੇ ਦ੍ਰਿਸ਼ਟੀ ਪਾਈ ਸਾਰੀ ਸੰਗਤ ਤੇ, ਸਭ ਨੂੰ ਕ੍ਰਿਤਾਰਥ ਕੀਤਾ ਤੇ ਇਕ ਗੁਰਸਿੱਖ ਨੇ ਉਠ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਅੱਜ ਆਪ ਬਹੁਤ ਦੇਰ ਤੱਕ ਬੈਠੇ ਰਹੇ, ਕੀ ਕਾਰਨ ਹੈ?

ਕਹਿਣ ਲੱਗੇ, "ਪ੍ਰੇਮੀਓ! ਇਕ ਗੁਰਸਿੱਖ ਹੈ ਕਾਬਲ ਵਿਚ ਭਾਈ ਗੋਂਦਾ ਜੀ। ਉਨ੍ਹਾਂ ਨੇ ਅੱਜ ਅੰਮ੍ਰਿਤ ਵੇਲੇ ਤੋਂ ਹੀ ਸਾਡੇ ਚਰਨਾਂ ਦਾ ਧਿਆਨ ਧਰ

ਕੇ ਜਫਾ ਮਾਰ ਲਿਆ ਤੇ ਜੇ ਅਸੀਂ ਛੁਡਾਉਂਦੇ ਸੀ ਤਾਂ ਉਸ ਗੁਰਸਿੱਖ ਨੂੰ ਖੇਚਲ ਹੁੰਦੀ ਸੀ, ਉਸ ਦੀ ਬਿਰਤੀ ਉਥਾਨ ਹੁੰਦੀ ਸੀ। ਸੋ ਹੁਣ ਉਹ ਸਮਾਧੀ ਤੋਂ ਉਥਾਨ ਹੋਇਆ ਹੈ ਤੇ ਹੁਣ ਅਸੀਂ ਚਰਨ ਚੁਡਾਏ ਨੇ ਉਸ ਤੋਂ।

ਵਕਤ ਨੋਟ ਕਰ ਲਿਆ ਗਿਆ, ਵਿਸਾਖੀ ਦੇ ਦੀਵਾਨ ਤੇ ਭਾਈ ਗੋਂਦਾ ਜੀ ਸੰਗਤ ਨੂੰ ਲੈ ਕੇ ਕੀਰਤਪੁਰ ਸਾਹਿਬ ਆਏ। ਉਸ ਵੇਲੇ ਗੱਲ ਪੁੱਛੀ ਗਈ ਕਿ ਇਕ ਦਿਨ ਤੁਸੀਂ ਏਸ ਤਰ੍ਹਾਂ ਵੀ ਕਰਿਆ ਸੀ? ਉਹ ਕਹਿੰਦੇ ਕਿ ਹਾਂ, ਸਾਡੀ ਸੁਰਤੀ ਐਸੀ ਮਹੱਵ ਹੋਈ, ਲੀਨ ਹੋਈ ਗੁਰੂ ਚਰਨਾਂ ਵਿਚ ਕਿ ਮਾਨੋ ਸਾਡਾ ਜਫਾ ਹੀ ਪੈ ਗਿਆ ਤੇ ਚਾਰ ਵਜੇ ਸਾਨੂੰ ਸੁੱਧ ਆਈ।

ਇਸੇ ਤਰ੍ਹਾਂ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਵੇਲੇ ਦਾ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਿਲਾਸਪੁਰ ਦੇ ਰਾਜੇ ਦੇ ਦਰਬਾਰ ਵਿਚ ਇਕ ਵਜ਼ੀਰ ਦੇਵੀ ਦਾਸ ਨਾਂ ਦਾ ਸੀ। ਜਦੋਂ ਸਾਰੇ ਰਾਜੇ ਮਿਲ ਕੇ ਗੁਰੂ ਮਹਾਰਾਜ ਜੀ ਦਾ ਵਿਰੋਧ ਕਰ ਰਹੇ ਨੇ ਤਾਂ ਉਸ ਨੇ ਮੱਤ ਦਿਤੀ ਕਿ ਉਹ ਤਾਂ ਮਹਾਂਪੁਰਖ ਨੇ, ਗੁਰੂ ਨਾਨਕ ਸਾਹਿਬ ਦੀ ਗੱਦੀ ਹੈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਨੇ। ਉਹੀ ਗੁਰੂ ਜਿਸ ਨੇ ਤੁਹਾਡੇ ਵਡੇਰਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਛੁਡਾ ਕੇ ਫੇਰ ਮੁੜ ਕੇ ਰਾਜ-ਭਾਗ ਦਿਵਾਏ, ਤੁਸੀਂ ਇਨ੍ਹਾਂ ਨਾਲ ਕਿਉਂ ਜਿੱਦ ਕਰਦੇ ਹੋ। ਇਨ੍ਹਾਂ ਤੋਂ ਬਖਸ਼ਿਸ਼ ਮੰਗੋ, ਗੁਰੂ-ਪੀਰਾਂ ਨਾਲ ਮਸ਼ਖਰੀ ਨਹੀਂ ਕਰੀਦੀ ਹੁੰਦੀ।

***ਸੰਤਨ ਸੇਤੀ ਮਸਖਰੀ ਕੁਲ ਡੋਬਨ ਕੀ ਰੀਤ।***

ਜਿਸ ਨੇ ਡੁੱਬਣਾ ਹੋਵੇ ਉਹ ਸੰਤਾਂ ਨੂੰ ਛੇੜ ਦਿਓ। ਸੋ ਮਾੜੀ ਗੱਲ ਕਰਦੇ ਹੋ ਤੁਸੀਂ। ਰਾਜੇ ਕਹਿਣ ਲੱਗੇ ਭੀਮ ਚੰਦ! ਆਹ ਤਾਂ ਤੇਰੇ ਘਰ ਵਿਚ ਹੀ ਗੁਰੂ ਜੀ ਦਾ ਜਸੂਸ ਬੈਠਾ ਹੈ। ਜਦੋਂ ਤੱਕ ਇਸਨੂੰ ਸਖਤ ਸਜ਼ਾ ਨਹੀਂ ਮਿਲਦੀ ਅਸੀਂ ਕੋਈ ਗੱਲ ਅੱਗੇ ਨਹੀਂ ਕਰਨੀ। ਆਖੀਰ ਇਹ ਫੈਸਲਾ ਹੋਇਆ ਕਿ ਇਸ ਨੂੰ ਪਹਾੜ ਤੇ ਲਿਜਾ ਕੇ ਇਸ ਦੀਆਂ ਦੋਵੇਂ ਅੱਖਾਂ ਵਿਚ ਗਰਮ ਸਿਲਾਈਆਂ ਫੇਰ ਦਿਤੀਆਂ ਜਾਣ ਤੇ ਫੇਰ ਇਸ ਨੂੰ ਪਹਾੜ ਤੋਂ ਧੱਕਾ ਦੇ ਦਿਤਾ ਜਾਵੇ, ਆਪੇ ਖੱਡਾਂ ਵਿਚ ਰੁਲ ਕੇ ਮਰ ਜਾਏਗਾ। ਪਹਾੜ ਤੇ ਲੈ ਆਏ, ਇਕ ਪਾਸੇ ਬਿਠਾ ਦਿਤਾ। ਸਿਲਾਈਆਂ ਗਰਮ ਕਰਨੀਆਂ ਸ਼ੁਰੂ ਕਰ ਦਿਤੀਆਂ ਅੱਗ ਵਿਚ। ਇਧਰ ਇਹ ਜਲਾਦਾਂ ਨੂੰ ਕਹਿਣ ਲੱਗਿਆ ਕਿ ਥੋੜ੍ਹੀ ਦੇਰ ਠਹਿਰੋ! ਹੋਰ ਗਰਮ ਹੋ ਲੈਣ ਦਿਓ। ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਚਰਨਾਂ ਦਾ ਧਿਆਨ ਧਰ ਲਿਆ। ਜਦੋਂ ਗੁਰੂ ਮਹਾਰਾਜ ਜੀ ਅੰਦਰ ਪ੍ਰਤੱਖ ਹੋ ਗਏ। ਧਿਆਨ ਤਾਂ ਪਹਿਲਾਂ ਕੀਤਾ ਜਾਂਦਾ ਹੈ ਗੁਰੂ ਦਾ ਉਸ ਤੋਂ ਬਾਅਦ ਗੁਰੂ ਜੋਤੀ ਸਰੂਪ ਹੋ ਜਾਇਆ ਕਰਦਾ ਹੈ ਤੇ ਜਦੋਂ ਇਸ ਤਰ੍ਹਾਂ

ਦਾ ਸਰੂਪ ਗੁਰੂ ਦਾ ਹੋਇਆ ਤਾਂ ਉਂਗਲੀ ਹਿਲਾ ਦਿਤੀ, ਉਨ੍ਹਾਂ ਨੇ ਅੱਖਾਂ ਵਿਚ ਦੋਵੇਂ ਪਾਸੇ ਸਿਲਾਈਆਂ ਫੇਰ ਦਿਤੀਆਂ। ਉਸੇ ਤਰ੍ਹਾਂ ਬੈਠੇ ਰਹੇ। ਜਲਾਦ ਜਾਣ ਲੱਗੇ ਕਹਿੰਦੇ, ਅਸੀਂ ਧੱਕਾ ਨਹੀਂ ਤੈਨੂੰ ਦਿੰਦੇ ਵਜ਼ੀਰ ਸਾਹਿਬ! ਤੇਰਾ ਵੀ ਅਸੀਂ ਨਮਕ ਖਾਧਾ ਹੋਇਆ ਹੈ। ਅਸੀਂ ਹੁਕਮ ਵਜਾ ਚੱਲੇ, ਅੱਗੇ ਪ੍ਰਮੇਸ਼ਰ ਤੇਰਾ ਰਾਖਾ। ਕਾਫੀ ਸਮੇਂ ਤੋਂ ਬਾਅਦ ਜਦੋਂ ਨੇਤਰ ਖੋਲ੍ਹੇ ਤਾਂ ਹੈਰਾਨ ਹੋ ਗਏ ਕਿ ਨੇਤਰਾਂ ਨੂੰ ਤਾਂ ਕੁਝ ਵੀ ਨਹੀਂ ਹੋਇਆ। ਉਸ ਵੇਲੇ ਐਡਾ ਵੈਰਾਗ ਆਇਆ ਹਿਰਦੇ ਵਿਚ, ਧਾਹਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕਿ ਕਲਗੀਧਰ ਪਿਤਾ! ਤੂੰ ਐਡਾ ਸਮਰੱਥ, ਤੇਰਾ ਚਰਨਾਂ ਦਾ ਧਿਆਨ ਧਰਿਆ ਹੈ ਤੇ ਤੂੰ ਸਿਲਾਈਆਂ ਮੇਰੇ ਨੇਤਰਾਂ ਵਿਚ ਨਹੀਂ ਫਿਰਨ ਦਿਤੀਆਂ। ਉਸੇ ਵੇਲੇ ਅਨੰਦਪੁਰ ਸਾਹਿਬ ਵਲ ਨੂੰ ਚੱਲ ਪਿਆ। ਸਫਰ ਕੱਟ ਕੇ ਜਦੋਂ ਨੇੜੇ ਪੁੱਜਿਆ ਤਾਂ ਦਰਸ਼ਨ ਵਾਸਤੇ ਸੇਵਾਦਾਰ ਨੂੰ ਬੇਨਤੀ ਕੀਤੀ। ਸੇਵਾਦਾਰ ਨੇ ਕਿਹਾ ਕਿ ਮਹਾਰਾਜ! ਅੰਦਰ ਨੇ ਤੇ ਅੱਜ ਉਨ੍ਹਾਂ ਦੇ ਚਰਨਾਂ ਵਿਚ ਕੁਝ ਤਕਲੀਫ ਹੈ। ਉਸੇ ਵੇਲੇ ਮੱਥਾ ਠਣਕ ਗਿਆ ਇਸ ਦਾ ਕਿ ਇਹ ਤਾਂ ਮੇਰੀ ਹੀ ਕੋਈ ਬਾਤ ਹੋਏਗੀ। ਇਜਾਜ਼ਤ ਲੈ ਲਈ ਤੇ ਅੱਗੇ ਮਹਾਰਾਜ ਜੀ ਕੋਲ ਬੇਨਤੀ ਕਰਦਾ ਹੈ ਕਿ ਪਾਤਸ਼ਾਹ! ਆਪ ਨੇ ਚਰਨਾਂ ਤੇ ਪੱਟੀ ਬੰਨ੍ਹੀ ਨੇ ਤੇ ਪੱਟੀਆਂ ਵਿਚ ਖ਼ੂਨ ਸਿੰਮਿਆ ਹੋਇਆ ਨਜ਼ਰ ਆਉਂਦਾ ਹੈ।

ਮਹਾਰਾਜ ਜੀ ਕਹਿੰਦੇ, "ਦੇਵੀ ਦਾਸ! ਕਿਸੇ ਪ੍ਰੇਮੀ ਦੀਆਂ ਅੱਖਾਂ ਵਿਚ ਸਿਲਾਈਆਂ ਗਰਮ ਫਿਰ ਰਹੀਆਂ ਸਨ ਉਸ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ ਤੇ ਫੇਰ ਉਹ ਸਾਨੂੰ ਲਗਣੀਆਂ ਹੀ ਸਨ।"

ਸੋ ਇਹ ਧਿਆਨ ਜਿਹੜਾ ਹੈ ਸਾਧਸੰਗਤ ਜੀ! ਕੂੰਜ ਸਿਮਰਨ ਕਰਦੀ ਹੈ। ਜਿਹੜਾ ਕੱਛੂ ਹੈ ਇਹ ਆਂਡੇ ਬਾਹਰ ਦੇ ਕੇ ਧਿਆਨ ਦੇ ਨਾਲ ਪਕਾਉਂਦਾ ਹੈ। ਸੋ ਧਿਆਨ ਕੋਈ ਐਵੇਂ ਹੀ ਨਹੀਂ ਹੈ। ਤੁਸੀਂ ਕਿਸੇ ਦਾ ਵੀ ਧਿਆਨ ਧਰ ਲਓ, ਥੋੜ੍ਹੀ ਜਿਹੀ ਤੁਹਾਡੇ ਵਿਚ ਇਕਾਗਰਤਾ ਹੋਵੇ ਉਹ ਬੰਦਾ ਉਸੇ ਵੇਲੇ ਖਿੱਚ ਖਾ ਕੇ ਤੁਰ ਪਏਗਾ। ਇਕ ਨਾਮ ਹੁੰਦਾ ਹੈ, ਇਕ ਰੂਪ ਹੁੰਦਾ ਹੈ, ਜਦੋਂ ਕਿਸੇ ਦਾ ਨਾਂ ਲਓਗੇ ਤਾਂ ਰੂਪ ਮੱਲੋਮੱਲੀ ਆਏਗਾ। ਤੁਸੀਂ ਕਿਵੇਂ ਰੋਕ ਸਕੋਗੇ ਫੇਰ ਏਸ ਗੱਲ ਤੇ ਜ਼ਿੱਦ ਕਰਨੀ ਕਿ ਅਸੀਂ ਧਿਆਨ ਨਹੀਂ ਧਰਨਾ। ਇਹ ਪਹਿਲੇ ਬੰਦਿਆਂ ਦਾ ਹੈ। ਦੂਸਰਿਆਂ ਲਈ ਹੁੰਦਾ ਹੈ ਧੁਨ ਦਾ ਧਿਆਨ, ਜਿਸਨੂੰ ਸ਼ਬਦ ਦਾ ਧਿਆਨ ਕਹਿੰਦੇ ਨੇ।

ਉਹ ਹਰ ਬੰਦੇ ਨੂੰ ਨਹੀਂ ਆਉਂਦਾ। ਜਦੋਂ ਤਕ ਦੱਸਿਆ ਨਾ ਜਾਵੇ, ਨਹੀਂ ਜਾਣ ਸਕਦਾ ਕਿ ਸ਼ਬਦ ਦਾ ਧਿਆਨ ਕਿਵੇਂ ਧਰੀਦਾ ਹੈ।

ਤੀਸਰਾ ਹੁੰਦਾ ਹੈ ਪ੍ਰਮੇਸ਼ਰ ਨੂੰ ਜੋਤੀ ਸਰੂਪ ਸਮਝ ਕੇ ਧਿਆਨ ਕਰਨਾ, ਕਿਉਂਕਿ ਦਸਮ ਦੁਆਰ ਵਿਚ ਜਦੋਂ ਪ੍ਰਵੇਸ਼ ਹੁੰਦਾ ਹੈ ਉਥੇ ਪਰਮ ਜੋਤੀ ਹੈ

ਜਿਸਨੂੰ ਉਨਮਨੀ ਜੋਤ ਕਹਿੰਦੇ ਨੇ। ਇਥੇ ਹੀ ਇਸ ਜੋਤੀ ਦਾ ਧਿਆਨ ਧਰਿਆ ਜਾਂਦਾ ਹੈ ਤੇ ਇਹੀ ਜੋਤੀ ਬਦਲ ਕੇ ਉਨਮਨੀ ਜੋਤ ਬਣ ਜਾਇਆ ਕਰਦੀ ਹੈ। ਚੌਥਾ ਜਿਹੜਾ ਧਿਆਨ ਹੈ ਉਹ ਧਿਆਨ ਨਹੀਂ ਹੁੰਦਾ ਉਹ ਗਿਆਨ ਹੁੰਦਾ ਹੈ ਕਿ ਵਾਹਿਗੁਰੂ ਪਰੀਪੂਰਨ ਹਰ ਥਾਂ ਦੇ ਉਤੇ, ਉਹ ਆਪਣੇ ਸਰੂਪ ਦਾ ਧਿਆਨ ਹੁੰਦਾ ਹੈ। ਉਹ ਸੰਤਾਂ ਤੋਂ ਬਗੈਰ ਪਤਾ ਨਹੀਂ ਲਗਦਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ-

***ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥***
***ਜੋ ਇਛੈ ਸੋਈ ਫਲੁ ਪਾਏ॥ ਅੰਗ - 661***

***ਗੁਰ ਮੂਰਤਿ ਸਿਉ ਲਾਇ ਧਿਆਨੁ॥***
***ਈਹਾ ਊਹਾ ਪਾਵੈ ਮਾਨੁ।। ਅੰਗ - 192***

ਸੋ ਬਾਕੀ ਇਸ ਤੋਂ ਅੱਗੇ ਜਿਸ ਵਕਤ ਬਿਰਤੀ ਹੋਰ ਇਕਾਗਰ ਹੋ ਜਾਂਦੀ ਹੈ ਫੇਰ ਇਸ ਨੂੰ ਸਾਰੇ ਬ੍ਹਿਮੰਡ ਵਿਚੋਂ ਆਵਾਜ਼ਾਂ ਆਉਣ ਲਗ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਲਿਖਦੇ ਨੇ ਕਿ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥ ਅੰਗ - 1420***

ਸਾਨੂੰ ਕੀ ਸੁਣਦਾ ਸੀ? ਸਾਨੂੰ ਤਾਂ ਟੱਕ-ਟੱਕ ਸੁਣਦਾ ਸੀ ਕਿਉਂਕਿ ਗੁਰੂ ਨਾਨਕ ਸਾਹਿਬ ਵੇਲੇ ਜਿਹੜੇ ਹਰਟ ਸਨ ਉਸ ਵੇਲੇ ਘੁੰਮਰ ਪੁਆਇਆ ਕਰਦੇ ਸਨ। ਘੂੰ-ਘੂੰ ਦੀ ਆਵਾਜ਼ ਦਿੰਦੇ ਸਨ। ਮਹਾਰਾਜ ਜੀ ਨੇ ਨਹੀਂ ਘੂੰ-ਘੂੰ ਦੀ ਆਵਾਜ਼ ਸੁਣੀ ਉਨ੍ਹਾਂ ਨੇ ਆਵਾਜ਼ ਸੁਣੀ ਤੂੰ-ਤੂੰ-ਤੂੰ, ਪੰਛੀ ਬੋਲਦੇ ਨੇ ਉਨ੍ਹਾਂ ਦੇ ਵਿਚੋਂ ਧੁਨ ਦੀ ਆਵਾਜ਼ ਸੁਣ ਰਹੇ ਨੇ ਤੇ ਆਪ ਦਾ ਫੁਰਮਾਨ ਏਸ ਤਰ੍ਹਾਂ ਦੇ ਨਾਲ ਹੈ -

***ਧਾਰਨਾ - ਨਾਮ ਹਰੀ ਦਾ ਜਪਦੇ,***
***ਸਾਰੇ ਵਣਾਂ ਦੇ ਪੰਖੇਰੂ - 2, 2.***
***ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ***
***ਸੁਨਿ ਘਨਿਹਰ ਕੀ ਘੋਰ॥***
***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਅੰਗ - 1265***

ਇਹ ਐਵੇਂ ਨਹੀਂ ਸਾਧਸੰਗਤ ਜੀ! ਅੰਦਰਲੀ ਸੋਝੀ ਐਨੀ ਤੱਕੜੀ ਹੋ ਜਾਂਦੀ ਹੈ ਕਿ ਇਨ੍ਹਾਂ ਦੇ ਵਿਚ ਤਾਂ ਸੁਣਦਾ ਹੀ ਹੈ। ਧਰਤੀ ਵਿਚ, ਅਕਾਸ਼ ਵਿਚ, ਪੌਣ ਵਿਚ, ਪਾਣੀ ਵਿਚ ਹਰ ਥਾਂ ਤੇ ਪ੍ਰਮੇਸ਼ਰ ਦੇ ਨਾਮ ਦੀ 'ਵਿਆਪਕ ਧੁਨ' ਸੁਣਨੀ ਸ਼ੁਰੂ ਹੋ ਜਾਂਦੀ ਹੈ। ਨਾਮ ਦੇ ਧਾਰਨ ਕਰਕੇ ਹੀ

ਸਾਰੇ ਕਾਇਮ ਨੇ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਿਮੰਡ॥*** ***ਅੰਗ – 284***

ਇਹ ਉਹ ਹੈ ਜਿਸਨੂੰ 'ਸੋ ਸ਼ਬਦ' ਕਹਿੰਦੇ ਨੇ, ਆਦਿ ਸ਼ਬਦ ਕਹਿੰਦੇ ਨੇ। ਸਿੱਖਾਂ ਨੇ ਸਵਾਲ ਕਰਿਆ ਸੀ –

***ਸੁ ਸਬਦ ਕਾ ਕਹਾ ਵਾਸੁ ਕਥੀਅਲੇ.........॥*** ***ਅੰਗ – 944***

ਹੇ ਗੁਰੂ ਨਾਨਕ ਫੇਰ ਇਹ ਦੱਸ ਉਹ ਸ਼ਬਦ ਜਿਸ ਨੇ ਸਾਰੀ ਸ੍ਰਿਸ਼ਟੀਆਂ ਨੂੰ ਧਾਰਨ ਕਰਿਆ ਹੋਇਆ ਹੈ ਜਦੋਂ ਨਿਰੰਕਾਰ ਨਿਰਗੁਣ ਸੀ ਉਸ ਵੇਲੇ ਕਿੱਥੇ ਸੀ? ਮਹਾਰਾਜ ਜੀ ਕਹਿੰਦੇ –

***........ ਸੁੰਨ ਨਿਰੰਤਰਿ ਵਾਸੁ ਲੀਆ॥*** ***ਅੰਗ – 940***

ਉਸ ਦੇ ਵਿਚ ਹੀ ਸੀ ਇਹ ਸ਼ਬਦ। ਉਹ ਸ਼ਬਦ ਜਦੋਂ ਸੁਣਾਈ ਦਿੰਦਾ ਹੈ ਫੇਰ ਸਾਰੇ ਹੀ ਵਾਹਿਗੁਰੂ-ਵਾਹਿਗੁਰੂ ਸੁਣਾਈ ਦਿੰਦਾ ਹੈ, ਨਾਮ ਹੈ –

***ਧਾਰਨਾ – ਧਰਤ ਆਕਾਸ਼ ਤੇ ਪਾਤਾਲ ਜਿੰਦੇ ਮੇਰੀਏ,***
***ਜਪਦੇ ਨੇ ਨਾਮ ਹਰੀ ਦਾ – 2, 2.***

ਇਹ ਐਵੇਂ ਹੀ ਅਲੰਕਾਰ ਗੱਲ ਨਹੀਂ ਹੈ ਸਾਧ-ਸੰਗਤ ਜੀ! ਉਪਰੋਂ ਸ਼ਬਦ ਦੀ ਧੁਨ ਦੇ ਨਾਲ ਮਿਲ ਜਾਂਦਾ ਹੈ ਤਾਂ ਉਹ ਧੁਨ ਪ੍ਰਗਟ ਹੋ ਜਾਂਦੀ ਹੈ ਜਿਸ ਦੇ ਅਧਾਰ ਤੇ ਸਾਰਾ ਬ੍ਰਹਿਮੰਡ ਖੜ੍ਹਾ ਹੈ। ਸੋ ਜਦੋਂ ਇਥੇ ਨਾਮ ਦੀ ਅਵਸਥਾ ਪਹੁੰਚਦੀ ਹੈ ਫੇਰ ਸਰੀਰ ਦੀ ਕੋਈ ਥਾਂ ਨਹੀਂ ਰਹਿੰਦੀ ਜਿੱਥੋਂ ਨਾਮ ਦੀ ਧੁਨ ਨਾ ਆਉਂਦੀ ਹੋਵੇ –

***ਧਾਰਨਾ – ਰੋਮ ਰੋਮ ਹਰਿ ਧਿਆਵੇ,***
***ਗੁਰਮੁਖ ਪਿਆਰੇ ਦਾ – 2, 2.***

ਨਾਮ ਪਰੀਪੂਰਨ ਸ਼ਕਤੀ ਹੈ। ਜਦੋਂ ਨਾਮ ਦੀ ਐਸੀ ਅਵਸਥਾ ਹੋ ਜਾਂਦੀ ਹੈ ਫੇਰ-

***ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨੁ ਖੀਵਾ ਭਾਈ॥***
***ਅੰਗ – 1123***

ਫੇਰ ਨਿਜ ਘਰ ਦੇ ਅੰਦਰ ਵਾਸਾ ਹੋ ਜਾਇਆ ਕਰਦਾ ਹੈ-

***ਧਾਰਨਾ – ਖੁਲ੍ਹਿਆ ਦਸਮ ਦੁਆਰਾ,***
***ਲੱਗੀ ਸਹਿਜ ਸਮਾਧੀ – 2, 2.***

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥ ਅੰਗ – 954***

ਗੁਰੂ ਦੇ ਸ਼ਬਦ ਨੇ ਜਦੋਂ ਤਰੱਕੀ ਕਰੀ ਅੰਦਰ ਦਾਖਲ ਹੋਇਆ ਫੇਰ ਖੁਲ੍ਹ ਜਾਏਗੀ –

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਅੰਗ – 1414***

ਉਥੇ ਨਿਸ਼ਾਨੀ ਕੀ ਹੈ?

***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥ ਅੰਗ – 1414***
***ਧਾਵਤੁ ਥੰਮਿਆ ਸਤਿਗੁਰਿ ਮਿਲੀਐ ਦਸਵਾ ਦੁਆਰੁ ਪਾਇਆ॥ ਅੰਗ – 441***

ਜਿਹੜਾ ਮਨ ਦੌੜਿਆ ਫਿਰਦਾ ਸੀ ਉਹ ਮਨ ਮਰ ਗਿਆ, ਅਮਨ ਹੋ ਗਿਆ ਉਨਮਨੀ ਅਵਸਥਾ ਵਿਚ ਆ ਗਿਆ। ਆਤਮ ਵਿਸ਼ੈਣੀ ਬੁੱਧੀ ਪ੍ਰਾਪਤ ਹੋ ਗਈ –

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ਅੰਗ – 8***

ਕਾਲ-ਮੰਡਲ ਨੂੰ ਪਾਰ ਕਰ ਗਿਆ, ਅਕਾਲ-ਮੰਡਲ ਵਿਚ ਪ੍ਰਵੇਸ਼ ਕਰ ਗਿਆ। ਹੁਣ ਕਾਲ ਦੀ ਤਾਕਤ ਨਹੀਂ ਕਿ ਉਸਨੂੰ ਫੇਰ ਦੁਬਾਰਾ ਖਿੱਚ ਲਵੇ। ਸੋ ਥੰਮ ਹੋ ਗਿਆ

***ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥***
***ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥***
***ਧਾਵਤੁ ਥੰਮਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥***
***ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ........॥***
***ਅੰਗ – 441***

ਧੁਨ ਦਾ ਫੇਰ ਜ਼ਿਕਰ ਆਉਂਦਾ ਹੈ, ਉਥੇ ਧੁਨ ਚਲਦੀ ਹੈ-

*........ ਜਿਤੁ ਸਬਦਿ ਜਗਤੁ ਥੰਮਿ ਰਹਾਇਆ॥ ਅੰਗ - 441*

ਉਹ ਸ਼ਬਦ ਜਿਸ ਨੇ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਆ ਹੈ। ਸੋ ਸਮਾਧੀ ਸਾ-ਵਿਕਲਪ ਹੁੰਦੀ ਹੈ, ਨਿਰ-ਵਿਕਲਪ ਹੁੰਦੀ ਹੈ। ਇਨ੍ਹਾਂ ਤੋਂ ਉਪਰ ਸਹਿਜ-ਸਮਾਧ ਹੁੰਦੀ ਹੈ। ਸਹਿਜ-ਸਮਾਧ ਖੁਲ੍ਹੀਆਂ ਅੱਖਾਂ ਨਾਲ ਲੱਗਣ ਵਾਲੀ ਸਮਾਧੀ ਹੈ। ਹਰ ਪਾਸੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਦਿਸਦਾ ਹੈ, ਦੂਜਾ ਭਰਮ ਜਾਂਦਾ ਰਹਿੰਦਾ ਹੈ। ਸੋ ਐਸੀ ਅਵਸਥਾ ਜਦੋਂ ਪ੍ਰਾਪਤ ਹੋ ਜਾਂਦੀ ਹੈ ਇਸ ਅਵਸਥਾ ਨੂੰ ਜਾਨਣਾ, ਦੱਸਣਾ ਬਹੁਤ ਮੁਸ਼ਕਲ ਹੈ, ਗੁੰਗੇ ਦੀ ਮਠਿਆਈ ਵਾਲੀ ਬਾਤ ਹੈ। ਇਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ -

*ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,*
*ਸੋ ਰਸ ਸੋਈ ਜਾਨੈ - 2, 2.*
*ਸੋ ਰਸ ਸੋਈ ਜਾਨੈ -2, 2.*
*ਸਹਿਜ ਸਮਾਧ ਲਗੀ ਲਿਵ ਅੰਤਰ,*
*ਸੋ ਰਸ ਸੋਈ ਜਾਨੈ - 2, 2.*

ਸੋ ਇਸ ਤਰ੍ਹਾਂ ਦੇ ਨਾਲ ਇਹ ਨਾਮ ਦੀਆਂ ਅਵਸਥਾਵਾਂ ਨੇ। ਸ਼ੌਕ ਵਾਲਾ ਬੰਦਾ, ਜਿਸ ਦੇ ਮਨ ਦੇ ਅੰਦਰ ਖਾਹਿਸ਼ ਹੈ ਉਹ ਜਪ ਕੇ ਦੇਖ ਲਓ। ਇਹ ਸਾਡੀ ਮੰਜ਼ਲ ਹੈ ਸਾਕਾਰ ਦੀ। ਇਸ ਤੋਂ ਬਾਅਦ ਨਿਰਾਕਾਰ ਮੰਜ਼ਲ ਸ਼ੁਰੂ ਹੋਇਆ ਕਰਦੀ ਹੈ ਚੜ੍ਹਾਈ। ਉਹ ਥੋੜ੍ਹੀ ਔਖੀ ਹੈ। ਗੁਰਬਾਣੀ ਦੇ ਅੰਦਰ ਸਭ ਭੇਤ ਲਿਖੇ ਹੋਏ ਨੇ ਪਰ ਇਸ ਦੇ ਵਾਸਤੇ ਅਨੁਭਵੀ ਆਤਮਾ, ਮਹਾਂਪੁਰਸ਼ਾਂ ਦੀ ਮਦਦ ਦੀ ਲੋੜ ਹੋਇਆ ਕਰਦੀ ਹੈ, ਉਸ ਦੀ ਸੰਗਤ ਦੀ ਲੋੜ ਹੋਇਆ ਕਰਦੀ ਹੈ ਕਿਉਂਕਿ ਉਥੇ ਮਨੋ-ਨਾਸ਼, ਵਾਸ਼ਨਾ-ਖ੍ਹੈ, ਤੱਤ ਗਿਆਨ ਦੀ ਅਵਸਥਾ ਵਾਪਰ ਜਾਇਆ ਕਰਦੀ ਹੈ ਤੇ -

*ਕਬੀਰ ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥ ਅੰਗ - 1375*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤ ਕਰਦੇ ਹਾਂ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

ਸ਼ਾਨ ...................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ*
*ਚੀਤਿ ਆਵਹਿ ਤਾਂ ਸੇਵਾ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥*
*ਚੀਤਿ ਆਵੈ ਤਾਂ ਸਦਾ ਦਇਆਲਾ*
*ਲੋਗਨ ਕਿਆ ਵੇਚਾਰੇ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ*
*ਤੁਮ੍ਾਰੇ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥*
*ਜਿਸੁ ਜਨ ਊਪਰਿ ਤੇਰੀ ਕਿਰਪਾ*
*ਤਿਸ ਕਉ ਬਿਪੁ ਨ ਕੋਊ ਭਾਖੈ॥*
*ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ*
*ਮਾਣੀ॥ ਅੰਗ - 383*

*ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ*

*ਮਾਣੀ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥ ਅੰਗ - 383*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ - 2, 2.*

ਸਾਧਸੰਗਤ ਜੀ! ਗੱਜ ਕੇ ਬੋਲਣਾ -ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਪਿਛਲੇ ਕਈ ਦਿਨਾਂ ਤੋਂ ਇਕ ਵਿਚਾਰ ਚੱਲ ਰਹੀ ਹੈ ਕਿ ਨਾਮ ਜਪਣ ਦੇ ਨਾਲ ਦੁੱਖਾਂ ਦਾ ਖਾਤਮਾ ਹੁੰਦਾ ਹੈ। ਸੇਵਾ ਕਰਨ ਨਾਲ ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ, ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਹੁੰਦੀ ਹੈ। ਦੋਹਾਂ ਚੀਜ਼ਾਂ ਦੀਆਂ ਵਿਧੀਆਂ ਹਨ। ਨਾਮ ਜਪਣ ਦੀ ਵੀ ਵਿਧੀ ਹੈ ਜਿਸ ਦੇ ਬਾਰੇ ਬਹੁਤ ਖੋਲ੍ਹ ਕੇ ਵਿਸਥਾਰ ਨਾਲ ਚਾਰ ਦਿਨਾਂ ਤੋਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਨਾਮ ਕਿਸ ਤਰ੍ਹਾਂ ਦੁਖਾਂ ਦਾ ਖਾਤਮਾ ਕਰਦਾ ਹੈ। ਨਾਮ ਨਾ ਪ੍ਰਾਪਤ ਕਰਨ ਵਾਲੇ ਬੰਦੇ ਦੀ ਜ਼ਿੰਦਗੀ ਪਸ਼ੂਆਂ ਤੋਂ ਵੀ ਹੇਠਾਂ ਦੱਸੀ ਹੈ। ਨਾਮ ਕਿਥੋਂ ਮਿਲਦਾ ਹੈ? ਗੁਰੂ ਕੌਣ ਹੈ? ਪੂਰਾ ਗੁਰੂ, ਸਮਰੱਥ ਗੁਰੂ ਕੀ ਹੈ? ਜਦੋਂ ਨਾਮ ਮਿਲ ਜਾਂਦਾ ਹੈ ਤਾਂ ਨਾਮ ਜਪਣ ਵਾਲੇ ਦੀ ਅੰਦਰਲੀ ਅਵਸਥਾ ਕੀ ਹੁੰਦੀ ਹੈ? ਕਿਥੇ ਸਾਡੀ ਮੰਜ਼ਲ ਹੈ?

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ॥ ਅੰਗ - 106*

*ਅਨਹਤ ਸੁੰਨਿ ਰਤੇ ਸੇ ਕੈਸੇ॥*
*ਜਿਸ ਤੇ ਉਪਜੇ ਤਿਸ ਹੀ ਜੈਸੇ॥ ਅੰਗ - 943*

ਨਾਮ ਜਪਣ ਨਾਲ ਆਦਮੀ ਜੀਵ ਤੋਂ ਤਰੱਕੀ ਕਰਦਾ-ਕਰਦਾ ਆਤਮਾ ਤੇ ਫੇਰ ਪ੍ਰਮਾਤਮਾ ਦੀ ਜੋਤ ਵਿਚ ਸਮਾਅ ਕੇ ਉਸ ਦਾ ਹੀ ਰੂਪ ਹੋ ਜਾਇਆ ਕਰਦਾ ਹੈ ਤੇ ਉਸ ਦੀ ਪਦਵੀ ਬਹੁਤ ਉਚੀ ਹੋ ਜਾਂਦੀ ਹੈ। ਮਹਾਰਾਜ ਜੀ ਨੇ ਏਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਸਾਈਂ ਹੀ ਵਰਗੇ ਨੇ,*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ - 2, 2.*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਨਾਮ ਜਪਣ ਦੇ ਨਾਲ ਚੌਰਾਸੀ ਵਿਚ ਘੁੰਮਣ ਵਾਲਾ ਜੀਵ-ਆਤਮਾ

ਹੌਲੀ-ਹੌਲੀ ਤਰੱਕੀ ਕਰਦਾ-ਕਰਦਾ ਆਪਣੇ ਸੋਮੇ ਵਿਚ ਜਾ ਕੇ ਸਮਾਅ ਜਾਇਆ ਕਰਦਾ ਹੈ -

***ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥***
***ਅੰਗ - 1371***

ਜੋ ਇਹ ਮੰਜ਼ਲ-ਏ-ਮਕਸੂਦ ਹੈ ਆਦਮੀ ਦੀ ਕਿ ਜਿਸ ਥਾਂ ਤੋਂ ਇਹ ਵਿਛੜਿਆ ਹੈ ਪ੍ਰਮੇਸ਼ਰ ਦੇ ਨਾਲੋਂ ਉਸੇ ਥਾਂ ਤੇ ਪਹੁੰਚ ਜਾਣਾ। ਕਾਲ-ਚੱਕਰ ਨੂੰ ਕੱਟ ਕੇ ਅਕਾਲ-ਮੰਡਲ ਵਿਚ ਪ੍ਰਵੇਸ਼ ਕਰ ਜਾਣਾ। ਉਸ ਦੀ ਜੋਤ ਦੇ ਨਾਲ ਰਲ ਕੇ ਇਕ-ਮਿਕ ਹੋ ਜਾਣਾ। ਬੇਨਤੀ ਕੀਤੀ ਗਈ ਸੀ ਕਿ ਨਾਮ ਜਦੋਂ ਜਗਿਆਸੂ ਜਪਦਾ ਹੈ ਤਾਂ ਉਸ ਨੂੰ ਕਿਨ੍ਹਾਂ-ਕਿਨ੍ਹਾਂ ਮੰਜ਼ਲਾਂ ਵਿਚ ਤਰੱਕੀ ਕਰਨੀ ਪੈਂਦੀ ਹੈ।

ਪਹਿਲਾਂ ਆਮ ਸਾਧਾਰਨ ਬੰਦੇ ਵਾਸਤੇ ਪੰਜ ਬਾਣੀਆਂ ਦਾ ਪਾਠ, ਮੂਲਮੰਤਰ ਦੇ ਪਾਠ ਕਿਉਂਕਿ ਮਨ ਬਹੁਤ ਫੈਲਿਆ ਹੋਇਆ ਹੈ ਸਾਡਾ, ਉਸਨੂੰ ਹੌਲੀ-ਹੌਲੀ ਅਸੀਂ ਅੰਦਰ ਇਕ ਬਿੰਦੂ ਤੇ ਲੈ ਕੇ ਜਾਣਾ ਹੈ, ਕੇਂਦਰ ਵਿਚ ਲੈ ਕੇ ਜਾਣਾ ਹੈ। ਸਾਡਾ ਕੇਂਦਰ ਬਿੰਦੂ ਆਪਣਾ ਆਪਾ ਹੈ ਉਥੇ ਅਸੀਂ ਏਸ ਨੂੰ ਇਕੱਠਾ ਕਰਨਾ ਹੈ। ਜਿਵੇਂ ਨਵੇਂ-ਨਵੇਂ ਕਿਸੇ ਘੋੜੇ ਨੂੰ ਸਿਖਲਾਈ ਦਿੰਦੇ ਨੇ, ਪਹਿਲਾਂ ਵੱਡੇ ਚੱਕਰ ਵਿਚ ਪਾਉਂਦੇ ਨੇ ਕਿਸੇ ਟਿੱਬੇ ਦੇ ਉਤੇ, ਫੇਰ ਚੱਕਰ ਛੋਟਾ ਕਰਦੇ ਜਾਂਦੇ ਨੇ ਅਖੀਰ ਬਿਲਕੁਲ ਕਿੱਲੇ ਦੇ ਦੁਆਲੇ ਘੁਮਾਉਣਾ ਸ਼ੁਰੂ ਕਰ ਦਿੰਦੇ ਨੇ, ਫੇਰ ਉਹ ਮਾਹਿਰ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਮਨ ਹੈ ਇਹ ਕਰੋੜਾਂ-ਖਰਬਾਂ ਸਾਲਾਂ ਦਾ ਬਾਹਰ ਭਟਕਦਾ ਫਿਰਦਾ ਹੈ। ਇਹ ਆਪਣੇ ਸੋਮੇ ਵੱਲ ਨਹੀਂ ਜਾਣਾ ਚਾਹੁੰਦਾ। ਸਾਰਾ ਹੀ ਕੰਮ ਸਾਡਾ ਮਨ ਨਾਲ ਹੈ -

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥***

***ਅੰਗ - 342***

ਜਿੰਨਾ ਚਿਰ ਆਦਮੀ ਦਾ ਮਨ ਕਾਇਮ ਹੈ ਓਨੀਂ ਦੇਰ ਤੱਕ ਪ੍ਰਮੇਸ਼ਰ ਨਾਲ ਇਸ ਦਾ ਮਿਲਾਪ ਨਹੀਂ ਹੋ ਸਕਿਆ ਕਰਦਾ, ਓਨੀ ਦੇਰ ਵਿਚ ਇਹ ਮਾਇਆ ਦੇ ਚੱਕਰ ਵਿਚ ਘੁੰਮਣ ਵਾਲਾ ਜੀਵ ਹੈ। ਚਾਹੇ ਕੁਝ ਵੀ ਕਰਦਾ ਹੈ, ਕਿਹੋ ਜਿਹੇ ਹੀ ਕੱਪੜੇ ਨੇ, ਕਿਹੋ ਜਿਹਾ ਹੀ ਬੰਦਾ ਹੈ, ਨਹੀਂ ਲੰਘ ਸਕਿਆ ਕਰਦਾ, ਮਾਇਆ ਦਾ ਅਸਰ ਉਸ ਦੇ ਉਤੇ ਪਿਆ ਹੋਇਆ ਹੈ, ਕਾਲ-ਮੰਡਲ ਵਿਚ ਘੁੰਮਣ ਕਰਕੇ ਕਾਲ ਦੀ ਵਲਗਣ ਵਿਚ ਹੀ ਉਹ ਰਹੇਗਾ। ਸੋ ਹੌਲੀ-ਹੌਲੀ ਜਦੋਂ ਸਾਡਾ ਮਨ ਮਨ ਜਾਂਦਾ ਹੈ, ਫੇਰ ਅਸੀਂ ਰਸਨਾ

ਨਾਲ ਨਾਮ ਜਪਦੇ ਹਾਂ। ਰਸਨਾ ਨਾਲ ਨਾਮ ਜਪਦੇ-ਜਪਦੇ ਰਸ ਆਉਣਾ ਸ਼ੁਰੂ ਹੋ ਜਾਇਆ ਕਰਦਾ ਹੈ, ਬਹੁਤ ਰਸ ਆਉਂਦਾ ਹੈ। ਮਨ ਟਿਕਣਾ ਸ਼ੁਰੂ ਹੋ ਜਾਂਦਾ ਹੈ। ਫੇਰ ਸ੍ਵਾਸ ਨਾਲ ਨਾਮ ਜਪਦੇ ਹਾਂ, ਸ੍ਵਾਸ ਦੀ ਧੁਨੀ ਨਾਲ ਨਾਮ ਜਪਦੇ ਹਾਂ। ਚਾਰ ਬਾਣੀਆਂ ਨੇ - ਬੈਖਰੀ, ਮਧਮਾ, ਪਸੰਤੀ ਤੇ ਪਰਾ ਬਾਣੀ। ਸ੍ਵਾਸ ਦੇ ਨਾਲ ਥਾਂ-ਥਾਂ ਹਿਰਦੇ ਦੇ ਅੰਦਰ, ਨਾਭੀ ਦੇ ਅੰਦਰ, ਆਗਿਆ-ਚੱਕਰ ਦੇ ਅੰਦਰ, ਦਸਵੇਂ ਦੁਆਰ ਦੇ ਅੰਦਰ। ਆਗਿਆ-ਚੱਕਰ ਵਿਚ ਅਸੀਂ ਅਨਹਦ-ਸ਼ਬਦ ਦੀ ਮਦਦ ਦੇ ਨਾਲ ਨਾਮ ਜਪਦੇ ਹਾਂ। ਇਥੇ ਪਹੁੰਚ ਕੇ ਸਾਨੂੰ ਇਕ ਧੁਨੀ ਸੁਣਨੀ ਸ਼ੁਰੂ ਹੋ ਜਾਂਦੀ ਹੈ, ਥੋੜ੍ਹਾ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ, ਅੰਦਰ ਕੁਛ ਟਿਕਾਓ ਆ ਜਾਂਦਾ ਹੈ। ਜੇ ਪ੍ਰਕਾਸ਼ ਤੇ ਧੁਨੀ ਲਗਾਤਾਰ ਤਿੰਨ ਘੰਟੇ ਸਥਿਰ ਰਹਿਣ ਤਾਂ ਰਿਧੀਆਂ-ਸਿਧੀਆਂ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਥੇ ਆਦਮੀ ਨੂੰ ਭੁੱਲਣ ਦਾ ਖਤਰਾ ਹੈ, ਜੇ ਗੁਰੂ ਪੂਰਾ ਹੋਵੇ ਤਾਂ ਉਸ ਨੂੰ ਉਪਰ ਲੈ ਜਾਂਦਾ ਹੈ ਤੇ ਤ੍ਰਿਕੁਟੀ ਵਿਚੋਂ ਲੰਘ ਕੇ ਦਸਵੇਂ-ਦੁਆਰ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ, ਬਿਬੇਕ ਮੰਡਲ ਵਿਚ ਪਹੁੰਚ ਜਾਂਦਾ ਹੈ ਜਿਥੇ ਜਾ ਕੇ ਇਸਨੂੰ ਜੀਵ-ਆਤਮਾ ਤੇ ਪਰਮਾਤਮਾ ਦਾ ਗਿਆਨ ਹੋ ਕੇ ਜੀਵ ਆਤਮਾ ਦਾ ਪਤਾ ਲਗ ਜਾਂਦਾ ਹੈ ਕਿ ਇਹ ਇਕ ਵਾਧੂ ਚੀਜ਼ ਹੈ, ਝੂਠੀ ਚੀਜ਼ ਹੈ ਤੇ ਆਪਣੇ ਅਸਲੇ ਆਤਮਾ ਦਾ ਪਤਾ ਲੱਗਣ ਤੋਂ ਬਾਅਦ ਪ੍ਰਮੇਸ਼ਰ ਇਸ ਨੂੰ ਆਪਣੀ ਜੋਤ ਵਿਚ ਰਲਾ ਲਿਆ ਕਰਦਾ ਹੈ। ਸੋ ਇਹ ਸਾਡੀ ਮੰਜ਼ਲ ਹੈ ਜੋ ਨਾਮ ਦੁਆਰਾ ਪ੍ਰਗਟ ਹੁੰਦੀ ਹੈ ਪਰ ਇਸ ਵਾਸਤੇ ਜੀਵਨ ਢਾਲਣਾ ਪੈਂਦਾ ਹੈ। ਜਿਸ ਦੇ ਬਾਰੇ ਕੱਲ੍ਹ ਬੇਨਤੀ ਕੀਤੀ ਗਈ ਸੀ ਕਿ ਨਾਮ ਵਾਸਤੇ ਕਿੰਨੀਆਂ ਚੀਜ਼ਾਂ ਜ਼ਰੂਰੀ ਨੇ। ਉਹ ਸਭ ਬੜੇ ਵਿਸਥਾਰ ਨਾਲ ਖੋਲ੍ਹ-ਖੋਲ੍ਹ ਕੇ ਦੱਸੀਆਂ ਸਨ। ਸਭ ਤੋਂ ਵੱਡੀ ਜੋ ਸੇਵਾ ਹੈ - ਗੁਰੂ ਦੀ ਸੇਵਾ, ਜਨਤਾ ਦੀ ਸੇਵਾ, ਵਾਹਿਗੁਰੂ ਦੀ ਸੇਵਾ ਹੋਰ ਬੇਅੰਤ ਕਿਸਮ ਦੀ ਸੇਵਾ ਹੈ ਤੇ ਇਹ ਸਹਾਇਕ ਹੁੰਦੀ ਹੈ। ਇਸ ਤਰ੍ਹਾਂ ਸਮਝ ਲਓ ਕਿ ਕਿਸੇ ਨੇ ਸਫਰ ਕਰਨਾ ਹੈ। ਇਕ ਤਾਂ ਪੈਦਲ ਤੁਰਿਆ ਜਾਂਦਾ ਹੈ, ਦੂਜਾ ਕਿਸੇ ਤੇਜ਼ ਗੱਡੀ ਵਿਚ ਬੈਠ ਕੇ ਜਾਂ ਹਵਾਈ ਜਹਾਜ਼ ਵਿਚ ਬੈਠ ਕੇ ਜਾਂਦਾ ਹੈ। ਸੋ ਸੇਵਾ ✂✥✶⇦✵⇩✥ (ਮਾਧਿਅਮ) ਹੈ। ਨਾਮ ਤੋਂ ਬਗੈਰ ਇਕੱਲੀ ਸੇਵਾ ਫਲੀਭੂਤ ਨਹੀਂ ਹੁੰਦੀ ਕਿਉਂਕਿ ਨਾਮ ਤੋਂ ਬਗੈਰ ਮਨ ਦੀਆਂ ਰੁਚੀਆਂ ਉਸੇ ਤਰ੍ਹਾਂ ਰਹਿੰਦੀਆਂ ਹਨ - ਓਹੀ ਕ੍ਰੋਧ, ਓਹੀ ਲੋਭ, ਓਹੀ ਮੋਹ, ਓਹੀ ਕਾਮ, ਓਹੀ ਅਹੰਕਾਰ, ਓਹੀ ਵਿਸ਼ੇ, ਓਹੀ ਵਾਸ਼ਨਾ। ਕੇਵਲ ਨਾਮ ਜੋ ਹੈ ......

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*** ***ਅੰਗ - 560***

ਉਹ ਇਸ ਹਉਮੈ ਦੇ ਘੇਰੇ ਨੂੰ ਤੋੜ ਕੇ ਸੇਵਾ ਦੀ ਮਦਦ ਨਾਲ ਕਾਲ-ਮੰਡਲ ਵਿਚੋਂ ਅਕਾਲ-ਮੰਡਲ ’ਚ ਪਹੁੰਚ ਜਾਂਦਾ ਹੈ, ਕਾਲ ਦੇ ਚੱਕਰ ਨੂੰ ਪਾਰ ਕਰ ਜਾਂਦਾ ਹੈ। ਸੋ ਇਸ ਕਰਕੇ ਸੇਵਾ ਤੇ ਸਿਮਰਨ ਬਹੁਤ ਹੀ ਜ਼ਰੂਰੀ

ਨੇ। ਸੇਵਾ ਅਨੇਕ ਕਿਸਮ ਦੀ ਹੈ ਮਹਾਰਾਜ ਜੀ ਫੁਰਮਾਉਂਦੇ ਨੇ ਕਿ-

***ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।***
***ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।***
***ਤੂਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।***
***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।***
***ਭਾਈ ਗੁਰਦਾਸ ਜੀ ਦੀ ਵਾਰ 27/19***

ਮੁਰਦਾ ਕੋਈ ਅੰਗ ਨਹੀਂ ਹਿਲਾਉਂਦਾ। ਇਸੇ ਤਰ੍ਹਾਂ ਜੋ ਸੇਵਕ ਮੁਰਦਾ ਹੈ ਉਹ ਆਪਣੇ ਮਨ ਦੀ ਕੋਈ ਇੱਛਾ ਨਹੀਂ ਰੱਖਦਾ। ਜੋ ਗੁਰੂ ਦਾ ਹੁਕਮ ਹੈ ਉਸ ਦੇ ਮੁਤਾਬਿਕ ਕਰਦਾ ਹੈ, ਆਪਣਾ ਆਪ ਗੁਆ ਦਿਆ ਕਰਦਾ ਹੈ। ਜਦੋਂ ਸੇਵਾ ਪ੍ਵਾਨ ਹੋ ਜਾਂਦੀ ਹੈ ਫੇਰ –

***ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।***
***ਭਾਈ ਗੁਰਦਾਸ ਜੀ ਦੀ ਵਾਰ 27/19***

ਜਿਹੜਾ ਸਿੰਬਲ ਰੁੱਖ ਕਿਸੇ ਵੀ ਕੰਮ ਦਾ ਨਹੀਂ ਹੈ –

***ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥***
***ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥***
***ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥***
***ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈ ਤਤੁ॥ ਅੰਗ – 470***

ਓਹੀ ਸਿੰਬਲ ਚੰਦਨ ਦੀ ਵਾਸ਼ਨਾ ਲੈ ਕੇ ਚੰਦਨ ਦਾ ਰੂਪ ਹੋ ਜਾਂਦਾ ਹੈ –

***............... ਫਲੁ ਵਾਸੁ ਹਜੂਰੀ।***
***ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥***
***ਭਾਈ ਗੁਰਦਾਸ ਜੀ ਦੀ ਵਾਰ 27/19***

ਸੋ ਇਸ ਤਰ੍ਹਾਂ ਨਾਮ ਜਪਣਾ ਤੇ ਸੇਵਾ ਕਰਨਾ। ਗੁਰੂ ਅਮਰਦਾਸ ਮਹਾਰਾਜ ਜੀ ਦਾ ਆਪਾਂ ਜ਼ਿਕਰ ਕਰਦੇ ਸੀ। ਉਦੋਂ ਅਜੇ ਗੁਰਿਆਈ ਨਹੀਂ ਸੀ ਪ੍ਰਾਪਤ ਹੋਈ, ਅਜੇ ਸਾਧਨਾ ਦੀ ਅਵਸਥਾ ਵਿਚ ਸੀ। ਪਹਿਲਾਂ ਜਗਿਆਸਾ ਹੁੰਦੀ ਹੈ ਫੇਰ ਸਾਧਨਾ ਹੁੰਦੀ ਹੈ, ਫੇਰ ਸਿੱਧ ਹੋਇਆ ਕਰਦੀ ਹੈ, ਫੇਰ ਪ੍ਰਾਪਤੀ ਹੋਇਆ ਕਰਦੀ ਹੈ। ਚਾਰ ਮੰਜ਼ਲਾਂ ਵਿਚੋਂ ਲੰਘਣਾ ਪੈਂਦਾ ਹੈ ਸਾਨੂੰ। ਸੋ ਅਜੇ ਆਪ ਸਾਧਕ ਅਵਸਥਾ ਵਿਚ ਸਨ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਅਜੇ ਕੁਠਾਲੀ 'ਚ ਪਾ ਕੇ ਪੂਰੀ ਤਰ੍ਹਾਂ ਖੋਟ ਕੱਢ ਰਹੇ ਸਨ। ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਆਪ ਨੂੰ ਨਾਮ ਦੀ ਦਾਤ ਦੇ ਦਿਤੀ। ਨਾਮ ਦੀ ਦਾਤ ਪ੍ਰਾਪਤ ਹੁੰਦੇ ਹੀ ਇਕ ਦਮ ਬਿਰਤੀ ਚੜ੍ਹ ਗਈ। ਐਨੀ ਲਗਨ ਲੱਗੀ ਕਿ ਆਪ ਇਕਾਂਤ ਹੋ ਕੇ ਬੈਠ ਜਾਂਦੇ ਨੇ। ਦੋ-

ਚਾਰ ਦਿਨਾਂ ਤੋਂ ਬਾਅਦ ਆਪ ਨੇ ਸ੍ਰੀ ਮਾਨ ਜੀ ਨੂੰ ਪੁੱਛਿਆ ਕਿ ਗੁਰੂ ਘਰ ਵਿਚ ਮੈਂ ਦੇਖਦਾ ਹਾਂ ਕਿ ਇਹ ਤਪ ਆਦਿ ਤਾਂ ਕਰਦੇ ਨਹੀਂ, ਇਹ ਤਾਂ ਬੜੇ ਸਹਿਜ ਨਾਲ ਤੁਰੇ ਫਿਰਦੇ ਨੇ, ਨਾ ਕੋਈ ਧੂਣੀਆਂ ਤਾਪਦਾ ਹੈ, ਨਾ ਕੋਈ ਜਲ ਧਾਰੇ ਕਰਦਾ ਹੈ, ਨਾ ਕੋਈ ਇਕ ਲੱਤ ਦੇ ਭਾਰ ਖੜ੍ਹਾ ਹੈ, ਨਾ ਕੋਈ ਬਾਹਾਂ ਉਪਰ ਨੂੰ ਕਰਕੇ ਖੜ੍ਹਾ ਹੈ, ਨਾ ਕੋਈ ਪੁੱਠਾ ਲਟਕ ਰਿਹਾ ਹੈ ਕਿਉਂਕਿ ਇਹ ਸਾਰੇ ਤਪ ਨੇ।

ਤਾਂ ਸ੍ਰੀ ਮਾਨ ਜੀ ਨੇ ਕਿਹਾ ਕਿ ਬਾਬਾ ਜੀ! ਗੁਰੂ ਘਰ ਦੇ ਅੰਦਰ ਜੋ ਤਪ ਹੈ ਉਹ ਸਾਰੇ ਤਪਾਂ ਦਾ ਸ਼੍ਰੋਮਣੀ ਤਪ ਹੈ, ਨਿਰਾਰਥਕ ਤਪ ਨਹੀਂ ਹੈ, ਇਹ ਸਰੀਰ ਵਾਹਿਗੁਰੂ ਜੀ ਨੇ ਬਹੁਤ ਵਧੀਆ ਮਸ਼ੀਨ ਬਣਾਈ ਹੈ ਇਸ ਦੇ ਅੰਦਰ ਪ੍ਰਮੇਸ਼ਰ ਦਾ ਵਾਸਾ ਹੈ। ਬਾਹਰੋਂ ਅਸੀਂ ਕਿਤੋਂ ਨਹੀਂ ਟੋਲਣਾ, ਸਰੀਰ ਨੂੰ ਦੁੱਖ ਦੇ ਕੇ ਮਨ ਨਹੀਂ ਮਰਿਆ ਕਰਦਾ।

ਇਹ ਮਨ ਉਸੇ ਤਰ੍ਹਾਂ ਦੇ ਨਾਲ ਰਹਿ ਜਾਂਦਾ ਹੈ, ਤਪ ਕਰਨ ਦੇ ਨਾਲ ਕ੍ਰੋਧ ਵਧ ਜਾਇਆ ਕਰਦਾ ਹੈ, ਵਰ-ਸਰਾਪ ਦੇਣ ਦੀ ਸ਼ਕਤੀ ਹੋ ਆਉਂਦੀ ਹੈ ਪਰ ਪਰਮ-ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਪਰਮ-ਸ਼ਾਂਤੀ ਦੀ ਪ੍ਰਾਪਤੀ ਗੁਰੂ ਤੋਂ ਬਗੈਰ ਨਹੀਂ ਹੋਇਆ ਕਰਦੀ। ਗੁਰੂ ਕੋਲ ਗਿਆਨ ਦਾ ਭੰਡਾਰਾ ਹੁੰਦਾ ਹੈ ਤੇ ਜਦੋਂ ਤੱਕ ਗੁਰੂ ਆਪਣੇ ਮੁਖਾਰਬਿੰਦ ਤੋਂ ਗਿਆਨ ਨਹੀਂ ਦਿੰਦਾ ਓਨੀ ਦੇਰ ਤੱਕ ਇਸ ਦੇ ਛੌੜ ਨਹੀਂ ਕੱਟਿਆ ਕਰਦੇ। ਪੰਜ ਕਿਸਮ ਦੇ ਭਰਮ ਇਸ ਦੇ ਓਵੇਂ-ਜਿਵੇਂ ਪਏ ਰਹਿੰਦੇ ਨੇ। ਸੋ ਮਿਸਾਲ ਦੇ ਤੌਰ ਤੇ ਦੇਖ ਲਓ ਕਿ ਇਕ ਤਪੀਆ ਹੈ, ਜੇਠ ਦਾ ਮਹੀਨਾ ਹੈ, ਉਸ ਦੇ ਚਾਰ ਧੂਣੀਆਂ ਲਾਈਆਂ ਹੋਈਆਂ ਹਨ, ਉਤੇ ਸੂਰਜ ਤਪ ਰਿਹਾ ਹੈ, ਹੇਠਾਂ ਧਰਤੀ ਗਰਮ ਹੈ ਤੇ ਉਤੇ ਚੌਂਕੜਾ ਮਾਰੀ ਬੈਠਾ ਹੈ। ਸਾਨੂੰ ਲੱਗੇਗਾ ਕਿ ਇਹ ਤਾਂ ਬੜ ਤਪ ਕਰ ਰਿਹਾ ਹੈ ਪਰ ਇਹ ਨਿਰਾਰਥਕ ਤਪ ਹੈ। ਇਸ ਦੇ ਮੁਕਾਬਲੇ ਤੇ ਲੋਹ ਗਰਮ ਹੈ, ਸੰਗਤ ਨੇ ਪ੍ਰਸ਼ਾਦਾ ਛਕਣਾ ਹੈ ਤੇ ਲੋਹ ਕੋਲ ਬੈਠਾ ਕੋਈ ਭਾਈ, ਕੋਈ ਬੀਬੀ ਪ੍ਰਸ਼ਾਦੇ ਲਾਹ ਰਹੀ ਹੈ। ਪ੍ਰਸ਼ਾਦੇ ਛਕ ਕੇ ਆਤਮਾ ਨੇ ਪ੍ਰਸੰਨ ਹੋਣਾ ਹੈ। ਕਿੰਨਾ ਵੱਡਾ ਫਲ ਹੋਏਗਾ? ਹਜ਼ਾਰਾਂ ਗੁਣਾਂ ਵੱਧ ਫਲ ਹੋਇਆ ਕਰਦਾ ਹੈ ਲੰਗਰ ਦੀ ਸੇਵਾ ਕਰਨ ਵਾਲੇ ਦਾ। ਜਲ ਢੋਂਦਾ ਹੈ, ਹੁਣ ਤਾਂ ਜਲ ਢੋਣ ਦਾ ਸਵਾਲ ਹੀ ਨਹੀਂ ਕਿਉਂਕਿ ਹੁਣ ਨਲਕੇ ਲੱਗ ਗਏ, ਪਹਿਲੇ ਜ਼ਮਾਨਿਆਂ ਵਿਚ ਖੂਹਾਂ ਤੋਂ, ਦੂਰ-ਦੂਰ ਤੋਂ ਜਾ ਕੇ ਜਲ ਲਿਆਇਆ ਕਰਦੇ ਸਨ। ਸੋ ਉਹ ਛਿੜਕਦਾ ਹੈ, ਗਰਦ ਨਹੀਂ ਉਡਦੀ, ਇਸ਼ਨਾਨ ਕਰਾਉਂਦਾ ਹੈ ਬਹੁਤ ਵੱਡਾ ਫਲ ਹੈ।

ਸੋ ਸ੍ਰੀ ਮਾਨ ਜੀ ਕਹਿਣ ਲੱਗੇ, ਬਾਬਾ ਅਮਰਦਾਸ ਜੀ! ਗੁਰੂ ਘਰ ਦੇ ਅੰਦਰ ਤਪ ਨਹੀਂ ਸੇਵਾ ਪ੍ਰਧਾਨ ਹੈ। ਜੁਗਤੀ ਦੇ ਨਾਲ ਸੇਵਾ ਕੀਤੀ ਜਾਵੇ ਤਾਂ ਇਸ ਦਾ ਬਹੁਤਾ ਫਲ ਹੁੰਦਾ ਹੈ, ਜੁਗਤੀ ਤੋਂ ਵਿਹੂਣੀ ਕੀਤੀ

ਜਾਵੇ ਤਾਂ ਫਲ ਬਿਲਕੁਲ ਹੀ ਨਹੀਂ ਹੁੰਦਾ, ਘਟ ਜਾਂਦਾ ਹੈ। ਪੂਰੇ ਭਾਗ ਹੋਣ, ਮਸਤਕ ਵਿਚ ਲਿਖਿਆ ਹੋਵੇ ਉਹ ਸੇਵਾ ਕਰ ਸਕਦਾ ਹੈ, ਪੂਰੀ ਵਿਧੀ ਦੇ ਨਾਲ। ਦਿਖਾਵੇ ਦੀ ਸੇਵਾ, ਹਉਮੈ ਦੀ ਸੇਵਾ ਥਾਂ ਨਹੀਂ ਪਿਆ ਕਰਦੀ ਪੂਰੇ ਭਾਗ ਹੋਣ ਤਾਂ ਜਾ ਕੇ ਗੁਰੂ ਦੀ ਸੇਵਾ ਪ੍ਰਾਪਤ ਹੁੰਦੀ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਪੂਰਿਆਂ ਭਾਗਾਂ ਨਾਲ,*
*ਮਿਲਦੀ ਸੇਵਾ ਸਾਧੂਆਂ ਦੀ - 2, 2.*

*ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥*
*ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ॥*
*ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ॥*
*ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ॥*
*ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ॥*
*ਨਾਨਕੁ ਵਖਾਣੈ ਗੁਰ ਬਚਨਿ ਜਾਣੈ*
*ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥ ਅੰਗ - 457*

ਜਿੰਨੀ ਦੇਰ ਤੱਕ ਮਸਤਕ ਵਿਚ ਭਾਗ ਨਹੀਂ ਬਣਦੇ ਓਨੀ ਦੇਰ ਤੱਕ ਸੇਵਾ ਨਹੀਂ ਮਿਲਿਆ ਕਰਦੀ। ਜੇ ਸੇਵਾ ਦਾ ਫਲ ਲੈਣਾ ਹੈ ਤਾਂ ਉਸ ਦੀ ਵਿਧੀ ਹੋਇਆ ਕਰਦੀ ਹੈ। ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਜੇ ਤੂੰ ਫਲ ਸੇਵਾ ਦਾ ਲੈਣੈ,*
*ਸੇਵਾ ਕਰਕੇ ਮਾਣ ਨਾ ਕਰੀਂ - 2, 2*

ਕਦੇ ਖੁਸ਼ੀ ਵਿਚ ਆ ਗਿਆ, ਪ੍ਰਸੰਨ ਹੋ ਗਿਆ, ਕਦੇ ਗ਼ਮੀ ਵਿਚ ਆ ਗਿਆ, ਰੋਸ ਵਿਚ ਆ ਗਿਆ। ਸੇਵਾ ਦਾ ਅਭਿਮਾਨ ਕਰਦਾ ਹੈ ਕਿ ਮੈਂ ਗੁਰਦੁਆਰਾ ਬਣਾ ਰਿਹਾ ਹੈ। ਮੈਂ ਆਹ ਸੇਵਾ ਕਰ ਰਿਹਾ ਹਾਂ, ਦਿਖਾਵਾ ਵੀ ਕਰ ਰਿਹਾ ਹੈ ਕਿਉਂਕਿ ਲਹਿਰੀ ਵਿਚ ਹੈ ਮਨ -

*ਸਬਦੈ ਸਾਦੁ ਨ ਆਵਈ ...............॥ ਅੰਗ - 1247*

ਉਸ ਦਾ ਨਤੀਜਾ ਕੀ ਹੋਏਗਾ? ਮਹਾਰਾਜ ਜੀ ਕਹਿੰਦੇ ਸ਼ਬਦ ਦਾ ਰਸ ਉਸਨੂੰ ਆਉਣਾ ਹੀ ਨਹੀਂ -

*................. ਨਾਮਿ ਨ ਲਗੈ ਪਿਆਰੁ॥ ਅੰਗ - 1247*

ਨਾ ਹਿਰਦੇ ਵਿਚ ਪਿਆਰ ਆਉਣਾ ਹੈ, ਨਾ ਪ੍ਰਮੇਸ਼ਰ ਦੇ ਨਾਲ ਪਿਆਰ ਪੈਣਾ ਹੈ।

***ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥*** ***ਅੰਗ - 1247***

ਉਸ ਦੀ ਸੇਵਾ ਥਾਂ ਨਹੀਂ ਪਿਆ ਕਰਦੀ, ਸਿਰਫ ਖੱਪਣਾ ਉਸ ਦੇ ਪੱਲੇ ਰਹਿ ਜਾਂਦਾ ਹੈ, ਝੁੰਜਲਾਹਟ ਹੁੰਦੀ ਹੈ, ਬਲੱਡ ਪਰੈਸ਼ਰ ਹੋ ਜਾਂਦਾ ਹੈ।

ਇਕ ਵਾਰੀ ਇਕ ਪਰਿਵਾਰ ਨੇ ਬਹੁਤ ਸੇਵਾ ਕਰਕੇ ਗੁਰਦੁਆਰਾ ਸਾਹਿਬ ਖੜ੍ਹਾ ਕੀਤਾ। ਜਦੋਂ ਗੁਰਦੁਆਰਾ ਬਣ ਗਿਆ ਤੇ ਸੰਗਤਾਂ ਆਉਣ ਲਗ ਗਈਆਂ। ਦੂਸਰੀ ਪਾਰਟੀ ਜਿਹੜੀ ਚੁੱਪ ਕਰ ਬੈਠੀ ਦੇਖਦੀ ਸੀ, ਉਨ੍ਹਾਂ ਨੇ ਆ ਕੇ ਚੋਣਾਂ ਵਿਚ ਗੁਰਦੁਆਰੇ ਤੇ ਕਬਜ਼ਾ ਕਰ ਲਿਆ, ਉਹ ਕਬਜ਼ਾ ਮੰਗਦੇ ਨੇ; ਉਹ ਦਿੰਦੇ ਨਹੀਂ, ਕਹਿੰਦੇ, ਅਸੀਂ ਬਣਾਇਆ ਹੈ। ਅਖੀਰ ਨੌਬਤ ਪੁਲਿਸ ਤੱਕ ਆ ਗਈ। ਦੋਵੇਂ ਧਿਰਾਂ ਪੁਲਿਸ ਫੜ ਕੇ ਲੈ ਗਈ। ਜਦੋਂ ਸਾਨੂੰ ਮਿਲੇ ਆ ਕੇ ਤਾਂ ਕਹਿੰਦੇ ਅਸੀਂ ਹੱਥਾਂ ਨਾਲ ਚੂਨਾ ਪੀਂਹਦੇ ਹੁੰਦੇ ਸੀ, ਸਾਰੀ ਸੇਵਾ ਆਪ ਹੱਥਾਂ ਨਾਲ ਕੀਤੀ ਤੇ ਹੁਣ ਸਾਨੂੰ ਏਸ ਤਰ੍ਹਾਂ ਕੀਤਾ।

ਮੈਂ ਕਿਹਾ, "ਭਾਈ! ਠੀਕ ਹੈ, ਸੇਵਾ ਦਾ ਜਜ਼ਬਾ ਸੀ ਪਰ ਉਸ ਦੇ ਵਿਚ ਨੁਕਸ ਸੀ ਤੁਸੀਂ ਸੇਵਾ ਕਰਕੇ ਆਪਣਾ-ਆਪ ਜਣਾਉਂਦੇ ਸੀ। ਇਹ ਨਹੀਂ ਸੀ ਕਹਿੰਦੇ ਕਿ ਹੇ ਗੁਰੂ ਮਹਾਰਾਜ! ਆਪ ਦੀ ਬਹੁਤ ਵੱਡੀ ਕ੍ਰਿਪਾ ਹੈ ਕਿ ਸਾਡੇ ਵਰਗੇ ਬੰਦਿਆਂ ਨੂੰ ਵੀ ਤੁਸੀਂ ਸੇਵਾ ਵਿਚ ਲਾ ਲਿਆ। ਤੁਹਾਡੇ ਵਿਚ ਕੀ ਤਾਕਤ ਹੈ ਕਿ ਤੁਸੀਂ ਗੁਰੂ ਦੀ ਸੇਵਾ ਕਰ ਦਿਓ। ਹਉਮੈ ਦੇ ਅਧੀਨ ਤੁਸੀਂ ਸੇਵਾ ਕਰ ਰਹੇ ਸੀ। ਜੇ ਸੇਵਾ ਥਾਂ ਪੈਂਦੀ ਤਾਂ ਤੁਹਾਨੂੰ ਰਸ ਆ ਜਾਣਾ ਸੀ, ਤੁਹਾਡੇ ਅੰਦਰ ਬਾਣੀ ਦਾ ਪਿਆਰ ਜਾਗਣਾ ਸੀ ਪਰ ਕਿਉਂਕਿ ਸੇਵਾ ਹਉਮੈ ਦੇ ਅਧੀਨ ਹੋ ਰਹੀ ਸੀ ਸੋ ਉਸ ਦਾ ਫਲ ਖਪਣਾ ਤੁਹਾਡੇ ਪੱਲੇ ਪੈ ਗਿਆ।

***ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥*** ***ਅੰਗ - 1247***

ਜਿੰਨਾ ਚਿਰ ਮਰਜ਼ੀ ਕਰੀ ਜਾਹ ਦਸ ਸਾਲ, ਵੀਹ ਸਾਲ ਕਰੀ ਜਾਹ, ਉਹ ਗੱਲ ਤਾਂ ਬਣਦੀ ਨਹੀਂ ਜੋ ਸੇਵਾ ਕਰਨ ਵਾਲਿਆਂ ਦੀ ਬਣ ਜਾਇਆ ਕਰਦੀ ਹੈ। ਇਕ ਮਹਾਂਪੁਰਸ਼ ਸਨ। ਉਨ੍ਹਾਂ ਕੋਲ ਬਹੁਤ ਦੁਨੀਆਂ ਆ ਕੇ ਰੂਹਾਨੀ ਸੇਧ ਲਿਆ ਕਰਦੀ ਸੀ ਤੇ ਉਥੇ ਨੇੜੇ ਦਾ ਹੀ ਇਕ ਚੌਧਰੀ ਸੀ, ਵੀਹ-ਵੀਹ ਪਿੰਡਾਂ ਦਾ। ਉਸ ਦੇ ਮਨ ਵਿਚ ਵੀ ਆਉਂਦਾ ਸੀ ਕਿ ਮੈਂ ਵੀ ਸੰਤਾਂ ਦੇ ਬਚਨ ਸੁਣਾ। ਸੋ ਜਦੋਂ ਕਦੇ ਜਾਣਾ ਤਾਂ ਉਸ ਨੇ ਜਾ ਕੇ ਬਹੁਤਾ

ਸਤਿਕਾਰ ਨਾ ਕਰਨਾ ਮਹਾਤਮਾ ਦਾ, ਆਪਣੀ ਹਉਮੈ ਵਿਚ ਰੱਖਣੀ। ਜਿਸ ਤਰ੍ਹਾਂ ਗੁਰੂ ਅੰਗਦ ਦੇਵ ਮਹਾਰਾਜ ਜੀ ਪਾਸ ਚੌਧਰੀ ਆਇਆ ਤਾਂ ਮਹਾਰਾਜ ਜੀ ਨੇ ਉਸ ਦੇ ਵਾਸਤੇ ਦੂਸਰਾ ਮੰਜਾ ਡੁਹਾ ਦਿਤਾ ਪਰ ਉਸ ਦੇ ਵਿਚ ਐਡਾ ਅਭਿਮਾਨ ਕਿ ਗੁਰੂ ਮਹਾਰਾਜ ਜੀ ਦੇ ਸਿਰ੍ਹਾਣੇ ਆ ਕੇ ਬਹਿ ਗਿਆ। ਸਾਰੇ ਸਿੱਖ-ਸੇਵਕ ਬੜੇ ਘਬਰਾ ਗਏ ਇਸ ਗੱਲ ਤੇ ਕਿ ਆਹ ਇਕ ਜੀਵ ਹੰਕਾਰ ਦਾ ਬੰਨ੍ਹਿਆ ਹੋਇਆ ਗੁਰੂ ਮਹਾਰਾਜ ਜੀ ਦੇ ਸਿਰ੍ਹਾਣੇ ਆ ਕੇ ਬਹਿ ਗਿਆ।

ਮਹਾਰਾਜ ਜੀ ਕਹਿੰਦੇ, "ਨਾਹ! ਕੁਝ ਨਹੀਂ ਇਸ ਨੂੰ ਕਹਿਣਾ।"

ਆਪ ਸ਼ਾਂਤ ਰਹੇ। ਸੋ ਇਸੇ ਤਰ੍ਹਾਂ ਉਹ ਵੀ ਜਦੋਂ ਸੰਤਾਂ ਕੋਲ ਜਾਇਆ ਕਰਦਾ ਸੀ ਤਾਂ ਆਪਣੀ ਚੌਧਰ ਦੀ ਆਕੜ ਵਿਚ ਜਾਇਆ ਕਰਦਾ ਸੀ ਕਿ ਮੈਂ ਪੈਸੇ ਵਾਲਾ ਹਾਂ। ਇਕ ਦਿਨ ਸੰਤਾਂ ਨੂੰ ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਤੁਹਾਥੋਂ ਦੀਕਸ਼ਾ ਲੈ ਕੇ ਤੁਹਾਡੇ ਆਸ਼ਰਮ ਵਿਚ ਸੇਵਾ ਕਰਾਂ ਤੇ ਮੈਨੂੰ ਵੀ ਗਿਆਨ ਦੀ ਸੋਝੀ ਹੋਵੇ, ਪ੍ਰਾਪਤੀ ਹੋਵੇ ਤੇ ਮੇਰਾ ਵੀ ਜਨਮ ਮਰਨ ਕੱਟਿਆ ਜਾਵੇ। ਨਾਲੇ ਕਹਿਣ ਲੱਗਿਆ ਸੰਤ ਜੀ! ਜੇ ਤੁਸੀਂ ਮੈਨੂੰ ਸੇਵਕ ਬਣਾ ਲਿਆ ਤਾਂ ਤੁਹਾਨੂੰ ਪਤਾ ਹੈ ਕਿ ਮੈਂ ਵੀਹ-ਪੱਚੀ ਪਿੰਡਾਂ ਦਾ ਚੌਧਰੀ ਹਾਂ ਤੇ ਇਸ ਰਾਜ ਦੇ ਜੋ ਵੱਡੇ-ਵੱਡੇ ਅਫਸਰ ਨੇ ਉਹ ਵੀ ਸਾਰੇ ਮੇਰੇ ਵਾਕਫ ਨੇ, ਮੇਰੇ ਘਰ ਆਉਂਦੇ ਨੇ। ਫੇਰ ਦੇਖ ਲਓ ਜਦੋਂ ਮੈਂ ਤੁਹਾਡਾ ਸੇਵਕ ਬਣ ਗਿਆ ਤਾਂ ਉਹ ਤੁਹਾਡੇ ਆਸ਼ਰਮ ਵਿਚ ਆਇਆ ਕਰਨਗੇ, ਤੁਹਾਡੀ ਮਹਿਮਾ ਵਧ ਜਾਏਗੀ। ਇਸ ਤਰ੍ਹਾਂ ਮਹਾਂਪੁਰਸ਼ਾਂ ਨੂੰ ਅਭਿਮਾਨ ਦੇ ਸ਼ਬਦ ਕਹਿਣੇ ਸ਼ੁਰੂ ਕਰੇ। ਮਹਾਤਮਾ ਨੇ ਦੇਖ ਲਿਆ ਕਿ ਅਭਿਮਾਨੀ ਪੁਰਸ਼ ਹੈ ਇਸ ਦਾ ਤਾਂ ਬਣਨਾ ਕੁਝ ਨਹੀਂ, ਤਾਂ ਉਸ ਨੂੰ ਕਹਿਣ ਲੱਗੇ ਕਿ ਨਹੀਂ ਚੌਧਰੀ ਸਾਹਿਬ! ਤੁਸੀਂ ਘਰ ਹੀ ਸਾਰਾ ਕੰਮ ਕਰੋ ਤੇ ਪਾਠ ਕਰਿਆ ਕਰੋ।

ਕਹਿੰਦਾ, "ਨਹੀਂ ਜੀ! ਮੈਂ ਤਾਂ ਸੇਵਾ ਕਰਨੀ ਹੈ। ਮੈਂ ਸੰਨਿਆਸ ਲੈਣਾ ਹੈ।"

ਕਹਿੰਦੇ, "ਸੰਨਿਆਸ ਲੈ ਕੇ ਕੀ ਕਰੇਂਗਾ? ਕੁਝ ਵੀ ਨਹੀਂ ਹੈ ਇਸ ਦੇ ਵਿਚ। ਹਾਂ ਇਕੋ ਹੀ ਚੀਜ਼ ਹੈ ਕਿ ਲੋਕ ਮੱਥੇ ਟੇਕਣ ਲਗ ਜਾਣਗੇ। ਬਾਕੀ ਗ੍ਰਿਹਸਥੀ ਦਾ ਤੇ ਸੰਨਿਆਸੀ ਦਾ ਫਰਕ ਨਹੀਂ ਹੋਇਆ ਕਰਦਾ, ਫਰਕ ਕੇਵਲ ਮਨ ਦਾ ਪਿਆ ਕਰਦਾ ਹੈ। ਜੇ ਗ੍ਰਿਹਸਥੀ ਦਾ ਮਨ ਉਚਾ ਹੈ.......

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥*** ***ਅੰਗ - 952***

ਜਦੋਂ ਗੰਗਾ ਦੇ ਨੀਰ ਵਰਗਾ ਪਵਿੱਤਰ ਹੋ ਗਿਆ –

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ ਅੰਗ – 1367***

ਸੋ ਏਸ ਤਰ੍ਹਾਂ ਨਾਲ ਬਹੁਤ ਸਮਝਾਇਆ। ਉਹ ਬਾਰ-ਬਾਰ ਹੱਠ ਕਰੇ ਕਿ ਨਹੀਂ ਮਹਾਰਾਜ! ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਹੈ ਜੇ ਮੈਨੂੰ ਚੇਲਾ ਬਣਾ ਲਓ ਤੁਸੀਂ, ਤਾਂ ਤੁਹਾਡੀ ਮਹਿਮਾ ਵਧ ਜਾਵੇਗੀ।

ਸੰਤਾਂ ਨੂੰ ਸਾਧ ਸੰਗਤ ਜੀ! ਮਹਿਮਾ ਦੀ ਲੋੜ ਨਹੀਂ ਹੋਇਆ ਕਰਦੀ, ਉਹ ਬਿਲਕੁਲ ਨਹੀਂ ਚਾਹੁੰਦੇ ਕਿਉਂਕਿ ਇਹ ਫਾਲਤੂ ਚੀਜ਼ ਹੈ। ਉਹ ਆਪਣੇ ਪਿਆਰ ਵਿਚ ਰਹਿੰਦੇ ਨੇ, ਬਾਕੀ ਚੀਜ਼ਾਂ ਦੀ ਉਨ੍ਹਾਂ ਨੂੰ ਨਹੀਂ ਪਰਵਾਹ ਹੁੰਦੀ, ਮਹਾਰਾਜ ਜੀ ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਰੰਗ ਹਸਦੇ ਤੇ ਰੰਗ ਰੋਂਦੇ,***
***ਪਰਵਾਹ ਨਾ ਕਿਸੇ ਦੀ ਰਖਦੇ ਸਾਧੂ।***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ ਅੰਗ – 473***

ਪਿਆਰ ਵਿਚ ਆ ਕੇ ਹਸਦੇ ਨੇ, ਵਾਹਿਗੁਰੂ ਦੇ ਪਿਆਰ ਵਿਚ ਆ ਕੇ ਵੈਰਾਗ ਕਰਦੇ ਨੇ। ਕਿਸੇ ਦੀ ਪਰਵਾਹ ਨਹੀਂ, ਸਿਵਾਏ ਵਾਹਿਗੁਰੂ ਤੋਂ। ਜਿਹੜਾ ਸੰਤ ਆਪਣੇ ਚੇਲਿਆਂ ਦੀਆਂ ਮਿੰਨਤਾਂ ਕਰਦਾ ਹੈ, ਉਹ ਸੰਤ ਨਹੀਂ ਹੈ, ਦੁਨੀਆਂਦਾਰ ਹੈ, ਗਰਜ਼ ਵਾਲਾ ਬੰਦਾ ਹੈ। ਉਸ ਦੇ ਮਨ ਵਿਚ ਗਰਜ਼ ਹੈ ਕਿ ਮੇਰੇ ਕੋਲੋਂ ਟੁੱਟ ਕੇ ਹੋਰ ਪਾਸੇ ਨਾ ਚਲੇ ਜਾਣ। ਉਸ ਨੂੰ ਇਹ ਨਹੀਂ ਕਰਨਾ ਚਾਹੀਦਾ। ਜਿਹੜਾ ਪ੍ਰਮੇਸ਼ਰ ਦਾ ਪਿਆਰਾ ਹੈ ਉਹ ਕਿਸੇ ਦੀ ਮਿੰਨਤ ਤੇ ਖੁਸ਼ਾਮਦ ਨਹੀਂ ਕਰਦਾ। ਉਹ ਤਾਂ ਆਪਣੇ ਪ੍ਰਮੇਸ਼ਰ ਦੀ ਯਾਦ ਵਿਚ ਤੇ ਉਸ ਦੇ ਪਿਆਰ ਵਿਚ ਮਸਤ ਰਹਿੰਦਾ ਹੈ।

ਭਾਰਤਵਰਸ਼ ਵਿਚ ਤੇਈ ਸੌ ਸਾਲ ਪਹਿਲਾਂ ਯੂਨਾਨ ਦਾ ਬਾਦਸ਼ਾਹ ਸਿਕੰਦਰ ਬਹੁਤ ਵੱਡੀ ਫੌਜ ਲੈ ਕੇ ਚੜ੍ਹਿਆ। ਸਾਰੀ ਦੁਨੀਆਂ ਨੂੰ ਫਤਹਿ ਕਰਦਾ ਹੋਇਆ ਜਦੋਂ ਭਾਰਤ ਵਰਸ਼ ਵਿਚ ਆਇਆ ਤਾਂ ਇਥੇ ਜਿਹਲਮ ਦੇ ਕੰਢੇ ਉਸ ਨੂੰ ਬਹੁਤ ਦੇਰ ਰੁਕਣਾ ਪਿਆ। ਕਈ ਮਹੀਨੇ ਤੋਂ ਬਾਅਦ ਉਸ ਨੇ ਦਰਿਆ ਪਾਰ ਕਰਿਆ ਤੇ ਲੜਾਈ ਹੋਈ ਲਾਹੌਰ ਦੇ ਨੇੜੇ ਰਾਜੇ ਪੋਰਸ ਦੇ ਨਾਲ। ਪੋਰਸ ਦੀ ਤੀਹ ਹਜ਼ਾਰ ਫੌਜ, ਦੋ ਲੱਖ ਬੰਦੇ ਦੇ ਸਾਮ੍ਹਣੇ ਹਾਰ ਗਈ ਤੇ ਅਖੀਰ ਪੋਰਸ ਨਾਲ ਉਸ ਦਾ ਸਮਝੌਤਾ ਹੋ ਗਿਆ। ਸਿਕੰਦਰ ਦੇ

ਨਾਲ ਇਕ ਸਾਧੂ ਸੀ ਤੇ ਉਸ ਦੇ ਮਨ ਵਿਚ ਖਿਆਲ ਸੀ ਕਿ ਮੈਂ ਭਾਰਤ ਵਰਸ਼ ਦੇ ਸਾਧੂ ਦੇਖਣੇ ਚਾਹੁੰਦਾ ਹਾਂ ਕਿ ਇਥੋਂ ਦੇ ਸਾਧੂ ਕਿਹੋ ਜਿਹੇ ਨੇ ਤਾਂ ਉਸ ਨੇ ਰਾਜਾ ਪੋਰਸ ਨੂੰ ਕਿਹਾ ਕਿ ਮੈਨੂੰ ਕਿਸੇ ਮਹਾਤਮਾ ਦੇ ਦਰਸ਼ਨ ਤਾਂ ਕਰਾਓ, ਜਿਹੜਾ ਪੂਰਨ ਮਹਾਤਮਾ ਹੋਵੇ। ਉਹ ਕਹਿਣ ਲੱਗੇ ਕੋਈ ਗੱਲ ਨਹੀਂ, ਕੱਲ੍ਹ ਨੂੰ ਚੱਲਾਂਗੇ। ਸਮਾਂ ਬੰਨ੍ਹ ਲਿਆ ਦੂਸਰੇ ਦਿਨ। ਦੋਵੇਂ ਜਾਂਦੇ ਨੇ ਘੋੜਿਆਂ ਤੇ ਸਵਾਰ ਹੋ ਕੇ। ਕਹਿੰਦੇ ਹੋਰ ਕਿਸੇ ਨੂੰ ਨਹੀਂ ਲੈਣਾ, ਆਪਾਂ ਹੀ ਚਲਦੇ ਹਾਂ। ਜਾਂਦੇ-ਜਾਂਦੇ ਰਾਵੀ ਦੇ ਕੰਢੇ-ਕੰਢੇ ਝਾੜੀਆਂ ਆ ਗਈਆਂ ਤੇ ਅੱਗੇ ਸੰਘਣਾ ਜੰਗਲ ਆ ਗਿਆ ਤਾਂ ਸਿਕੰਦਰ ਕਹਿਣ ਲੱਗਿਆ ਕਿ ਕਿਥੇ ਕੁ ਨੇ ਸੰਤ? ਕੋਈ ਸੜਕ ਨਹੀਂ ਜਾਂਦੀ?

ਪੋਰਸ ਕਹਿੰਦਾ, 'ਨਹੀਂ! ਸੜਕ ਨਹੀਂ ਜਾਂਦੀ, ਸੰਤ ਤਾਂ ਇਹੋ ਜਿਹੀਆਂ ਥਾਵਾਂ ਤੇ ਹੀ ਰਹਿੰਦੇ ਨੇ ਕਿਉਂਕਿ ਇਹ ਇਕਾਂਤ ਪਸੰਦ ਹੁੰਦੇ ਨੇ। ਆਪਣੇ ਸ੍ਵੈ-ਸਰੂਪ ਦੇ ਅਨੰਦ ਵਿਚ ਉਹ ਰਹਿੰਦੇ ਨੇ। ਉਨ੍ਹਾਂ ਦੇ ਬੈਠਣ ਦੀ ਬਰਕਤ ਹੀ ਬਹੁਤ ਹੁੰਦੀ ਹੈ।

ਸੋ ਚੁੱਪ ਕਰਕੇ ਚਲਦਾ ਗਿਆ। ਫੇਰ ਇਸ ਦੇ ਮਨ ਵਿਚ ਆਇਆ ਕਿ ਮੈਂ ਦੁਨੀਆਂ ਦਾ ਜੇਤੂ ਹਾਂ ਤੇ ਮੇਰਾ ਤਾਂ ਸਤਿਕਾਰ ਹੀ ਕੋਈ ਨਹੀਂ ਹੋ ਰਿਹਾ, ਮੈਂ ਤਾਂ ਐਵੇਂ ਹੀ ਮਾਮੂਲੀ ਆਦਮੀ ਵਾਂਗ ਤੁਰਿਆ ਜਾ ਰਿਹਾ ਹਾਂ।

ਕਹਿੰਦਾ, "ਕਿੱਡੀ ਕੁ ਦੂਰ ਹੈ?"

ਪੋਰਸ ਕਹਿੰਦਾ, "ਉਹ ਸਾਮ੍ਹਣੇ ਝੌਂਪੜੀ ਹੈ, ਉਸ ਦੇ ਵਿਚ ਰਹਿੰਦੇ ਨੇ ਸੰਤ।"

ਕਹਿੰਦਾ, "ਇਥੇ ਮੇਰੇ ਸੁਆਗਤ ਲਈ ਕੁਝ ਵੀ ਨਹੀਂ ਕਰਿਆ, ਕੋਈ ਹਾਰ, ਕੋਈ ਫੁੱਲ ਆਦਿ। ਇਤੇ ਤਾਂ ਕੁਝ ਵੀ ਨਜ਼ਰ ਨਹੀਂ ਆਉਂਦਾ।"

ਪੋਰਸ ਕਹਿਣ ਲੱਗਿਆ, "ਬਾਦਸ਼ਾਹ! ਮਹਾਤਮਾ ਦੀ ਗੱਲ ਹੋਰ ਹੁੰਦੀ ਹੈ, ਉਨ੍ਹਾਂ ਨੂੰ ਗਰਜ਼ ਨਹੀਂ ਕਿਸੇ ਨਾਲ ਵੀ ਹੋਇਆ ਕਰਦੀ। ਸੰਸਾਰੀ ਬੰਦਿਆਂ ਨੂੰ ਗਰਜ਼ ਹੁੰਦੀ ਹੈ। ਉਹ ਸਭ ਅਡੰਬਰ ਕਰਦੇ ਨੇ। ਐਨਾ ਹੀ ਫਰਕ ਹੁੰਦਾ ਹੈ ਉਨ੍ਹਾਂ ਦਾ ਸੰਸਾਰੀਆਂ ਨਾਲੋਂ। ਉਹ ਨਿਰਚਾਹ ਹੁੰਦੇ ਨੇ, ਵਾਸ਼ਨਾ ਰਹਿਤ ਹੁੰਦੇ ਨੇ। ਕੋਈ ਵਾਸ਼ਨਾ ਉਨ੍ਹਾਂ ਦੇ ਮਨ ਵਿਚ ਨਹੀਂ ਹੁੰਦੀ।

ਸੰਤ ਸਾਮ੍ਹਣੇ ਬੈਠੇ ਧੁੱਪ ਸੇਕਦੇ ਸਨ, ਪੋਹ ਦਾ ਮਹੀਨਾ ਸੀ। ਉਸ ਵੇਲੇ ਇਸ ਦੇ ਮਨ ਵਿਚ ਬੜੀ ਨਾਰਾਜ਼ਗੀ ਹੋਈ, ਸੰਤਾਂ ਨੇ ਨਿਗ੍ਹਾ ਭਰ ਕੇ ਦੇਖਿਆ। ਇਸ ਨੇ ਕਿਹਾ ਕਿ ਇਕ ਨੰਗਾ-ਧੜੰਗਾ ਫਕੀਰ ਬੈਠਾ ਹੈ ਤੇ ਮੈਂ ਬਾਦਸ਼ਾਹ ਹਾਂ, ਨਿਸ਼ਾਨੀ ਹੈ ਮੇਰੇ ਵਸਤਰਾਂ-ਸ਼ਸਤਰਾਂ ਦੀ ਕਿ ਕੋਈ ਬਾਦਸ਼ਾਹ ਆ ਰਿਹਾ ਹੈ ਤੇ ਇਹ ਮੇਰੇ ਆਦਰ ਵਾਸਤੇ ਕਿਉਂ ਨਹੀਂ ਖੜ੍ਹਾ ਹੋਇਆ, ਗੁੱਸਾ ਖਾ ਗਿਆ ਤੇ ਤਲਵਾਰ ਕੱਢ ਕੇ ਸੰਤਾਂ ਵਲ ਨੂੰ ਚੱਲਿਆ।

ਮਹਾਤਮਾ ਪੂਰੇ ਸੀ ਇਕੋ ਦ੍ਰਿਸ਼ਟੀ ਕੀਤੀ, ਉਥੇ ਹੀ ਰੋਕ ਦਿਤਾ। ਨਾ ਅੱਗੇ ਹੁੰਦਾ ਹੈ ਨਾ ਪਿਛੇ, ਨਾ ਬਾਂਹ ਹਿਲਦੀ ਹੈ, ਤਲਵਾਰ ਕੱਢੀ ਹੋਈ ਉਪਰ ਨੂੰ ਉਲ੍ਹਾਰੀ ਹੋਈ ਓਵੇਂ ਹੀ ਖੜ੍ਹੀ ਹੈ।

ਮਹਾਤਮਾ ਕਹਿਣ ਲੱਗੇ, "ਕੀ ਗੱਲ? ਆਹ ਤਲਵਾਰ ਤੇਰੀ ਰੱਜੀ ਨਹੀਂ ਅਜੇ ਲੱਖਾਂ ਬੰਦਿਆਂ ਦਾ ਖੂਨ ਪੀ ਕੇ? ਕਿੰਨੀਆਂ ਬੀਬੀਆਂ ਤੂੰ ਵਿਧਵਾ ਕਰ ਦਿਤੀਆਂ, ਕਿੰਨੀਆਂ ਭੈਣਾਂ ਦੇ ਭਰਾ ਖੋਹ ਲਏ, ਕਿੰਨੀਆਂ ਮਾਵਾਂ ਦੇ ਪੁੱਤਰ ਖੋਹ ਲਏ। ਤੇਰੀ ਤਲਵਾਰ ਅਜੇ ਵੀ ਨਹੀਂ ਰੱਜੀ, ਆ! ਫੇਰ ਮੇਰੇ ਖੂਨ ਨਾਲ ਰਜਾ ਲੈ ਜੇ ਤੈਥੋਂ ਰਜਾ ਹੁੰਦੀ ਹੈ।

ਹਿਲਦਾ ਨਹੀਂ ਸਿਕੰਦਰ। ਪੋਰਸ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਇਹ ਤਾਂ ਆਪ ਦੇ ਦਰਸ਼ਨ ਕਰਨ ਆਇਆ ਸੀ।

ਮਹਾਤਮਾ ਕਹਿੰਦੇ, "ਫੇਰ ਤਲਵਾਰਾਂ ਕੱਢ ਕੇ ਦਰਸ਼ਨ ਕਰਨ ਆਈਦਾ ਹੈ।"

ਸੰਤਾਂ ਨੂੰ ਜਦੋਂ ਮਿਲਣਾ ਹੋਵੇ ਤਾਂ ਸਤਿਕਾਰ ਨਾਲ ਜਾਣਾ ਚਾਹੀਦਾ ਹੈ ਜਿਸ ਨੇ ਕੁਝ ਲੈਣਾ ਹੈ। ਬੇਪਰਵਾਹ ਹੁੰਦੇ ਨੇ ਮਹਾਤਮਾ ਸਾਧ-ਸੰਗਤ ਜੀ!

ਪਟਿਆਲੇ ਬਾਬਾ ਜੱਸਾ ਸਿੰਘ ਜੀ, ਬੀਬੀ ਦਾ ਸਰੀਰ ਸੀ ਤੇ ਨਾਉਂ ਜੱਸਾ ਸਿੰਘ ਰੱਖਿਆ ਹੋਇਆ ਸੀ। ਆਪ ਬਹਤ ਬੇਪਰਵਾਹ ਸਨ। ਮਹਾਰਾਜਾ ਨਰਿੰਦਰ ਸਿੰਘ ਪਟਿਆਲੇ ਵਾਲਾ ਉਨ੍ਹਾਂ ਕੋਲ ਆਇਆ ਕਰਦੇ ਸਨ। ਇਕ ਵਾਰੀ ਮਹਾਰਾਜ ਵਲਾਇਤ ਤੋਂ ਰੇਸ਼ਮੀ ਦੁਸ਼ਾਲੇ ਤੇ ਰੇਸ਼ਮ ਦੇ ਕੱਪੜੇ ਖਰੀਦ ਲਿਆਏ ਤੇ ਮਨ ਵਿਚ ਆਇਆ ਕਿ ਬਾਬਾ ਜੀ ਨੂੰ ਦੇਈਏ। ਸੋ ਮਹਾਰਾਜ ਤੇ ਉਸ ਦੇ ਸੇਵਕ ਆਦਿ ਘੋੜਿਆਂ ਤੇ ਸਵਾਰ ਹੋ ਕੇ ਆਏ। ਨੇੜੇ ਆ ਕੇ ਵਸਤਰ ਬਾਬਾ ਜੀ ਨੂੰ ਭੇਂਟ ਕਰ ਦਿਤੇ ਤੇ ਕਹਿਣ ਲੱਗਿਆ ਕਿ ਮਹਾਰਾਜ ਵਲਾਇਤ ਤੋਂ ਲੈ ਕੇ ਆਇਆ ਹਾਂ, ਬਹੁਤ ਸੋਹਣੀ ਚੀਜ਼ ਹੈ। ਇਹ ਵਸਤਰ ਤੁਸੀਂ ਪਹਿਨ ਲਿਓ। ਉਹ ਕਹਿੰਦੇ, "ਉਥੇ ਰੱਖ ਦੇ, ਸਾਮ੍ਹਣੇ।"

ਦੂਰ ਰਖਾ ਦਿਤੇ, ਉਸ ਡੇਰੇ ਵਿਚ ਕੁੱਤੇ ਬਹੁਤ ਹੁੰਦੇ ਸੀ, ਸ਼ਾਇਦ ਹੁਣ ਵੀ ਹੋਣ। ਉਦੋਂ ਚਾਰ-ਪੰਜ ਸੌ ਕੁੱਤਾ ਰਿਹਾ ਕਰਦਾ ਸੀ। ਰਾਤ ਨੂੰ ਕੁੱਤਿਆਂ ਨੂੰ ਗਲੀਚਿਆਂ ਦਾ ਕੱਪੜਾ ਲੱਗਿਆ ਸੋਹਣਾ ਉਨ੍ਹਾਂ ਨੇ ਖਿੱਚ-ਖਿੱਚ ਕੇ ਪਾੜ ਦਿਤਾ। ਕੱਪੜੇ ਦੇ ਟੁੱਕੜੇ-ਟੁੱਕੜੇ ਹੋ ਕੇ ਉਡਣੇ ਸ਼ੁਰੂ ਹੋ ਗਏ। ਹਵਾ ਤੇਜ਼ ਚਲਦੀ ਸੀ ਨੇੜੇ ਜਿਹੜੀ ਵਾੜ ਲਈ ਤਾਰ ਗੱਡੀ ਹੋਈ ਸੀ ਉਸ ਦੇ ਵਿਚ ਫਸ ਗਏ, ਹੋਰ ਦੂਰ ਤੱਕ ਜਾ ਪਹੁੰਚੇ। ਦੂਜੇ ਦਿਨ

ਮਹਾਰਾਜ ਆਇਆ ਕਿ ਫੇਰ ਸੰਤਾਂ ਨਾ ਗੱਲ ਕਰੀਏ। ਮਨ ਵਿਚ ਇਹ ਸੀ ਕਿ ਜਿਹੋ-ਜਿਹੇ ਮੈਂ ਲੈ ਕੇ ਆਇਆ ਹਾਂ ਇਹੋ-ਜਿਹੇ ਵਸਤਰ ਕੋਈ ਨਹੀਂ ਲਿਆ ਸਕਦਾ। ਜਦੋਂ ਤੁਰੇ ਆਉਂਦੇ ਨੇ ਤਾਂ ਸੇਵਕ ਨੂੰ ਕਹਿਣ ਲੱਗੇ ਕਿ ਇਹ ਤਾਂ ਐਉਂ ਲਗਦਾ ਹੈ ਜਿਵੇਂ ਸਾਡੇ ਦਿਤੇ ਹੋਏ ਕੱਪੜੇ ਫਾੜੇ ਹੋਣ। ਕੀ ਗੱਲ ਸੰਤਾਂ ਨੂੰ ਪਤਾ ਨਹੀਂ ਸੀ ਕਿ ਐਨੇ ਕੀਮਤੀ ਕੱਪੜੇ ਅਸੀਂ ਲੈ ਕੇ ਆਏ ਹਾਂ? ਥੋੜ੍ਹਾ ਮਨ ਵਿਚ ਰੋਸ ਕਰਿਆ। ਮਹਾਤਮਾ ਦੇ ਪਾਸ ਚਲੇ ਗਏ।

ਮਹਾਤਮਾ ਕਹਿੰਦੇ, "ਆਓ ਰਾਜਨ ਆਓ! ਤੁਹਾਡੇ ਦਿਤੇ ਵਸਤਰ ਬਹੁਤ ਵਧੀਆ ਸਨ, ਬੜੇ ਮਜ਼ਬੂਤ ਸਨ ਸਾਡੇ ਸਾਰੇ ਕੂਕਰ ਥੱਕ ਗਏ ਰਾਤ ਪਾੜਦੇ-ਪਾੜਦੇ ਤੇ ਹੁਣ ਤੁਸੀਂ ਇਨ੍ਹਾਂ ਨੂੰ ਖੁੱਲ੍ਹਾ ਪ੍ਰਸ਼ਾਦ ਬਣਾ ਕੇ ਛਕਾਓ।"

ਕਿੱਡੀ ਬੇਪਰਵਾਹੀ ਹੈ, ਕੋਈ ਪਰਵਾਹ ਨਾ ਕੀਤੀ।

ਮਹਾਰਾਜ ਨਾਭਾ ਹੀਰਾ ਸਿੰਘ ਦੇ ਮਨ ਵਿਚ ਇਹ ਸੀ ਕਿ ਹਰੇਕ ਸੰਤ ਦੀ ਪਰਖ ਕਰਨੀ ਤੇ ਉਸ ਦੇ ਮਨ ਵਿਚ ਆਇਆ ਕਿ ਮੈਂ ਇਨ੍ਹਾਂ ਨੂੰ ਵੀ ਪਰਖਾਂ ਕਿ ਇਹ ਪੂਰੇ ਨੇ ਜਾਂ ਅਧੂਰੇ? ਬੜੇ ਅਭਿਮਾਨ ਦੇ ਨਾਲ ਨਾਭੇ ਤੋਂ ਚੱਲ ਕੇ ਡੇਰੇ ਵਿਚ ਪਹੁੰਚਦਾ ਹੈ। ਬਾਬਾ ਜੀ ਪਹਿਲਾਂ ਹੀ ਉਠ ਕੇ ਮੱਕੀਆਂ ਦੇ ਖੇਤਾਂ ਵਿਚ ਚਲੇ ਗਏ। ਜਿੰਨਾ ਚਿਰ ਬੈਠਾ ਰਿਹਾ ਆਪ ਆਏ ਹੀ ਨਾ, ਦੂਜੀ ਵਾਰੀ ਫੇਰ ਆਇਆ, ਨੌਂ ਵਾਰੀ ਆਇਆ, ਸਾਧਸੰਗਤ ਜੀ!

ਦਸਵੀਂ ਵਾਰੀ ਉਸ ਨੇ ਪੁਛਿਆ ਕਿ ਬਾਬਾ ਜੀ ਤਾਂ ਮਿਲਦੇ ਹੀ ਨਹੀਂ। ਤਾਂ ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਸੰਤਾਂ ਦੇ ਅਰਦਾਸ ਕਰਕੇ ਚੱਲੋ, ਫੇਰ ਮਿਲ ਜਾਣਗੇ। ਨਿਮਰਤਾ ਦੇ ਨਾਲ ਚੱਲੋ, ਤੁਸੀਂ ਪ੍ਰੀਖਿਆ ਲੈਣ ਜਾਂਦੇ ਹੋ। ਅਰਦਾਸ ਕਰਕੇ ਚੱਲੇ ਤੇ ਬਾਬਾ ਜੀ ਕਹਿਣ ਲੱਗੇ ਭਾਈ! ਇਥੋਂ ਅੱਠ ਤਸਲੇ ਗਾਰੇ ਦੇ ਫੜਾਓ ਸਾਨੂੰ, ਮਨ੍ਹੇ ਤੇ ਬੈਠੇ ਸਨ, ਅੱਠ ਫੁੱਟ ਉਚਾ ਮਨ੍ਹਾ ਸੀ। ਮਨ੍ਹੇ ਤੇ ਤਸਲੇ ਗਾਰੇ ਦੇ ਭਰਾ ਕੇ ਰੱਖ ਲਏ। ਜਦੋਂ ਮਹਾਰਾਜਾ ਨਾਭਾ ਆਇਆ ਤਾਂ ਆਪ ਨੇ ਇਕ ਤਸਲਾ ਪਾ ਦਿਤਾ। ਜਦੋਂ ਸਿਰ ਤੇ ਗਾਰਾ ਪਿਆ ਕੱਪੜੇ ਸਾਰੇ ਖਰਾਬ ਹੋ ਗਏ। ਜਿੰਨੇ ਵੀ ਉਸ ਦੇ ਨਾਲ ਸੀ ਅੰਗ ਰਖਿਆਕ ਉਹ ਘਬਰਾ ਗਏ ਸਾਰੇ। ਮਹਾਰਾਜਾ ਸਿਆਣਾ ਸੀ, ਚੁੱਪ ਕਰਕੇ ਖੜ੍ਹਾ ਰਿਹਾ, ਕਹਿੰਦਾ ਪਾਸੇ ਹਟ ਜਾਓ। ਅੱਠੇ ਤਸਲੇ ਹੌਲੀ-ਹੌਲੀ ਕਰਕੇ ਉਤੇ ਪਾ ਦਿਤੇ। ਕਹਿੰਦੇ, "ਤੈਨੂੰ ਅਜੇ ਸ਼ਾਂਤੀ ਨਹੀਂ ਆਈ?"

ਕਹਿੰਦਾ, "ਮਹਾਰਾਜ! ਸ਼ਾਂਤੀ ਕਾਹਦੀ ਤੁਸੀਂ ਤਾਂ ਕੇਸਰ ਹੀ ਕੇਸਰ ਵਰ੍ਹਾ ਦਿਤਾ ਮੇਰੇ ਤੇ।"

ਸੋ ਇਸ ਤਰ੍ਹਾਂ ਬੇਪਰਵਾਹ ਹੋਇਆ ਕਰਦੇ ਨੇ, ਪਰਵਾਹ ਨਹੀਂ ਕਿਸੇ ਦੀ ਰਖਦੇ। ਸੋ ਸਿਕੰਦਰ ਸੰਤਾਂ ਦੇ ਕੋਲ ਗਿਆ ਸੰਤ ਕਹਿਣ ਲੱਗੇ ਕਿ ਕਿਹੜੀ ਗੱਲ ਤੋਂ ਤੂੰ ਤਲਵਾਰ ਕੱਢੀ ਹੈ ਸਿਕੰਦਰ?

ਕਹਿੰਦਾ, "ਮੈਂ ਸਾਰੀ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਤੁਹਾਡੇ ਪਾਸ ਆਇਆ ਤੇ ਤੁਹਾਨੂੰ ਮੇਰਾ ਪਤਾ ਨਹੀਂ ਸੀ? ਤੁਸੀਂ ਮੇਰਾ ਸਤਿਕਾਰ ਨਹੀਂ ਕੀਤਾ ਤੇ ਨਾ ਖੜ੍ਹੇ ਹੋਏ ਮੇਰੇ ਆਉਣ ਤੇ।"

ਉਹ ਕਹਿੰਦੇ, " ਇਕ ਗੱਲ ਦੱਸ, ਜੇ ਤੇਰਾ ਗੁਲਾਮ ਆਵੇ ਤਾਂ ਖੜ੍ਹਾ ਹੁੰਦਾ ਹੈ?"

ਕਹਿੰਦਾ, "ਨਹੀਂ।"

ਕਹਿੰਦੇ, "ਜੇ ਗੁਲਾਮ ਦਾ ਵੀ ਗੁਲਾਮ ਆਵੇ ਫੇਰ ਖੜ੍ਹਾ ਹੁੰਦਾ ਹੈ?"

ਕਹਿੰਦਾ, "ਨਹੀਂ।"

ਮਹਾਤਮਾ ਕਹਿੰਦੇ, "ਜੇ ਉਸ ਦਾ ਵੀ ਗੁਲਾਮ ਆਵੇ?"

ਕਹਿੰਦਾ, "ਸੰਤ ਜੀ! ਸੁਆਲ ਹੀ ਨਹੀਂ ਪੈਦਾ ਹੁੰਦਾ।"

ਕਹਿਣ ਲੱਗੇ, "ਫੇਰ ਮੈਂ ਤੇਰੇ ਵਾਸਤੇ ਕਿਵੇਂ ਖੜ੍ਹਾ ਹੁੰਦਾ? ਤੂੰ ਮੈਨੂੰ ਵਿਚਾਰ ਕੇ ਦੱਸ ਕਿ ਦੁਨੀਆਂ ਨੂੰ ਤੂੰ ਕਿਉਂ ਮਾਰਦਾ ਫਿਰਦਾ ਹੈਂ? ਕਿਹੜੀ ਚੀਜ਼ ਹੈ ਜਿਹੜੀ ਤੈਨੂੰ ਲਈ ਫਿਰਦੀ ਹੈ, ਸੋਚ! ਤੇਰੇ ਮਨ ਤੇ ਸਵਾਰ ਹੈ ਉਹ ਚੀਜ਼।"

ਜਦੋਂ ਨਾ ਕੁਝ ਪਤਾ ਲੱਗਿਆ ਤਾਂ ਕਹਿਣ ਲੱਗੇ ਕਿ ਅਸੀਂ ਦੱਸ ਦਿੰਦੇ ਹਾਂ ਤੇਰੇ ਅੰਦਰ ਹਿਰਸ ਹੈ ਕਿ ਮੈਂ ਸਾਰੀ ਦੁਨੀਆਂ ਤੇ ਰਾਜ ਕਰ ਲਵਾਂ। ਰਾਜ ਨੂੰ ਖਾ ਲਏਗਾ? ਤਿੰਨ ਚੀਜ਼ਾਂ ਦੀ ਲੋੜ ਹੋਇਆ ਕਰਦੀ ਹੈ - ਕੁੱਲੀ, ਗੁੱਲੀ, ਜੁੱਲੀ, ਬਾਕੀ ਤਾਂ -

***ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥***
***ਅਵਰ ਵਸਤੁ ਤੁਝ ਪਾਹਿ ਅਮਾਨ॥*** ***ਅੰਗ - 374***

ਬਾਕੀ ਤਾਂ ਅਮਾਨਤ ਹੈ ਤੇਰੇ ਕੋਲ ਪ੍ਰੇਮੀਆ! ਕਿਉਂ ਦੁਨੀਆਂ ਨੂੰ ਤੰਗ ਕਰਦਾ ਫਿਰਦਾ ਹੈਂ? ਲੋਕਾਂ ਦੀ ਸੁਤੰਤਰਤਾ ਖੋਂਹਦਾ ਫਿਰਦਾ ਹੈਂ। ਤੇਰੇ ਅੰਦਰ ਹਿਰਸ ਹੈ, ਹਿਰਸ ਨੇ ਤੇਰੇ ਮਨ ਨੂੰ ਗੁਲਾਮ ਕਰ ਲਿਆ, ਤੇਰੇ ਮਨ ਨੇ ਤੇਰੇ ਸਰੀਰ ਨੂੰ ਗੁਲਾਮ ਕਰ ਲਿਆ।

ਕਹਿੰਦੇ, "ਓਹ ਦੇਖ ਸਾਡੇ ਜੋੜੇ ਉਨ੍ਹਾਂ ਦੇ ਤੱਲੇ ਹਿਰਸ ਦੱਬਿਆ ਹੋਇਆ ਹੈ, ਹਿਰਸ ਦੇ ਥੱਲੇ ਸਾਡਾ ਮਨ ਤੇ ਉਸ ਦੇ ਥੱਲੇ ਸਾਡਾ ਸਰੀਰ

ਹੈ। ਕਿੰਨਾ ਫਰਕ ਹੈ, ਤੂੰ ਸਾਡੇ ਗੁਲਾਮਾਂ ਦੇ ਗੁਲਾਮਾਂ ਦੇ ਗੁਲਾਮਾਂ ਦਾ ਗੁਲਾਮ ਹੈ ਤੇ ਮੈਂ ਤੇਰੇ ਆਏ ਤੋਂ ਕਿਵੇਂ ਖੜ੍ਹਾ ਹੋ ਜਾਂਦਾ?"

ਗੱਲ ਸਮਝ ਵਿਚ ਆ ਗਈ। ਜੀਅ ਕਰਿਆ ਕਿ ਮਹਾਤਮਾ ਦੀ ਸੇਵਾ ਕਰਾਂ। ਕਹਿਣ ਲੱਗਿਆ ਕਿ ਮਹਾਂਪੁਰਸ਼ੋਂ! ਮੈਂ ਇਹ ਚਾਹੁੰਦਾ ਹਾਂ ਕਿ ਤੁਹਾਡੇ ਵਾਸਤੇ ਮੈਂ ਇਥੇ ਬਾਗ-ਬਗੀਚੇ ਬਣਾ ਦਿਆਂ, ਛੇਤਰ ਲਾ ਦਿਆਂ, ਸੜਕਾਂ ਕਢਾ ਦਿਆਂ, ਸੰਸਾਰ ਤੁਹਾਡੇ ਦਰਸ਼ਨ ਕਰਨ ਆਏਗਾ।

ਕਹਿੰਦੇ, "ਨਾਂਹ! ਸਾਨੂੰ ਲੋੜ ਨਹੀਂ ਏਸ ਚੀਜ਼ ਦੀ ਅਸੀਂ ਕੀ ਕਰਨਾ ਹੈ ਮੱਖੀਆਂ ਨੂੰ? ਸੰਸਾਰ ਤਾਂ ਸਾਰਾ ਗਰਜ਼ ਦਾ ਬੰਨ੍ਹਿਆ ਹੋਇਆ ਹੈ, ਐਵੇਂ ਸਾਡਾ ਸਮਾਂ ਬਰਬਾਦ ਕਰੇਗਾ।"

ਕਹਿੰਦਾ, "ਮਹਾਰਾਜ! ਮੈਂ ਤਾਂ ਕੁਝ ਦੇ ਕੇ ਜਾਣਾ ਹੈ ਤੁਹਾਨੂੰ ਜ਼ਰੂਰ। ਮੇਰੇ ਮਨ ਵਿਚ ਆਇਆ ਹੈ ਕਿ ਮੈਂ ਜ਼ਰੂਰ ਭੇਟਾ ਕਰਾਂ।"

ਮਹਾਤਮਾ ਕਹਿਣ ਲੱਗੇ, "ਜੇ ਭੇਟਾ ਕਰਨਾ ਹੈ ਆਹ ਛਾਂ ਪੈਂਦੀ ਹੈ ਤੇਰੀ ਸਾਡੇ ਉਤੇ, ਸੂਰਜ ਦੇ ਸਾਮ੍ਹਣੇ ਤੂੰ ਖੜ੍ਹਾ ਹੈਂ, ਪਾਸੇ ਹਟ ਜਾਹ; ਧੁੱਪ ਦੀ ਲੋੜ ਹੈ, ਧੁੱਪ ਛੱਡ ਦੇ।"

ਸੋ ਇਹ ਬੇਪਰਵਾਹੀ ਹੋਇਆ ਕਰਦੀ ਹੈ ਸੰਤਾਂ ਦੀ ਸਾਧ-ਸੰਗਤ ਜੀ! ਜਿਹੜਾ ਸਾਧੂ ਅਮੀਰ ਬੰਦਿਆਂ ਦੇ ਪਿਛੇ ਘੁੰਮਦਾ ਹੈ, ਸਿੱਧੇ-ਪੁੱਠੇ ਤਰੀਕੇ ਦੇ ਨਾਲ ਉਸ ਦੀ ਖੁਸ਼ਾਮਦ ਕਰਦਾ ਹੈ, ਉਸ ਨੂੰ ਨਹੀਂ ਪਤਾ ਕਿ ਸਾਧੂ ਕੀ ਹੁੰਦਾ ਹੈ? ਉਹ ਤਾਂ ਦੁਨੀਆਦਾਰ ਹੈ।

ਗੁਰੂ ਨਾਨਕ ਪਾਤਸ਼ਾਹ ਜਦੋਂ ਬਾਬਰ ਨੂੰ ਮਿਲਦੇ ਨੇ ਤਾਂ ਕਹਿੰਦੇ –

***ਤੁਝ ਸੇ ਮਾਗੈ ਸੋ ਅਹਿਮਕ ਫਕੀਰ॥***

ਐ ਬਾਬਰ! ਤੈਥੋਂ ਮੈਂ ਮੰਗਾਂ? ਤੈਥੋਂ ਮੰਗਣ ਵਾਲਾ ਤਾਂ ਅਹਿਮਕ ਹੈ।

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਅੰਗ – 2***

ਸੋ ਉਹ ਚੌਧਰੀ ਸੰਤਾਂ ਨੂੰ ਹਰ ਵਕਤ ਕਹਿੰਦਾ ਹੈ ਕਿ ਮਹਾਰਾਜ! ਜੇ ਤੁਸੀਂ ਮੈਨੂੰ ਚੇਲਾ ਬਣਾ ਲਓ ਤਾਂ ਤੁਹਾਡੀ ਬਹੁਤ ਮਹਿਮਾ ਵਧ ਜਾਏਗੀ। ਸੰਤ ਟਾਲੀ ਜਾਂਦੇ ਨੇ, ਅਖੀਰ ਜਦੋਂ ਨਾ ਹੀ ਹਟਿਆ ਤਾਂ ਸੰਤਾਂ ਨੇ ਸੋਚਿਆ ਕਿ ਇਹ ਬੰਦਾ ਸਾਨੂੰ ਫੇਰ ਤੰਗ ਕਰੇਗਾ, ਹੁਣੇ ਹੀ ਗੱਲ ਮੁਕਾ ਦੇਈਏ। ਉਨ੍ਹਾਂ ਕੋਲ ਪਾਰਸ ਸੀ।

ਕਹਿੰਦੇ, "ਚੌਧਰੀ ਸਾਹਿਬ! ਆਹ ਲੋਹੇ ਦੀ ਸਲਾਖ ਲਿਆਓ।"

ਸਰੀਆ ਲੈ ਆਂਦਾ ਛੋਟਾ ਜਿਹਾ। ਉਨ੍ਹਾਂ ਨੇ ਪਾਰਸ ਕੱਢਿਆ ਤੇ ਉਸ ਦੇ ਨਾਲ ਲਾ ਦਿਤਾ। ਕਹਿੰਦੇ ਕਿ ਦੇਖੋ ਲੋਹੇ ਦਾ ਕੀ ਬਣ ਗਿਆ?

ਕਹਿੰਦਾ, "ਮਹਾਰਾਜ! ਇਹ ਤਾਂ ਬਿਲਕੁਲ ਸੋਨਾ ਬਣ ਗਿਆ।"

ਮਹਾਤਮਾ ਕਹਿੰਦੇ, "ਬਜ਼ਾਰ ਵਿਚ ਜਾ ਤੇ ਪਤਾ ਕਰ ਆਓ।" ਜਾ ਕੇ ਪੁੱਛ ਆਇਆ।

ਕਹਿੰਦਾ, "ਮਹਾਰਾਜ! ਇਹ ਤਾਂ ਬਿਲਕੁਲ ਸ਼ੁੱਧ ਸੋਨਾ ਬਣ ਗਿਆ।"

ਕਹਿੰਦੇ, "ਆਪਾਂ ਨੂੰ ਲੋੜ ਨਹੀਂ ਅਜੇ। ਇੰਞ ਕਰ ਉਹ ਪੇਟੀ ਦੇ ਵਿਚ ਇਕ ਗਾਗਰ ਪਈ ਹੈ ਲੋਹੇ ਦੀ ਲੈ ਕੇ ਆ।"

ਗਾਗਰ ਲਿਆਉਂਦਾ ਹੈ ਤੇ ਸੰਤਾਂ ਨੇ ਕਿਹਾ ਕਿ ਆਹ! ਪਾਰਸ ਇਸ ਦੇ ਵਿਚ ਰੱਖ ਲੈ। ਜਦੋਂ ਕਿਤੇ ਲੋੜ ਪਈ ਤਾਂ ਆਪਾਂ ਲੋਹੇ ਦਾ ਸੋਨਾ ਬਣਾ ਲਵਾਂਗੇ। ਫੇਰ ਕੋਈ ਭੰਡਾਰਾ ਕਰ ਦੇਵਾਂਗੇ। ਪੇਟੀ ਵਿਚ ਰੱਖ ਕੇ ਤਾਲਾ ਲਾ ਦਿਤਾ ਤੇ ਚਾਬੀਆਂ ਸੰਭਾਲ ਲਈਆਂ। ਜਦੋਂ ਬਾਰ੍ਹਾਂ ਸਾਲ ਲੰਘ ਗਏ ਸੇਵਾ ਕਰਦੇ-ਕਰਦੇ ਨੂੰ ਤੇ ਕਥਾ ਰੋਜ਼ ਸੁਣਦਾ ਹੈ ਕਿ ਸੇਵਾ ਕਰਨ ਵਾਲੇ ਦਾ ਮਨ ਸ਼ਾਂਤ ਹੋ ਜਾਂਦਾ ਹੈ ਤੇ ਉਹ ਪ੍ਰਮੇਸ਼ਰ ਦਾ ਹੀ ਸਰੂਪ ਬਣ ਜਾਂਦਾ ਹੈ, ਨਾਮ ਦੀ ਲਿਵ ਲਗ ਜਾਂਦੀ ਹੈ, ਉਚੀ ਤੋਂ ਉਚੀ ਅਵਸਥਾ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ। ਕਹਿੰਦਾ ਮੈਨੂੰ ਤਾਂ ਕੁਝ ਨਹੀਂ ਹੋਇਆ।

ਇਕ ਦਿਨ ਸੰਤਾਂ ਨੂੰ ਕਹਿਣ ਲੱਗਿਆ, "ਸੰਤ ਜੀ! ਮੈਂ ਦੇਖੋ ਬੜੀ ਸੇਵਾ ਕਰੀ ਹੈ।"

ਸੰਤ ਮੁਸਕਰਾ ਪਏ, ਕਹਿੰਦੇ, "ਪ੍ਰੇਮੀਆਂ! ਤੂੰ ਸੇਵਾ ਤਾਂ ਜ਼ਰੂਰ ਕਰਦਾ ਸੀ, ਜਦੋਂ ਬਰਤਨ ਮਾਂਜਦਾ ਸੀ ਤਾਂ ਕੀ ਕਹਿੰਦਾ ਸੀ?"

ਕਹਿੰਦਾ, "ਮਹਾਰਾਜ! ਮੈਂ ਉਨ੍ਹਾਂ ਨੂੰ ਦਸਦਾ ਹੁੰਦਾ ਕਿ ਮੈਂ ਐਡਾ ਚੌਧਰੀ ਹੋ ਕੇ ਸੇਵਾ ਕਰਦਾ ਹਾਂ। ਤੁਹਾਡੇ ਤੋਂ ਨਹੀਂ ਕਰ ਹੁੰਦੀ? ਤੁਸੀਂ ਮਾੜੇ-ਮਾੜੇ ਬੰਦੇ ਇਥੇ ਇਕੱਠੇ ਹੋਏ ਹੋ ਰੋਟੀਆਂ ਖਾਣ। ਮੈਂ ਦੇਖੋ ਕਿੱਡਾ ਰਾਜ-ਭਾਗ ਛੱਡ ਕੇ ਸੇਵਾ ਕਰਨ ਲੱਗਿਆ ਹਾਂ।"

ਕੋਈ ਸੇਵਾ ਕਰੇ, ਹਮੇਸ਼ਾਂ ਆਪਣੇ-ਆਪ ਨੂੰ ਜਣਾਉਂਦਾ ਰਹਿੰਦਾ ਸੀ। ਕਹਿੰਦੇ ਫੇਰ ਕਰ। ਉਹ ਗਾਗਰ ਲੈ ਕੇ ਆ ਜਿਹੜੀ ਆਪਾਂ ਨੇ ਰੱਖੀ ਸੀ, ਪਾਰਸ ਰੱਖਿਆ ਸੀ ਉਸ ਦੇ ਵਿਚ, ਦੇਖ ਤਾਂ ਸੋਨਾ ਬਣ ਗਿਆ। ਉਸ ਵੇਲੇ ਜਾ ਕੇ ਪੇਟੀ ਖੋਲ੍ਹੀ ਤੇ ਗਾਗਰ ਜਦੋਂ ਕੱਢੀ ਤਾਂ ਓਵੇਂ-ਜਿਵੇਂ ਲੋਹੇ ਦੀ ਪਈ ਸੀ।

ਉਹ ਉਥੋਂ ਹੀ ਬੋਲਣ ਲੱਗ ਗਿਆ ਕਹਿੰਦਾ, "ਸੰਤ ਜੀ! ਤੁਹਾਡਾ ਪਾਰਸ ਵੀ ਝੂਠਾ ਤੇ ਤੁਸੀਂ ਵੀ ਝੂਠੇ।"

ਕਹਿੰਦੇ, "ਪ੍ਰੇਮੀਆਂ! ਇਥੇ ਆ ਜਾਹ, ਕਾਹਨੂੰ ਐਵੇਂ ਹੀ ਉਚੀ-ਉਚੀ ਬੋਲੀ ਜਾਂਦਾ ਹੈਂ?"

ਕਹਿੰਦਾ, "ਮੈਂ ਤਾਂ ਬਾਰ੍ਹਾਂ ਸਾਲ ਬਰਬਾਦ ਕਰ ਲਏ। ਮੈਨੂੰ ਤਾਂ ਕੋਈ ਫਰਕ ਨਹੀਂ ਪਿਆ, ਮੈਂ ਤਾਂ ਓਹੋ-ਜਿਹਾ ਹੀ ਹਾਂ ਤੇ ਮੈਨੂੰ ਲਗਦਾ ਹੈ ਕਿ ਤੁਸੀਂ ਬਿਲਕੁਲ ਝੂਠੇ ਸੰਤ ਹੋ, ਤੁਹਾਡੇ ਵਿਚ ਕੋਈ ਅਸਰ ਨਹੀਂ ਹੈ। ਕੋਲ ਆ ਗਿਆ।

ਸੰਤ ਕਹਿਣ ਲੱਗੇ ਕਿ ਦੇਖ ਪਾਰਸ ਨੂੰ ਧਿਆਨ ਨਾਲ, ਇਸ ਦੇ ਉਪਰ ਤਾਂ ਨਹੀਂ ਕੁਝ ਚੜ੍ਹਿਆ ਹੋਇਆ? ਜਦੋਂ ਦੇਖਿਆ ਤਾਂ ਕਹਿਣ ਲੱਗਿਆ ਕਿ ਮਹਾਰਾਜ! ਇਕ ਪਤਲਾ ਜਿਹਾ ਕਾਗਜ਼ ਹੈ।

ਕਹਿੰਦੇ, "ਇਸ ਨੂੰ ਨਹੁੰਆਂ ਨਾਲ ਖੁਰਚ ਕੇ ਲਾਹ ਦੇ।" ਉਸ ਨੇ ਖੁਰਚ ਕੇ ਲਾਹ ਦਿਤਾ। ਉਹ ਕਹਿੰਦੇ ਕਿ ਹੁਣ ਲਾ ਇਸ ਨੂੰ ਗਾਗਰ ਨਾਲ। ਜਿਸ ਵਕਤ ਲਾਇਆ ਤਾਂ ਗਾਗਰ ਸੋਨੇ ਦੀ ਬਣ ਗਈ।

ਕਹਿੰਦਾ, "ਪਾਰਸ ਤਾਂ ਤੁਹਾਡਾ ਠੀਕ ਹੈ ਪਰ ਮਹਾਰਾਜ! ਤੁਸੀਂ ਨਹੀਂ ਠੀਕ।"

ਕਹਿੰਦੇ, "ਪ੍ਰੇਮੀਆਂ! ਜਿਹੜੇ ਸਤਿਪੁਰਸ਼ਾਂ ਦੇ ਬਚਨ ਹੁੰਦੇ ਨੇ ਉਹ ਤਾਂ ਬਚਨ ਯਥਾਰਥ ਹੀ ਹੁੰਦੇ ਹਨ ਪਰ ਜਗਿਆਸੂਆਂ ਵਿਚ ਨੁਕਸ ਹੁੰਦਾ ਹੈ। ਤੇਰੇ ਉਤੇ ਪਰਦਾ ਚੜ੍ਹਿਆ ਹੋਇਆ ਹੈ ਹਉਮੈਂ ਦਾ, ਅਭਿਮਾਨ ਦਾ। ਤੂੰ ਸੇਵਾ ਜ਼ਰੂਰ ਕਰਦਾ ਹੈਂ, ਸੇਵਾ ਕਰਨ ਦਾ ਤੇਰੇ ਵਿਚ ਮਾਣ ਹੈ ਕਿ ਮੈਂ ਚੌਧਰੀ ਹਾਂ। ਲੋਕ ਮੇਰੇ ਵਾਕਫ ਨੇ, ਮੇਰੇ ਕਰਕੇ ਸੰਤਾਂ ਕੋਲ ਬਹੁਤ ਸੇਵਕ ਆਉਣ ਲੱਗ ਗਏ। ਜਦੋਂ ਤੱਕ ਇਹ ਮਾਣ ਹੈ ਓਨੀ ਦੇਰ ਤੱਕ ਨਹੀਂ ਕੁਝ ਬਣਦਾ।"

ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ -

***ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥***
***ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥***
***ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰ ॥***

***ਅੰਗ - 1247***

ਖਪ-ਖਪ ਕੇ ਖੁਆਰ ਹੁੰਦਾ ਹੈ, ਏਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਜੇ ਤੂੰ ਫਲ ਸੇਵਾ ਦਾ ਲੈਣਾ,***
***ਸੇਵਾ ਕਰਕੇ ਮਾਣ ਨਾ ਕਰੀਂ - 2, 2.***

***ਸੇਵਾ ਥਾਇ ਨ ਪਵਈ ਤਿਸ ਕੀ***
***ਖਪਿ ਖਪਿ ਹੋਇ ਖੁਆਰ॥ ਅੰਗ - 1247***

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥ ਅੰਗ - 51***

ਜਿਹੜਾ ਮਾਣ ਤੇ ਅਪਮਾਨ ਵਿਚ ਹੈ ਕਹਿੰਦੇ ਕਦੇ ਗੁੱਸੇ ਹੋ ਗਿਆ, ਕਦੇ ਰਾਜ਼ੀ ਹੋ ਗਿਆ, ਕਦੇ ਖੁਸ਼ ਹੋ ਗਿਆ। ਕਿਸੇ ਨੇ ਕੋਈ ਗੱਲ ਕਹਿ ਦਿਤੀ, ਉਦਾਸ ਹੋ ਗਿਆ। ਕਿਸੇ ਨੇ ਵਡਿਆਈ ਕਰ ਦਿਤੀ ਤਾਂ ਬੜਾ ਮਾਣ ਹੋ ਗਿਆ, ਕਹਿੰਦੇ ਉਹ ਸੇਵਕ ਨਹੀਂ ਹੋਇਆ ਕਰਦਾ -

***ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥ ਅੰਗ - 51***

ਕਰੋੜਾਂ ਵਿਚ ਇਕ-ਅੱਧਾ ਸੇਵਕ ਹੋਇਆ ਕਰਦਾ ਹੈ ਬਾਕੀ ਤਾਂ ਸਾਰੀ ਦੁਨੀਆਂ ਵਿਹਾਰ ਦੀ ਹੁੰਦੀ ਹੈ। ਸੋ ਇਸ ਤਰ੍ਹਾਂ -

***ਸੇਵਾ ਥਾਇ ਨ ਪਵਈ ਤਿਸ ਕੀ***
***ਖਪਿ ਖਪਿ ਹੋਇ ਖੁਆਰ॥ ਅੰਗ - 1247***

ਸੇਵਾ ਤਾਂ ਕਰਦਾ ਹੈ ਪਰ ਮਾਣ ਨਹੀਂ ਛੱਡਦਾ ਸੇਵਾ ਦਾ ਕਹਿੰਦੇ, ਉਹ ਖਪ ਕੇ ਖੁਆਰ ਹੁੰਦਾ ਹੈ।

***ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥***
***ਅੰਗ - 1247***

ਏਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ -

***ਧਾਰਨਾ - ਜੋ ਸਿਰ ਧਰੇ ਉਤਾਰ,***
***ਸੇਵਕ ਸੋਈ ਪਿਆਰਾ ਗੁਰਾਂ ਨੂੰ - 2, 2.***

ਜੋ ਹੰਕਾਰ ਰੂਪੀ ਸਿਰ ਨੂੰ ਲਾਹ ਕੇ ਰੱਖ ਦੇਵੇ, ਉਹ ਗੁਰੂ ਨੂੰ ਪਿਆਰਾ ਹੋਇਆ ਕਰਦਾ ਹੈ।

***ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥***

***ਅੰਗ - 1247***

ਹਰ ਵਕਤ ਗੁਰੂ ਦੀ ਖੁਸ਼ੀ ਦੇ ਵਿਚ ਰਾਜ਼ੀ ਰਹੇ, ਜੋ ਕੁਝ ਚਾਹੁੰਦੇ ਨੇ ਉਸੇ ਤਰ੍ਹਾਂ ਨਾਲ ਕਰੇ ਤੇ ਸ਼ਬਦ ਹਿਰਦੇ ਵਿਚ ਧਾਰਨ ਕਰਕੇ ਰੱਖੇ।

***ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥***
***ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥***

***ਅੰਗ - 314***

ਸਾਰੇ ਪਾਪਾਂ ਦਾ ਖਾਤਮਾ ਉਸੇ ਵੇਲੇ ਹੋ ਜਾਂਦਾ ਹੈ ਜਦੋਂ ਗੁਰੂ ਦਾ ਮਨ ਮੰਨ ਗਿਆ। ਸੋ ਇਸ ਤਰ੍ਹਾਂ ਦੇ ਨਾਲ ਸੇਵਾ ਦੀ ਵਿਧੀ ਹੈ। ਅਭਿਮਾਨ ਰਹਿਤ ਹੋ ਕੇ ਸੇਵਾ ਕਰਨੀ। ਜਿਸ ਨੇ ਵੀ ਕੀਤੀ ਹੈ ਓਹੀ ਪਰਵਾਣ ਪਿਆ ਹੈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜਦੋਂ ਤਰਨ-ਤਾਰਨ ਦੀਆਂ ਬਾਹੀਆਂ ਪੱਕੀਆਂ ਕਰ ਰਹੇ ਨੇ ਤਾਂ ਬਹੁਤ ਸਾਰੇ ਆਵੇ ਲਾਏ ਹੋਏ ਨੇ ਤਾਂ ਮਹਾਰਾਜ ਜੀ ਦਾ ਇਕ ਸੇਵਕ ਜਿਹੜਾ ਅਜੇ ਤੱਕ ਵੀ ਗੁਰਸਿੱਖੀ ਵਿਚ ਨਹੀਂ ਆਇਆ। ਆਪ ਨੇ ਦੇਖਿਆ ਕਿ ਰੂਹ ਤਾਂ ਬਹੁਤ ਉਚੀ ਆਈ ਹੋਈ ਹੈ ਪਰ ਅਜੇ ਭਟਕੀ ਹੋਈ ਹੈ। ਉਸ ਵੇਲੇ ਇਕ ਗੁਰਸਿੱਖ ਨੂੰ ਭੇਜਿਆ ਕਿ ਫਫੜਾ ਪਿੰਡ ਹੈ, ਮਾਨਸਾ ਦੇ ਕੋਲ, ਉਥੇ ਜਾਓ, ਉਥੇ ਬਹਿਲੋ ਨਾਮ ਦਾ ਇਕ ਸਰਵਰੀਆ ਰਹਿੰਦਾ ਹੈ। ਉਸ ਨੂੰ ਇਹ ਗੱਲ ਕਹਿਓ ਕਿ ਤੁਹਾਨੂੰ ਗੁਰੂ ਮਹਾਰਾਜ ਜੀ ਨੇ ਬੁਲਾਇਆ ਹੈ ਕਿਉਂਕਿ ਤੁਹਾਡਾ ਤੇ ਉਨ੍ਹਾਂ ਦਾ ਪਿਛਲੇ ਜਨਮ ਦਾ ਵੀ ਸਬੰਧ ਹੈ ਤੇ ਉਹ ਤੁਹਾਨੂੰ ਚੰਗੀ ਤਰ੍ਹਾਂ ਜਾਣਦੇ ਨੇ। ਸੋ ਗੁਰਸਿੱਖ ਚਲਿਆ ਗਿਆ ਤੇ ਜਾ ਕੇ ਸੁਨੇਹਾ ਦਿਤਾ। ਉਹ ਕਹਿੰਦਾ ਕਿ ਦੇਖ ਪ੍ਰੇਮੀਆ! ਅਸੀਂ ਤਾਂ ਹਾਂ ਸਰਵਰੀਏ, ਸਰਵਰ ਪੀਰ ਨੂੰ ਮੰਨਦੇ ਹਾਂ ਅਸੀਂ ਨਿਗਾਹੇ ਵਾਲੇ ਨੂੰ। ਸਾਡਾ ਤੇ ਗੁਰੂ ਦਾ ਤਾਂ ਕੋਈ ਤੁਅੱਲਕ ਹੀ ਨਹੀਂ ਹੈ। ਗੁਰੂ ਨੂੰ ਭੁਲੇਖਾ ਲੱਗ ਗਿਆ, ਮੈਂ ਨਹੀਂ ਜਾਣਾ। ਗੁਰਸਿੱਖ ਵਾਪਸ ਅੰਮ੍ਰਿਤਸਰ ਆ ਗਿਆ। ਦੂਸਰੀ ਵਾਰ ਮਹਾਰਾਜ ਜੀ ਨੇ ਫੇਰ ਭੇਜਿਆ। ਫੇਰ ਏਹੀ ਸੰਦੇਸਾ ਦਿਤਾ ਕਿ ਬਹਿਲੋ ਤੈਨੂੰ ਚੰਗੀ ਤਰ੍ਹਾਂ ਗੁਰੂ ਮਹਾਰਾਜ ਜੀ ਜਾਣਦੇ ਨੇ, ਤੇਰਾ ਜਨਮਾਂ-ਜਨਮਾਂ ਦਾ ਸਬੰਧ ਹੈ ਗੁਰੂ ਘਰ ਨਾਲ, ਤੂੰ ਭਟਕ ਗਿਆ ਹੈਂ।

ਉਹ ਕਹਿੰਦਾ, "ਨਾ ਭਾਈ! ਮੈਂ ਹਾਂ ਇਲਾਕੇ ਦਾ ਚੌਧਰੀ, ਮੁਖੀ ਹਾਂ ਸਰਵਰੀਆ ਦਾ, ਸੰਗ ਲੈ ਕੇ ਮੈਂ ਜਾਂਦਾ ਹਾਂ ਤੇ ਮੈਂ ਤਾਂ ਨਹੀਂ ਗੁਰੂ ਦੇ ਕੋਲ ਜਾਣਾ।"

ਮਹਾਰਾਜ ਜੀ ਨੇ ਫੇਰ ਕ੍ਰਿਪਾ ਕੀਤੀ। ਤੀਸਰੀ ਵਾਰੀ ਫੇਰ ਭੇਜਿਆ ਕਿ ਉਸ ਨੂੰ ਕਹੋ ਕਿ ਇਕ ਵਾਰੀ ਜ਼ਰੂਰ ਸਾਨੂੰ ਮਿਲ ਲਵੇ। ਸੋ ਉਹ ਕਹਿਣ ਲੱਗਿਆ ਕਿ ਚੰਗਾ! ਮੈਂ ਚਲਦਾ ਹਾਂ, ਮੈਂ ਤਾਂ ਜਾਣਦਾ ਨਹੀਂ। ਹੋ ਸਕਦਾ ਹੈ ਮੈਨੂੰ ਕਿਤੇ ਉਹ ਜਾਣਦੇ ਹੋਣ ਪਰ ਗੱਲ ਐਨੀ ਹੈ ਮੈਂ ਸਤਲੁਜ ਲੰਘਣਾ ਹੈ। ਜੇ ਤਾਂ ਮੇਰਾ ਪੀਰ ਆ ਗਿਆ ਫੇਰ ਤਾਂ ਨਹੀਂ ਮੈਂ ਜਾਣਾ ਗੁਰੂ ਕੋਲ,

ਜੇ ਨਾ ਆਇਆ, ਫੇਰ ਮੈਂ ਚਲਾਂਗਾ। ਸੋ ਆਪਣੀ ਵਰਦੀ ਪਾ ਕੇ ਤੁਰ ਪਿਆ। ਜਦੋਂ ਸਤਲੁਜ ਵਿਚ ਦੀ ਲੰਘਣ ਲੱਗਿਆ ਤਾਂ ਕਹਿਣ ਲੱਗਿਆ ਕਿ ਪੀਰ ਜੀ! ਮੈਂ ਹੁਣ ਸਿੱਖਾਂ ਦੇ ਗੁਰੂ ਕੋਲ ਜਾ ਰਿਹਾ ਹਾਂ। ਜੇ ਤਾਂ ਤੇਰੇ ਵਿਚ ਹੈ ਤਾਕਤ ਤਾਂ ਸਤਲੁਜ ਦੇ ਅੱਧ ਤੱਕ ਮੈਨੂੰ ਰੋਕ ਦੇ ਜਾਂ ਬੇੜੀ ਘੁਮਾ ਜਾਂ ਕੋਈ ਕੌਤਕ ਦਿਖਾ। ਜੇ ਕੁਝ ਨਾ ਕੀਤਾ ਤੇ ਮੈਂ ਅੱਧ ਲੰਘ ਗਿਆ ਤਾਂ ਤੇਰੀ ਆਹ ਵਰਦੀ ਚਮੜੇ ਦੀ ਜਾਕਟ ਤੇ ਆਹ ਲੋਹਾ ਜਿਹੜਾ ਮੈਂ ਚੁਕਿਆ ਹੋਇਆ ਹੈ, ਇਹ ਮੈਂ ਸੁੱਟ ਦੇਣਾ ਹੈ ਦਰਿਆ ਵਿਚ। ਅੱਧ ਤੱਕ ਉਡੀਕੀ ਗਿਆ, ਅਵਾਜ਼ਾਂ ਮਾਰੀ ਗਿਆ ਉਸ ਨੂੰ। ਲੈ ਪੀਰ ਜੀ! ਮੈਂ ਅੱਧ ਲੰਘ ਚੱਲਿਆ, ਜੇ ਮੋੜਨਾ ਹੈ ਤਾਂ ਮੋੜ ਲੈ ਨਹੀਂ ਮੈਂ ਗਿਆ ਗੁਰੂ ਕੇ। ਉਸ ਵੇਲੇ ਜਦੋਂ ਕੁਝ ਨਾ ਹੋਇਆ ਤਾਂ ਉਸ ਨੇ ਜਾਕਟ ਤੇ ਉਹ ਲੋਹਾ ਚੁੱਕ ਕੇ ਦਰਿਆ ਵਿਚ ਮਾਰੇ। ਕਹਿਣ ਲੱਗਿਆ ਕਿ ਚੱਲ ਭਾਈ! ਹੁਣ ਤਾਂ ਆਪਾਂ ਗੁਰੂ ਕੇ ਹੀ ਹੋ ਗਏ। ਗੁਰੂ ਮਹਾਰਾਜ ਜੀ ਕੋਲ ਆ ਗਿਆ। ਮਹਾਰਾਜ ਜੀ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ; ਸਿੱਖੀ ਸਮਝ ਗਿਆ, ਸੇਵਾ ਵਿਚ ਲੱਗ ਗਿਆ। ਆਵੇ ਬਣ ਰਹੇ ਸੀ ਤਾਂ ਉਸ ਨੂੰ ਕਿਤੋਂ ਪਤਾ ਲੱਗਿਆ ਕਿ ਬਹੁਤ ਪੱਕੀ ਇੱਟ ਕਿਸ ਤਰੀਕੇ ਨਾਲ ਬਣ ਸਕਦੀ ਹੈ। ਕਿਸੇ ਨੇ ਦੱਸਿਆ ਕਿ ਜੇ ਵਿਸ਼ਟਾ ਪਵੇ ਆਵੇ ਵਿਚ ਤਾਂ ਉਸ ਦੇ ਨਾਲ ਇੱਟ ਬਹੁਤ ਵਧੀਆ ਬਣਦੀ ਹੈ। ਕਿਸੇ ਨੂੰ ਨਹੀਂ ਦੱਸਿਆ, ਕਿਸੇ ਦੀ ਨਹੀਂ ਸਲਾਹ ਲਈ। ਟੋਕਰੇ ਦੇ ਵਿਚ ਬੋਰੀਆਂ ਲਾ ਲਈਆਂ ਤੇ ਉਸੇ ਵੇਲੇ ਸਵੇਰੇ ਹੀ ਲੱਗ ਜਾਇਆ ਕਰੇ, ਸਾਮ ਤੱਕ ਲੱਭੀ ਜਾਇਆ ਕਰੇ, ਲਿਆ ਕੇ ਵਿਚ ਪਾ ਦਿਆ ਕਰੇ। ਜਦੋਂ ਆਵੇ ਖੁਲ੍ਹੇ ਤਾਂ ਗੁਰੂ ਮਹਾਰਾਜ ਜੀ ਦੇ ਇੱਟਾਂ ਪੇਸ਼ ਹੋਈਆਂ। ਮਹਾਰਾਜ ਜੀ ਇੱਟਾਂ ਖੜਕਾ ਕੇ ਦੇਖਦੇ ਹਨ ਕਿ ਇਹ ਫਲਾਣੇ ਆਵੇ ਦੀ ਹੈ, ਆਹ ਫਲਾਣੇ ਆਵੇ ਦੀ ਹੈ। ਜਦੋਂ ਭਾਈ ਬਹਿਲੋ ਦੀ ਵਾਰੀ ਆਈ ਤੇ ਜਦੋਂ ਇੱਟ ਖੜਕਾਈ ਤਾਂ ਟੱਲੀ ਵਾਂਗ ਬੋਲਦੀ ਹੈ।

ਮਹਾਰਾਜ ਜੀ ਕਹਿੰਦੇ, "ਪ੍ਰੇਮੀਓ! ਇਹ ਕਿਸ ਦੀ ਇੱਟ ਹੈ, ਇਹ ਕਿਸ ਦਾ ਆਵਾ ਹੈ?"

ਕਹਿੰਦੇ, "ਮਹਾਰਾਜ! ਇਹ ਭਾਈ ਬਹਿਲੋ ਦਾ ਆਵਾ ਹੈ।"

ਮਹਾਰਾਜ ਜੀ ਕਹਿੰਦੇ, "ਉਸ ਨੇ ਕਿਵੇਂ ਐਨੀ ਪਕਾ ਲਈ?"

ਕਹਿੰਦਾ, "ਸੱਚੇ ਪਾਤਸ਼ਾਹ! ਕੀ ਦੱਸੀਏ? ਉਹ ਤਾਂ ਨਿਰਵਾਣ ਸੇਵਕ ਹੈ। ਨਾ ਉਸਨੂੰ ਰੋਟੀ ਖਾਣ ਦਾ ਪਤਾ ਹੈ, ਨਾ ਪਾਣੀ ਪੀਣ ਦਾ, ਨਾ ਆਰਾਮ ਦਾ ਪਤਾ ਹੈ। ਉਸ ਨੂੰ ਤਾਂ ਇਕੋ ਲਗਨ ਲੱਗੀ ਹੋਈ ਹੈ ਕਿ ਮੇਰਾ ਆਵਾ ਐਨਾ ਸੋਹਣਾ ਪੱਕੇ ਕਿ ਮੇਰੇ ਤੇ ਗੁਰੂ ਮਹਾਰਾਜ ਜੀ ਪ੍ਰਸੰਨ ਹੋ ਜਾਣ।"

ਸੋ ਮਹਾਰਾਜ ਜੀ ਆਪ ਉਠ ਕੇ ਚਲੇ ਗਏ। ਜਦੋਂ ਉਥੇ ਪਹੁੰਚੇ ਤਾਂ

ਟੋਕਰਾ ਚੁੱਕਿਆ ਹੋਇਆ ਹੈ, ਝਾੜੂ ਹੱਥ ਵਿਚ ਹੈ, ਸਾਰੀ ਕਿਰਿਆ ਦੇਖ ਲਈ। ਮਹਾਰਾਜ ਜੀ ਬੜੇ ਪ੍ਰਸੰਨ ਹੋਏ ਕਿ ਇਸ ਗੁਰਸਿੱਖ ਨੇ ਆਪਣਾ ਆਪਾ ਮਾਰ ਦਿਤਾ। ਉਸੇ ਵੇਲੇ ਕਿਹਾ ਕਿ ਸਾਡੇ ਕੋਲ ਲਿਆਓ ਏਸ ਨੂੰ ਇਸ਼ਨਾਨ ਕਰਾ ਕੇ। ਜਦੋਂ ਇਸ਼ਨਾਨ ਕਰਕੇ ਮਹਾਰਾਜ ਜੀ ਦੀ ਹਜ਼ੂਰੀ ਪਹੁੰਚਿਆ ਤਾਂ ਮਹਾਰਾਜ ਜੀ ਨੇ ਉਠ ਕੇ ਬੁੱਕਲ ਵਿਚ ਲੈ ਲਿਆ। ਕਹਿੰਦੇ, "ਗੁਰਸਿੱਖਾ! ਨਿਹਾਲ, ਨਿਹਾਲ, ਨਿਹਾਲ। ਭਾਈ ਬਹਿਲੋ, ਸਭ ਤੋਂ ਪਹਿਲੋ।"

ਸਾਰਿਆਂ ਤੋਂ ਪਹਿਲਾ ਦਰਜਾ ਦੇ ਦਿਤਾ। ਸੋ ਸੇਵਾ ਪ੍ਰਵਾਨ ਹੋ ਜਾਂਦੀ ਹੈ। ਬਾਕੀ ਜਿਹੜੇ ਸੇਵਾਦਾਰ ਨੇ ਬੇਅੰਤ ਸੇਵਾਦਾਰ ਤੁਹਾਨੂੰ ਮਿਲਣਗੇ ਪਰ ਸਾਰੇ ਸੇਵਾਦਾਰ ਨਹੀਂ ਹੁੰਦੇ।

***ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ,***
***ਚਾਕਰ ਕੋਈ-ਕੋਈ ਹੈ -2, 2***
***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥***
***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥***
***ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥***
***ਅੰਗ-474***

ਗੱਲਾਂ ਵਾਲੇ ਕਿ ਮੈਂ ਆਹ ਕਰਿਆ, ਮੈਂ ਉਹ ਗੁਰਦੁਆਰਾ ਬਣਾਇਆ, ਮੈਂ ਫਲਾਣੇ ਥਾਂ ਸੇਵਾ ਕਰੀ। ਆਪਣੀ ਸੇਵਾ ਨੂੰ ਹੀ ਨਸ਼ਰ ਕਰਦੇ ਰਹਿਣਾ। ਮਹਾਰਾਜ ਜੀ ਕਹਿੰਦੇ -

***ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥***
***ਅੰਗ - 495***

ਬਾਕੀ ਤਾਂ ਵਿਉਹਾਰ ਵਾਸਤੇ ਤੁਰਦੇ ਨੇ ਕਿ ਮੈਂ ਸੇਵਾ ਕਰਾਂ ਤਾਂ ਰਾਜ਼ੀ ਹੋ ਜਾਵਾਂ। ਸੱਚੇ ਪਾਤਸ਼ਾਹ! ਮੈਂ ਸਵਾ ਮਹੀਨਾ ਸਾਲ ਸੇਵਾ ਕਰਾਂਗਾ! ਮੇਰਾ ਆਹ ਦੁੱਖ ਠੀਕ ਹੋ ਜਾਵੇ, ਆਹ ਮੇਰੀ ਔਕੜ ਦੂਰ ਹੋ ਜਾਵੇ। ਇਹ ਤਾਂ ਸੌਦੇਬਾਜ਼ੀ ਕਰਦੇ ਨੇ, ਸੋ ਇਸ ਤਰ੍ਹਾਂ ਦੇ ਨਾਲ ਕੋਈ ਵਿਰਲਾ-ਵਿਰਲਾ ਸੇਵਕ ਹੋਇਆ ਕਰਦਾ ਹੈ।

ਗੁਰੂ ਅਮਰਦਾਸ ਜੀ ਮਹਾਰਾਜ ਜਦੋਂ ਆਪ ਸੇਵਾ ਵਿਚ ਆਏ ਪਰ ਪਹਿਲਾਂ ਦਾ ਖਿਆਲ ਸੀ ਕਿ ਸ਼ਾਇਦ ਇਥੇ ਤਪ ਹੁੰਦਾ ਹੋਵੇ, ਧੂਣੀਆਂ ਤਾਪਣੀਆਂ ਪੈਣ, ਜਲ ਧਾਰੇ ਕਰਨੇ ਪੈਣ ਤੇ ਜਿਸ ਵਕਤ ਗੁਰੂ ਘਰ ਦਾ ਵਰਤਾਰਾ ਦੇਖਿਆ ਕਿ ਇਥੇ ਤਾਂ ਸੇਵਾ ਪ੍ਰਧਾਨ ਹੈ। ਉਸ ਵੇਲੇ ਆਪ ਨੇ ਸ੍ਰੀ ਮਾਨ ਜੀ ਨੂੰ ਕਿਹਾ, "ਲੰਗਰ ਦੇ ਜੋ ਇੰਚਾਰਜ ਸਨ ਜੋ ਦੇਵਤਾ, ਉਨ੍ਹਾਂ ਨੂੰ ਆਪ ਕਹਿਣ ਲੱਗੇ, ਮੈਨੂੰ ਸੇਵਾ ਦੇ ਦਿਓ, ਜਲ ਦੀ ਸੇਵਾ ਦੇ ਦਿਓ।"

ਜਲ ਦੀ ਸੇਵਾ ਮਿਲ ਗਈ, ਆਪ ਸਾਰਾ ਦਿਨ ਪਾਣੀ ਢੋਈ ਗਏ, ਸਾਰੇ ਬਰਤਨ ਭਰ ਦਿੱਤੇ, ਛਿੜਕਾਣ ਕਰ ਦਿੱਤੇ, ਬਰਤਨ ਮਾਂਜਣੇ ਸ਼ੁਰੂ ਕਰ ਦਿੱਤੇ, ਪੱਖੇ ਝਲਦੇ ਨੇ, ਬੇਅੰਤ ਕਿਸਮ ਦੀ ਸੇਵਾ ਆਪ ਨੇ ਸ਼ੁਰੂ ਕਰ ਲਈ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਨੂੰ ਜੋ ਅੰਮ੍ਰਿਤ ਵੇਲੇ ਜਲ ਲਿਆਇਆ ਜਾਂਦਾ ਹੈ ਇਸ਼ਨਾਨ ਲਈ, ਉਸ ਦੀ ਸੇਵਾ ਆਪ ਨੇ ਲੈ ਲਈ। ਪਹਿਰ ਰਾਤ ਰਹਿੰਦੀ ਗੁਰੂ ਮਹਾਰਾਜ ਜੀ ਇਸ਼ਨਾਨ ਕਰਦੇ ਸਨ। ਸੋ ਆਪ ਨੇ ਪਹਿਲਾਂ ਹੀ ਚਲੇ ਜਾਣਾ, ਸਰਦੀ ਹੋਵੇ, ਗਰਮੀ ਹੋਵੇ, ਵਰਖਾ ਹੋਵੇ। ਕਿਸੇ ਤਰ੍ਹਾਂ ਨਾਲ ਨਾਗਾ ਨਹੀਂ ਪਾਉਣਾ ਕਦੇ ਵੀ। ਬਹੁਤ ਘਾਲ ਘਾਲਣੀ ਸ਼ੁਰੂ ਕਰ ਦਿੱਤੀ ਤੇ ਭਾਈ ਸੰਤੋਖ ਸਿੰਘ ਜੀ ਫੁਰਮਾਨ ਕਰਦੇ ਨੇ ਕਿ ਬਹੁਤ ਭਾਰੀ ਸੇਵਾ ਕਰੀ ਜਿਹੜੀ ਕੋਈ ਕਰ ਨਹੀਂ ਸਕਦਾ –

***ਸੀਤ ਉਸਨ ਬਰਖਾ ਬਡ ਹੋਵਤਿ***
***ਸੇਵਹਿਂ ਇਕ ਸਮ ਜਾਨਹਿਂ ਨਾਂਹਿ।***
***ਤਪ ਬਿਸਾਲ ਕਰ ਘਾਲ ਸੁ ਘਾਲਹਿਂ***
***ਧੰਨ ਜਨਮ ਕਰਿ ਲੀਨਿ ਉਪਾਹਿ।***
***ਤੱਦਪਿ ਰੁਖ ਨਹਿਂ ਗੁਰ ਕਛੁ ਕਰਿ ਹੈਂ***
***ਉਦਾਸੀਨ ਸੀ ਬ੍ਰਿਤੀ ਰਾਖਹਿਂ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ – 1383***

ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਇਕ ਦਿਨ ਬੁਲਾ ਕੇ ਮੁੜ ਕੇ ਬੁਲਾਇਆ ਹੀ ਨਹੀਂ, ਇਸ਼ਨਾਨ ਵੀ ਕਰਾਉਂਦੇ ਸੀ, ਹੋਰ ਵੀ ਸੇਵਾ ਕਰਦੇ ਸੀ, ਬਿਸਤਰੇ ਵੀ ਵਿਛਾਉਂਦੇ ਸਨ, ਬਸਤਰ ਵੀ ਧੋਂਦੇ ਸਨ, ਸਭ ਕੁਝ ਕਰਦੇ ਸਨ ਪਰ ਮਹਾਰਾਜ ਜੀ ਉਦਾਸੀਨ ਬਿਰਤੀ ਰਖਦੇ ਸਨ ਫੇਰ ਵੀ ਵਧ ਚੜ੍ਹ ਕੇ ਮਨ ਵਿਚ ਚਾਓ ਸੀ –

***ਨਿਕਟ ਬਿਠਾਇ ਨ ਬੋਲਹਿਂ ਬੂਝਹਿਂ***
***ਅਗਮ ਗੁਰੂ ਗਤਿ ਲਖੀ ਨ ਜਾਹਿ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ – 1383***

ਕੋਲ ਕਹਿੰਦੇ ਨੇ ਕਦੇ ਨਹੀਂ ਪੁਛਿਆ ਕਿ ਬਾਬਾ ਅਮਰਦਾਸ ਘਰ ਦਾ ਕੀ ਹਾਲ ਹੈ। ਬਾਲ-ਬੱਚਿਆਂ ਨੂੰ ਛੱਡ ਕੇ ਆਏ ਹੋ, ਜਾ ਕੇ ਮਿਲ ਆਓ ਤੁਸੀਂ। ਹਾਲਾਂਕਿ ਰਿਸ਼ਤੇਦਾਰੀ ਸੀ। ਕੋਈ ਗੱਲ ਕਰੀ ਹੀ ਨਹੀਂ, ਨਾ ਸੁਖ ਦੀ, ਨਾ ਦੁਖ ਦੀ। ਕੋਲ ਰਖਦੇ ਨੇ।

***ਸਿਖ ਇਮ ਭਨਤਿ, ਅਪਰ ਜੇ ਨਰ ਹੈਂ .......।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ – 1383***

ਬਾਕੀ ਸੇਵਾਦਾਰਾਂ ਨੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ –

***........... ਬਹੁ ਬਿਧਿ ਕੇ ਠਾਨਹਿਂ ਉਪਹਾਸ।***

***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383***

ਕਹਿੰਦੇ ਮਖੌਲ ਹੀ ਕਰੀ ਜਾਂਦੇ ਨੇ ਬੇਅੰਤ ਤਰੀਕਿਆਂ ਨਾਲ। ਕਹਿੰਦੇ ਇਹ ਦੇਖੋ ਇਕਹੱਤਰ ਸਾਲ ਦਾ ਹੋ ਕੇ ਇਥੇ ਪਹੁੰਚਿਆ ਹੈ। ਦੂਜਾ ਕਹਿੰਦਾ ਕਿ ਆਉਣਾ ਹੀ ਸੀ। ਹੁਣ ਘਰਦਿਆਂ ਨੂੰ ਲੋੜ ਹੈ ਬੁੜ੍ਹਿਆਂ ਦੀ, ਘਰੋਂ ਕੱਢ ਦਿੱਤਾ ਧੱਕੇ ਦੇ ਕੇ। ਜਾਂਦਾ ਨਾ ਜੇ ਘਰ ਕੋਈ ਪੁਛ ਹੁੰਦੀ।

***ਘਰ ਤੇ ਮਨਹੁ ਨਿਕਾਸਯੋ ਕਿਸਿ ਨੇ***
***ਦਰਬ ਨਹੀਂ ਕੁਛ ਇਸਕੇ ਪਾਸ।***

***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384***

ਪੈਸਾ ਟਕਾ ਇਸ ਦੀ ਜੇਬ ਵਿਚ ਕੋਈ ਹੈ ਨਹੀਂ, ਘਰਦਿਆਂ ਨੇ ਕੱਢ ਦਿੱਤਾ ਤੇ ਗੁਰੂ ਘਰ ਵਿਚ ਆ ਗਿਆ ਤੇ ਗੁਰੂ ਘਰ ਤਾਂ -

***ਗੁਰ ਨਿਰਾਸਰੇ ਕੋ ਸੁ ਆਸਰਾ***
***ਇਮ ਲਖਿ ਆਯਹੁ ਇਨਹੁ ਅਵਾਸ।***

***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384***

ਕਹਿੰਦੇ ਇਨ੍ਹਾਂ ਕੋਲ ਇਹ ਦੇਖ ਕੇ ਆਇਆ ਹੈ ਕਿ ਮੈਨੂੰ ਹੋਰ ਕਿਤੇ ਤਾਂ ਥਾਂ ਨਹੀਂ ਹੈ ਤੇ ਮੈਨੂੰ ਤਾਂ ਇਥੇ ਹੀ ਥਾਂ ਮਿਲਦਾ ਹੈ।

***ਟੂਕਰੇ ਖਾਨ ਰਹਯੋ ਪਰਿ ਕੈ***
***ਇਹ ਸਭ ਨੋ ਤਯਾਗਯੋ ਭਯੋ ਨਿਰਾਸ॥***

***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383***

ਕਹਿੰਦੇ ਹੁਣ ਤਾਂ ਰੋਟੀਆਂ 'ਤੇ ਹੀ ਕੰਮ ਕਰੀ ਜਾਂਦਾ ਹੈ ਕਿਉਂਕਿ ਨਿਰਾਸ਼ ਹੋ ਗਿਆ, ਰੋਟੀ ਮਿਲੀ ਜਾਵੇ ਤਾਂ ਥੋੜ੍ਹੀ ਚੀਜ਼ ਹੈ ਇਸ ਨੂੰ। ਸੋ ਇਸ ਤਰ੍ਹਾਂ ਦੇ ਤਾਹਨੇ-ਮਿਹਣੇ ਮਾਰਦੇ ਨੇ ਸਾਧ ਸੰਗਤ ਜੀ! ਪਰ ਜਿਹੜਾ ਸੇਵਕ ਹੁੰਦਾ ਹੈ ਉਹ ਕੋਈ ਸੁਖਾਲਾ ਨਹੀਂ ਹੈ ਬਣਨਾ। ਜਿਸ ਨੇ ਸਿਰ ਤਲੀ ਤੇ ਰੱਖ ਲਿਆ ਉਸ ਨੂੰ ਤਾਹਨੇ ਮਿਲਣੇ ਕੁਛ ਨਹੀਂ ਕਹਿੰਦੇ ਇਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਸੇਵਕ ਨਾ ਮੰਨਦੇ ਜੀ,***
***ਦੁਨੀਆਂ ਦੇ ਤਾਹਨੇ ਮਿਹਣੇ -2, 2.***
***ਦੁਨੀਆਂ ਦੇ ਤਾਹਨੇ ਮਿਹਣੇ -2, 2.***
***ਸੇਵਕ ਨਾ ਮੰਨਦੇ ਜੀ,........... -2.***

ਸੰਸਾਰ ਸ਼ੁਰੂ ਤੋਂ ਹੀ ਤਾਹਨੇ ਮਿਹਣੇ ਦਿੰਦਾ ਆਇਆ ਹੈ। ਗੁਰੂ ਘਰ ਦੇ ਅੰਦਰ ਥਾਂ ਮਿਲਦਾ ਹੈ, ਜੀਵਨ ਸਫਲ ਹੁੰਦਾ ਹੈ। ਕਹਿੰਦੇ ਕਿ ਲੈ! ਬਹਿ ਗਿਆ ਉਥੇ ਜਾ ਕੇ-

*ਨਿਜ ਕੁਲ ਕੌ ਨਿਜ ਗ੍ਰਿਹ ਕੌ ਤਜਿ ਕਰਿ*
*ਨਹੀਂ ਜਾਇ ਪੁਨ ਕੀਨਿ ਸੰਭਾਲ।*
*ਨਰ ਉਪਹਾਸ ਕਰਨਿ ਸਭਿ ਲਾਗੇ*
*ਬ੍ਰਿੱਧ ਹੋਇ ਕਿਆ ਕੀਨੀ ਢਾਲਿ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1378*

ਕਹਿੰਦੇ ਬੁੜ੍ਹਾ ਹੋ ਗਿਆ ਆਹ ਕਿਹੜੀ ਚਾਲ ਇਸਨੇ ਫੜ ਲਈ ਘਰ 'ਚੋਂ ਨਿਕਲ ਆਇਆ। ਕਹਿੰਦੇ ਥਾਂ ਨਹੀਂ ਹੋਏਗਾ -

*ਫਿਰਹਿ ਨਿਥਾਵਾਂ ਥਾਂਵ ਨ ਪਾਵਹਿ,*
*ਅਹੈ ਨਿਮਾਨਾ ਮਾਨ ਨ ਕਾਇ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਇਸ ਦਾ ਮਾਣ ਨਹੀਂ ਕੋਈ ਕਰਦਾ ਹੋਏਗਾ, ਇਸ ਨੂੰ ਥਾਂ ਨਹੀਂ ਕੋਈ ਹੋਣਾ।

*ਰੈਨਿ ਦਿਵਸ ਇਤ ਉਤ ਕੌ ਬਿਚਰਤਿ*
*ਸਭਿ ਕੇ ਆਗੈ ਸੇਵ ਕਮਾਇ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਤਾਂ ਹੀ ਹਰੇਕ ਦਾ ਕਿਹਾ ਮੰਨੀਂ ਜਾਂਦਾ ਹੈ ਕੋਈ ਕਹਿ ਦੇਵੇ ਬਾਬਾ ਮੈਂ ਨਹਾਉਣਾ ਹੈ, ਪਾਣੀ ਲਿਆ ਦੇ। ਆਪ ਸਾਰਿਆਂ ਦਾ ਇਸ਼ਨਾਨ ਕਰਾਉਂਦੇ ਸੀ, ਨੱਠ-ਨੱਠ ਕੇ ਪਾਣੀ ਲਿਆਉਣਾ। ਉਸ ਦੀ ਪ੍ਰਸੰਸਾ ਨਹੀਂ ਕਰਨੀ ਕਿ ਆਹ ਸੇਵਾ ਕਰਦਾ ਹੈ ਨਾਂਹ! ਕਹਿੰਦੇ ਡਰਦਾ ਮਾਰਿਆ ਕੋਈ ਕਹਿ ਦਿਓ, ਨੱਠਿਆ ਫਿਰਦਾ ਹੈ, ਸਾਰਿਆਂ ਨੂੰ ਇਸ਼ਨਾਨ ਕਰਾਉਂਦਾ ਹੈ -

*ਸਭਿ ਕੋ ਕਹਜੋ ਕਰੈ ਉਰ ਡਰਪਤਿ ..........।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਅੰਦਰੋਂ ਡਰਨ ਕਰਕੇ ਜਿਹੜਾ ਵੀ ਇਸ ਨੂੰ ਸੇਵਾ ਲਈ ਕਹਿ ਦਿੰਦਾ ਹੈ ਕਿ ਆਹ ਮੇਰੇ ਬਰਤਨ ਮਾਂਜ ਲਿਆ, ਕਹਿੰਦੇ, ਉਦੋਂ ਹੀ ਮਾਂਜ ਲਿਆਉਂਦਾ ਹੈ। ਜੇ ਕੋਈ ਕਹੇ ਇਥੇ ਝਾੜੂ ਦੇ ਦੇ, ਉਸੇ ਵੇਲੇ ਦੇਣ ਲੱਗ ਜਾਂਦਾ ਹੈ ਜੇ ਕਹੇ ਬਾਬਾ ਮੇਰੇ ਕੱਪੜੇ ਧੋ ਲਿਆ, ਕਹਿੰਦੇ, ਉਸੇ ਵੇਲੇ ਧੋ ਕੇ, ਸੁਕਾ ਕੇ ਲੈ ਆਉਂਦਾ ਹੈ।

*ਸਭਿ ਕੋ ਕਹਜੋ ਕਰੈ ਉਰ ਡਰਪਤਿ ਨਹੀਂ*
*ਨਿਕਾਸ ਦਹਿਂ ਇਸ ਥਾਇਂ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਤਾਂ ਡਰਦਾ ਮਾਰਿਆ ਕਰਦਾ ਹੈ ਕਿ ਮੈਨੂੰ ਕਿਤੇ ਇਸ ਥਾਂ ਤੋਂ ਕੱਢ ਨਾ ਦੇਣ। ਇਸ ਤਰ੍ਹਾਂ ਕਹਿੰਦੇ ਹਾਸੇ ਕਰਦੇ ਨੇ ਨਿੰਦਕ ਲੋਕ -

*ਇਮਿ ਨਿੰਦਕ ਉਪਹਾਸ ਜੁਗਤਿ ਬਹੁ ਨਿੰਦਹਿਂ,*

*ਬਿੰਦਹਿੰ ਨਹੀਂ ਗਵਾਰ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਗਵਾਰਾਂ ਨੂੰ ਪਤਾ ਨਹੀਂ ਹੈ ਕਿ ਇਹ ਤਾਂ ਦੀਨ-ਦੁਨੀਆਂ ਦੇ ਪਾਤਿਸ਼ਾਹ ਬਣਨ ਦੀ ਤਿਆਰੀ ਕਰ ਰਹੇ ਨੇ ਤਖ਼ਤ ਤੇ ਬਿਠਾਉਣ ਦੀ। ਸੋ ਇਸ ਅਵਸਥਾਵਾਂ ਸਾਧ ਸੰਗਤ ਜੀ! ਇਵੇਂ ਨਹੀਂ ਪ੍ਰਾਪਤ ਨਹੀਂ ਹੋਇਆ ਕਰਦੀਆਂ। ਪ੍ਰੇਮ ਦੀ ਮੰਜ਼ਲ ਤੇ ਪਹੁੰਚਣ ਵਾਸਤੇ -

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412*

*ਧਾਰਨਾ - ਮਰ ਕੇ ਹੀ ਪਹੁੰਚੀਦੈ,*
*ਪ੍ਰੇਮ ਦੀ ਮੰਜਲ ਉਤੇ -2, 2.*
*ਪ੍ਰੇਮ ਦੀ ਮੰਜਲ ਉਤੇ -2, 2.*
*ਮਰ ਕੇ ਹੀ ਪਹੁੰਚੀਦੈ,.......... -2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

*ਅਬ ਹਮ ਚਲੀ ਠਾਕੁਰ ਪਹਿ ਹਾਰਿ॥*
*ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥*
*ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥*
*ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ ਅੰਗ - 528*

ਜਦੋਂ ਪ੍ਰਭੂ ਦੀ ਸ਼ਰਨ ਵਿਚ ਆ ਗਏ -

*ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥*
*ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥*
*ਅੰਗ - 528*

ਕਹਿੰਦੇ ਲੋਕਾਂ ਦੀਆਂ ਚਤੁਰਾਈਆਂ ਤੇ ਉਪਮਾਂ ਨੂੰ ਅੱਗ ਵਿਚ ਜਾਲ ਦੇ। ਕਹੀ ਜਾਓ ਬੁਰਾ, ਕਹੀ ਜਾਓ ਭਲਾ, ਅਸੀਂ ਤਾਂ ਆ ਗਏ ਗੁਰੂ ਦੀ ਸ਼ਰਨ ਵਿਚ। ਸੋ ਆਪ ਏਸ ਗੱਲ ਤੋਂ ਬੇ-ਪਰਵਾਹ ਹੋ ਕੇ ਸੇਵਾ ਕਰ ਰਹੇ ਨੇ ਕਿਉਂਕਿ ਜਿੰਨਾ ਚਿਰ ਸੇਵਕ ਦੀ ਬਿਰਤੀ ਸਮਸਰ ਨਹੀਂ ਹੁੰਦੀ ਓਨਾ ਚਿਰ ਸੇਵਕ ਨਹੀਂ ਆਖਿਆ ਜਾਂਦਾ।

***ਬੁਰਾ ਭਲਾ ਜੇ ਸਮ ਕਰਿ ਜਾਣੈ***
***ਇਨ ਬਿਧਿ ਸਾਹਿਬੁ ਰਮਤੁ ਰਹੈ॥ ਅੰਗ - 432***

ਦੋਹੇ ਬਰਾਬਰ ਕਰਨੇ ਪੈਂਦੇ ਨੇ। ਨਿੰਦਿਆ ਕਰਦੇ ਨੇ ਦੋ ਚਾਰ ਸਾਲ ਨਹੀਂ ਬਾਰਾਂ ਸਾਲ ਲੰਘ ਗਏ ਇਸੇ ਤਰ੍ਹਾਂ। ਨਾ ਤਾਂ ਗੁਰੂ ਸਾਹਿਬ ਬੁਲਾਉਂਦੇ ਨੇ, ਮੁੜ ਕੇ ਬੁਲਾਇਆ ਹੀ ਨਹੀਂ ਸੀ। ਏਧਰ ਇਹ ਬਾਤਾਂ ਕਰਦੇ ਨੇ ਕਿ ਡਰਦੇ ਮਾਰੇ ਸੇਵਾ ਕਰਦੇ ਨੇ -

***ਇਮਿ ਨਿੰਦਕ ਉਪਹਾਸ ਜੁਗਤਿ ਬਹੁ ਨਿੰਦਹਿਂ,***
***ਬਿੰਦਹਿਂ ਨਹੀਂ ਗਵਾਰ।***
***ਦੀਨ ਦੁਨੀ ਕਾ ਪਾਤਸ਼ਾਹ ਹੁਇ***
***ਜਿਸ ਕੇ ਸਮ ਕੋ ਹ੍ਵੈ ਨ ਉਦਾਰ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384***

ਪਤਾ ਨਹੀਂ ਹੈ ਕਿ ਇਹ ਤਾਂ ਦੀਨ ਦੁਨੀਆਂ ਦੇ ਪਤਿਸ਼ਾਹ ਹੋ ਜਾਣੇ ਨੇ, ਕੋਈ ਇਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ -

***ਸਿੱਖਜਨ ਅਰੁ ਨਿੰਦਕ ਤੇ ਸੁਨਿ ਕਰਿ***
***ਹਰਖ ਨ ਸ਼ੋਕ ਕਰਹਿਂ ਕਿਸ ਬਾਰਿ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384***

ਨਾ ਹਰਖ ਨ ਸੋਗ, ਨਾ ਗੁੱਸਾ ਕਰਦੇ ਨੇ, ਨਾ ਖੁਸ਼ੀ ਕਰਦੇ ਨੇ -

***ਇੱਕ ਸੇਵ ਕੇ ਤਤਪਰ ਹ੍ਵੈ ਕਰਿ***
***ਗੁਰੂ ਅਰਾਧਹਿਂ ਸਰਬ ਪ੍ਰਕਾਰ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383***

ਸੋ ਇਹ ਸੇਵਾ ਮੁਸ਼ਕਲ ਹੈ ਸਾਧ ਸੰਗਤ ਜੀ!

***ਧਾਰਨਾ - ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ -2, 2.***
***ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ -2, 4.***
***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਗੱਲਾਂ ਨਾਲ ਨਾ ਸੇਵਾ ਕਮਾ ਸਕਦਾ ਹੈ, ਨਾ ਸਿਖ ਬਣ ਸਕਦਾ ਹੈ। ਸੋ ਜਦੋਂ ਤੱਕ ਆਪਣੇ ਆਪ ਨੂੰ ਮਾਰਦਾ ਨਹੀਂ ਹੈ ਓਨਾ ਚਿਰ ਨਹੀਂ

ਬਣਦਾ –

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***
***ਸਾਬਰ ਹੋਵੇ ਸਬਰ ਵਾਲਾ, ਸਿਦਕੀ ਹੋਵੇ,***
***ਭਰਮ ਦਾ ਨਾਸ਼ ਹੋਵੇ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਗੁਲਾਮ ਬਣਨਾ ਪ੍ਰਵਾਨ ਕਰ ਲੈ, ਫੇਰ ਜਾ ਕੇ ਸਿੱਖੀ ਪ੍ਰਾਪਤ ਹੁੰਦੀ ਹੈ ਨਹੀਂ ਤਾਂ ਪ੍ਰਾਪਤ ਨਹੀਂ ਹੋਇਆ ਕਰਦੀ, ਸਾਧ ਸੰਗਤ ਜੀ!

ਇਕ ਇਬਰਾਹੀਮ ਨਾ ਦਾ ਬਾਦਸ਼ਾਹ ਸੀ। ਉਨ੍ਹਾਂ ਦਿਨਾਂ ਵਿਚ ਗੁਲਾਮ ਰੱਖਣ ਦਾ ਰਿਵਾਜ ਸੀ। ਬੰਦੇ ਫੜ ਕੇ ਲੈ ਜਾਣੇ ਤੇ ਲਿਜਾ ਕੇ ਵੇਚ ਦੇਣੇ। ਉਸ ਨੇ ਇਕ ਗੁਲਾਮ ਰੱਖ ਲਿਆ। ਜਦੋਂ ਗੁਲਾਮ ਨੂੰ ਦੇਖਿਆ ਤਾਂ ਉਸ ਦੇ ਮਨ ਵਿਚ ਖਿਆਲ ਆਇਆ ਕਿ ਇਹ ਕੋਈ ਚੰਗੇ ਘਰ ਦਾ ਬੰਦਾ ਹੈ। ਹੋਵੇ ਨਾ ਤਾਂ ਮੈਂ ਇਸ ਨੂੰ ਕੋਈ ਰਿਆਇਤਾਂ ਦੇਵਾਂ। ਉਸ ਨੇ ਬੁਲਾਇਆ ਤੇ ਕਹਿਣ ਲੱਗਿਆ ਕਿ ਐ ਗੁਲਾਮ! ਤੇਰਾ ਨਾ ਕੀ ਹੈ? ਤੇਰੀਆਂ ਖਾਣ ਦੀਆਂ ਰੁਚੀਆਂ ਕੀ ਨੇ? ਖਾਣੇ ਵਿਚ ਤੂੰ ਕੀ ਖਾਣਾ ਚਾਹੁੰਦਾ ਹੈਂ? ਤੀਸਰਾ ਇਹ ਕਿ ਤੂੰ ਕਿਹੋ ਜਿਹੇ ਕੱਪੜੇ ਪਹਿਨਣੇ ਚਾਹੁੰਦਾ ਹੈ? ਚੌਥਾ ਇਹ ਦੱਸ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈਂ ਕਦੋਂ ਜਾਗਣਾ ਚਾਹੁੰਦਾ ਹੈਂ?

ਉਹ ਕਹਿਣ ਲੱਗਿਆ, "ਬਾਦਸ਼ਾਹ! ਜਦੋਂ ਮੈਂ ਅਜਾਦ ਸੀ ਉਸ ਵੇਲੇ ਮੇਰਾ ਨਾਂ ਸੀ। ਉਸ ਵੇਲੇ ਮੈਂ ਮਨ ਮਰਜੀ ਦਾ ਖਾਂਦਾ ਸੀ, ਮਰਜੀ ਨਾਲ ਉਠਦਾ ਸੀ, ਮਰਜ਼ੀ ਨਾਲ ਸੌਂਦਾ ਸੀ, ਮਨਮਰਜੀ ਦਾ ਕੱਪੜਾ ਪਹਿਨਦਾ ਸੀ। ਹੁਣ ਮੈਂ ਗੁਲਾਮ ਹੋ ਗਿਆ। ਗੁਲਾਮ ਦਾ ਕੋਈ ਹੱਕ ਨਹੀਂ ਹੁੰਦਾ, ਕੋਈ ਕਾਨੂੰਨ ਨਹੀਂ ਹੈ ਦੁਨੀਆਂ ਦੇ ਅੰਦਰ ਜਿਹੜਾ ਗੁਲਾਮ ਦੀ ਰਾਖੀ ਕਰ ਸਕੇ। ਮਾਲਕ ਦੇ ਰਹਿਮ ਤੇ ਹੁੰਦਾ ਹੈ।"

ਜਦੋਂ ਪਹਿਲਾਂ ਪਹਿਲਾਂ ਗੁਲਾਮ ਫੜ ਕੇ ਅਮਰੀਕਾ ਲੈ ਕੇ ਗਏ ਤੇ ਸਜ਼ਾਵਾਂ ਬੜੀਆਂ ਸਖਤ ਦਿੰਦੇ ਸਨ। ਪਾਣੀ ਉਬਾਲ ਕੇ ਉਸ ਦੇ ਵਿਚ ਸੁੱਟ ਦੇਣਾ ਜਿਸ ਨੇ ਕੋਈ ਗਲਤੀ ਕਰ ਦਿੱਤੀ। ਪਸ਼ੂਆਂ ਵਾਂਗ ਕਿੱਲਿਆਂ ਤੇ ਬੰਨ੍ਹ ਦਿੰਦੇ ਸਨ। ਜੋ ਖਾਣ ਨੂੰ ਦੇ ਦਿੱਤਾ ਖਾ ਲਿਆ।

ਸੋ ਕਹਿਣ ਲੱਗਿਆ, "ਮਹਾਰਾਜ! ਜਦੋਂ ਮੈਂ ਹੁਣ ਗੁਲਾਮ ਹੋ ਗਿਆ ਹੁਣ ਮੇਰਾ ਕੋਈ ਹੱਕ ਨਹੀਂ ਹੈ। ਮੇਰਾ ਨਾਂ ਜਿਹੜਾ ਤੁਸੀਂ ਰੱਖ ਦਿਓਗੇ ਮੈਨੂੰ ਦੱਸ ਦਿਓ, ਮੈਂ ਉਸੇ ਤੇ ਬੋਲ ਪਿਆ ਕਰਾਂਗਾ। ਬਾਕੀ ਜਿਹੜਾ ਕੁਝ ਖਾਣ ਨੂੰ ਦੇ ਦਿਆ ਕਰੋਗੇ ਮੈਂ ਖਾ ਲਿਆ ਕਰਾਂਗਾ। ਜਦੋਂ ਤੁਸੀਂ ਕਹਿ

ਦੇਵੋਗੇ ਕਿ ਜਾਹ ਸੌਂ ਜਾ, ਮੈਂ ਸੌਂ ਜਾਇਆ ਕਰਾਂਗਾ ਜਦੋਂ ਆਵਾਜ਼ ਮਾਰੋਗੇ ਮੈਂ ਉਠ ਕੇ ਆ ਜਾਵਾਂਗਾ ਤੇ ਜਿਹੋ ਜਿਹੇ ਕੱਪੜੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ, ਓਹੋ ਜਿਹੇ ਮੈਨੂੰ ਪਹਿਨਾ ਦਿਓ।

ਸੋ –

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਜਦੋਂ ਤੱਕ ਇਹ ਬਿਰਤੀ ਨਹੀਂ ਆਉਂਦੀ, ਆਪਣੇ ਆਪ ਨੂੰ ਗੁਲਾਮ ਨਹੀਂ ਕਹਿੰਦਾ ਓਨਾ ਚਿਰ ਗੁਰੂ ਨਾਲ ਸੰਧ ਨਹੀਂ ਰਲਿਆ ਕਰਦੀ। ਜਦੋਂ ਐਨੀ ਨਿਮਰਤਾ ਵਿਚ ਆ ਜਾਵੇ ਕਿ ਮੈਂ ਸੱਚੇ ਪਾਤਿਸ਼ਾਹ! ਤੇਰਾ ਹੀ ਹਾਂ। ਸਭ ਕੁਝ ਮੈਂ ਦੇ ਦਿੱਤਾ, ਮੈਂ ਤਾਂ ਆਪਣੇ ਕੋਲ ਕੁਝ ਵੀ ਨਹੀਂ ਰਖਿਆ। ਸੋ ਸੰਸਾਰ ਵਿਚ ਜਦੋਂ ਅਸੀਂ ਸੇਵਾ ਕਰਦੇ ਹਾਂ ਤਾਂ ਸੇਵਾ ਦਾ ਫਲ ਮਿਲਦਾ ਹੈ ਸਾਧ ਸੰਗਤ ਜੀ! ਨਿਸ਼ਕਾਮ ਸੇਵਕ ਨੂੰ ਪ੍ਰਭੂ ਦੀ ਦਰਗਾਹ ਵਿਚ ਥਾਂ ਮਿਲ ਜਾਂਦੀ ਹੈ–

***ਧਾਰਨਾ – ਦਰਗਹ ਮਿਲਦੈ ਥਾਉਂ,***
***ਜੇ ਵਿਚ ਦੁਨੀਆਂ ਸੇਵ ਕਮਾਈਐ –2, 2.***
***ਜੇ ਵਿਚ ਦੁਨੀਆਂ ਸੇਵ ਕਮਾਈਐ –2,2.***
***ਦਰਗਹ ਮਿਲਦੈ ਥਾਉਂ............. –2.***

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਅੰਗ – 26***

ਪਰ ਉਹ ਸੇਵਾ –

***ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥***
***ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ॥***
***ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ॥ ਅੰਗ – 29***

ਹਉਮੈ ਵਿਚੋਂ ਮਾਰ। ਜਿੰਨਾ ਚਿਰ ਹਉਮੈ ਨੂੰ ਨਹੀਂ ਮਾਰਦਾ, ਤਨ ਤੇ ਮਨ ਗੁਰੂ ਦਾ ਨਹੀਂ ਕਰਦਾ ਓਨੀ ਦੇਰ ਤੱਕ ਇਹ ਸੇਵਾ ਥਾਂ ਨਹੀਂ ਪਿਆ ਕਰਦੀ। ਸੋ ਏਸ ਤਰ੍ਹਾਂ ਦੇ ਨਾਲ ਸੇਵਾ ਕਰ ਰਹੇ ਨੇ ਬਾਬਾ ਅਮਰ ਦਾਸ ਜੀ। ਸਾਲ ਲੰਘ ਗਿਆ, ਬਸਤਰ ਨਹੀਂ ਮਿਲੇ ਆਪ ਨੂੰ, ਸਿਰਫ ਦੋ ਗਜ ਕੱਪੜਾ ਮਿਲਿਆ। ਆਪ ਨੇ ਸੀਸ ਤੇ ਬੰਨ੍ਹ ਲਿਆ। ਫੇਰ ਅਗਲਾ ਸਾਲ ਇਸੇ ਤਰ੍ਹਾਂ ਕਰਦਿਆਂ ਲੰਘ ਗਿਆ। ਫੇਰ ਦੋ ਗਜ ਕੱਪੜਾ ਮਿਲਿਆ, ਉਹ

ਵੀ ਸੀਸ ਤੇ ਬੰਨ੍ਹ ਲਿਆ ਤੇ ਉਪਰ ਰੱਸੀਆਂ ਬੰਨ੍ਹ ਲਈਆਂ ਤੇ ਸਰੀਰ ਕਮਜੋਰ ਹੁੰਦਾ ਚਲਿਆ ਗਿਆ। ਬਸਤਰ ਪਾਟ ਗਏ, ਹੱਥਾਂ ਪੈਰਾਂ ਦੀਆਂ ਬਿਆਈਆਂ ਪਾਟ ਗਈਆਂ, ਸਰੀਰ ਬਹੁਤ ਕਮਜ਼ੋਰ ਹੋ ਗਿਆ ਪਰ ਸੇਵਾ ਦਾ ਚਾਓ ਵਧਦਾ ਹੀ ਤੁਰਿਆ ਜਾਂਦਾ ਹੈ। ਇਸ ਬਾਤ ਦੀ ਕੋਈ ਪਰਵਾਹ ਨਹੀਂ ਕਿ ਗੁਰੂ ਮਹਾਰਾਜ ਜੀ ਬੁਲਾਉਂਦੇ ਨੇ ਜਾਂ ਨਹੀਂ। ਪੂਰੇ ਬਾਰਾਂ ਸਾਲ ਲੰਘ ਗਏ ਏਸ ਤਰ੍ਹਾਂ ਸੇਵਾ ਕਰਦਿਆਂ ਨੂੰ। ਦੋ ਤਰ੍ਹਾਂ ਦੀ ਸੇਵਾ ਹੁੰਦੀ ਹੈ ਇਕ ਹੁੰਦਾ ਹੈ -

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਅੰਗ - 286***

ਇਕ ਸੇਵਾ ਹੁੰਦੀ ਹੈ ਕਾਮਨਾ ਸਹਿਤ। ਕਾਮਨਾ ਸਹਿਤ ਸੇਵਾ ਕਰਨ ਦੇ ਨਾਲ ਜੋ ਕੁਝ ਮੰਗਿਆ ਜਾਂਦਾ ਹੈ ਉਹ ਪ੍ਰਾਪਤ ਹੁੰਦਾ ਹੈ -

***ਧਾਰਨਾ - ਕਰਕੇ ਕੋਈ ਵੇਖ ਲਓ,***
***ਸੇਵਾ ਤੋਂ ਮਿਲਦੈ ਮੇਵਾ -2, 2.***
***ਸੇਵਾ ਤੋਂ ਮਿਲਦੈ ਮੇਵਾ -2, 2.***
***ਕਰਕੇ ਕੋਈ ਵੇਖ ਲਓ,.......... -2.***

***ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ,***
***ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।***
***ਸਿਖ ਕਉ ਪਿਆਇ ਪਾਨੀ, ਭਾਉ ਕਰਿ ਕੁਰਖੇਤ,***
***ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।***
***ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,***
***ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।***
***ਕਬਿੱਤ (ਭਾਈ ਗੁਰਦਾਸ ਜੀ)***

ਪੁੰਨਾ ਦਾ ਵੇਰਵਾ ਭਾਈ ਗੁਰਦਾਸ ਜੀ ਦਸਦੇ ਨੇ ਕਿ -

***ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ,........॥***
***ਕਬਿੱਤ (ਭਾਈ ਗੁਰਦਾਸ ਜੀ)***

ਐਨਾ ਹੀ ਪੁੰਨ ਇਕ ਸਿੱਖ ਨੂੰ ਪ੍ਰਸ਼ਾਦਾ ਛਕਾ ਦੇਵੇ ਘਰ ਬੁਲਾ ਕੇ, ਪ੍ਰਾਪਤ ਹੋ ਜਾਇਆ ਕਰਦਾ ਹੈ।

***ਸਿਖ ਕਉ ਪਿਲਾਇ ਪਾਨੀ,***
***ਭਾਉ ਕਰਿ ਕੁਰਖੇਤ............॥ ਕਬਿੱਤ (ਭਾਈ ਗੁਰਦਾਸ ਜੀ)***

ਭਾਉ, ਪਿਆਰ ਨਾਲ ਪਾਣੀ ਪੁਛ ਕੇ, ਪਿਲਾ ਦੇਵੇ ਤਾਂ ਕੁਰੂਕਸ਼ੇਤਰ

ਜਿੰਨਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ।

***ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,***
***ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।***
***ਕਬਿੱਤ (ਭਾਈ ਗੁਰਦਾਸ ਜੀ)***

ਸੱਤ ਮੰਦਰ ਸੋਨੇ ਦੇ ਬਣਾ ਦਿੱਤੇ ਐਨਾ ਹੀ ਪੁੰਨ ਸਿੱਖ ਨੂੰ ਸ਼ਬਦ ਸਿਖਾਉਣ ਦਾ ਹੋਇਆ ਕਰਦਾ ਹੈ, ਬਾਣੀ ਯਾਦ ਕਰਾ ਦੇਵੇ। ਜਿਸ ਤਰ੍ਹਾਂ ਵੀਹ ਵਾਰੀ ਕਿਸੇ ਸਾਧੂ ਦੇ ਦਰਸ਼ਨ ਕਰਨ ਜਾਂਦਾ ਹੈ ਐਨਾ ਹੀ ਪੁੰਨ ਹੁੰਦਾ ਹੈ ਜੇ ਗੁਰਸਿਖ ਨੂੰ ਲੱਤਾਂ ਘੁੱਟ ਕੇ ਸੁਲਾ ਦੇਵੇ। ਇਹ ਰਿਵਾਜ ਹੋਇਆ ਕਰਦਾ ਸੀ ਕਿਉਂਕਿ ਪਹਿਲਾਂ ਪੈਦਲ ਚਲਿਆ ਕਰਦੇ ਸਨ। ਗੁਰਸਿਖਾਂ ਦੀ ਸੇਵਾ ਕਰਦੇ ਸਨ। ਇਥੋਂ ਤੱਕ ਸੀ ਕਿ ਗੁਰੂ ਵੀ ਸੇਵਾ ਕਰਦੇ ਸਨ।

ਇਕ ਵਾਰੀ ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਅੰਮ੍ਰਿਤਸਰ ਬਿਰਾਜਮਾਨ ਨੇ ਤੇ ਦੂਰ ਤੋਂ ਸੰਗਤ ਆ ਰਹੀ ਹੈ। ਜਦੋਂ ਸੰਗਤ ਨੇ ਲਾਹੌਰ ਆ ਕੇ ਰਾਤ ਕੱਟੀ। ਉਸ ਦਿਨ ਸ਼ਾਮ ਨੂੰ ਸਾਰਿਆਂ ਨੇ ਇਹ ਫੁਰਨਾ ਕੀਤਾ ਕਿ ਅੰਮ੍ਰਿਤ ਵੇਲੇ ਉਠ ਕੇ ਚੱਲੀਏ ਤੇ ਕੱਲ੍ਹ ਨੂੰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਕੇ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਪਾਂ ਹਾਜ਼ਰੀਆਂ ਭਰਨੀਆਂ ਹਨ, ਬੱਚੇ ਬੁਢੇ ਤੇ ਬੀਬੀਆਂ ਸਭ ਨਾਲ ਸਨ। ਬਹੁਤ ਤੇਜੀ ਦੇ ਨਾਲ ਤੁਰੇ ਆਉਂਦੇ ਨੇ, ਪੈਂਤੀ ਮੀਲ ਦਾ ਫਾਸਲਾ ਸੀ ਤੇ ਚਲਦੇ ਚਲਦੇ ਜਦੋਂ ਆਪ ਪਿੱਪਲੀ ਸਾਹਿਬ ਦੇ ਕੋਲ ਆਏ ਤਾਂ ਉਥੇ ਆ ਕੇ ਰਾਤ ਪੈ ਗਈ ਤੇ ਸੰਗਤ ਥੱਕ ਗਈ, ਹੌਲੀ ਹੌਲੀ ਤੁਰਦੇ ਨੇ, ਪਿਛੇ ਰਹਿ ਜਾਂਦੀਆਂ ਨੇ ਬੀਬੀਆਂ, ਇੰਤਜਾਰ ਕਰਦਾ ਹੈ ਜਥੇਦਾਰ, ਬਿਰਧ ਥੱਕ ਜਾਂਦੇ ਨੇ, ਪਿੱਛੇ ਬਹਿ ਜਾਂਦੇ ਨੇ, ਤੁਰਦੇ ਨਹੀਂ, ਸੋਚਦੇ ਨੇ ਕਿ ਕੀ ਕਰਿਆ ਜਾਵੇ, ਰਾਤ ਵੱਡੀ ਪੈਂਦੀ ਜਾਂਦੀ ਹੈ ਅਜੇ ਦਰਬਾਰ ਸਾਹਿਬ ਅੰਮ੍ਰਿਤਸਰ ਦੂਰ ਹੈ ਤੇ ਖਾਧਾ ਵੀ ਕੁਝ ਨਹੀਂ ਸਵੇਰ ਦੇ ਉਸੇ ਤਰ੍ਹਾਂ ਤੁਰੇ ਹੋਏ ਹਾਂ, ਪ੍ਰਸ਼ਾਦੇ ਛਕ ਕੇ, ਦੁਪਹਿਰੇ ਰਿਤੇ ਵਿਸ਼ਰਾਮ ਨਹੀਂ ਕੀਤਾ ਤੇ ਏਧਰ ਗੁਰੂ ਮਹਾਰਾਜ ਮਾਤਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਇਕ ਟੋਕਰਾ ਪ੍ਰਸ਼ਾਦਿਆਂ ਦਾ ਤੇ ਇਕ ਦੇਗਾ ਦਾਲੇ ਦਾ ਬਣਾਓ, ਦਸਣਾ ਨਹੀਂ ਕਿਸੇ ਨੂੰ, ਚੁਪ ਕਰਕੇ ਬਣਾਓ। ਸੋ ਗੁਪਤ ਤਰੀਕੇ ਨਾਲ ਆਪ ਮੂੰਹ ਹਨ੍ਹੇਰਾ ਹੁੰਦੀ ਸਾਰ ਟੋਕਰਾ ਆਪ ਨੇ ਚੁਕ ਲਿਆ ਤੇ ਦੇਗਾ ਮਾਤਾ ਜੀ ਦੇ ਸੀਸ ਤੇ ਰੱਖ ਦਿੱਤਾ, ਪੱਖੇ ਕੋਲ ਲੈ ਲਏ ਤੇ ਉਸੇ ਤਰ੍ਹਾਂ ਪਿੱਪਲੀ ਸਾਹਿਬ ਨੂੰ ਤੁਰ ਪਏ ਤੇ ਉਥੇ ਸੰਗਤ ਦੇ ਪਹੁੰਚਣ ਤੋਂ ਪਹਿਲਾਂ ਹੀ ਜਾ ਕੇ ਬੈਠ ਗਏ। ਜਦੋਂ ਸੰਗਤ ਆਈ ਤਾਂ ਕਹਿੰਦੇ, "ਆਓ ਸਾਧ ਸੰਗਤ ਜੀ! ਗੁਰੂ ਕਾ ਲੰਗਰ ਤਿਆਰ ਹੈ ਤੇ ਪੰਜ ਇਸ਼ਨਾਨੇ ਕਰ ਲਓ।"

ਆਪ ਹੀ ਡੋਲ ਲੈ ਕੇ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ। ਮਹਾਰਾਜ ਜੀ ਜਲ ਪਾਉਂਦੇ ਨੇ ਤੇ ਮਾਤਾ ਜੀ ਚਰਨ ਧੋਂਦੇ ਨੇ। ਬੜੇ ਪ੍ਰਸੰਨ ਹੋਏ

ਕਿ ਇਹ ਤਾਂ ਬੜੇ ਚੰਗੇ ਗੁਰਸਿਖ ਆ ਗਏ। ਪ੍ਰਸ਼ਾਦੇ ਛਕਾ ਕੇ ਕਹਿੰਦੇ ਦੱਸੋ ਹੁਣ ਕੀ ਖੁਸ਼ੀ ਹੈ। ਪੱਖੇ ਝੱਲਣੇ ਸ਼ੁਰੂ ਕਰ ਦਿੱਤੇ। ਕਹਿੰਦੇ, ਗੁਰਸਿਖਾ! ਅਸੀਂ ਪ੍ਰਸ਼ਾਦਾ ਛਕ ਕੇ ਹੁਣ ਕੁਝ ਵਲ ਹੋਏ ਹਾਂ ਤੇ ਚਾਹੁੰਦੇ ਹਾਂ ਕਿ ਹੁਣੇ ਦਰਬਾਰ ਸਾਹਿਬ ਪਹੁੰਚ ਜਾਈਏ। ਸੋ ਸੰਗਤ ਸਾਰੀ ਚੱਲ ਪਈ ਸ਼ਬਦ ਪੜ੍ਹਦੇ ਜਾਂਦੇ ਨੇ ਵੈਰਾਗ ਦੇ। ਗੁਰੂ ਜੀ ਤੇ ਮਾਤਾ ਜੀ ਸੰਗਤ ਨੂੰ ਪੱਖਾ ਝਲਦੇ ਨੇ ਦੌੜ-ਦੌੜ ਕੇ ਕਦੇ ਏਧਰ ਝਲਦੇ ਨੇ, ਕਦੇ ਓਧਰ ਝਲਦੇ ਨੇ। ਜਦੋਂ ਦਰਬਾਰ ਸਾਹਿਬ ਪਹੁੰਚ ਗਏ ਤਾਂ ਉਥੇ ਇਕ ਪਾਸੇ ਪਰਕਰਮਾ ਵਿਚ ਲੈ ਗਏ ਕਹਿੰਦੇ ਲੈ ਗੁਰਸਿਖੋ! ਇਥੇ ਆਰਾਮ ਕਰੋ, ਵਿਸ਼ਰਾਮ ਕਰੋ। ਅੰਮ੍ਰਿਤ ਵੇਲਾ ਤਾਂ ਹੋਣ ਵਾਲਾ ਹੀ ਹੈ ਤੇ ਤੁਸੀਂ ਛੇਤੀ-ਛੇਤੀ ਅੱਖ ਲਾ ਲਓ ਤੇ ਅਸੀਂ ਪੱਖਾ ਝਲਦੇ ਹਾਂ। ਕਹਿੰਦੇ ਗੁਰਸਿਖਾ! ਤੂੰ ਤਾਂ ਬਹੁਤ ਸੇਵਾ ਕਰ ਰਿਹਾ ਹੈਂ। ਜਦੋਂ ਦਾ ਸਾਨੂੰ ਮਿਲਿਆ ਹੈਂ ਬਹੁਤ ਸੇਵਾ ਕਰ ਰਿਹਾ ਹੈ, ਧੰਨ ਹੈ ਤੇਰਾ ਜਨਮ। ਸੋ ਉਸ ਵੇਲੇ ਸੰਗਤ ਬਿਰਾਜ ਗਈ। ਮਹਾਰਾਜ ਜੀ ਤੇ ਮਾਤਾ ਜੀ ਪੱਖਾ ਝਲਦੇ ਨੇ, ਜਿਸ ਨੂੰ ਨੀਂਦ ਨਹੀਂ ਆਉਂਦੀ ਲੱਤਾਂ ਘੁਟਦੇ ਨੇ ਉਨ੍ਹਾਂ ਦੀਆਂ, ਪਿੱਠ ਘੁਟਦੇ ਨੇ ਤੇ ਜਦੋਂ ਇਕ ਸੌਂ ਜਾਂਦਾ ਹੈ ਤਾਂ ਦੂਸਰੇ ਨੂੰ। ਇਕ ਬਿਰਧ ਨੂੰ ਨੀਂਦ ਨਹੀਂ ਆ ਰਹੀ ਤੇ ਪਾਸੇ ਲਈ ਜਾਂਦਾ ਹੈ। ਗੁਰੂ ਮਹਾਰਾਜ ਜੀ ਉਸ ਦੀਆਂ ਲੱਤਾਂ ਦਬਾ ਰਹੇ ਨੇ, ਪਿੱਠ ਦਬਾ ਰਹੇ ਨੇ।

ਉਹ ਵਾਰ ਵਾਰ ਕਹਿੰਦਾ ਹੈ, "ਗੁਰਸਿਖਾ! ਤੂੰ ਤਾਂ ਆਰਾਮ ਹੀ ਨਹੀਂ ਕਰਿਆ ਅਜੇ ਤੱਕ। ਤੂੰ ਤਾਂ ਆਰਾਮ ਕਰ ਲੈ ਤੇ ਮੈਨੂੰ ਆਪਣਾ ਨਾ ਪਤਾ ਦੱਸ। ਜਦੋਂ ਸਵੇਰੇ ਮੈਂ ਗੁਰੂ ਮਹਾਰਾਜ ਜੀ ਦਰਸ਼ਨ ਕਰਾਂਗਾ ਤਾਂ ਤੇਰੀ ਸੇਵਾ ਅਸੀਂ ਜ਼ਰੂਰ ਉਨ੍ਹਾਂ ਨੂੰ ਦੱਸਣੀ ਹੈ ਕਿਉਂਕਿ ਇਹੋ ਜਿਹੀ ਸੇਵਾ ਅਸੀਂ ਦੇਖੀ ਨਹੀਂ ਕਿਸੇ ਦੀ ਕਦੇ।

ਓਧਰ ਬੀਬੀਆਂ ਨੂੰ ਪੱਖਾ ਝੱਲ ਰਹੇ ਨੇ ਮਾਤਾ ਜੀ। ਜਿਸ ਨੂੰ ਨੀਂਦ ਨਹੀਂ ਆਉਂਦੀ ਉਸ ਦੇ ਚਰਨ ਦਬਾਉਂਦੇ ਨੇ। ਅੰਮ੍ਰਿਤ ਵੇਲਾ ਹੋ ਗਿਆ, ਇਸ਼ਨਾਨ ਦਾ ਮੌਕਾ ਹੋ ਗਿਆ ਤੇ ਓਧਰਲੇ ਪਾਸੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਗੁਰੂ ਮਹਾਰਾਜ ਜੀ ਦੇ ਦਰਵਾਜੇ ਦੇ ਅੱਗੇ ਖੜ੍ਹੇ ਇੰਤਜਾਰ ਕਰ ਰਹੇ ਨੇ ਕਿ ਹੁਣ ਸਮਾਂ ਹੋ ਗਿਆ ਆਪ ਬਾਹਰ ਆਉਣਗੇ ਪਰ ਦਰਵਾਜਾ ਨਹੀਂ ਖੁਲਿਆ। ਸੇਵਾਦਾਰਾਂ ਨੂੰ ਪੁਛਿਆ ਕਿ ਕੀ ਗੱਲ ਅੱਜ ਮਹਾਰਾਜ ਨਹੀਂ ਆਏ।"

ਉਹ ਕਹਿੰਦੇ ਕਿ ਮਹਾਰਾਜ ਜੀ ਦਾ ਤਾਂ ਪਤਾ ਹੀ ਨਹੀਂ, ਸ਼ਾਮ ਦੇ ਹੀ ਕਿਥੇ ਗਏ ਹੋਏ ਨੇ, ਪਤਾ ਨਹੀਂ ਕਿਹੜੇ ਪ੍ਰੇਮੀ ਨੂੰ ਤਾਰਨ ਗਏ ਹੋਏ ਨੇ, ਉਹ ਤਾਂ ਅਜੇ ਤੱਕ ਵਾਪਸ ਨਹੀਂ ਆਏ ਤੇ ਸਾਨੂੰ ਦੱਸ ਕੇ ਵੀ ਨਹੀਂ ਗਏ, ਇਸੇ ਤਰ੍ਹਾਂ ਗੁਪਤ ਤਰੀਕੇ ਨਾਲ ਚਲੇ ਗਏ, ਮਾਤਾ ਜੀ ਨਾਲ ਨੇ। ਉਸ ਵੇਲੇ ਭਾਈ ਗੁਰਦਾਸ ਜੀ ਸਮਝ ਗਏ ਕਿ ਕੋਈ ਕੌਤਕ ਹੈ ਤੇ ਬਾਬਾ

ਬੁੱਢਾ ਜੀ ਨੂੰ ਕਹਿਣ ਲੱਗੇ ਕਿ ਬਾਬਾ ਜੀ! ਤੁਹਾਨੂੰ ਗੁਰੂ ਨਾਨਕ ਸਾਹਿਬ ਦਾ ਵਰ ਹੈ ਕਿ ਸਤਿਗੁਰੂ ਤੁਹਾਡੇ ਨੇਤਰਾਂ ਤੋਂ ਕਦੇ ਲਾਂਭੇ ਨਹੀਂ ਹੋਏਗਾ। ਤੁਸੀਂ ਕਿਰਪਾ ਕਰਕੇ ਦੱਸੋ ਤਾਂ ਸਹੀ ਕਿ ਮਹਾਰਾਜ ਏਸ ਵੇਲੇ ਕਿਥੇ ਨੇ ਤਾਂ ਕਿ ਆਪਾਂ ਚੱਲ ਕੇ ਲੈ ਆਈਏ, ਬੇਨਤੀ ਕਰੀਏ, ਹੁਣ ਸੰਗਤ ਵਿਚ ਆ ਕੇ ਦਰਸ਼ਨ ਦੇਣ।

ਬਾਬਾ ਜੀ ਕਹਿਣ ਲੱਗੇ ਕਿ ਕੋਈ ਪਤਾ ਨਹੀਂ ਹੈ ਕਿਉਂਕਿ ਨਿਮਰਤਾ ਗੁਰਮੁਖਾਂ ਦਾ ਗਹਿਣਾ ਹੋਇਆ ਕਰਦਾ ਹੈ। ਸਭ ਕੁਝ ਜਾਣਦੇ ਹੋਏ ਵੀ ਨਹੀਂ ਦਸਦੇ ਕਿ ਸਾਨੂੰ ਪਤਾ ਹੈ। ਸੋ ਆਪ ਕਹਿਣ ਲੱਗੇ ਕਿ ਆਪਾਂ ਦੇਖ ਲੈਂਦੇ ਹਾਂ ਤੁਰ ਫਿਰ ਕੇ ਪਹਿਲਾਂ ਸੰਗਤ ਵਿਚ ਦੇਖ ਲੇਈਏ ਫੇਰ ਬਾਹਰ ਦੇਖ ਲਵਾਂਗੇ, ਪੁਛ ਲਵਾਂਗੇ ਹੋਰ ਗੁਰਸਿਖਾਂ ਨੂੰ। ਚਲੋ ਆਓ ਦੇਖੀਏ। ਹੌਲੀ ਹੌਲੀ ਪਰਕਰਮਾ ਵਿਚ ਜਾਂਦੇ ਜਾਂਦੇ ਅੱਗੇ ਕੀ ਦੇਖਦੇ ਨੇ ਕਿ ਪੱਖਾ ਵੀ ਝੱਲਿਆ ਜਾ ਰਿਹਾ ਹੈ ਸੁੱਤੀ ਪਈ ਸੰਗਤ ਨੂੰ ਤੇ ਇਕ ਪ੍ਰੇਮੀ ਇਕ ਬਿਰਧ ਦੀਆਂ ਲੱਤਾ ਘੁਟਦਾ ਹੈ। ਤੇ ਉਹ ਬਿਰਧ ਕਹਿ ਰਿਹਾ ਹੈ ਕਿ ਪ੍ਰੇਮੀਆ! ਮੈਨੂੰ ਤੂੰ ਆਪਣਾ ਨਾਂ ਤਾਂ ਦੱਸ, ਮੈਨੂੰ ਨੀਂਦ ਤਾਂ ਨਹੀਂ ਆਉਂਦੀ ਪਰ ਤੂੰ ਮੇਰਾ ਥਕੇਵਾਂ ਲਾਹ ਦਿੱਤਾ। ਮੈਂ ਜਰੂਰ ਗੁਰੂ ਮਹਾਰਾਜ ਜੀ ਪਾਸ ਤੇਰਾ ਜ਼ਿਕਰ ਕਰਨਾ ਹੈ। ਗੁਰੂ ਮਹਾਰਾਜ ਜੀ ਨੇ ਜਦੋਂ ਦੇਖਿਆ ਕਿ ਬਾਬਾ ਬੁੱਢਾ ਜੀ ਆ ਰਹੇ ਨੇ ਤੇ ਭਾਈ ਗੁਰਦਾਸ ਜੀ ਆ ਰਹੇ ਨੇ ਤਾਂ ਆਪ ਨੇ ਨੀਵੀਂ ਪਾ ਲਈ। ਆਪ ਬਹੁਤ ਹੇਠਾਂ ਨੂੰ ਹੋ ਗਏ ਤਾ ਕਿ ਪਛਾਣ ਨਾ ਲੈਣ। ਉਨ੍ਹਾਂ ਨੇ ਪਛਾਣ ਲਿਆ ਤੇ ਜਦੋਂ ਆ ਕੇ ਨਮਸ਼ਕਾਰ ਕਰੀ।

ਨਮਸ਼ਕਾਰ ਕਰਕੇ ਕਹਿਣ ਲੱਗੇ, "ਪਾਤਿਸ਼ਾਹ! ਕਿੰਨੇ ਸੇਵਕ ਨੇ, ਕਿੰਨੇ ਹੀ ਗੁਰਸਿਖ ਨੇ ਐਨਿਆਂ ਦੇ ਹੁੰਦੇ ਆਪ ਹੱਥੀਂ ਸੇਵਾ ਕਰ ਰਹੇ ਹੋ, ਕੱਲ੍ਹ ਸ਼ਾਮ ਦੇ ਲੱਗੇ ਹੋਏ ਹੋ, ਪੱਖੇ ਝੱਲੀ ਜਾਂਦੇ ਹੋ।"

ਜਦੋਂ ਐਨੀ ਗੱਲ ਸੁਣੀ ਤਾਂ ਉਹ ਬਾਬਾ ਉਠ ਕੇ ਧਾਹਾਂ ਮਾਰਨ ਲੱਗ ਗਿਆ ਕਹਿਣ ਲੱਗਿਆ, "ਸਤਿਗੁਰੂ ਸੱਚੇ ਪਾਤਿਸ਼ਾਹ! ਆਪ? ਆਪ ਤੋਂ ਅਸੀਂ ਲੱਤਾਂ ਘੁਟਵਾਈਆਂ, ਆਪ ਪੱਖੇ ਝੱਲਦੇ ਰਹੇ?"

ਸਾਰੀ ਸੰਗਤ ਉਠ ਕੇ ਬੈਠ ਗਈ, ਸੰਗਤ ਚਰਨਾਂ ਵੱਲ ਨੂੰ ਦੌੜਦੀ ਹੈ।

ਉਸ ਵੇਲੇ ਮਹਾਰਾਜ ਜੀ ਕਹਿੰਦੇ, "ਬਾਬਾ ਬੁੱਢਾ ਜੀ! ਭਾਈ ਗੁਰਦਾਸ ਜੀ! ਤੁਸੀਂ ਸਾਰੇ ਸਿੱਖ ਸੰਗਤ ਦੀ ਸੇਵਾ ਕਰਕੇ ਲਾਹਾ ਲੈਂਦੇ ਹੋ ਪਰ ਜਦੋਂ ਅਸੀਂ ਕਿਤੇ ਸੇਵਾ ਕਰਨ ਲਗਦੇ ਹਾਂ ਤਾਂ ਸਾਨੂੰ ਤੁਸੀਂ ਸੇਵਾ ਨਹੀਂ ਕਰਨ ਦਿੰਦੇ। ਅਸੀਂ ਤਾਂ ਜਦੋਂ ਗੁਰਸਿਖਾਂ ਦੀ ਸੇਵਾ ਕਰਦੇ ਹਾਂ ਤਾਂ ਨਿਹਾਲ ਹੋ ਜਾਂਦੇ ਹਾਂ।"

ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਹੋਵਾਂ ਮੈਂ ਨਿਹਾਲ ਪਾਣੀ ਪੱਖਾ ਪੀਸਣ ਪੀਸ ਕੇ -2, 2.***

***ਪਾਣੀ ਪੱਖਾ ਪੀਸਣ ਪੀਸ ਕੇ -2, 2.***
***ਹੋਵਾਂ ਮੈਂ ਨਿਹਾਲ ਪਾਣੀ,............ -2.***

***ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥***
***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥ ਅੰਗ - 811***

ਅੱਗ ਵਿਚ ਸੁੱਟ ਦੇਹ ਸਰਦਾਰੀਆਂ, ਵੱਡੇਪਣ ਨੂੰ ਅੱਗ ਵਿਚ ਜਾਲ ਦੇ ਕਿਉਂਕਿ ਤੈਨੂੰ ਸੇਵਾ ਨਹੀਂ ਕਰਨ ਦੇ ਰਹੇ। ਮਹਾਰਾਜ ਜੀ ਕਹਿੰਦੇ,"ਬਾਬਾ ਜੀ! ਤੁਸੀਂ ਸਾਰੀ ਸੇਵਾ ਕਰਦੇ ਹੋ ਪਰ ਜਦੋਂ ਕਦੇ ਮੈਂ ਸੇਵਾ ਕਰਨ ਲਗਦਾ ਹਾਂ ਤਾਂ ਤੁਸੀਂ ਮੈਨੂੰ ਸੇਵਾ ਨਹੀਂ ਕਰਨ ਦਿੰਦੇ।"

ਧੰਨ ਗੁਰੂ ਅਰਜਨ ਦੇਵ ਮਹਾਰਾਜ! ਸਾਰੀ ਸੰਗਤ ਚਰਨਾਂ ਤੇ ਢਹਿ ਪਈ ਤੇ ਬੇਨਤੀ ਕਰਦੇ ਨੇ ਕਿ ਪਾਤਿਸ਼ਾਹ! ਤੁਸੀਂ ਆਪ ਸੀ? ਐਡਾ ਸਿੱਖ ਦਾ ਦਰਦ ਤੁਹਾਡੇ ਮਨ ਦੇ ਅੰਦਰ।

***ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥***
***ਸੇਵਕ ਕਉ ਗੁਰੁ ਸਦਾ ਦਇਆਲ॥ ਅੰਗ - 286***

ਸਿੱਖ ਦੀ ਤਾਂ ਪ੍ਰਤਿਪਾਲਨਾ ਕਰਦਾ ਹੈ, ਪੁੱਤਰਾਂ ਨਾਲੋਂ ਵੀ ਜਿਆਦਾ। ਆਪਣੀ ਜਾਨ ਦੇ ਬਰਾਬਰ ਸਮਝਦਾ ਹੈ। ਸੋ ਇਸ ਤਰ੍ਹਾਂ ਗੁਰੂ ਘਰ ਦੇ ਅੰਦਰ ਕੋਈ ਵੀ ਬੰਦਾ ਸੇਵਾ ਕਰਕੇ ਦੇਖ ਲਓ ਫਲ ਜਰੂਰ ਮਿਲਿਆ ਕਰਦਾ ਹੈ। ਮਾਲਵੇ ਦੇ ਰਹਿਣ ਵਾਲੇ ਬਰਾੜ ਜਿਨ੍ਹਾਂ ਦਾ ਨਾਂ ਆਦਮ ਸੀ। ਆਪ ਦੀ ਉਮਰ ਸੱਤਰ ਸਾਲ ਦੀ ਹੋ ਗਈ। ਬੜੇ ਯਤਨ ਕੀਤੇ ਇਕ ਲੜਕੀ ਹੋਈ ਪਰ ਲੜਕਾ ਨਾ ਹੋਇਆ। ਜ਼ਮੀਨ ਜਾਇਦਾਦ ਬਹੁਤ ਸੀ, ਮਨ ਵਿਚ ਹਰ ਵਕਤ ਖਾਹਿਸ਼ ਰਹਿੰਦੀ ਸੀ ਕਿਉਂਕਿ ਪੁੱਤਰ ਵਾਸ਼ਨਾ, ਧਨ ਵਾਸ਼ਨਾ, ਲੋਕ ਲਾਜ ਵਾਸ਼ਨਾ ਇਹ ਪੰਜ ਸੱਤ ਵਾਸ਼ਨਾਵਾਂ ਐਡੀਆਂ ਪ੍ਰਬਲ ਨੇ ਕਿ ਆਦਮੀ ਨੂੰ ਹਰ ਵਕਤ ਰਿੜਕਦੀਆਂ ਰਹਿੰਦੀਆਂ ਨੇ। ਸੱਤਰ ਸਾਲ ਦੀ ਉਮਰ ਹੋ ਗਈ, ਇਕੋ ਲਗਨ ਲੱਗੀ ਹੋਈ ਹੈ ਕਿ ਮੇਰੇ ਲੜਕਾ ਨਹੀਂ ਹੋਇਆ। ਜਿਥੇ ਕੋਈ ਦਸਦਾ ਹੈ ਕਿ ਉਥੇ ਸੁੱਖ ਆਓ, ਉਥੇ ਹੀ ਜਾਂਦੇ ਨੇ, ਸੁੱਖਾਂ ਸੁਖਦੇ ਨੇ, ਪਰ ਕੁਝ ਬਣਦਾ ਨਹੀਂ। ਅਖੀਰ ਕੋਈ ਗੁਰਸਿਖ ਮਿਲ ਗਿਆ, ਉਸ ਦੇ ਕੋਲ ਵੀ ਉਸ ਨੇ ਜ਼ਿਕਰ ਕਰਿਆ। ਉਹ ਕਹਿੰਦਾ ਦੇਖ ਪ੍ਰੇਮੀਆ! ਸਾਡੇ ਸਤਿਗੁਰੂ ਦੀ ਬਾਣੀ ਹੈ, ਉਸ ਦੇ ਵਿਚ ਫੁਰਮਾਨ ਕੀਤਾ ਹੋਇਆ ਹੈ ਕਿ ਸੇਵਾ ਕਰਨ ਦੇ ਨਾਲ ਫਲ ਪ੍ਰਾਪਤ ਹੋ ਜਾਂਦਾ ਹੈ। ਏਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ -2, 2.*
*ਮੇਰੇ ਪਿਆਰੇ, ਸੇਵਾ ਕਰ ਲੈ ਸਾਧੂਆਂ ਦੀ -2, 2.*
*ਜੇ ਤੈਂ ਚਾਰ ਪਦਾਰਥ ਲੈਣੇ, ........ -2.*

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਆਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਜਾ ਕੈ ਬਲਿ ਬਲਿ ਜਾਸਾ॥*
*ਅੰਗ - 266*

ਪ੍ਰੇਮੀਆ! ਜੇ ਤੂੰ ਅੰਮ੍ਰਿਤਸਰ ਜਾ ਕੇ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਸੰਗਤਾਂ ਦੀ ਸੇਵਾ ਕਰੇਂ ਤਾਂ ਮੇਰਾ ਦਿਲ ਗਵਾਹੀ ਦਿੰਦਾ ਹੈ ਕਿ ਤੈਨੂੰ ਜਰੂਰ ਮਨ ਮੰਗੀ ਮੁਰਾਦ ਪ੍ਰਾਪਤ ਹੋ ਜਾਏਗੀ ਗੁਰੂ ਘਰ ਦੇ ਅੰਦਰ ਕੋਈ ਘਾਟਾ ਨਹੀਂ ਹੈ। ਏਸ ਵੇਲੇ ਹੋਰ ਸੰਸਾਰ ਵਿਚ ਕੋਈ ਨਹੀਂ ਜਿਹੜਾ ਤੇਰੀ ਮੰਗ ਪੂਰੀ ਕਰ ਦੇਵੇ। ਸੋ ਪਰਿਵਾਰ ਸਮੇਤ ਇਕ ਲੜਕੀ ਹੈ, ਇਕ ਘਰਵਾਲੀ ਹੈ ਤੇ ਆਪ ਹੈ। ਗੁਰੂ ਦੇ ਦਰਬਾਰ ਵਿਚ ਆ ਗਏ, ਥੋੜ੍ਹੇ ਦਿਨ ਰਹੇ ਤਾਂ ਉਥੇ ਦੀ ਸਾਰੀ ਮਰਿਆਦਾ ਸਮਝ ਵਿਚ ਆਈ ਤੇ ਸਭ ਤੋਂ ਉਤਮ ਸੇਵਾ ਜੰਗਲ ਵਿਚੋਂ ਲੱਕੜਾਂ ਇਕੱਠੀਆਂ ਕਰਕੇ ਲੰਗਰ ਲਈ ਲਿਆਉਣ ਦੀ ਉਨ੍ਹਾਂ ਨੇ ਸਾਂਭ ਲਈ। ਸੋ ਅੰਮ੍ਰਿਤ ਵੇਲੇ ਹੀ ਆਪ ਨੇ ਜੰਗਲ ਵਿਚ ਚਲੇ ਜਾਣਾ ਤੇ ਲੱਕੜਾਂ ਇਕੱਠੀਆਂ ਕਰਨੀਆਂ ਦੋ ਭਰੇ ਲਿਆਉਣੇ। ਇਕ ਗੁਰੂ ਕੇ ਲੰਗਰ ਵਿਚ ਰੱਖ ਦੇਣਾ ਤੇ ਦੂਸਰੇ ਵਿਚੋਂ ਅਧਾ ਵੇਚ ਕੇ ਆਪਣੀ ਉਪਜੀਵਕਾ ਤੋਰਨੀ ਅੱਧਾ ਭਰਾ ਜਮ੍ਹਾਂ ਕਰ ਲੈਣਾ। ਉਹ ਇਸ ਕਰਕੇ ਕਿ ਗੁਰੂ ਕੇ ਲੰਗਰ ਵਿਚ ਜੇ ਪ੍ਰਸ਼ਾਦਾ ਛਕੀਏ ਤਾਂ ਸੇਵਾ ਕਾਹਦੀ ਰਹਿ ਗਈ। ਉਹ ਤਾਂ ਪ੍ਰਸ਼ਾਦੇ ਸੇਵਾ ਦਾ ਮੁੱਲ ਅਸੀਂ ਨਾਲ ਦੀ ਨਾਲ ਲਈ ਜਾਂਦੇ ਹਾਂ। ਸੋ ਨਿਸ਼ਕਾਮ ਹੋ ਕੇ ਸੇਵਾ ਕਰਦੇ ਨੇ ਕਿ ਕਦੇ ਤਾਂ ਗੁਰੂ ਮਹਾਰਾਜ ਜੀ ਪ੍ਰਸੰਨ ਹੋਣਗੇ। ਸਮਾਂ ਬੀਤਦਾ ਗਿਆ ਤੇ ਸਰਦੀ ਆ ਗਈ। ਅੱਜ ਗੁਰੂ ਮਹਾਰਾਜ ਜੀ ਬਾਹਰ ਗਏ ਹੋਏ ਨ ਤੇ ਜਦੋਂ ਵਾਪਸ ਆਏ ਤਾਂ ਬਹੁਤ ਸਾਰੀ ਸੰਗਤ ਆਪ ਦੇ ਨਾਲ ਹੈ ਤੇ ਕਣੀਆਂ ਪੈ ਰਹੀਆਂ ਨੇ, ਬਸਤਰ ਭਿੱਜ ਗਏ। ਮਹਾਰਾਜ ਜੀ ਨੇ ਲਾਂਗਰੀ ਸਿੰਘ ਨੂੰ ਬੁਲਾਇਆ। ਕਹਿਣ ਲੱਗੇ, "ਪ੍ਰੇਮੀਆ! ਸੰਗਤਾਂ ਸਭ ਭਿੱਜੀਆਂ ਹੋਈਆਂ ਨੇ। ਇਨ੍ਹਾਂ ਲਈ ਅੱਜ ਸੇਕਣ ਦਾ ਕੋਈ

ਪ੍ਰਬੰਧ ਕਰਨਾ ਚਾਹੀਦਾ ਹੈ। ਕਿੰਨੀ ਕੁ ਲੱਕੜ ਹੈ?”

ਮਹਾਰਾਜ ਸੱਚੇ ਪਾਤਿਸ਼ਾਹ! ਲੱਕੜ ਤਾਂ ਲੰਗਰ ਪਕਾਉਣ ਜੋਗੀ ਹੀ ਹੈ ਵਾਧੂ ਹੈ ਨਹੀਂ।”

ਮਹਾਰਾਜ ਜੀ ਚੁੱਪ ਕਰ ਗਏ ਤੇ ਅੰਦਰ ਚਲੇ ਗਏ। ਏਧਰ ਭਾਈ ਆਦਮ ਨੂੰ ਪਤਾ ਲੱਗਿਆ ਕਿ ਸੰਗਤ ਭਿੱਜੀ ਹੋਈ ਹੈ ਤੇ ਹੋਵੇ ਨਾ ਜੋ ਘਰ ਲੱਕੜਾਂ ਪਈਆਂ ਨੇ ਉਹ ਸਾਰੀਆਂ ਥਾਂ ਥਾਂ ਹਰ ਡੇਰੇ ਦੇ ਅੱਗੇ ਮੈਂ ਧੂਣੀਆਂ ਲਾ ਦਿਆਂ। ਸੋ ਆਪ ਨੇ, ਲੜਕੀ ਤੇ ਘਰਵਾਲੀ ਤਿੰਨਾਂ ਨੇ ਢੋ-ਢੋ ਕੇ ਧੂਣੀਆਂ ਹੀ ਧੂਣੀਆਂ ਲਾ ਦਿੱਤੀਆਂ। ਗਰਮ ਹਵਾ ਕਮਰਿਆਂ ਦੇ ਅੰਦਰ ਨੂੰ ਜਾਂਦੀ ਹੈ, ਬਸਤਰ ਸੁੱਕ ਗਏ ਤੇ ਅੰਮ੍ਰਿਤ ਵੇਲੇ ਜਦੋਂ ਮਹਾਰਾਜ ਜੀ ਬਾਹਰ ਆਏ ਇਸ਼ਨਾਨ ਕਰਕੇ ਰੋਸ਼ਨੀ ਦੇਖੀ ਤਾਂ ਕਹਿਣ ਲੱਗੇ ਕਿ ਪ੍ਰੇਮੀਓ! ਇਹ ਕੀ ਗੱਲ ਲਕੜਾ ਕਿਥੋਂ ਆ ਗਈਆਂ? ਕਹਿੰਦੇ ਪਾਤਸ਼ਾਹ! ਇਕ ਆਪ ਦਾ ਗੁਰਸਿਖ ਹੈ ਇਥੇ ਉਸ ਦਾ ਨਾਂ ਆਦਮ ਹੈ ਤੇ ਉਹ ਬਰਾੜ ਜਾਤੀ ਦਾ ਹੈ। ਉਹ ਇਥੇ ਸੇਵਾ ਕਰਦਾ ਹੈ ਤੇ ਰੋਜ਼ ਲੰਗਰ ਲਈ ਇਕ ਭਰਾ ਲੈ ਕੇ ਆਉਂਦਾ ਹੈ ਤੇ ਉਸ ਦੇ ਘਰੋਂ ਬੀਬੀ ਤੇ ਇਕ ਲੜਕੀ ਹੈ। ਉਹ ਸਵੇਰ ਤੋਂ ਲੱਗ ਜਾਂਦੀਆਂ ਨੇ ਸੇਵਾ ਵਿਚ ਝਾੜੂ ਦਿੰਦੀਆਂ ਨੇ, ਬਰਤਨ ਮਾਂਜਦੀਆਂ ਹਨ, ਪ੍ਰਸ਼ਾਦੇ ਲਾਹੁੰਦੀਆਂ ਨੇ, ਚੱਕੀ ਪੀਂਹਦੀਆਂ ਨੇ ਤੇ ਦਾਲਾਂ ਆਦਿ ਸਭ ਸਾਫ ਕਰਦੀਆਂ ਹਨ, ਦਿਨ ਰਾਤ ਸੇਵਾ ਕਰ ਰਿਹਾ ਹੈ ਪਰਿਵਾਰ ਮਹਾਰਾਜ। ਪ੍ਰਸ਼ਾਦਾ ਲੰਗਰ ਵਿਚੋਂ ਨਹੀਂ ਛਕਦੇ, ਆਪਣੇ ਘਰੋਂ ਹੀ ਜਾ ਕੇ ਛਕਦੇ ਨੇ। ਸੋ ਮਹਾਰਾਜ ਜੀ ਬੜੇ ਹੀ ਪ੍ਰਸੰਨ ਹੋਏ ਤੇ ਕਹਿਣ ਲੱਗੇ, “ਸਵੇਰੇ ਸਾਡੇ ਪੇਸ਼ ਕਰਿਓ ਇਨ੍ਹਾਂ ਨੂੰ।”

ਦੀਵਾਨ ਦੀ ਸਮਾਪਤੀ ਹੋਈ, ਹੁਕਮ ਦੇ ਮੁਤਾਬਿਕ ਭਾਈ ਆਦਮ ਖੜ੍ਹੇ ਹੋ ਗਏ ਦੋਹੇ ਹੱਥ ਜੋੜ ਕੇ। ਸੇਵਾਦਾਰ ਬੋਲਿਆ, “ਮਹਾਰਾਜ! ਇਹ ਗੁਰਸਿਖ ਹੈ।”

ਮਹਾਰਾਜ ਜੀ ਕਹਿੰਦੇ, “ਗੁਰਸਿਖਾ! ਦੱਸ ਗੁਰੂ ਤੋਂ ਤੈਨੂੰ ਕੀ ਦਿਵਾ ਦੇਈਏ? ਜੋ ਮੰਗਣਾ ਹੈ ਮੰਗ ਲੈ ਗੁਰੂ ਨਾਨਕ ਸਾਹਿਬ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ।”

ਸੰਗ ਗਿਆ ਕਿ ਮੇਰੀ ਉਮਰ ਵੱਡੀ ਹੈ ਤੇ ਐਨੀ ਸੰਗਤ ਵਿਚ ਮੈਂ ਕੀ ਕਹਾਂ? ਕਹਿ ਨਾ ਸਕਿਆ। ਕਹਿੰਦਾ, “ਪਾਤਿਸ਼ਾਹ! ਨਾਮ ਦਾਨ ਦੇ ਦਿਓ।”

ਮਹਾਰਾਜ ਜੀ ਕਹਿੰਦੇ, “ਇਹ ਤਾਂ ਦੇਵਾਂਗੇ ਹੀ ਪਰ ਤੂੰ ਜਿਹੜੀ ਮੰਗ ਲੈ ਕੇ ਸੇਵਾ ਕਰਦਾ ਹੈਂ ਉਹ ਦੱਸ।”

ਫੇਰ ਚੁੱਪ ਕਰ ਗਿਆ, ਤਿੰਨ ਬਚਨ ਕਰੇ।

ਮਹਾਰਾਜ ਜੀ ਕਹਿੰਦੇ, "ਤਿੰਨ ਬਚਨ ਹੁੰਦੇ ਨੇ। ਚੱਲ ਤੂੰ ਘਰ ਸਲਾਹ ਕਰ ਲੈ, ਚੌਥਾ ਬਚਨ ਅਸੀਂ ਰੱਖ ਲੈਂਦੇ ਹਾਂ।" ਜਦੋਂ ਮਹਾਂਪੁਰਸ਼ ਪ੍ਰਸੰਨ ਹੁੰਦੇ ਨੇ ਉਸ ਵੇਲੇ ਜਿਵੇਂ ਜਵਾਰ ਭਾਟਾ ਆਉਂਦਾ ਹੈ ਇਸੇ ਤਰ੍ਹਾਂ ਦਾ ਜਵਾਰ ਭਾਟਾ ਉਨ੍ਹਾਂ ਦੇ ਹਿਰਦੇ ਵਿਚ ਹੋਇਆ ਕਰਦਾ ਹੈ। ਉਦੋਂ ਜੋ ਬਚਨ ਕਰ ਦੇਣ ਉਹ ਪੂਰਾ ਹੋ ਜਾਇਆ ਕਰਦਾ ਹੈ। ਮਹਾਂਪੁਰਸ਼ਾਂ ਤੋਂ ਬਚਨ ਲੈਣਾ ਬੜਾ ਔਖਾ ਹੈ। ਇਕ ਤਾਂ ਕਹਿੰਦੇ ਬਚਨ ਕਰ ਦਿਓ ਜੀ। ਉਹ ਕਹੀ ਜਾਂਦੇ ਨੇ ਕਿ ਮਹਾਰਾਜ ਜੀ ਭਲੀ ਕਰਨਗੇ। ਮਹਾਰਾਜ ਜੀ (ਵੱਡੇ ਸੰਤ ਜੀ ਮਹਾਰਾਜ ਰਾੜੇ ਵਾਲੇ) ਦੱਸਿਆ ਕਰਦੇ ਸਨ ਕਿ ਮੱਲੋ ਮੱਲੀ ਬਚਨ ਲੈਂਦੇ ਨੇ। ਇਕ ਹੋਇਆ ਕਦਾ ਹੈ ਉਨ੍ਹਾਂ ਦੇ ਹਿਰਦੇ ਤੋਂ ਆਪੇ ਹੀ ਉਠਣਾ। ਉਹ ਜਵਾਰ ਭਾਟਾ ਹੁੰਦਾ ਹੈ ਤੇ ਬਖਸ਼ਿਸ਼ਾਂ ਦਾ ਭਰਿਆ ਹੋਇਆ ਹੁੰਦਾ ਹੈ।

ਸੋ ਮਹਾਰਾਜ ਜੀ ਕਹਿੰਦੇ, "ਕੋਈ ਨਾ! ਅਸੀਂ ਸਾਂਭ ਕੇ ਰੱਖਦੇ ਹਾਂ, ਸਲਾਹ ਕਰ ਲਓ।"

ਸਲਾਹ ਕਰ ਲਈ ਦੂਸਰਾ ਦਿਨ ਆ ਗਿਆ ਫੇਰ ਖੜ੍ਹੇ ਹੋ ਗਏ ਤਿੰਨੇ ਜਣੇ।

ਮਹਾਰਾਜ ਜੀ ਕਹਿੰਦੇ, "ਦੱਸੋ ਭਾਈ! ਕੀ ਮੰਗ ਹੈ?"

ਦੋਹੇ ਚੁਪ ਰਹੇ ਤਾਂ ਲੜਕੀ ਬੋਲੀ, ਕਹਿਣ ਲੱਗੀ, "ਪਾਤਿਸ਼ਾਹ! ਮੇਰਾ ਵੀਰ ਨਹੀਂ ਹੈ ਸਾਡੀ ਜੋੜੀ ਬਣਾ ਦਿਓ।"

ਐਨੀ ਗੱਲ ਕਹਿਣ ਦੀ ਦੇਰ ਸੀ। ਮਹਾਰਾਜ ਜੀ ਗੰਭੀਰ ਹੋ ਗਏ, ਨੇਤਰ ਬੰਦ ਕਰ ਲਏ।

ਕਹਿੰਦੇ, "ਭਾਈ ਆਦਮ! ਤੇਰੇ ਪਿਛਲੇ ਜਨਮ ਦੇ ਐਸੇ ਕਰਮ ਨੇ ਕਿ ਤੇਰੇ ਸੱਤ ਜਨਮ ਤੱਕ ਪੁੱਤਰ ਨਹੀਂ ਹੋਣਾ, ਕਰਮਾਂ ਦਾ ਫਲ ਤੈਨੂੰ ਮਿਲ ਰਿਹਾ ਹੈ ਪਰ ਤੂੰ ਗੁਰੂ ਨਾਨਕ ਦੀ ਸੰਗਤ ਦੀ ਸੇਵਾ ਕਰਕੇ ਸਾਨੂੰ ਪ੍ਰਸੰਨ ਕਰ ਲਿਆ। ਜਾਹ! ਅਸੀਂ ਤੈਨੂੰ ਇਕ ਪੁੱਤਰ ਦੀ ਦਾਤ ਦਿੰਦੇ ਹਾਂ। ਉਹ ਪੁੱਤਰ ਸਾਡੇ ਹੋਣਾ ਸੀ ਅਸੀਂ ਤੇਰੇ ਘਰ ਭੇਜਦੇ ਹਾਂ। ਉਸ ਦਾ ਨਾਂ ਭਾਈ ਭਗਤੂ ਰੱਖੀਂ, ਉਹ ਜੰਮਦਾ ਹੀ ਸਿਧ ਹੋਏਗਾ।"

ਸੋ ਇਸ ਤਰ੍ਹਾਂ ਦੇ ਨਾਲ –

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥*** ***ਅੰਗ – 266***

ਇਸ ਤਰ੍ਹਾਂ ਸੇਵਾ ਗੁਰੂ ਅਮਰਦਾਸ ਜੀ ਤਨ, ਮਨ ਤੋਂ ਕਰ ਰਹੇ ਨੇ। ਹਰ ਤਰ੍ਹਾਂ ਦੀ ਸੇਵਾ ਕਰਦੇ ਨੇ। ਇਥੋਂ ਤੱਕ ਲਿਖਿਆ ਹੋਇਆ ਹੈ ਕਿ ਆਪ ਨੇ ਰਾਤ ਨੂੰ ਸੌਣਾ ਛੱਡ ਦਿੱਤਾ।

ਭੁੱਖ ਤੋਂ ਬਗੈਰ ਜਿੰਨਾ ਜੀਅ ਕਰਦਾ ਹੈ ਖਾ ਲਓ, ਪੀ ਲਓ, ਉਹ ਰੋਗ ਹੀ ਪੈਦਾ ਕਰਦੇ ਨੇ। ਨਾਮ ਦੀ ਸ਼ਕਤੀ ਜੇ ਕਿਸੇ ਨੂੰ ਮਿਲ ਜਾਵੇ ਉਹ ਬਹੁਤ ਵੱਡੀ ਸ਼ਕਤੀ ਹੋਇਆ ਕਰਦੀ ਹੈ। ਸੋ ਆਪ ਦਿਨ ਰਾਤ ਜਾਗ ਕੇ ਸੇਵਾ ਕਰਦੇ ਨੇ। ਪਹਿਲਾਂ ਗਿਆਰਾ ਵਜੇ ਤੱਕ ਗੁਰੂ ਮਹਾਰਾਜ ਜੀ ਦਾ ਦੀਵਾਨ ਲਗਦਾ ਹੈ, ਸਮਾਪਤੀ ਹੁੰਦੀ ਹੈ। ਉਸ ਤੋਂ ਬਾਅਦ ਆਪ ਥੋੜ੍ਹਾ ਆਰਾਮ ਕਰਕੇ ਗਾਗਰ ਚੁੱਕ ਲੈਂਦੇ ਨੇ ਤੇ ਪਿਛੇ ਪੈਰੀਂ ਚਾਰ ਮੀਲ ਜਾਂਦੇ ਨੇ ਬਿਆਸਾ 'ਚੋਂ ਪਾਣੀ ਲੈਣ ਵਾਸਤੇ ਤੇ ਰਸਤੇ ਵਿਚ ਦਮਦਮਾ ਆਉਂਦਾ ਹੈ। ਉਥੇ ਜਾ ਕੇ ਆਪ ਅਰਦਾਸ ਕਰਦੇ ਨੇ ਕਿ ਹੇ ਪਾਤਿਸ਼ਾਹ! ਹੁਣ ਮੇਰੀ ਪਿੱਠ ਹੋਣ ਲੱਗੀ ਹੈ ਕਿਉਂਕਿ ਮੈਂ ਖੱਡ, (ਡੂੰਘੀ ਘਾਟੀ) ਵਿਚ ਵੜਨ ਲੱਗਿਆ ਹਾਂ। ਖਿਮਾ ਕਰਨਾ, ਮੇਰੀ ਪਿੱਠ ਆਪ ਵੱਲ ਹੋ ਰਹੀ ਹੈ। ਉਥੇ ਅਰਦਾਸ ਕਰਕੇ ਪਿੱਠ ਕਰਕੇ ਤੇ ਦਰਿਆ ਵੱਲ ਮੂੰਹ ਕਰਕੇ ਤੁਰਦੇ ਸਨ। ਦਰਿਆ ਵਿਚੋਂ ਜਲ ਦੀ ਗਾਗਰ ਭਰਨੀ ਜਿਉਂ ਜਿਉਂ ਸਰੀਰ ਜੀਰਨ ਹੋ ਗਿਆ, ਕਮਜ਼ੋਰ ਹੋ ਗਿਆ ਉਸ ਵੇਲੇ ਆਪ ਨੇ ਪਾਣੀ ਵਿਚ ਚੁੱਭੀ ਮਾਰਨੀ, ਸਣੇ ਕੱਪੜੀ ਤੇ ਸਿਰ ਦੇ ਉਤੇ ਗਾਗਰ ਰੱਖ ਲੈਣੀ ਪਾਣੀ ਦੀ ਭਰੀ ਹੋਈ। ਬਿਰਧ ਹੁੰਦੇ ਤੁਰੇ ਜਾ ਰਹੇ ਨੇ, 83 ਸਾਲ ਦੀ ਉਮਰ ਹੋ ਗਈ।

***ਮਧਰੋ ਡੀਲ ਸਰੀਰ ਅਲਪ ਇਨ,***
***ਬਹੁਰ ਬ੍ਰਿੱਧ, ਬਲ ਨਾਹਿੰ ਜਿਨ ਮਾਂਹਿ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਗ - 1383***

ਬਲ ਘੱਟ ਗਿਆ ਬਹੁਤ -

***ਸ੍ਵੇਤ ਕੇਸ, ਤਨ ਚਰਮ ਸਿਥਲ ਬਹੁ,..........।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਗ - 1383***

ਕਹਿੰਦੇ ਤਨ ਵਿਚ ਵਲ ਪੈ ਗਏ ਤੇ ਮਾਸ ਵਿਚ ਝੁਰੜੀਆਂ ਪੈ ਗਈਆਂ -

***............ ਸੇਵਾ ਸਭਿ ਤੇ ਅਧਿਕ ਕਰਾਹਿੰ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਗ - 1383***

ਸਾਰਿਆਂ ਤੋਂ ਵੱਧ ਫੇਰ ਵੀ ਸੇਵਾ ਕਰਦੇ ਨੇ। ਸੋ ਇਸੇ ਤਰ੍ਹਾਂ ਸੇਵਾ ਕਰ ਰਹੇ ਨੇ ਤੇ ਅੱਜ ਮੀਂਹ ਪੈਣਾ ਸ਼ੁਰੂ ਹੋ ਗਿਆ, ਚਿੱਕੜ ਹੋ ਗਿਆ, ਬੱਦਲ ਬਹੁਤ ਗਾੜ੍ਹੇ ਨੇ, ਰਸਤਾ ਦਿਸਦਾ ਨਹੀਂ। ਆਪ ਨੇ ਗਾਗਰ ਉਠਾਈ ਤੇ ਬਿਆਸਾ ਵੱਲ ਨੂੰ ਚੱਲ ਪਏ। ਉਸੇ ਤਰ੍ਹਾਂ ਨਾਲ ਜਾਂਦੇ ਨੇ ਪਿੱਛੇ ਨੂੰ ਦੇਖਦੇ ਨੇ। ਹਨ੍ਹੇਰੀ ਚੱਲ ਰਹੀ ਹੈ, ਰਸਤੇ ਵਿਚ ਕੰਡੇ ਉਡ ਉਡ ਕੇ ਗਿਰੇ

ਹੋਏ ਨੇ ਤੇ ਅਖੀਰ ਬਿਆਸਾ ਪਹੁੰਚ ਜਾਂਦੇ ਨੇ, ਕਿਉਂਕਿ ਇਹ ਕਸਵੱਟੀ ਹੈ ਸਾਧ ਸੰਗਤ ਜੀ! ਜਦੋਂ ਕੋਈ ਵੱਡਾ ਫਲ ਦੇਣਾ ਹੋਵੇ ਤਾਂ ਅਧਿਆਪਕ ਇਮਤਿਹਾਨ ਵੀ ਔਖਾ ਲੈਂਦਾ ਹੈ। ਸੋ ਇਸੇ ਤਰ੍ਹਾਂ ਜੋ ਰੂਹਾਨੀ ਪੜ੍ਹਾਈ ਹੈ ਇਸ ਦੇ ਵਿਚ ਵੀ ਕਸਵੱਟੀ ਲਗਦੀ ਹੈ। ਜਦੋਂ ਕਸਵੱਟੀ ਲਗਦੀ ਹੈ ਤਾਂ ਕੱਚਾ ਤਾਂ ਲੰਘ ਨਹੀਂ ਸਕਦਾ, ਉਥੇ ਪੱਕੇ ਹੀ ਲੰਘਦੇ ਨੇ। ਇਸ ਤਰ੍ਹਾਂ ਫਰਮਾਨ ਹੈ –

***ਧਾਰਨਾ – ਜਦੋਂ ਲਗਦੀ ਐ ਰਾਮ ਕਸੌਟੀ,***
***ਪਾਸ ਹੁੰਦੇ ਮਰਜੀਵੜੇ –2, 2.***
***ਮੇਰੇ ਪਿਆਰੇ, ਪਾਸ ਹੁੰਦੇ ਮਰਜੀਵੜੇ –2, 2.***
***ਜਦੋਂ ਲਗਦੀ ਐ ਰਾਮ ਕਸੌਟੀ,........ –2.***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥ ਅੰਗ – 948***

ਜਿੰਨੇ ਵੀ ਸੰਸਾਰ ਵਿਚ ਮਹਾਂਪੁਰਸ਼ ਆਏ ਨੇ, ਉਨ੍ਹਾਂ ਨੂੰ ਕਸਵੱਟੀ ਵਿੱਚੀ ਲੰਘਣਾ ਹੀ ਪੈਂਦਾ ਹੈ, ਪਾਸ ਹੋਣਾ ਪੈਂਦਾ ਹੈ। ਗੁਰੂ ਅੰਗਦ ਸਾਹਿਬ ਮਹਾਰਾਜ ਮੁਰਦਾ ਖਾਣ ਤੱਕ ਚਲੇ ਗਏ। ਬਾਬਾ ਫਰੀਦ ਜੀ ਨੇ ਬਾਰਾਂ ਸਾਲ ਪਹਿਲਾਂ ਤਪ ਕਰਿਆ, ਬਾਰਾਂ ਸਾਲ ਫੇਰ ਤਪ ਕਰਿਆ, ਫੇਰ ਤਪ ਕਰਿਆ, ਸਰੀਰ ਸੁਕਾ ਲਿਆ–

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***
***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥***
***ਅੰਗ – 1382***

ਅਖੀਰ ਆਵਾਜ਼ ਆਈ ਫਰੀਦਾ! ਤੂੰ ਜਿਥੇ ਰੱਬ ਨੂੰ ਭਾਲਦਾ ਹੈ ਰੱਬ ਇਥੇ ਨਹੀਂ ਹੈ ਉਹ ਤਾਂ ਤੇਰੇ ਹਿਰਦੇ ਵਿਚ ਵਸਦਾ ਹੈ।

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ ਅੰਗ – 1378***

ਜਾਹ! ਕਿਸੇ ਮੁਰਸ਼ਦ–ਏ–ਕਾਮਲ ਦੀ ਸ਼ਰਨ ਪੈ। ਗੈਬ ਦੀ ਆਵਾਜ ਸੁਣੀ, ਸੇਧ ਆਈ ਕਿ ਅਜਮੇਰ ਸ਼ਰੀਫ ਚਲਿਆ ਜਾਹ, ਉਥੇ ਬਖਤਿਆਰ

ਕਾਕੀ ਮੋਇਉਦੀਨ ਦਾ ਮੁਰੀਦ ਅੱਜ ਕੱਲ੍ਹ ਪੂਰਨ ਹੈ, ਉਥੇ ਪਹੁੰਚ ਜਾਹ। ਸੋ ਆਵਾਜ਼ ਨਾਲ ਉਥੇ ਪਹੁੰਚਦਾ ਹੈ। ਸੇਵਾ ਕਰਨੀ ਸ਼ੁਰੂ ਕਰ ਦਿੱਤੀ, ਦਿਨ ਰਾਤ ਇਕ ਕਰ ਦਿੱਤਾ, ਚੌਦਾ ਸਾਲ ਸੇਵਾ ਕਰਦੇ ਨੂੰ ਲੰਘ ਗਏ। ਪਹਿਲੇ ਦਿਨ ਮੁਰਸ਼ਦ ਨੇ ਬੁਲਾਇਆ, ਮੁੜ ਕੇ ਚੌਦਾਂ ਸਾਲ ਬੁਲਾਇਆ ਹੀ ਨਹੀਂ। ਗੁਰੂ ਐਸਾ ਨਹੀਂ ਹੁੰਦਾ ਕਿ ਕੁਝ ਜਾਣਦੇ ਨਹੀਂ, ਸਭ ਕੁਝ ਜਾਣਦੇ ਹੁੰਦੇ ਨੇ ਪਰ ਉਸ ਨੂੰ ਕੁਠਾਲੀ ਵਿਚ ਪਾ ਕੇ ਉਸ ਦੇ ਵਿਚੋਂ ਖੋਟ ਕਢਣੀ ਹੁੰਦੀ ਹੈ। ਮਾਣ ਉਸ ਦੇ ਵਿਚ ਰਹਿਣ ਦੇਣਾ, ਆਪਣਾ ਰੂਪ ਬਣਾਉਣਾ ਹੁੰਦਾ ਹੈ।

ਸੋ ਅੱਜ ਮੁਰਸ਼ਦ ਨੇ ਦੇਖਿਆ ਕਿ ਇਮਤਿਹਾਨ ਲੈ ਕੇ ਦੇਖੀਏ। ਉਸ ਵੇਲੇ ਆਪਣੀ ਸ਼ਕਤੀ ਦੇ ਨਾਲ ਝੱਖਣ ਝਾਗੀ ਮੀਂਹ ਵਰਸਾ ਦਿੱਤਾ। ਐਨਾ ਮੀਂਹ ਪਿਆ ਕਿ ਜਿਥੇ ਅੱਗ ਦੱਬ ਕੇ ਰੱਖਦੇ ਸੀ ਉਥੇ ਵੀ ਪਾਣੀ ਆ ਗਿਆ। ਬਾਬਾ ਫਰੀਦ ਇਕ ਵਜੇ ਉਠੇ, ਇਸ਼ਨਾਨ ਕਰਾਉਣਾ ਹੈ ਮੁਰਸ਼ਦ ਦਾ, ਜਦੋਂ ਅੱਗ ਵਿਚ ਹੱਥ ਪਾਇਆ ਤਾਂ ਦੇਖਿਆ ਕਿ ਅੱਗ ਤਾਂ ਹੈ ਨਹੀਂ ਪਾਣੀ ਹੀ ਪਾਣੀ ਹੈ। ਉਸ ਵੇਲੇ ਪੈਰਾਂ ਹੇਠੋਂ ਧਰਤੀ ਨਿਕਲ ਗਈ, ਸਿਰ ਚਕਰਾ ਗਿਆ ਕਿ ਹੁਣ ਕੀ ਹੋਏਗਾ? ਚੌਦਾਂ ਸਾਲ ਦੀ ਸੇਵਾ ਵਿਚ ਜੇ ਅੱਜ ਨਾਗਾ ਪੈ ਗਿਆ ਫੇਰ ਤਾਂ ਸੇਵਾ ਥਾਂ ਨਹੀਂ ਪੈਣੀ। ਬੜੇ ਉਤਾਰ ਚੜ੍ਹਾਅ ਆਉਂਦੇ ਨੇ ਮਨ ਦੇ ਵਿਚ ਤੇ ਕੁਝ ਸਮਝ ਵਿਚ ਨਹੀਂ ਆਉਂਦਾ। ਖਿਆਲ ਆਇਆ ਕਿ ਚਲੋ। ਸ਼ਹਿਰ ਵਿਚ ਚਲਦੇ ਹਾਂ, ਕਿਸੇ ਭਲੇ ਲੋਕ ਦਾ ਦਰਵਾਜਾ ਖੜਕਾਵਾਂਗੇ ਤੇ ਅੱਗ ਲੈ ਆਉਂਦੇ ਹਾਂ। ਸੋ ਆਪ ਅੱਗ ਲੈਣ ਵਾਸਤੇ ਜਾਂਦੇ ਨੇ –

***ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥ ਅੰਗ – 1379***

ਅਖੀਰ ਫੈਸਲਾ ਆਪ ਨੇ ਕੀਤਾ –

***ਧਾਰਨਾ – ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਭਿੱਜ ਭਾਵੇ ਜਾਵੇ ਕੰਬਲੀ –2, 2.***
***ਮੇਰੇ ਪਿਆਰੇ, ਭਿੱਜ ਭਾਵੇ ਜਾਵੇ ਕੰਬਲੀ – 2, 2.***
***ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ, ..... – 2.***

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥ ਅੰਗ***

***– 1379***

ਅਜਮੇਰ ਸ਼ਹਿਰ ਵੱਲ ਨੂੰ ਚੱਲ ਪਏ, ਗਲੀਆਂ ਦੇ ਵਿਚ ਤੁਰੇ ਜਾਂਦੇ ਨੇ, ਹਨ੍ਹੇਰਾ ਹੈ ਬਹੁਤ ਮੀਂਹ ਵਰਸ ਰਿਹਾ ਹੈ। ਜਾਂਦੇ ਜਾਂਦੇ ਇਕ ਚੁਬਾਰੇ ਦੇ ਅੰਦਰੋਂ ਲੋਅ ਨਜ਼ਰ ਆਈ, ਆਸ ਬਝੀ ਮਨ ਦੇ ਅੰਦਰ ਕਿ ਇਥੇ ਜਾ ਕੇ ਦਸਤਕ ਦਿੰਦੇ ਹਾਂ, ਜਾਗਦਾ ਮਿਲ ਗਿਆ। ਅੱਗ ਸਾਰੇ ਹੀ ਘਰਾਂ ਵਿਚ ਰੱਖਿਆ ਕਰਦੇ ਸੀ, ਚੌਂਤਰਾ ਚੜ੍ਹ ਕੇ ਦਰਵਾਜਾ ਖੜਕਾਇਆ ਤਾਂ ਅੰਦਰੋਂ ਆਵਾਜ਼ ਆਈ ਕਿ ਕੌਣ?

ਕਹਿਣ ਲੱਗਿਆ, "ਮੈਂ ਮੁਰਸ਼ਦ ਦਾ ਮੁਰੀਦ।"

ਕਹਿੰਦੀ, " ਕੌਣ ਮੁਰਸ਼ਦ ਦਾ ਮੁਰੀਦ?"

ਕਹਿੰਦੇ, "ਮੈਂ ਫਰੀਦ ਹਾਂ।"

ਕਹਿੰਦੀ, "ਫਰੀਦਾ! ਇਸ ਵੇਲੇ ਤੈਨੂੰ ਕੀ ਲੋੜ ਪੈ ਗਈ?" ਆਵਾਜ਼ ਪਛਾਣੀ ਕਿ ਕੋਈ ਬੀਬੀ ਬੋਲਦੀ ਹੈ।

ਕਹਿਣ ਲੱਗੇ, "ਬੀਬਾ! ਦਰਵਾਜਾ ਖੋਲੋ ਤੇ ਮੈਂ ਤੁਹਾਨੂੰ ਦੱਸਾਂ।"

ਕਹਿੰਦੀ, "ਫਰੀਦਾ! ਜਿਸ ਦਰ ਤੇ ਤੂੰ ਆਇਆ ਹੈ ਇਹ ਪੀਰਾਂ-ਫਕੀਰਾਂ ਦਾ ਥਾਂ ਨਹੀਂ ਹੈ। ਇਸ ਥਾਂ ਤੋਂ ਤਾਂ ਦੋਜ਼ਖਾਂ ਦਾ ਟਿਕਟ ਮਿਲਦਾ ਹੈ।"

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥***
***ਅੰਗ – 642***

ਕਹਿੰਦੇ, "ਬੀਬੀ! ਜ਼ਰੂਰੀ ਕੰਮ ਹੈ।"

ਕਹਿੰਦੀ, "ਕੀ ਕੰਮ ਹੈ?"

ਕਹਿੰਦੇ, "ਅੱਗ ਬੁਝ ਗਈ ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਗਿਆ, ਮੈਨੂੰ ਥੋੜ੍ਹੀ ਅੱਗ ਦੇ ਦਿਓ।"

ਕਹਿੰਦੀ, "ਫਰੀਦਾ! ਮੁਰਸ਼ਦ ਜੇ ਦਿਨ ਚੜ੍ਹੇ ਨ੍ਹਾ ਲੈਂਦਾ ਤਾਂ ਕੋਈ ਫਰਕ ਪੈਂਦਾ ਸੀ। ਬੀਬੀ ਮੇਰਾ ਨੇਮ ਟੁੱਟ ਜਾਏਗਾ। ਬਾਰਾਂ ਸਾਲਾਂ ਦਾ ਤਪ ਪਹਿਲਾਂ, ਬਾਰਾਂ ਦਾ ਦੂਜਾ, ਚੌਦਾ ਸਾਲਾਂ ਦਾ ਇਹ। ਅਠਾਰਾਂ ਸਾਲਾਂ ਦੀ ਮੇਰੀ ਉਮਰ ਸੀ ਜਦੋਂ ਮੈਂ ਆਇਆ ਤੇ ਛਪੰਜਾ ਸਾਲਾਂ ਦੀ ਉਮਰ ਦੀ ਮਿਹਨਤ ਜੀਰੋ ਬਣ ਜਾਏਗੀ। ਕਿਰਪਾ ਕਰ ਮੇਰੇ ਤੇ।

ਦਰਵਾਜਾ ਖੋਲ੍ਹ ਦਿੱਤਾ।

ਕਹਿੰਦੀ, "ਐਡੀ ਲਗਨ, ਐਡਾ ਪਿਆਰ ਤੇਰਾ ਮੁਰਸ਼ਦ ਨਾਲ। ਅੱਗ ਮੈਂ ਮੁਫਤ ਤਾਂ ਨਹੀਂ ਦੇਣੀ।"

ਕਹਿਣ ਲੱਗੇ, "ਜਿਸ ਭਾਅ ਵੀ ਦੇ ਸਕਦੇ ਹੋ ਦਿਓ, ਮੈਂ ਕੀਮਤ ਦੇਣ ਨੂੰ

ਤਿਆਰ ਹਾਂ। ਜੇ ਸਿਰ ਦੇ ਕੇ ਵੀ ਮਿਲਦੀ ਹੈ, ਜੇ ਚਮੜੀ ਦੇ ਕੇ ਵੀ ਮੇਰਾ ਗੁਰੂ ਪ੍ਰਸੰਨ ਹੁੰਦਾ ਹੈ, ਮੇਰਾ ਮੁਰਸ਼ਦ ਰਾਜ਼ੀ ਹੋ ਜਾਵੇ ਤਾਂ ਇਹ ਬਹੁਤ ਸਸਤਾ ਸੌਦਾ ਹੈ।"

ਕਹਿੰਦੀ, "ਮੈਨੂੰ ਅੱਖ ਦਾ ਡੇਲਾ ਕੱਢ ਕੇ ਦੇ ਦੇ।" ਬਾਬੇ ਫਰੀਦ ਨੇ ਅੱਖ ਅੱਗੇ ਕਰ ਦਿੱਤੀ।

ਕਹਿੰਦੀ, "ਮੈਂ ਨਹੀਂ ਕੱਢਣਾ, ਆਪੇ ਕੱਢ ਕੇ ਦੇ ਅੱਖ ਦਾ ਡੇਲਾ।"

ਉਸ ਵੇਲੇ ਬਾਬਾ ਫਰੀਦ ਜੀ ਨੇ ਅੱਖ ਦਾ ਡੇਲਾ ਕੱਢਿਆ, ਥਾਲੀ ਵਿਚ ਰੱਖ ਦਿੱਤਾ, ਅੱਗ ਲਿਆ ਕੇ ਉਸ ਨੇ ਦੇ ਦਿੱਤੀ। ਬਾਬੇ ਫਰੀਦ ਜੀ ਨੇ ਅੱਖ ਬੰਨ੍ਹ ਲਈ। ਕਿੰਨੀ ਤਕਲੀਫ ਹੋਈ ਹੋਏਗੀ, ਕਿੰਨੀ ਔਖ ਹੋਈ ਹੋਏਗੀ ਪਰ ਇਹ ਪਿਆਰ ਦੀਆਂ ਗੱਲਾਂ ਨੇ ਸਾਧ ਸੰਗਤ ਜੀ!

***ਧਾਰਨਾ - ਡੇਰਾ ਨੀਂ ਜਿੰਦੇ, ਸਿਰ ਤੋਂ ਪਰੇ ਹੈ ਪ੍ਰੇਮ ਦਾ -2, 2.***
***ਪਰ੍ਹੇ ਹੈ ਪ੍ਰੇਮ ਦਾ ਡੇਰਾ, ਪਰੇ ਹੈ ਪ੍ਰੇਮ ਦਾ -2, 2.***
***ਡੇਰਾ ਨੀਂ ਜਿੰਦੇ,........... -2.***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412***

ਇਸ਼ਨਾਨ ਕਰਾਇਆ ਮੁਰਸ਼ਦ ਦਾ, ਅੱਖ ਬੰਨ੍ਹੀਂ ਹੋਈ ਹੈ, ਕੋਈ ਗੱਲ ਨਹੀਂ ਕਰੀ। ਦਿਨ ਚੜ੍ਹ ਗਿਆ।

ਕਹਿੰਦੇ, "ਫਰੀਦ ਨਹੀਂ ਆਇਆ?"

ਕਹਿਣ ਲੱਗੇ, "ਮਹਾਰਾਜ! ਗੋਸ਼ੇ ਵਿਚ ਬੈਠਾ ਹੈ, ਕੋਨੇ ਵਿਚ ਬੈਠਾ ਹੈ, ਕੰਧ ਵੱਲ ਮੂੰਹ ਕਰੀਂ।"

ਮੁਰਸ਼ਦ ਕਹਿਣ ਲੱਗੇ, "ਬੁਲਾਓ ਉਸ ਨੂੰ।" ਅੱਜ ਪਹਿਲੇ ਦਿਨ ਬੁਲਾਇਆ ਚੌਦਾਂ ਸਾਲ ਬਾਅਦ।

ਕਹਿਣ ਲੱਗੇ, "ਫਰੀਦਾ! ਅੱਖ ਬੰਨ੍ਹੀ ਹੋਈ ਹੈ?"

ਜੇ ਅਸੀਂ ਹੁੰਦੇ ਤਾਂ ਨਹਾਉਣ ਤੋਂ ਪਹਿਲਾਂ ਹੀ ਦੱਸਣਾ ਸੀ ਕਿ ਮਹਾਰਾਜ! ਅੱਜ ਡੇਲਾ ਦੇ ਕੇ ਅੱਗ ਮਿਲੀ ਹੈ। ਕੋਈ ਗੱਲ ਨਹੀਂ ਕਰੀ, ਰਾਤ ਦੀ ਕੋਈ ਬਾਤ ਨਹੀਂ ਦੱਸੀ।

ਕਹਿਣ ਲੱਗੇ, "ਮੁਰਸ਼ਦ! ਅੱਖ ਮੇਰੀ ਆਈ ਹੋਈ ਹੈ ਤਾਂ ਬੰਨ੍ਹੀ ਹੈ।"

ਅੱਖ ਆਈ ਹੋਈ, ਪੰਜਾਬੀ ਵਿਚ ਅੱਖ ਦੁਖਦੀ ਨੂੰ ਕਹਿੰਦੇ ਨੇ ਕਿ

ਅੱਖ ਆਈ ਹੋਈ ਹੈ ਮੇਰੀ।

ਮੁਰਸ਼ਦ ਕਹਿਣ ਲੱਗੇ, "ਫਰੀਦਾ! ਆਈਆਂ ਹੋਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਹੋਈਆਂ ਬੰਨਿਆ ਕਰਦੇ ਨੇ, ਪੱਟੀ ਲਾਹ ਦੇ।"

ਪਟੀ ਲਾਹੁਣ ਦੀ ਦੇਰ ਸੀ, ਸਵਾਈ ਅੱਖ। ਸੋ ਏਸ ਤਰ੍ਹਾਂ ਕਸਵੱਟੀ ਵਿਚ ਪਾਸ ਹੋ ਗਏ। ਇਸੇ ਤਰ੍ਹਾਂ ਬਾਬਾ ਅਮਰ ਦਾਸ ਜੀ ਤੇ ਕਸਵੱਟੀ ਲੱਗੀ ਹੋਈ ਹੈ। ਮੀਂਹ ਪੈ ਰਿਹਾ ਹੈ, ਚਿੱਕੜ ਬਹੁਤ ਹੈ, ਬਿਰਧ ਅਵਸਥਾ ਹੈ, 83 ਸਾਲ ਦੀ ਉਮਰ, ਗਾਗਰ ਓਹੀ ਹੈ ਜੋ ਪਹਿਲੇ ਦਿਨ ਚੁੱਕੀ ਸੀ। ਬਿਆਸ ਵਿਚ ਜਾ ਕੇ ਸਣੇ ਕੱਪੜੀ ਚੁੱਭੀ ਮਾਰਦੇ ਨੇ। ਕੋਈ ਪਰਵਾਹ ਨਹੀਂ ਕਿ ਕੱਪੜੇ ਭਿੱਜੇ ਨੇ, ਠੰਡ ਲੱਗ ਜਾਏਗੀ। ਗਾਗਰ ਭਰ ਕੇ ਸੀਸ ਤੇ ਚੁੱਕ ਲੈਂਦੇ ਨੇ ਤੇ ਚੱਲ ਪੈਂਦੇ ਨੇ। ਰਸਤੇ ਵਿਚ ਕਈ ਥਾਂ ਤਿਲਕਦੇ ਆਉਂਦੇ ਨੇ। ਅਖੀਰ ਨੇੜੇ ਆ ਕੇ ਇਕ ਜੁਲਾਹੇ ਦਾ ਘਰ ਸੀ ਤੇ ਹਨ੍ਹੇਰਾ ਹੋਣ ਕਰਕੇ ਕੁਝ ਨਜ਼ਰ ਨਹੀਂ ਸੀ ਆ ਰਿਹਾ ਇਨ੍ਹਾਂ ਦੀ ਕਿੱਲੇ ਨਾਲ ਠੋਕਰ ਲੱਗੀ ਤੇ ਠੋਕਰ ਲਗਦੀ-ਸਾਰ ਗਾਗਰ ਗਿਰ ਗਈ ਪਰ ਆਪ ਨੇ ਗਾਗਰ ਡੁਲ੍ਹਦੀ-ਡੁਲ੍ਹਦੀ ਬਚਾੱ ਲਈ। ਆਪ ਨੇ ਮੁੜ ਗਾਗਰ ਚੁਕ ਲਈ।

ਖੜਕਾ ਸੁਣ ਕੇ ਜੁਲਾਹੇ ਨੇ ਪੁਛਿਆ ਕਿ ਕੌਣ ਹੈ ਭਾਈ।"

ਕਹਿਣ ਲੱਗੇ, "ਮੈਂ ਸਤਿਗੁਰੂ ਦਾ ਦਾਸ ਹਾਂ, ਮੈਂ ਜਲ ਲੈ ਕੇ ਆਇਆ ਹਾਂ।"

ਕਹਿੰਦਾ, "ਕਿਹੜਾ ਦਾਸ ਹੈ?"

ਜੁਲਾਹੀ ਕਹਿਣ ਲੱਗੀ, "ਹੋਰ ਕੌਣ ਹੋਣੈ, ਅਮਰੂ ਹੈ ਜਿਸ ਨੂੰ ਕੋਈ ਹੋਰ ਥਾਂ ਨਹੀਂ ਹੈ, ਨਿਮਾਣਾ, ਨਿਥਾਵਾ ਹੈ।"

ਹੋਰ ਬਹੁਤ ਗੱਲਾਂ ਕਹਿ ਗਈ। ਓਧਰ ਗਾਗਰ ਚੁਕਦੇ ਚੁਕਦੇ ਮਹਾਰਾਜ ਜੀ ਦੇ ਮੁਖ 'ਚੋਂ ਨਿਕਲ ਗਿਆ, ਕਮਲੀਏ! ਜਿਸ ਦਾ ਥਾਂ ਗੁਰੂ ਦੇ ਘਰ ਵਿਚ ਹੋਵੇ ਉਹ ਕਿਵੇਂ ਨਿਥਾਵਾਂ ਹੁੰਦਾ ਹੈ, ਜਿਸ ਦੀ ਓਟ ਗੁਰੂ ਹੋਵੇ ਉਹ ਕਿਵੇਂ ਨਿਓਟਾ ਹੁੰਦਾ ਹੈ, ਜਿਸ ਦਾ ਆਸਰਾ ਹੀ ਗੁਰੂ ਹੋਵੇ ਉਹ ਕਿਵੇਂ ਨਿਆਸਰਾ ਹੁੰਦਾ ਹੈ, ਜਿਸ ਦੀ ਧਿਰ ਗੁਰੂ ਹੋਵੇ ਉਹ ਨਿਧਿਰਿਆ ਕਿਵੇਂ ਹੁੰਦਾ ਹੈ।"

ਗਾਗਰ ਚੁੱਕ ਲਈ ਤੇ ਏਸ ਤਰ੍ਹਾਂ ਕਹਿੰਦੇ-ਕਹਿੰਦੇ ਆਪ ਚਲੇ ਗਏ। ਅਮੋਘ ਬਾਣ ਲੱਗੇ ਨੇ ਸੰਤਾਂ ਦੇ ਬਚਨ, ਬਿਰਥਾ ਨਹੀਂ ਜਾਂਦੇ ਏਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਬਿਰਥਾ ਨਾ ਜਾਵੇ ਜੀ,***
***ਸੰਤਾਂ ਦਾ ਬੋਲ ਬੋਲਿਆ -2, 2.***
***ਸੰਤਾਂ ਦਾ ਬੋਲ ਬੋਲਿਆ -2, 2.***

***ਬਿਰਥਾ ਨਾ ਜਾਵੇ ਜੀ,............. -2.***

ਉਹ ਉਸੇ ਵੇਲੇ ਕਮਲੀ ਹੋ ਗਈ। ਕੱਪੜੇ ਪਾੜਨ ਲੱਗ ਗਈ, ਆਪਣੇ ਆਪ ਨੂੰ ਹੀ ਦੰਦੀਆਂ ਵੱਢਣ ਲੱਗ ਗਈ। ਬਹੁਤ ਪਰੇਸ਼ਾਨੀ ਹੋਈ। ਆਪ ਗੁਰੂ ਚਰਨਾਂ ਵਿਚ ਪਹੁੰਚਦੇ ਨੇ, ਇਸ਼ਨਾਨ ਕਰਾਇਆ, ਆਪ ਇਸ਼ਨਾਨ ਕਰਿਆ ਦਿਨ ਚੜ੍ਹ ਆਇਆ ਤੇ ਏਧਰ ਗੁਰੂ ਮਹਾਰਾਜ ਜੀ ਨੇ ਜੋ ਕੌਤਕ ਵਰਤਾਇਆ ਸੀ ਆਪ ਘਟ ਘਟ ਦੇ ਜਾਨਣਹਾਰ ਸਾਰੀ ਗੱਲ ਜਾਣਦੇ ਨੇ।

ਉਸ ਵੇਲੇ ਕਹਿਣ ਲੱਗੇ, "ਬਾਬਾ ਅਮਰਦਾਸ ਜੀ ਦਾ ਇਸ਼ਨਾਨ ਕਰਾ ਕੇ, ਨਵੇਂ ਬਸਤਰ ਪਹਿਨਾ ਕੇ ਸਾਡੇ ਕੋਲ ਲੈ ਕੇ ਆਓ।" ਹੁਕਮ ਦੀ ਤਾਮੀਲ ਹੋ ਗਈ। ਨਵੇਂ ਬਸਤਰ ਪਹਿਨਾ ਦਿੱਤੇ ਤੇ ਜਦੋਂ ਮਹਾਰਾਜ ਜੀ ਨੇ ਸੀਸ ਤੋਂ ਸਿਰੋਪੇ ਲਾਹੇ ਤਾਂ ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਪੰਜ ਸੇਰ ਪੱਕੇ ਦੇ ਹੋਏ। ਜੋ ਮਿਲਦਾ ਸੀ ਸੀਸ ਤੇ ਬੰਨ੍ਹ ਲੈਂਦੇ ਸੀ।

ਸੋ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, "ਪੁਰਖਾ! ਰਾਤ ਕੀ ਹੋਇਆ ਸੀ ਦੱਸ?"

ਕਹਿੰਦੇ, "ਪਾਤਿਸ਼ਾਹ! ਆਪ ਘਟ ਘਟ ਦੇ ਜਾਨਣਹਾਰ ਹੋ ਤੇ ਮੈਂ ਕੀ ਦੱਸ ਸਕਦਾ ਹਾਂ?"

ਏਨੇ ਨੂੰ ਜੁਲਾਹਾ ਤੇ ਜੁਲਾਹੀ ਹੋਰ ਬੰਦੇ ਇਕੱਠੇ ਹੋ ਕੇ ਆ ਗਏ ਤੇ ਕਹਿਣ ਲੱਗੇ, ਪਾਤਿਸ਼ਾਹ! ਤੁਹਾਡਾ ਸੇਵਾਦਾਰ ਜਲ ਲੈ ਕੇ ਆ ਰਿਹਾ ਸੀ। ਉਥੇ ਕੁੰਭਲ ਦੇ ਵਿਚ ਗਿਰ ਗਿਆ। ਖੜਕਾ ਹੋਣ ਤੇ ਇਨ੍ਹਾਂ ਪੁਛਿਆ ਤਾਂ ਉਨ੍ਹਾਂ ਦੇ ਮੁਖ 'ਚੋਂ ਨਿਕਲ ਗਿਆ ਕਿ ਕਮਲੀਏ! ਜਿਸ ਦਾ ਗੁਰੂ ਦੇ ਘਰ ਥਾਂ ਹੋਵੇ ਉਹ ਨਿਥਾਵਾ ਕਿਵੇਂ ਹੁੰਦਾ ਹੈ?"

ਮਹਾਰਾਜ ਜੀ ਨੇ ਦ੍ਰਿਸ਼ਟੀ ਕਰੀ ਕਹਿਣ ਲੱਗੇ, "ਸੱਚੋ ਸੱਚ ਦੱਸੋ ਗੱਲ ਕੀ ਹੋਈ ਹੈ?"

ਕਹਿੰਦੇ ਪਾਤਸ਼ਾਹ, "ਸੱਚੋ ਸੱਚ ਤਾਂ ਆਹੀ ਹੈ, ਮੈਂ ਕਿਹਾ ਕਿਤੇ ਚੋਰ ਹੈ। ਇਹ ਕਹਿੰਦੀ ਚੋਰ ਨਹੀਂ ਹੈ, ਇਹ ਤਾਂ ਅਮਰੂ ਨਿਥਾਵਾ ਹੈ। ਨਾ ਇਸ ਨੂੰ ਦਿਨੇ ਚੈਨ ਹੈ ਨਾ ਰਾਤ ਨੂੰ ਚੈਨ ਹੈ, ਇਹ ਕਮਲਿਆਂ ਵਾਂਗ ਤੁਰਿਆ ਫਿਰਦਾ ਰਹਿੰਦਾ ਹੈ।"

ਜਦੋਂ ਇਕ ਗੱਲ ਕਹੀ ਤਾਂ ਮਹਾਰਾਜ ਜੀ ਪੂਰੇ ਜਲਾਲ ਵਿਚ ਆ ਗਏ। ਕਹਿਣ ਲੱਗੇ, "ਕਿਉਂ ਅਮਰਦਾਸ! ਕੀ ਗੱਲ ਹੋਈ?"

ਕਹਿੰਦੇ, "ਪਾਤਿਸ਼ਾਹ! ਇਸ ਨੇ ਮੈਨੂੰ ਠੀਕ ਹੀ ਕਿਹਾ ਸੀ, ਮੈਥੋਂ ਹੀ

ਭੁੱਲ ਹੋ ਗਈ ਕਿਉਂਕਿ ਜਿਸ ਨੂੰ ਆਤਮਕ ਘਰ ਨਹੀਂ ਮਿਲਿਆ, ਉਹ ਨਿਥਾਵਾਂ ਹੀ ਹੁੰਦਾ ਹੈ ਪਾਤਿਸ਼ਾਹ! ਤੁਸੀਂ ਜਿਸ ਥਾਂ ਤੇ ਰਹਿੰਦੇ ਹੋ ਮੈਨੂੰ ਉਹ ਪ੍ਰਾਪਤ ਨਹੀਂ ਹੋਈ। ਇਸ ਕਰਕੇ ਅਜੇ ਮੈਨੂੰ ਕੋਈ ਥਾਂ ਨਹੀਂ ਮਿਲਿਆ, ਅਜੇ ਮੈਨੂੰ ਮਾਣ ਨਹੀਂ ਮਿਲਿਆ। ਸੋ ਮੇਰੇ ਮੂਹੋਂ ਤਾਂ ਵੈਸੇ ਹੀ ਨਿਕਲ ਗਈ, ਮੈਂ ਖਿਮਾ ਮੰਗਦਾ ਹਾਂ।"

ਮਹਾਰਾਜ ਜੀ ਨਿਮਰਤਾ ਦੇਖ ਕੇ ਪ੍ਰਸੰਨ ਹੋ ਗਏ, ਉਸ ਵੇਲੇ ਆਪ ਨੇ ਉਠ ਕੇ ਬੁਕਲ ਵਿਚ ਲੈ ਲਿਆ। ਨਿਗ੍ਹਾ ਕਰ ਦਿੱਤੀ।

*ਨਾਨਕ ਨਦਰੀ ਨਦਰਿ ਨਿਹਾਲ॥ ਅੰਗ - 8*

ਉਸ ਵੇਲੇ ਦੀ ਹਾਲਤ ਨੂੰ ਏਸ ਤਰ੍ਹਾਂ ਨਾਲ ਵਰਣਨ ਕਰਦੇ ਹਾਂ, ਅਧੋ ਅੱਧੀ ਪੜਿਓ ਭਾਈ!

*ਧਾਰਨਾ - ਜਦੋਂ ਨਦਰ ਗੁਰਾਂ ਨੇ ਧਾਰੀ,*
*ਲੋਹੇ ਤੋਂ ਮੈਂ ਲਾਲ ਹੋ ਗਿਆ -2, 2.*
*ਮੇਰੇ ਪਿਆਰੇ, ਲੋਹੇ ਤੋਂ ਮੈਂ ਲਾਲ ਹੋ ਗਿਆ -2, 2.*
*ਜਦੋਂ ਨਦਰ ਗੁਰਾਂ ਨੇ ਧਾਰੀ,............ - 2.*

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥*
*ਬਿਖੁ ਤੇ ਅੰਮ੍ਰਿਤੁ ਹੁਯਉ, ਨਾਮੁ ਸਤਿਗੁਰ ਮੁਖਿ ਭਣਿਅਉ॥*
*ਲੋਹਉ ਹੋਯਉ ਲਾਲੁ, ਨਦਰਿ ਸਤਿਗੁਰੁ ਜਦਿ ਧਾਰੈ॥*
*ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਅਉ ਬੀਚਾਰੈ॥*
*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ, ਦੁਖ ਦਰਿਦ੍ਰ ਤਿਨ ਕੇ ਗਇਆ॥*
*ਸਤਿਗੁਰੂ ਚਰਨ ਜਿਨ ਪਰਸਿਆ,*
*ਸੇ ਪਸੁ ਪਰੇਤ ਸੁਰਿਨਰ ਭਇਆ॥ ਅੰਗ - 1399*

ਸੋ ਏਸ ਤਰ੍ਹਾਂ ਆਪ ਜੀ ਦੇ ਮਨ ਦੇ ਅੰਦਰ ਐਸੇ ਵਲਵਲੇ ਉਠੇ ਤੇ ਗੁਰੂ ਮਹਾਰਾਜ ਜੀ ਨੇ ਅਗੰਮ ਨਿਗਮ ਦੀ ਸੋਝੀ ਦੇ ਕੇ, ਵਾਹਿਗੁਰੂ ਸਾਖਸ਼ਾਤ ਕਰਕੇ, ਘਟ ਘਟ ਵਿਚ ਵਿਆਪਕ ਦਿਖਾ ਦਿੱਤਾ, ਸਾਰਾ ਸੰਸਾਰ ਪਰਮੇਸ਼ਰ ਦਾ ਰੂਪ ਨਜ਼ਰ ਆਉਂਦਾ ਹੈ। ਜਿਹੜਾ ਵਾਹਿਗੁਰੂ ਕਿਸੇ ਨੂੰ ਅੱਖਾਂ ਦੇ ਨਾਲ ਦਿਸਦਾ ਨਹੀਂ ਓਸ ਵਾਹਿਗੁਰੂ ਦੇ ਦਰਸ਼ਨ ਹੋ ਗਏ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਅੱਖਾਂ ਨਾਲ ਓ, ਦੇਖ ਲਿਆ -2, 2.*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਦਾ -2, 2.*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਦਾ*

*ਪਿਆਰਿਓ, ਦੇਖ ਲਿਆ,*
*ਅੱਖਾਂ ਨਾਲ ਓ, ............. -2.*

*ਹਰਿ ਕੇ ਸੰਤ ਸੁਣਹੁ ਜਨ ਭਾਈ*
*ਹਰਿ ਸਤਿਗੁਰ ਕੀ ਇਕ ਸਾਖੀ।* *ਅੰਗ - 87*

ਗਵਾਹੀ ਕਹਿੰਦੇ ਸੁਣੋ -

*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ॥*
*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ*
*ਗੁਰ ਬਚਨੀ ਸਹਜੇ ਚਾਖੀ॥*
*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ॥* *ਅੰਗ - 87*

ਜਿਵੇਂ ਸੂਰਜ ਚੜ੍ਹੇ ਤੋਂ ਹਨ੍ਹੇਰਾ ਖਤਮ ਹੋ ਜਾਂਦਾ ਹੈ। ਗੁਰੂ ਅੰਗਦ ਸਾਹਿਬ ਦੀ ਬੁਕਲ ਵਿਚ ਆਉਣ ਦੀ ਦੇਰ ਸੀ ਕਿ ਸਾਰਾ ਹੀ ਹਨ੍ਹੇਰਾ ਦੂਰ ਹੋ ਗਿਆ, ਗਿਆਨ ਦਾ ਸੂਰਜ ਚੜ੍ਹ ਗਿਆ।

*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥* *ਅੰਗ - 87*

ਇਨ੍ਹਾਂ ਅੱਖਾਂ ਦੇ ਨਾਲ ਦੇਖ ਕੇ ਆਪ ਨੇ ਫੁਰਮਾਨ ਕੀਤਾ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਅੰਗ - 922*

ਮਹਾਰਾਜ ਕਹਿੰਦੇ ਅਸੀਂ ਤਾਂ ਅੱਖਾਂ ਦੇ ਨਾਲ ਦੇਖ ਰਹੇ ਹਾਂ ਵਾਹਿਗੁਰੂ ਨੂੰ। ਸੰਸਾਰ ਅੰਦਰ ਉਸੇ ਦਾ ਜਲਵਾ ਹੈ ਉਹ ਆਪੇ ਹੀ ਅਨੇਕ ਰੰਗ ਕਰਦਾ ਹੈ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥* *(ਜਾਪੁ*

***ਸਾਹਿਬ)***

ਸੋ ਇਸ ਤਰ੍ਹਾਂ ਨਾਮ ਜੱਪਣ ਦੇ ਨਾਲ ਕਿੱਡੀ ਵੱਡੀ ਪਦਵੀ ਪ੍ਰਾਪਤ ਹੋਈ, ਵਾਹਿਗੁਰੂ ਦਾ ਹੀ ਰੂਪ ਬਣ ਗਏ, ਇੰਜ ਪੜ੍ਹ ਲਓ –

***ਧਾਰਨਾ – ਪਿਆਰੇ ਜੀ, ਸੇਵਾ ਕਰਕੇ ਸਤਿਗੁਰੂ –2, 2.***
***ਹਰਿ ਜਨ ਰੂਪ ਹਰੀ ਦਾ ਹੋ ਗਏ –2, 2.***
***ਪਿਆਰਿਓ, ਸੇਵਾ ਕਰਕੇ ਸਤਿਗੁਰੂ ਦੀ –2.***

***ਹਰਿ ਕਾ ਸੇਵਕੁ ਸੋ ਹਰਿ ਜੇਹਾ॥***
***ਭੇਦੁ ਜਾਣਹੁ ਮਾਣਸ ਦੇਹਾ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ॥ ਅੰਗ – 1076***

ਜਿਸ ਤਰ੍ਹਾਂ ਪਾਣੀ ਵਿਚੋਂ ਲਹਿਰ ਉਠਦੀ ਹੈ ਫੇਰ ਉਹ ਪਾਣੀ ਦੇ ਵਿਚ ਹੀ ਸਮਾਅ ਜਾਂਦੀ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਆਪਣਾ ਰੂਪ ਬਣਾ ਕੇ ਪ੍ਰਮੇਸ਼ਰ ਬਣਾ ਦਿੱਤਾ। ਨਾਮ ਜੱਪਣ ਦੇ ਨਾਲ ਸਾਰੇ ਦੁਖਾਂ ਦਾ ਖਾਤਮਾ ਹੁੰਦਾ ਹੈ, ਸੇਵਾ ਕਰਨ ਦੇ ਨਾਲ ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ–

***ਤੁਵ ਤਨ ਮਹਿਂ ਹੁਇ ਕਰਿ ਪਰਵੇਸ਼ੁ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ – 1387***

ਕਹਿੰਦੇ ਹੇ ਅਮਰਦਾਸ! ਹੁਣ ਮੈਂ ਤੇਰੇ ਤਨ ਵਿਚ ਪ੍ਰਵੇਸ਼ ਕਰਨਾ ਹੈ –

***ਕਰਨੇ ਹੈਂ ਜਗ ਕਾਜ ਬਿਸ਼ੇਸ਼ੁ॥***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ – 1387***

ਸੰਸਾਰ ਦੇ ਕੰਮ, ਖਾਸ ਕਰਨੇ ਨੇ। ਗੁਰੂ ਨਾਨਕ ਮੇਰੇ ਵਿਚ ਤੇ ਗੁਰੂ ਨਾਨਕ ਨੇ ਹੀ ਹੁਣ ਤੇਰੇ ਵਿਚ ਆਉਣਾ ਹੈ ਤੇ ਸੰਸਾਰ ਵਿਚ ਬਹੁਤ ਕੰਮ ਕਰਨੇ ਨੇ –

***ਇਮਿ ਪ੍ਰਸੰਨ ਇਕ ਰੂਪ ਬਨਾਯੋ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ – 1387***

ਤੇਰਾ, ਮੇਰਾ ਤੇ ਗੁਰੂ ਨਾਨਕ ਪਾਤਿਸ਼ਾਹ ਦਾ ਹੁਣ ਇਕੋ ਰੂਪ ਹੋ ਗਿਆ।

***ਸਤਿਗੁਰ ਸੇਵ ਸਕਲ ਸਫਲਾਯੋ।***
***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ – 1387***

*ਮੈਂ ਅਪਨੇ ਅਸਥਾਨ ਬਿਠਾਵੌਂ।*
*ਗੁਰਤਾ ਗਾਦੀ ਦੈ ਹਰਖਾਵੌਂ।*

***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387***

ਹੁਣ ਮੈਂ ਤੁਹਾਨੂੰ ਗੁਰਤਾ ਗੱਦੀ ਦੇ ਕੇ ਬਹੁਤ ਪ੍ਰਸੰਨ ਹੋ ਰਿਹਾ ਹਾਂ।

*ਸਭਿ ਸੰਗਤਿ ਕੌ ਦਯੋ ਸੁਨਾਇ।*
*ਇਹੁ ਮੇਰੋ ਅਬ ਰੂਪ ਸੁਹਾਇ।*

***ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387***

ਹੁਣ ਮੇਰੇ ਤੇ ਇਸ ਦੇ ਵਿਚ ਕੋਈ ਭੇਦ ਨ ਜਾਣਿਓ। ਤੁਸੀਂ ਬਹੁਤ ਮਖੌਲ ਕਰੇ, ਹਾਸੇ ਕਰੇ, ਬਹੁਤ ਠੱਠੇ ਕਰੇ ਪਰ ਇਨ੍ਹਾਂ ਨੇ ਸਮ ਬਿਰਤੀ ਰੇਖ ਕੇ ਆਪਣੇ ਆਪ ਨੂੰ ਪੂਰਾ ਬਣਾ ਲਿਆ। ਸੋ ਸਾਧ ਸੰਗਤ ਜੀ! ਹੁਣ ਸਮਾਂ ਇਜਾਜਤ ਨਹੀਂ ਦਿੰਦਾ ਇਥੇ ਹੀ ਮੈਂ ਸਮਾਪਤ ਕਰਦਾ ਹਾਂ। ਅੱਜ ਦੇ ਦੀਵਾਨ ਦੀ ਸਮਾਪਤੀ ਦੇ ਨਾਲ ਇਥੋਂ ਦੇ ਦੀਵਾਨ ਸਮਾਪਤ ਹੁੰਦੇ ਹਨ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੀਜੀ ਜੋਤਿ 'ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਜੀਵਨ ਬਾਰੇ ਇਸ ਪੁਸਤਕ ਵਿਚ ਲੜੀਵਾਰ ਦੀਵਾਨਾਂ ਵਿਚ ਆਏ ਪ੍ਰਵਚਨਾਂ ਨੂੰ ਲਿਖਤੀ ਰੂਪ ਦਿਤਾ ਗਿਆ ਹੈ। ਇਨ੍ਹਾਂ ਪ੍ਰਵਚਨਾਂ ਨੂੰ ਪੜ੍ਹ ਕੇ ਹਰ ਗੁਰਸਿੱਖ ਨੂੰ ਸੇਧ ਮਿਲਦੀ ਹੈ ਅਤੇ ਸਾਰਥਿਕ ਜ਼ਿੰਦਗੀ ਜਿਉਣ ਦਾ ਉਮਾਹ ਪੈਦਾ ਹੁੰਦਾ ਹੈ। ਮਹਾਂਪੁਰਸ਼ਾਂ ਵਲੋਂ ਗੁਰਬਾਣੀ ਦੇ ਗੂੜ੍ਹ ਸਿਧਾਂਤਾਂ ਨੂੰ ਸਰਲ ਬੋਲੀ ਵਿਚ ਸਾਖੀਆਂ ਰਾਹੀਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਲੜੀਵਾਰ ਬਚਨਾਂ ਦੀ ਆਰੰਭਤਾ ,'ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ' ਦੇ ਸਿਧਾਂਤ ਤੋਂ ਹੁੰਦੀ ਹੈ। ਸਾਰਾ ਸੰਸਾਰ ਨਾਮ ਤੋਂ ਬਿਨਾਂ ਰੋਗੀ ਹੋਇਆ ਹੈ। 'ਸਰਬ ਰੋਗ ਕਾ ਅਉਖਦੁ ਨਾਮੁ' ਮਨ ਤੇ ਤਨ ਦੇ ਰੋਗਾਂ ਦਾ ਇਲਾਜ ਨਾਮ ਹੈ। ਨਾਮ ਜਪ ਕੇ ਸਾਰੇ ਦੁਖਾਂ, ਕਲੇਸ਼ਾਂ ਤੋਂ ਮੁਕਤ ਹੋ ਜਾਈਦਾ ਹੈ। ਸਭ ਤੋਂ ਵੱਡਾ ਰੋਗ ਹਉਮੈ ਦਾ ਰੋਗ ਹੈ ਜਿਸ ਕਾਰਨ ਇਹ ਜੀਵ ਜਨਮ ਮਰਨ ਦੇ ਚੱਕਰ ਕੱਟਦਾ ਰਹਿੰਦਾ ਹੈ। ਨਾਮ ਦੀ ਪ੍ਰਾਪਤੀ ਨਾਲ ਹਉਮੈ ਦਾ ਨਾਸ਼ ਹੋ ਜਾਇਆ ਕਰਦਾ ਹੈ। ਅਗਲੀ ਵਿਚਾਰ ਹੈ ਕਿ ਨਾਮ ਕਿੱਥੋਂ ਮਿਲਦਾ ਹੈ? ਨਾਮ ਦਾ ਦਾਤਾ ਪੂਰਾ ਸਤਿਗੁਰੂ ਹੈ। ਪੂਰੇ ਸਤਿਗੁਰੂ ਦੀਆਂ ਨਿਸ਼ਾਨੀਆਂ ਨੂੰ ਇਸ ਪੁਸਤਕ ਵਿਚ ਵਿਸਥਾਰ ਪੂਰਵਕ ਦਰਸਾਇਆ ਗਿਆ ਹੈ। ਗੁਰੂ ਦੀ ਪ੍ਰਾਪਤੀ ਲਈ ਪੂਰੀ ਲਗਨ ਤੇ ਜਗਿਆਸਾ ਦੀ ਲੋੜ ਹੁੰਦੀ ਹੈ। ਸ਼ਰਧਾ, ਪਿਆਰ ਅਤੇ ਵੈਰਾਗ ਦੀ ਅਵਸਥਾ ਵਿਚ ਰਹਿ ਕੇ ਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ।



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ



ਸੰਤ ਮਾਤਾ ਰਣਜੀਤ ਕੌਰ ਜੀ
ਰਤਵਾੜਾ ਸਾਹਿਬ

ਸੰਤ ਬਾਬਾ ਲਖਬੀਰ ਸਿੰਘ ਜੀ